ਕੁਲ ਸੰਸਾਰ ਇਕ ਪਰਵਾਰ...

# ਨਵੀਂ ਦੁਨੀਆ

# Nawi Dunia

Free



ਸ਼ਹਾਦਤ- 9 ਅਕਤੂਬਰ 1967 ਮਹਾਨ ਇਨਕਲਾਬੀ ਚੀ ਗੁਵੇਰਾ

ਸਾਲ: 1 ਅੰਕ : 10 Phone : 780 465 9118, 403 775 2100 Fax: 780 465 0661, e-mail: info@nawidunia.com ਅਕਤੂਬਰ-2010

ਅਯੁੱਧਿਆ ਵਿਵਾਦ 'ਤੇ ਅਦਾਲਤ ਦਾ ਫ਼ੈਸਲਾ ਪੰਨਾ-10



ਕਸ਼ਮੀਰ ਸਮੱਸਿਆ ਦੇ ਹੱਲ ਲਈ ਸਹੀ ਪਹੁੰਚ : ਪਾਸਲਾ ਪੰਨਾ-13



ਜਸਵਿੰਦਰ ਸਿੰਘ ਦੀ ਸ਼ਾਹਕਾਰ ਕਹਾਣੀ ਪੰਨਾ-26



ਵਿਚਾਰਾਂ ਦੇ ਇਕੋ ਬਿੰਦੂ 'ਤੇ ਖੜ੍ਹੇ ਰਹਿਣਾ ਧਾਰਮਿਕ ਵਤੀਰਾ : ਨੂਰ ਪੰਨਾ-31



## ਕਾਮਨਵੈਲਥ ਖੇਡਾਂ

# ਭਾਰਤ ਦਾ ਸੋਨ ਸਫ਼ਰ ਜਾਰੀ

## ਆਟੋ ਚਾਲਕ ਦੀ ਧੀ ਦੀਪਿਕਾ ਕੁਮਾਰੀ ਨੇ ਤੀਰਅੰਦਾਜ਼ੀ 'ਚ ਝੰਡੇ ਗੱਡੇ

ਨਵੀਂ ਦਿੱਲੀ, ਨ ਦ ਬ : ਕਾਮਨਵੈਲਥ ਖੇਡਾਂ ਵਿਚ ਭਾਰਤੀ ਖਿਡਾਰੀਆਂ ਦਾ ਸੋਨ ਸਫ਼ਰ ਲਗਾਤਾਰ ਜਾਰੀ ਹੈ। ਕੁਸ਼ਤੀ ਦੇ ਵਿਸ਼ਵ ਚੈਂਪੀਅਨ ਸੁਸ਼ੀਲ ਕੁਮਾਰ ਨੇ 66 ਕਿਲੋ ਵਰਗ ਵਿਚ ਸੋਨ ਤਮਗਾ ਜਿੱਤ ਲਿਆ ਹੈ ਜਦਕਿ ਇਕ ਆਟੋ ਚਾਲਕ ਦੀ ਧੀ ਤੇ ਸਿਰਫ਼ 16 ਸਾਲ ਦੀ ਉਮਰ ਦੀ ਦੀਪਿਕਾ ਕੁਮਾਰੀ ਅਤੇ ਰਾਹੁਲ ਬੈਨਰਜੀ ਨੇ ਤੀਰਅੰਦਾਜ਼ੀ ਵਿਚ ਅਤੇ ਹਰਪ੍ਰੀਤ ਸਿੰਘ ਨੇ 25 ਮੀਟਰ ਸੈਂਟਰ ਫ਼ਾਇਰ ਪਿਸਟਲ ਮੁਕਾਬਲੇ ਵਿਚ ਸੋਨ ਤਮਗ਼ੇ ਜਿੱਤੇ। ਵਿਜੇ ਕੁਮਾਰ ਨੂੰ ਤੀਰਅੰਦਾਜ਼ੀ 'ਚ ਚਾਂਦੀ ਦੇ ਤਮਗ਼ੇ ਨਾਲ ਹੀ ਸਬਰ ਕਰਨਾ ਪਿਆ। ਉਧਰ ਡਿਸਕਸ ਥਰੋ ਵਿਚ ਵਿਕਾਸ ਗੌੜਾ, 84 ਕਿਲੋ ਵਰਗ ਦੀ ਕੁਸ਼ਤੀ ਵਿਚ ਅਨੁਜ ਕੁਮਾਰ ਅਤੇ 120 ਕਿਲੋ ਵਰਗ ਦੀ ਕੁਸ਼ਤੀ ਵਿਚ ਜੋਗਿੰਦਰ ਕੁਮਾਰ ਨੇ ਚਾਂਦੀ ਦੇ ਤਮਗ਼ੇ ਜਿੱਤੇ। ਜੋਗਿੰਦਰ ਕੁਮਾਰ ਨੂੰ ਪੰਜਾਬੀ ਮੂਲ ਦੇ ਕੈਨੇਡੀਅਨ ਖਿਡਾਰੀ ਅਰਜੁਨ ਭੁੱਲਰ ਨੇ ਹਰਾਇਆ। ਟੈਨਿਸ ਵਿਚ ਸਾਨੀਆ ਮਿਰਜ਼ਾ ਅਤੇ ਰਸ਼ਮੀ ਚੱਕਰਵਰਤੀ ਨੇ ਅਪਣੇ ਹੀ ਦੇਸ਼ ਦੀਆਂ ਨਿਰੂਪਮਾ ਸੰਜੀਵ ਅਤੇ ਪੂਜਾ ਸ੍ਰੀਵੈਂਕਟੇਸ਼ ਨੂੰ ਹਰਾ ਕੇ ਕਾਂਸੀ ਦਾ ਤਮਗ਼ਾ ਜਿੱਤਿਆ। ਡੋਲਾ ਬੈਨਰਜੀ ਨੂੰ ਮਹਿਲਾ ਤੀਰਅੰਦਾਜ਼ੀ ਅਤੇ ਅਨਿਲ ਕੁਮਾਰ ਨੂੰ 55 ਕਿਲੋ ਵਰਗ ਦੀ ਕੁਸ਼ਤੀ 'ਚ ਕਾਂਸੀ ਦੇ ਤਮਗ਼ੇ ਹਾਸਲ ਹੋਏ ਪਰ ਮੁੱਕੇਬਾਜ਼ ਅਖਿਲ ਕੁਮਾਰ ਕੁਆਰਟਰ ਫ਼ਾਈਨਲ 'ਚ ਹਾਰ ਗਿਆ। ਭਾਰਤ ਕਾਮਨਵੈਲਥ ਖੇਡਾਂ 'ਚ 30 ਸੋਨ ਤਮਗ਼ੇ ਜਿੱਤਣ ਦੀ 2002 ਦੀ ਪ੍ਰਾਪਤੀ ਤੋਂ ਸਿਰਫ਼ ਦੋ ਤਮਗ਼ੇ ਦੂਰ ਹੈ। ਭਾਰਤ 28 ਸੋਨੇ ਦੇ, 22 ਚਾਂਦੀ ਦੇ ਅਤੇ 22 ਕਾਂਸੀ ਦੇ ਤਮਗ਼ੇ ਜਿੱਤ ਚੁੱਕਿਆ ਹੈ। ਇਸ ਦੌਰਾਨ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਨੇ ਸੋਨ ਤਮਗ਼ੇ ਜੇਤੂ ਖਿਡਾਰੀਆਂ ਨੂੰ 20-20 ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ।







ਦੀਪਿਕਾ ਕੁਮਾਰੀ, ਹਰਪ੍ਰੀਤ ਸਿੰਘ ਅਤੇ ਰਾਹੁਲ ਬੈਨਰਜੀ ਆਪੋ-ਅਪਣੇ ਸੋਨ ਤਮਗ਼ੇ ਦਿਖਾਉਂਦੇ ਹੋਏ।



ਸੁਸ਼ੀਲ ਕੁਮਾਰ ਪਾਕਿਸਤਾਨੀ ਪਹਿਲਵਾਨ ਨਾਲ ਘੁਲਦਾ ਹੋਇਆ।

## ਮੁਸ਼ੱਰਫ਼ ਦਾ ਸਿਰ ਵੱਢ ਕੇ ਲਿਆਉਣ ਵਾਲੇ ਨੂੰ ਇਕ ਅਰਬ ਰੁਪਏ ਦੇਣ ਦਾ ਐਲਾਨ

*ਜੇ ਮੁਸ਼ੱਰਫ਼ ਵਿਚ ਦਮ ਹੈ ਤਾਂ ਉਹ ਪਾਕਿਸਤਾਨ ਆਵੇ : ਬੁਗ਼ਤੀ*



ਇਸਲਾਮਾਬਾਦ, ਨ ਦ ਬ : ਪਾਕਿਸਤਾਨ ਦੇ ਸਾਬਕਾ ਤਾਨਾਸ਼ਾਹ ਪਰਵੇਜ਼ ਮੁਸ਼ੱਰਫ਼ ਦੇ ਸ਼ਾਸਨਕਾਲ ਦੌਰਾਨ ਮਾਰੇ ਗਏ ਬਲੋਚ ਆਗੂ ਨਵਾਬ ਅਕਬਰ ਬੁਗ਼ਤੀ ਦੇ ਬੇਟੇ ਅਤੇ ਜਮਹੂਰੀ ਵਤਨ ਪਾਰਟੀ ਦੇ ਪ੍ਰਧਾਨ ਤਲਾਲ ਅਕਬਰ ਬੁਗਤੀ ਨੇ ਮੁਸ਼ੱਰਫ਼ ਦਾ ਸਿਰ ਵੱਢ ਕੇ ਲਿਆਉਣ ਵਾਲੇ ਨੂੰ ਇਕ ਅਰਬ ਰੁਪਏ ਅਤੇ ਇਕ ਹਜ਼ਾਰ ਏਕੜ ਜ਼ਮੀਨ ਇਨਾਮ ਵਿਚ ਦੇਣ ਦਾ ਐਲਾਨ ਕੀਤਾ ਹੈ। ਬੁਗ਼ਤੀ ਨੇ ਇਹ ਐਲਾਨ ਕੋਇਟਾ ਵਿਖੇ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ 1999 'ਚ ਚੁਣੀ ਗਈ ਸਰਕਾਰ ਦਾ ਤਖ਼ਤਾ ਪਲਟਣ ਲਈ ਮੁਸ਼ੱਰਫ਼ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਬੁਗ਼ਤੀ ਨੇ ਕਿਹਾ, "ਮੁਸ਼ੱਰਫ਼ ਬਲੋਚਿਸਤਾਨ ਵਿਚ ਬੇਗੁਨਾਹ ਲੋਕਾਂ ਦਾ ਕਾਤਲ ਹੈ ਪਰ ਇਸ ਦੇ ਬਾਵਜੂਦ ਉਸ ਨੂੰ ਦੇਸ਼ ਛੱਡ ਕੇ ਜਾਣ ਦਿੱਤਾ ਗਿਆ। ਮੁਸ਼ੱਰਫ਼ ਨੇ ਇਸ ਤੋਂ ਇਲਾਵਾ ਵੀ ਕਈ ਅਪਰਾਧ ਕੀਤੇ ਹਨ ਜਿਸ ਲਈ ਉਸ ਨੂੰ ਮੁਆਫ਼ੀ ਨਹੀਂ ਦਿੱਤੀ ਜਾ ਸਕਦੀ। ਤਲਾਲ ਅਕਬਰ ਬੁਗ਼ਤੀ ਨੇ ਮੁਸ਼ੱਰਫ਼ ਵਲੋਂ ਅਪਣੇ ਪਿਤਾ ਉਪਰ ਦੇਸ਼ ਧਰੋਹੀ ਹੋਣ ਦੇ ਲਾਏ ਦੋਸ਼ਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਾਬਕਾ ਰਾਸ਼ਟਰਪਤੀ ਨੇ ਖ਼ੁਦ ਨਵਾਬ ਅਕਬਰ ਬੁਗ਼ਤੀ ਦੇ ਕਤਲ ਨਾਲ ਸਬੰਧ ਹੋਣ ਦੀ ਗੱਲ ਮੰਨ ਕੇ ਸਾਡੇ ਦਾਅਵੇ ਨੂੰ ਹੋਰ ਪੁਖ਼ਤਾ ਕਰ ਦਿਤਾ। ਜੇ ਮੁਸ਼ੱਰਫ਼ ਵਿਚ ਦਮ ਹੈ ਤਾਂ ਉਹ ਪਾਕਿਸਤਾਨ ਆਵੇ ਅਤੇ ਮੁਕੱਦਮਿਆਂ ਦਾ ਸਾਹਮਣਾ ਕਰੇ।

## ਹੈਨਸਨ ਦੀ ਚਿਤਾਵਨੀ

## ਆਇਲ ਸੈਂਡਜ਼ ਦੇ ਵਿਸਥਾਰ ਨੂੰ ਰੋਕਣਾ ਜ਼ਰੂਰੀ



ਐਡਮਿੰਟਨ (ਨ.ਦ.ਬ) ਜੇਕਰ ਸੰਸਾਰ ਨੂੰ ਵਾਤਾਵਰਣ ਤਬਦੀਲੀਆਂ ਦੇ ਮਾੜੇ ਅਸਰਾਂ ਤੋਂ ਬਚਾਉਣਾ ਹੈ ਤਾਂ ਐਲਬਰਟਾ ਦੇ ਆਇਲ ਸੈਂਡਜ਼ ਦੇ ਵਿਸਥਾਰ ਨੂੰ ਜ਼ਰੂਰ ਰੋਕਿਆ ਜਾਣਾ ਚਾਹੀਦਾ ਹੈ। ਇਹ ਚਿਤਾਵਨੀ ਵਿਸ਼ਵ ਦੇ ਮੋਹਰੀ ਵਾਤਾਵਰਣ ਵਿਗਿਆਨੀਆਂ ਵਿਚੋਂ ਇਕ ਜੇਮਜ਼ ਹੈਨਸਨ ਨੇ ਦਿੱਤੀ ਹੈ। ਨਾਸਾ ਗੋਡਾਰਡ ਇੰਸਟੀਚਿਊਟ ਫਾਰ ਸਪੇਸ ਸਟੱਡੀਜ਼ ਦੇ ਜੇਮਜ਼ ਹੈਨਸਨ ਨਿਊਯਾਰਕ ਤੋਂ ਇਥੇ ਊਰਜਾ ਸਰੋਤਾਂ ਬਾਰੇ ਬੋਰਡ ਦੀ ਮੀਟਿੰਗ ਵਿਚ ਹਿੱਸਾ ਲੈਣ ਆਏ ਸਨ। ਇਹ ਮੀਟਿੰਗ ਫੋਰਟ ਮਰਕਰੀ ਨੇੜੇ ਪ੍ਰਸਤਾਵਤ ਟੋਟਲ ਜੋਸਲਿਨ ਨਾਰਥ ਮਾਈਨ ਬਾਰੇ ਚਰਚਾ ਕਰਨ ਲਈ ਸੱਦੀ ਗਈ ਸੀ। ਇਹ ਖਾਨ ਰੋਜ਼ਾਨਾ 100,000 ਬੈਰਲ ਊਰਜਾ ਪੈਦਾ ਕਰੇਗੀ।

ਇਹ ਮੈਗਾ ਪ੍ਰਾਜੈਕਟ ਕਈ ਸਾਲਾਂ ਤੋਂ ਮਨਜ਼ੂਰੀ ਦੀ ਉਡੀਕ ਵਿਚ ਹੈ। ਹੈਨਸਨ ਨੇ ਕਿਹਾ ਕਿ ਉਹ ਇਸ ਲਈ ਇਸ ਵਿਚ ਹਿੱਸਾ ਲੈਣ ਆਏ ਹਨ ਕਿਉਂਕਿ ਆਇਲ ਸੈਂਡਜ਼ ਦੇ ਵਿਸਥਾਰ ਨੂੰ ਆਲਮੀ ਤਪਸ਼ ਖਿਲਾਫ ਜੰਗ ਵਿਚ ਰੋਕਣਾ ਬਹੁਤ ਗੰਭੀਰ ਮਾਮਲਾ ਹੈ।

ਉਨ੍ਹਾਂ ਕਿਹਾ ਕਿ ਬੇਸ਼ੱਕ ਸਾਨੂੰ ਊਰਜਾ ਦੀ ਲੋੜ ਹੈ ਅਤੇ ਇਹ ਸੋਨੇ ਦੀ ਖਾਨ ਵਾਂਗ ਪ੍ਰਤੀਤ ਹੋ ਰਹੀ ਹੈ ਪਰ ਇਹ 'ਮੂਰਖਾਂ ਦਾ ਸੋਨਾ' ਹੈ। ਇਸ ਦਾ ਖਮਿਆਜ਼ਾ ਅਗਲੀ ਪੀੜੀ ਨੂੰ ਭੁਗਤਣਾ ਪਏਗਾ ਕਿਉਂਕਿ ਉਨ੍ਹਾਂ ਨੂੰ ਹੀ ਵਾਤਾਵਰਣ ਤੋਂ ਕਾਰਬਨ ਦੀ ਪਰਤ ਹਟਾਉਣੀ ਪਏਗੀ ਜੋ ਕਿ ਬਹੁਤ ਹੀ ਮਹਿੰਗੀ ਹੋਵੇਗੀ। ਜੇਕਰ ਇਸ ਕੀਮਤ ਨੂੰ ਮਾਇਨਿੰਗ ਦੇ ਨਾਲ ਜੋੜ ਦਿੱਤਾ ਜਾਵੇ ਤਾਂ ਇਸ ਨੂੰ ਪੂਰਾ ਕਰਨਾ ਸੌਖਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਸੰਸਾਰ ਕੋਲੇ ਤੋਂ ਦੂਰ ਹੁੰਦਾ ਚਲਾ ਗਿਆ ਅਤੇ ਜ਼ਮੀਨ ਵਿਚ ਗੈਰ ਰਵਾਇਤੀ ਆਇਲ ਉਸੇ ਤਰ੍ਹਾਂ ਪਏ ਰਹੇ ਤਾਂ ਸੰਭਵ ਹੈ ਕਿ ਕਾਰਬਨ ਉਤਸਰਜਣਾ ਅਗਲੇ ਕੁਝ ਦਹਾਕਿਆਂ ਤੱਕ ਤੇਜ਼ੀ ਨਾਲ ਘੱਟ ਜਾਣ। ਕਾਰਬਨ ਦੇ ਅੱਧੀ ਸਦੀ ਤੱਕ 80 ਫੀਸਦੀ ਘੱਟਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ।

ਹੈਨਸਨ ਨੇ ਪੈਨਲ ਨੂੰ ਆਪਣੇ ਇਕ ਖੋਜ ਪੱਤਰ ਦਾ ਹਵਾਲਾ ਵੀ ਦਿੱਤਾ ਜੋ ਉਨ੍ਹਾਂ ਨੇ 1981 ਵਿਚ ਲਿਖਿਆ ਸੀ। ਇਸ ਵਿਚ ਉਨ੍ਹਾਂ ਨਾਰਥ ਵੈਸਟ ਵਿਚ ਬਰਫਾਂ ਦੇ ਪਿਘਲਣ ਦੀ ਚਿਤਾਵਨੀ ਦਿੱਤੀ ਸੀ।

MILLWOODS PIZZA & INDIAN CUISINE
4418 36th Ave, Millwoods Road East, Edmonton.
780 462 4313
Take Out Buffets starting from $ 7.99
Out door Catering at reasonable rates
www.millwoodspizza.com

DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ ਸਬੰਧੀ ਸਭ ਮੁਸ਼ਕਲਾਂ ਦਾ ਹੱਲ
ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ।ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BHUVINDER (BETTY) GILL
MORTGAGE ASSOCIATE
BETTYGILL@DOMINIONLENDING.CA
CELL: 780.905.7274
FAX: 780.436.2510
WWW.BETTYGILL.CA

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1%
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

For All Your Real Estate Needs & Best Services
Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties
RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237

www.aj-drivingschool.com
A & J DRIVING SCHOOL
"Where your safety comes first"
Government Approved Driving Education Programs
Raj Bajwa (Senior Instructor)
raj@aj-drivingschool.com
780.486.5090
17523 - 100 Ave. Edmonton, AB

A&K DRYWALL LTD.
Best Quality at reasonable rates
ਹੋਟਲ, ਮੋਟਲ, ਬਿਜਨਿਸ ਰੈਜ਼ੀਡੈਂਸ਼ੀਅਲ ਤੇ ਹਰ ਤਰ੍ਹਾਂ ਦੇ ਇੰਸੁਲੇਸ਼ਨ, ਡਰਾਈਵਾਲ, ਟੇਪਿੰਗ, ਟੈਕਸਚਰ ਦੇ ਕੰਮ ਲਈ ਐਡਮਿੰਟਨ/ਕੈਲਗਰੀ ਚ ਸੰਪਰਕ ਕਰੋ
Rana, Edmonton : 780 245 5192
Joga, Calgary : 403 616 2329

Bhalinder Dhaliwal B.Comm
Mortgage Specialist
40 ਤੋਂ ਵੱਧ ਬੈਂਕਾਂ ਨਾਲ ਗੱਲ ਕਰਕੇ ਘੱਟ ਰੇਟ ਤੇ ਮੋਰਗੇਜ ਜਾਂ ਲਾਈਨ ਆਫ ਕਰੈਡਿਟ ਦਿਵਾਉਣ ਵਾਲੇ ਭਲਿੰਦਰ ਧਾਲੀਵਾਲ ਨੂੰ ਫੋਨ ਕਰਕੇ ਮੁਫ਼ਤ ਤੇ ਸਹੀ ਸਲਾਹ ਲਵੋ
780.909.3317
www.bhalinderdhaliwal.com

LUTHRA LAW OFFICE
* Personal Injuries
* Real Estate Transactions
* Immigration Appeals
Services in Hindi, Punjabi, Urdu and Arabic also
SARJAN LUTHRA B.Sc, LL.B. Barrister Solicitor
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
# 10, 3908-97 Street, Edmonton, AB T6E 6N2
Tel: (780) 466-4660

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ਼
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*

**Call: Shalu Badesha**

**Phone:780-660-3071**



*Sponsor by Canada Life & Access to all Major Insurance Companies in Canada*

# STP ELECTRIC LTD.

stpelectric@hotmail.com

Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**

Certified Master Electrician

ਸਰਟੀਫਾਈਡ ਮਾਸਟਰ ਇਲੈਟ੍ਰੀਸ਼ਨ

# EAGLE ROCK GOLF COURSE

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda- 780 464 4653
Ext-2, Cell- 780 720 6895

**50549, Range Road 234**
**Edmonton, AB**

EAGLE ROCK

- Catering
- Wedding
- Banquet
- Birthday Parties
- Ladies Sangeet
- Golf Tournaments

# ALPHA Tent Rentals

All Events Big or Small

We are in this Business Since 2001



**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment**, Coffee Brewers,
Food Warmers, Big Burners, Big Pots (Patila), Cutlery and Plates,
**Portable Bars**, Beer Tubs, Ice Boxes,
**Carpet, Stantions, Linens and Clips.**



Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
**Rana Pandher: 780 498 6375**
**Office: 780 490 5354**

www.alphatentrentals.com



# PASH DRIVING SCHOOL LTD.

"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week



Jas Badesha



Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।

**Shalu Badesha 780-660-3071**
**Jas Badesha 780-908-2296**
pashdrivingschool@ymail.com

# Shan-E-Punjab
## Sweets & Restaurant

Eat-In / Take-Out

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
**Business Hours:** 11am-9pm

**Lunch Buffet & Dinner Buffet**

9393-34 Avenue,
Edmonton, AB.

Phone **(780) 434-7373**

Concept, Design and Installation

# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

**ਕੈਂਬਰਿਜ ਵਿੰਡੋ**

**780-436-0111**

7941-Argyll Road Edmonton AB, T6C 4A9



www.cambridgewindow.com
Better Business Bureau ਦੇ ਮੈਂਬਰ

# ਹਾਰਪਰ ਸਰਕਾਰ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀ ਹੈ : ਐਮਨਸਟੀ ਇੰਟਰਨੈਸ਼ਨਲ



ਕੈਨੇਡਾ (ਨ.ਦ.ਬ) ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੂੰ ਤਾਨਾਸ਼ਾਹ ਕਹਿ ਕੇ ਨਿੰਦਣ ਵਾਲਿਆਂ ਨੂੰ ਐਮਨਸਟੀ ਇੰਟਰਨੈਸ਼ਨਲ ਦੇ ਨਵੇਂ ਮੁਖੀ ਸਲਿਲ ਸ਼ੈਟੀ ਦੇ ਰੂਪ ਵਿਚ ਨਵਾਂ ਸਾਥੀ ਮਿਲ ਗਿਆ ਹੈ। ਅਕਸਰ ਹਾਰਪਰ ਦੇ ਵਿਰੋਧੀ ਇਹ ਦੋਸ਼ ਲਾਉਂਦੇ ਹਨ ਕਿ ਪ੍ਰਧਾਨ ਮੰਤਰੀ ਹਾਰਪਰ ਜਮਹੂਰੀ ਵਿਚਾਰਾਂ ਦੇ ਬਹੁਤੇ ਸਮਰਥਕ ਨਹੀਂ ਅਤੇ ਉਨ੍ਹਾਂ ਦੀਆਂ ਨੀਤੀਆਂ ਇਹ ਸਾਫ ਦਰਸਾਉਂਦੀਆਂ ਹਨ ਕਿ ਉਨ੍ਹਾਂ ਨੂੰ ਉਹ ਲੋਕ ਬਿਲਕੁਲ ਪਸੰਦ ਨਹੀਂ ਜੋ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤੀ ਨਾ ਰੱਖਦੇ ਹੋਣ।

ਬੀਤੇ ਦਿਨੀਂ ਮੌਂਟਰੀਅਲ ਵਿਚ ਹੋਈ ਸਿਵੀਕਸ ਵਰਲਡ ਅਸੈਂਬਲੀ ਮੀਟਿੰਗ ਵਿਚ ਬੋਲਦਿਆਂ ਐਮਨਸਟੀ ਇੰਟਰਨੈਸ਼ਨਲ ਦੇ ਨਵੇਂ ਮੁਖੀ 49 ਸਾਲਾ ਸਲਿਲ ਸ਼ੈਟੀ ਨੇ ਵੀ ਕੁਝ ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਐਮਨਸਟੀ ਇੰਟਰਨੈਸ਼ਨਲ ਦੀ, ਕੈਨੇਡਾ ਵਿਚ ਸਰਕਾਰ ਦੇ ਮਨੁੱਖੀ ਅਧਿਕਾਰਾਂ ਪ੍ਰਤੀ ਵਤੀਰੇ ਨੂੰ ਦੇਖ ਕੇ, ਫਿਕਰਮੰਦੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਬਦਲੇ ਕਈ ਜਥੇਬੰਦੀਆਂ ਦੀ ਫੰਡਿੰਗ ਤੱਕ ਬੰਦ ਕਰ ਦਿੱਤੀ ਗਈ ਹੈ। ਕੈਨੇਡੀਅਨ ਨਾਗਰਿਕ ਉਮਰ ਖਾਦਰ ਦਾ ਹਵਾਲਾ ਦਿੰਦਿਆਂ ਸ਼ੈਟੀ ਨੇ ਕਿਹਾ ਕਿ ਸਰਕਾਰ ਨੇ ਗੁਆਨਟਾਨਮੋ ਵਿਚ ਬੰਦ ਕੈਦੀਆਂ ਵੱਲ ਬੇਹੱਦ ਲਾਪ੍ਰਵਾਹੀ ਵਾਲਾ ਰੁਖ਼ ਅਪਣਾਇਆ ਹੋਇਆ ਹੈ ਜੋ ਚਿੰਤਾ ਦਾ ਵਿਸ਼ਾ ਹੈ। ਸ਼ੈਟੀ ਦਾ ਕਹਿਣਾ ਹੈ ਕਿ ਹਾਰਪਰ ਉਮਰ ਖਦਰ ਦੀ ਰਿਹਾਈ ਯਕੀਨੀ ਬਣਾਉਣ ਕਿਉਂਕਿ ਉਸ ਦੀ ਗ੍ਰਿਫਤਾਰੀ ਅਤੇ ਉਸ ਉਪਰ ਚੱਲ ਰਿਹਾ ਮੁਕੱਦਮਾ, 'ਇੰਟਰਨੈਸ਼ਨਲ ਲਾਅ ਆਨ ਚਾਈਲਡ ਸੋਲਜ਼ਰਜ਼' ਦੀ ਉਲੰਘਣਾ ਹੈ। ਕਦੀ ਸਮਾਂ ਸੀ ਜਦੋਂ ਕੈਨੇਡਾ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਮਾਮਲੇ ਵਿਚ ਮੋਹਰੀ ਹੋਇਆ ਕਰਦਾ ਸੀ।

ਮਨੁੱਖੀ ਅਧਿਕਾਰਾਂ ਅਤੇ ਔਰਤਾਂ ਵਾਸਤੇ ਸੰਘਰਸ਼ ਕਰਦੀਆਂ ਕਈ ਗੈਰ ਸਰਕਾਰੀ ਜਥੇਬੰਦੀਆਂ ਦੇ ਇਕ ਸਾਂਝੇ ਮੋਰਚੇ 'ਵੌਇਸਿਜ਼-ਵੌਇਕਸ' ਨੇ ਵੀ ਬੀਤੇ ਸਾਲ ਹਾਰਪਰ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਬੋਲਣ ਦੀ ਆਜ਼ਾਦੀ ਦੇ ਮੌਲਿਕ ਅਧਿਕਾਰ ਦੀ ਇਜ਼ਤ ਕਰਨਾ ਸਿੱਖਣ। ਇਸ ਸਾਂਝੇ ਮੋਰਚੇ ਦੀ ਦਲੀਲ ਹੈ ਕਿ ਸਾਲ 2006 ਤੋਂ ਹੁਣ ਤੱਕ ਹਾਰਪਰ ਸਰਕਾਰ ਅਜਿਹੀਆਂ ਅਣਗਿਣਤ ਗੈਰ ਸਰਕਾਰੀ ਜਥੇਬੰਦੀਆਂ ਦਾ ਮੂੰਹ ਬੰਦ ਕਰ ਚੁੱਕੀ ਹੈ ਜੋ ਸਰਕਾਰ ਦੀਆਂ ਗਲਤ ਨੀਤੀਆਂ ਖਿਲਾਫ ਆਵਾਜ਼ ਬੁਲੰਦ ਕਰਦੀਆਂ ਹਨ।

ਸਲਿਲ ਸ਼ੈਟੀ ਐਮਨਸਟੀ ਇੰਟਰਨੈਸ਼ਨਲ ਦੇ ਪਹਿਲੇ ਭਾਰਤੀ ਮੁਖੀ ਹਨ ਅਤੇ ਪਿਛਲੇ 6 ਸਾਲਾਂ ਤੋਂ ਮਨੁੱਖੀ ਅਧਿਕਾਰਾਂ ਲਈ ਆਪਣੇ ਸੰਘਰਸ਼ ਅਤੇ ਸੰਯੁਕਤ ਰਾਸ਼ਟਰ ਮਿਲੇਨੀਅਮ ਪ੍ਰੋਗਰਾਮ ਦੇ ਡਾਇਰੈਕਟਰ ਵਜੋਂ ਆਪਣੀ ਕਾਰਗੁਜ਼ਾਰੀ ਲਈ ਦੁਨੀਆ ਭਰ ਵਿਚ ਕਾਫੀ ਇੱਜ਼ਤ ਕਮਾ ਚੁੱਕੇ ਹਨ। ਸ਼ੈਟੀ ਦਾ ਲੋਕਾਂ ਲਈ ਇਹੀ ਸੰਦੇਸ਼ ਹੈ ਕਿ ਸੱਤਾ ਦਾ ਗ਼ਲਤ ਇਸਤੇਮਾਲ ਕਰਕੇ ਆਰਥਕ ਅਤੇ ਵਾਤਾਵਰਣ ਸਬੰਧੀ ਨਾ ਇਨਸਾਫੀ ਵਾਲਾ ਮਾਹੌਲ ਬਣਾਉਣ ਵਾਲੀਆਂ ਸਰਕਾਰਾਂ ਵਿਰੁੱਧ ਵਿਸ਼ਵ ਦੇ ਲੋਕਾਂ ਨੂੰ ਇਕ ਸੁਰ ਵਿਚ ਆਵਾਜ਼ ਉਠਾਉਣ ਦੀ ਲੋੜ ਹੈ।

# ਸਪੋਰਟਸ ਟੈਕਸ ਕਰੈਡਿਟ ਨਾਲ ਗ਼ਰੀਬਾਂ ਨੂੰ ਕੋਈ ਲਾਭ ਨਹੀਂ



ਐਡਮਿੰਟਨ (ਨ.ਦ.ਬ) ਇਕ ਨਵੇਂ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਕੈਨੇਡਾ ਦਾ ਫਿਟਨੈੱਸ ਟੈਕਸ ਕਰੈਡਿਟ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਵਾਸਤੇ ਜ਼ਰਾ ਵੀ ਲਾਹੇਵੰਦ ਸਾਬਤ ਨਹੀਂ ਹੋ ਰਿਹਾ ਕਿਉਂਕਿ ਇਹ ਪਰਿਵਾਰ ਆਪਣੇ ਬੱਚਿਆਂ ਵਾਸਤੇ ਇਸ ਸਹੂਲਤ ਨੂੰ ਹਾਸਲ ਕਰਨ ਲਈ ਲੋੜੀਂਦੀ ਰਜਿਸਟਰੇਸ਼ਨ ਫੀਸ ਹੀ ਅਦਾ ਨਹੀਂ ਕਰ ਸਕਦੇ। ਯੂਨੀਵਰਸਿਟੀ ਆਫ ਐਲਬਰਟਾ ਵੱਲੋਂ ਕੀਤੇ ਗਏ ਅਧਿਐਨ ਤੋਂ ਪਤਾ ਲਗਦਾ ਹੈ ਕਿ ਸਿਰਫ ਅਮੀਰ ਅਤੇ ਮੱਧ ਵਰਗੀ ਪਰਿਵਾਰ ਹੀ ਇਸ 500 ਡਾਲਰ ਵਾਲੇ ਟੈਕਸ ਕਰੈਡਿਟ ਦਾ ਲਾਭ ਲੈ ਰਹੇ ਹਨ, ਜਦਕਿ ਇਸ ਤੋਂ ਹੇਠਲੇ ਵਰਗ ਵਾਲੇ ਪਰਿਵਾਰਾਂ ਦੀ ਗਿਣਤੀ ਇਨ੍ਹਾਂ ਦੇ ਮੁਕਾਬਲੇ ਅੱਧੀ ਵੀ ਨਹੀਂ। ਸਰਕਾਰ ਵੱਲੋਂ ਕੈਨੇਡੀਅਨ ਬੱਚਿਆਂ ਵਿਚ ਖੇਡਣ ਮੱਲਣ ਦੀ ਰੁਚੀ ਨੂੰ ਪ੍ਰਫੁੱਲਤ ਕਰਨ ਲਈ ਲਾਗੂ ਕੀਤੀ ਗਈ। ਇਸ ਯੋਜਨਾ ਦਾ ਸਭ ਨੂੰ ਇਕੋ ਜਿਹਾ ਲਾਭ ਨਹੀਂ ਹੋ ਰਿਹਾ। ਸਾਲ 2007 ਵਿਚ 'ਦੀ ਚਿਲਡਰਨਜ਼ ਫਿਟਨੈੱਸ ਟੈਕਸ ਕਰੈਡਿਟ' ਨਾਮਕ ਇਹ ਯੋਜਨਾ ਇਸ ਲਈ ਸ਼ੁਰੂ ਕੀਤੀ ਗਈ ਸੀ ਤਾਂ ਜੋ ਮੁਲਕ ਦੇ ਬੱਚੇ ਆਰਗੇਨਾਈਜ਼ਡ ਸਪੋਰਟਸ ਜਿਵੇਂ ਕਿ ਹਾਕੀ, ਡਾਂਸ ਅਤੇ ਹੋਰ ਐਥਲੈਟਿਕਸ ਖੇਡਾਂ ਵਿਚ ਆਪਣਾ ਨਾਂਅ ਦਰਜ ਕਰਾ ਸਕਣ। ਹਰ ਸਾਲ 1.4 ਮਿਲੀਅਨ ਕੈਨੇਡੀਅਨ ਨਾਗਰਿਕ ਇਹ ਕਰੈਡਿਟ ਕਲੇਮ ਕਰਦੇ ਹਨ ਜਿਸਦੀ ਵੱਧ ਤੋਂ ਵੱਧ ਹੱਦ 75 ਡਾਲਰ ਹੈ। ਅੱਧੇ ਤੋਂ ਵੱਧ ਮਾਂ-ਬਾਪ ਜਿਨ੍ਹਾਂ ਨੇ ਆਪਣੇ ਬੱਚੇ ਰਜਿਸਟਰ ਕਰਾਏ ਹਨ, ਉਹ ਇਸ ਯੋਜਨਾ ਬਾਰੇ ਕੁਝ ਨਹੀਂ ਜਾਣਦੇ। ਜ਼ਿਕਰਯੋਗ ਹੈ ਕਿ ਕੈਨੇਡਾ ਦੁਨੀਆ ਭਰ ਵਿਚ ਅਜਿਹੀ ਸਹੂਲਤ ਦੇਣ ਵਾਲਾ ਇਕੱਲਾ ਦੇਸ਼ ਹੈ। ਮਾਹਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਹ ਟੈਕਸ ਕਰੈਡਿਟ ਸਭ ਨੂੰ ਬਿਨਾਂ ਕਿਸੇ ਸ਼ਰਤ ਮੁਹੱਈਆ ਕਰਾਉਣਾ ਚਾਹੀਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਵਾਈ.ਐਮ.ਸੀ.ਏ., ਬੌਇਜ਼ ਐਂਡ ਗਰਲਜ਼ ਕਲੱਬਜ਼ ਆਫ ਕੈਨੇਡਾ ਅਤੇ ਕਿਡਜ਼ ਸਪੋਰਟਸ, ਲੋਇਨਕਸ ਪਰਿਵਾਰਾਂ ਦੇ ਬੱਚਿਆਂ ਨੂੰ ਮੁਫ਼ਤ ਐਥਲੈਟਿਕ ਪ੍ਰੋਗਰਾਮ ਦਿੰਦੀ ਹੈ।

# ਸਰਕਾਰੀ ਕੱਟਾਂ ਨੇ ਬਜ਼ੁਰਗਾਂ ਦੀ ਹਾਲਤ ਤਰਸਯੋਗ ਬਣਾਈ

ਐਡਮਿੰਟਨ (ਨ.ਦ.ਬ) ਸਰਕਾਰ ਵੱਲੋਂ ਲਾਏ ਜਾਂਦੇ ਕੱਟ ਬਜ਼ੁਰਗ ਲੋਕਾਂ ਦੀ ਹਾਲਤ ਤਰਸਯੋਗ ਬਣਾਉਂਦੇ ਜਾ ਰਹੇ ਹਨ। ਇਨ੍ਹਾਂ ਕੱਟਾਂ ਦੇ ਚੱਲਦੇ ਨਰਸਿੰਗ ਹੋਮ, ਬਜ਼ੁਰਗਾਂ ਦੇ ਵੇਅਰਹਾਊਸ ਬਣਦੇ ਜਾ ਰਹੇ ਹਨ। ਵਰਕਰਾਂ ਉਪਰ ਲੋੜੋਂ ਵੱਧ ਦਬਾਅ ਪੈ ਰਿਹਾ ਹੈ। ਇਹ ਖੁਲਾਸਾ ਬੀਤੇ ਦਿਨੀਂ ਸਾਬਕਾ ਹੈਲਥ ਕੇਅਰ ਅਧਿਕਾਰੀ ਲੌਕੀਟਾ ਰੇਟਰ ਨੇ ਕੀਤਾ। ਨਰਸਿੰਗ ਹੋਮ ਵਿਚ ਪਏ ਲਾਚਾਰ ਬਜ਼ੁਰਗਾਂ ਦੀ ਮਦਦ ਕਰਨ ਵਿਚ ਖੁਦ ਨੂੰ ਨਾਕਾਮ ਮਹਿਸੂਸ ਕਰਦਿਆਂ ਇਸ ਕਰਮਚਾਰੀ ਨੇ ਮਜਬੂਰੀ ਵਿਚ ਆਪਣੀ ਨੌਕਰੀ ਹੀ ਛੱਡ ਦਿੱਤੀ। ਰੇਟਰ ਦੇ ਦਿਲ ਉਪਰ ਬਜ਼ੁਰਗਾਂ ਨੂੰ ਲੋੜੀਂਦੀਆਂ ਸਹੂਲਤਾਂ ਅਤੇ ਦੇਖ ਭਾਲ ਨਾ ਦੇ ਸਕਣ ਦਾ ਬੋਝ ਏਨਾ ਵਧ ਗਿਆ, ਕਿ ਨੌਕਰੀ ਕਰ ਸਕਣਾ ਮੁਸ਼ਕਲ ਹੋ ਗਿਆ ਅਤੇ ਰੇਟਰ ਨੇ ਸ਼ਰਮਿੰਦਗੀ ਅਤੇ ਅਪਰਾਧਬੋਧ ਹੇਠ ਅਸਤੀਫਾ ਦੇ ਦਿੱਤਾ। ਉਸ ਮੁਤਾਬਕ ਨਰਸਿੰਗ ਹੋਮ ਵਿਚ ਸਟਾਫ਼ ਘੱਟ ਸੀ ਤੇ ਤਵੱਜੋ ਰੱਖਣ ਵਾਲੇ ਬਜ਼ੁਰਗ ਕਿਤੇ ਜ਼ਿਆਦਾ। ਵਰਕਰਾਂ ਲਈ 3 ਵਜੇ ਤੋਂ ਰਾਤ 11 ਵਜੇ ਦੌਰਾਨ ਹਰ ਕਿਸੇ ਦੀ ਹਰ ਜ਼ਰੂਰਤ ਨੂੰ ਪੂਰਾ ਕਰਨਾ ਸੰਭਵ ਹੀ ਨਹੀਂ ਸੀ। ਕਈ ਵਾਰ ਤਾਂ ਬਜ਼ੁਰਗਾਂ ਨੂੰ ਸਮੇਂ ਦੀ ਘਾਟ ਕਾਰਨ, ਅਸਲੀ ਖਾਣਾ ਦੇਣ ਦੀ ਬਜਾਏ ਪਾਊਡਰ ਸੀਲ ਦੇ ਦਿੱਤਾ ਜਾਂਦਾ ਸੀ ਤੇ ਕਈ ਬਜ਼ੁਰਗ ਕਈ ਕਈ ਘੰਟੇ ਗੰਦੇ ਡਾਈਪਰ ਵਿਚ ਹੀ ਪਏ ਰਹਿੰਦੇ ਸਨ ਤੇ ਕਈਆਂ ਨੂੰ ਨਹਾਉਣ ਮਗਰੋਂ ਗਿੱਲੇ ਡਾਈਪਰ ਹੀ ਲਾ ਦਿੱਤੇ ਜਾਂਦੇ ਸਨ।ਐਨ.ਡੀ.ਪੀ. ਲੀਡਰ ਬਰਾਈਨ ਮੇਸਨ ਨੇ ਰੇਟਰ ਨੂੰ ਇਹ ਸਭ ਕੁਝ ਬਿਆਨ ਕਰਨ ਵਾਸਤੇ ਸੂਬੇ ਦੀ ਵਿਧਾਨ ਸਭਾ ਵਿਚ ਸੱਦਾ ਦਿੱਤਾ ਸੀ। ਸਰਕਾਰ ਵੱਲੋਂ ਹੈਲਥ ਕੇਅਰ ਸਿਸਟਮ ਨੂੰ ਭਾਰੀ ਸੱਟ ਪਹੁੰਚਾਈ ਹੈ। ਉਧਰ ਸ਼ਿਕਾਇਤਾਂ ਦੇ ਘੇਰੇ ਵਿਚ ਆਏ ਨਰਸਿੰਗ ਹੋਮ ਦੇ ਹਿਊਮਨ ਰਿਸੋਰਸਜ਼ ਮੈਨੇਜਰ ਜੀਓਫ ਪਾਰਸਨਸ ਨੇ ਇਨ੍ਹਾਂ ਗੱਲਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤੇ ਗਏ ਤੱਥ ਦੱਸਿਆ ਹੈ। ਉਪਰ ਬਜ਼ੁਰਗਾਂ ਦੀ ਵੱਧ ਰਹੀ ਗਿਣਤੀ ਅਤੇ ਸਟਾਫ਼ ਦੀ ਘਾਟ ਕਾਰਨ ਪੈਦਾ ਹੁੰਦੇ ਦਬਾਅ ਕਾਰਨ ਸਟਾਫ ਵਰਕਰ ਦਬਾਅ ਹੇਠ ਅਕਸਰ ਤਣਾਅ ਅਤੇ ਭਾਵੁਕਤਾ ਦਾ ਸ਼ਿਕਾਰ ਹੋ ਕੇ ਰੋ ਪੈਂਦੇ ਹਨ। ਪਰ ਐਲਬਰਟਾ ਹੈਲਥ ਅਤੇ ਐਲਬਰਟਾ ਹੈਲਥ ਸਰਵਿਸਿਜ਼ ਨੇ ਰੇਟਰ ਵੱਲੋਂ ਲਾਏ ਇਲਜ਼ਾਮ ਬਾਰੇ ਅਜੇ ਤੱਕ ਕੋਈ ਵੀ ਟਿੱਪਣੀ ਕਰਨ ਦੀ ਲੋੜ ਨਹੀਂ ਸਮਝੀ।

# 'ਸੂਰਜ ਚੜ੍ਹਨ ਤੋਂ ਪਹਿਲਾਂ' ਲੋਕ ਅਰਪਣ

ਕੈਲਗਰੀ -ਨ ਦ ਬ-ਪੰਜਾਬੀ ਲਿਖਾਰੀ ਸਭਾ (ਅਰਪਨ) ਕੈਲਗਰੀ ਵਲੋਂ ਆਪਣਾ ਪਲੇਠਾ ਸਮਾਗਮ ਟੈਂਪਲ ਕੁਮਿਉਨਟੀ ਹਾਲ ਵਿਚ ਕੀਤਾ ਗਿਆ। ਮਾ. ਬਚਿਤਰ ਸਿੰਘ ਦੀ ਪੁਸਤਕ 'ਸੂਰਜ ਚੜ੍ਹਨ ਤੋਂ ਪਹਿਲਾਂ' ਦੀ ਘੁੰਡ ਚੁਕਾਈ ਨਾਲ ਇਹ ਸਮਾਗਮ ਸ਼ੁਰੂ ਹੋਇਆ।ਇਹ ਸਮਾਗਮ ਸ਼ਹੀਦ ਭਗਤ ਸਿੰਘ ਦੇ ਇਕ ਸੌ ਤਿੰਨਵੇਂ ਜਨਮ ਦਿਨ ਨੂੰ ਸਮਰਪਿਤ ਕੀਤਾ ਗਿਆ। ਸਮਾਗਮ ਦੇ ਸ਼ੁਰੂ ਵਿਚ ਡਾ. ਹਰਭਜਨ ਸਿੰਘ ਢਿਲੋਂ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਪ੍ਰਧਾਨਗੀ ਮੰਡਲ ਲਈ ਸਭਾ ਦੇ ਕਨਵੀਨਰ ਸਤਨਾਮ ਸਿੰਘ ਢਾਅ, ਪੁਸਤਕ ਦੇ ਲੇਖਕ ਮਾ. ਬਚਿੱਤਰ ਸਿੰਘ, ਡਾ. ਸੁਰਿੰਦਰ ਧੰਜਲ, ਡਾ. ਰਘਬੀਰ ਸਿੰਘ ਸਿਰਜਨਾ, ਡਾ. ਸਾਧੂ ਸਿੰਘ, ਹਰਭਜਨ ਚੀਮਾ, ਡਾ. ਪ੍ਰਿਥਵੀ ਰਾਜ ਕਾਲੀਆ, ਪ੍ਰੋ. ਮੋਹਣ ਸਿੰਘ ਔਜਲਾ, ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦੀ ਬੇਨਤੀ ਕੀਤੀ।ਨਾਲ ਹੀ ਆਏ ਹੋਏ ਸਾਰੇ ਸਰੋਤਿਆਂ ਨੂੰ ਜੀ ਆਇਆਂ ਆਖਿਆ। ਸਟੇਜ ਦੀ ਕਾਰਵਾਈ ਨੂੰ ਅਗੇ ਤੋਰਦਿਆਂ ਕੈਲਗਰੀ ਦੇ ਸੁਰੀਲੇ ਕਲਾਕਾਰ ਨਿੰਮਾ ਖਹਿਰਾ ਨੂੰ ਗੀਤ ਪੇਸ਼ ਕਰਨ ਲਈ ਕਿਹਾ। ਨਿੰਮੇ ਨੇ ਆਪਣੀ ਬੁਲੰਦ ਆਵਾਜ਼ ਵਿਚ 'ਵਾਹ ਭਗਤ ਸਿੰਘ ਸਰਦਾਰ ਨੇ' ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਕੀਲ ਕੇ ਬਿਠਾ ਲਿਆ। ਪੁਸਤਕ ਬਾਰੇ ਚਰਚਾ ਦਾ ਆਰੰਭ ਡਾ. ਸੁਰਿੰਦਰ ਧੰਜਲ ਨੇ ਕੀਤਾ। ਉਨ੍ਹਾਂ ਨੇ ਸੀਮਤ ਸਮੇਂ ਵਿਚ ਪੁਸਤਕ ਦੇ ਰੂਪ ਅਤੇ ਵਿਧਾ ਬਾਰੇ ਸੰਖੇਪ ਤੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਪੇਪਰ ਪੜ੍ਹਿਆ। ਮਾਸਟਰ ਬਚਿਤਰ ਸਿੰਘ ਗਿੱਲ ਕੈਲਗਰੀ ਨੇ ਬਾਬੂ ਰਜ਼ਬ ਅਲੀ ਦੀ ਅਮਰ ਰਚਨਾ 'ਪੰਜ ਪਿਸਤੌਲਾਂ ਵਾਲੇ ਕਰਦੇ ਫਾਇਰ ਫ਼ਰੰਗੀ ਤੇ' ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਡਾ. ਸਾਧੂ ਸਿੰਘ ਨੇ ਪੁਸਤਕ ਤੇ ਖੱਬੇ-ਪੱਖੀ ਭਾਰਤੀ ਸਿਆਸਤ ਬਾਰੇ ਭਾਵ-ਪੂਰਤ ਵਿਚਾਰ ਰੱਖੇ। ਉਭਰ ਰਹੇ ਗਾਇਕ ਮੱਖਣ ਬੈਂਸ ਨੇ 'ਸਾਡੀ ਉਨ੍ਹਾਂ ਨੂੰ ਸਲਾਮ ਜੋ ਜਾਨਾਂ ਵਾਰ ਗਏ' ਗਾ ਕੇ ਸਰੋਤਿਆਂ ਨੂੰ ਜੋਸ਼ ਨਾਲ ਭਰ ਦਿੱਤਾ।ਇਸ ਤੋਂ ਬਾਅਦ ਡਾ. ਰਘਬੀਰ ਸਿੰਘ ਸਿਰਜਨਾ ਜੋ ਉਚੇਚੇ ਤੌਰ 'ਤੇ ਸਰੀ ਤੋਂ ਇਸ ਸਮਾਗਮ ਵਿਚ ਸ਼ਿਰਕਤ ਕਰਨ ਆਏ ਸਨ, ਨੇ ਵੀ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਇਕ ਹੈਰਾਨ ਕਰਨ ਵਾਲਾ ਤੱਥ ਵੀ ਸਾਂਝਾ ਕੀਤਾ ਕਿ ਮਾ. ਬਚਿੱਤਰ ਸਿੰਘ, ਲਾਲ ਸਿੰਘ ਦੀਆਂ ਕਹਾਣੀਆਂ ਵਿਚ ਇਕ ਪਾਤਰ ਵਜੋਂ ਪੇਸ਼ ਹੋਏ ਹਨ। ਗਾਇਕ ਹਰਜੀਤ ਗਿੱਲ ਨੇ ਸੁਰਜੀਤ ਪਾਤਰ ਦੀ ਗ਼ਜ਼ਲ 'ਕੁਝ ਕਿਹਾ ਤਾਂ ਹਨ੍ਹੇਰਾ ਜਰੇਗਾ ਕਿਵੇਂ' ਨਾਲ ਹਾਜ਼ਰੀ ਲਵਾਈ। ਵੈਨਕੋਵਰ ਤੋਂ ਆਏ ਲਖਬੀਰ ਖੁਣਖੁਣ ਅਤੇ ਹਰਭਜਨ ਚੀਮਾ ਨੇ ਭਾਰਤੀ ਰਾਜਨੀਤੀ ਅਤੇ ਸਟੇਟ ਤਸ਼ੱਦਦ ਬਾਰੇ ਆਪਣੇ ਵਿਚਾਰ ਰੱਖੇ। ਐਡਮਿੰਟਨ ਤੋਂ ਵਿਸ਼ੇਸ਼ ਤੌਰ ਤੇ ਆਏ ਬਖਸ਼ ਕੌਰ ਸੰਘਾ ਨੇ ਕਵਿਤਾ ਰਾਹੀਂ ਨਵਾਂ ਰੰਗ ਪੇਸ਼ ਕੀਤਾ ਅਤੇ ਪ੍ਰਿਥਵੀਰਾਜ ਕਾਲੀਆ ਨੇ ਸਰੋਤਿਆਂ ਨੂੰ 'ਇਹ ਖ਼ੂਨ ਕਿਸ ਦਾ ਹੈ' ਸੁਣਾ ਕੇ ਅੱਖਾ ਨਮ ਕਰ ਦਿੱਤੀਆਂ। ਮਾ. ਭਜਨ ਗਿੱਲ ਨੇ ਬਹੁਤ ਹੀ ਭਾਵ ਪੂਰਤ ਸ਼ਬਦਾਂ ਵਿਚ ਇਨਕਲਾਬੀ ਲਹਿਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਮਨਜੋਤ ਗਿੱਲ ਆਪਣੀ ਸੰਜੀਦਾ ਕਵਿਤਾ ਮਿਕਨਾਤੀਸੀ ਅੰਦਾਜ ਵਿਚ ਪੜ੍ਹ ਕੇ ਸਰੋਤਿਆਂ ਤੋਂ ਵਾਹ ਵਾਹ ਖੱਟ ਗਿਆ। ਗਾਇਕ ਸਿਮਰਜੀਤ ਚੀਮਾ ਤੇ ਰਾਜ ਰਣਜੋਧ ਨੇ ਸੋਤਿਆਂ ਤੇ ਆਪਣੀਆਂ ਸੁਰੀਲੀਆਂ ਆਵਾਜ਼ਾਂ ਦਾ ਜਾਦੂ ਬਖ਼ੇਰਿਆ। ਪ੍ਰੋ. ਮੋਹਣ ਸਿੰਘ ਔਜਲਾ ਸਿਹਤ ਢਿੱਲੀ ਹੋਣ ਦੇ ਬਾਵਜੂਦ ਸਮਾਗਮ ਵਿਚ ਪਹੁੰਚੇ। ਉਪਰੰਤ ਮਾ.ਬਚਿੱਤਰ ਸਿੰਘ ਨੇ ਆਪਣੇ ਵਿਲਖਣ ਅੰਦਾਜ਼ ਵਿਚ ਸਟੇਜ ਤੇ ਆ ਕੇ ਸਰੋਤਿਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਨ੍ਹਾਂ ਦੇ ਸ਼ੰਘਰਸ਼ ਵਿਚ ਬਹੁਤ ਸਾਰੇ ਲੋਕਾਂ ਦਾ ਮਹੱਤਵ-ਪੂਰਨ ਯੋਗਦਾਨ ਰਿਹਾ ਹੈ ਜੋ ਰੂਪੋਸ਼ੀ ਸਮੇਂ ਉਨ੍ਹਾਂ ਨੂੰ ਪਨਾਹ ਦਿੰਦੇ ਰਹੇ, ਉਹ ਸਾਰੇ ਬਹੁਤ ਮਹਾਨ ਤੇ ਸਤਿਕਾਰ ਦੇ ਪਾਤਰ ਹਨ। ਸਭਾ ਦੇ ਕਨਵੀਨਰ ਸਤਨਾਮ ਸਿੰਘ ਢਾਅ ਅਤੇ ਪ੍ਰੋ. ਮੋਹਣ ਸਿੰਘ ਔਜਲਾ ਨੇ ਪੰਜਾਬੀ ਲਿਖਾਰੀ ਸਭਾ (ਅਰਪਨ) ਕੈਲਗਰੀ ਵਲੋਂ ਆਏ ਹੋਏ ਵਿਸ਼ੇਸ ਮਹਿਮਾਨਾ ਨੂੰ ਸਨਮਾਨ ਚਿੰਨ ਭੇਟ ਕੀਤੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੀ ਸਾਬਕਾ ਮੁਖੀ ਡਾ. ਬਲਵਿੰਦਰ ਕੌਰ ਬਰਾੜ ਨੇ ਸਮਾਗਮ ਬਾਰੇ ਟਿਪਣੀ ਕਰਦਿਆਂ ਆਖਿਆ ਕਿ ਇੰਨੇ ਉੱਚ ਪਧੱਰ ਦਾ, ਸੁਚੱਜਾ ਤੇ ਸੰਜੀਦਾ ਸਾਹਿਤਕ ਸਮਾਗਮ ਉਨ੍ਹਾਂ ਨੇ ਕੈਲਗਰੀ ਵਿਚ ਪਹਿਲੀ ਵਾਰ ਦੇਖਿਆ ਹੈ। ਅਖ਼ੀਰ ਤੇ ਸਭਾ ਦੇ ਕਨਵੀਨਰ ਸਤਨਾਮ ਸਿੰਘ ਢਾਅ ਨੇ ਧੰਨਵਾਦ ਕੀਤਾ। ਡਾ. ਹਰਭਜਨ ਢਿਲੋਂ ਨੇ ਸਟੇਜ ਦੀ ਕਾਰਵਾਈ ਵਿਉਂਤਬੱਧ ਢੰਗ ਨਾਲ ਨਿਭਾਈ।


Great rates. Low fees. Expert advice.

- What's the best option for me, an open or closed mortgage?
- Should I choose a fixed or a variable interest rate?
- Is my downpayment enough for a conventional mortgage?

Before you move into your new home, you have important decisions to make. Let me help you with all of your mortgage questions. I have more than 21 years of experience in the financial services industry. I have been with Servus Credit Union for 12 years, specializing in the mortgage and lending area.

Let's talk.

**Anjali Agarwal**, Mortgage Development Manager 780.718.7217 anjali.agarwal@servus.ca servus.ca



servus credit union

feel good about your money.

Canada's Best Managed Companies Platinum Member

# ਕਿੱਥੇ ਗਿਆ ਆਤਿਫ਼ ਕੁਰੈਸ਼ੀ?


ਆਤਿਫ਼ ਕੁਰੈਸ਼ੀ ਦੀ ਫ਼ੋਟੋ ਨਾਲ ਉਸ ਦਾ ਭਰਾ, ਭੈਣ ਤੇ ਮਾਂ-ਪਿਉ।

ਐਡਮਿੰਟਨ (ਨ.ਦ.ਬ) ਐਡਮਿੰਟਨ ਦੇ ਜਰਨਲ ਨਾਮਕ ਰਸਾਲੇ ਨੇ ਕੁਝ ਸਮਾਂ ਪਹਿਲਾਂ ਐਡਮਿੰਟਨ ਇਲਾਕੇ ਦੇ 13000 ਅਨਕਲੇਮਡ ਬੈਂਕ ਖਾਤਿਆਂ ਦੀ ਜਾਂਚ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿਚੋਂ 6,055.24 ਡਾਲਰ ਮਿਲੇ ਜੋ 'ਆਤਿਫ਼ ਸਰਚ ਐਂਡ ਸਰਚ ਰੈਸਕਿਊ ਫੰਡ ਵੈਂਡੀ ਕਰਾਸਵਾਈਟ' ਦੇ ਨਾਂ 'ਤੇ ਦਿੱਤੇ ਗਏ ਸਨ। ਦੀ ਬੈਂਕ ਆਫ ਮੌਂਟਰੀਅਲ ਅਕਾਊਂਟ ਨੂੰ ਕਿਸੇ ਨੇ 1998 ਤੋਂ ਬਾਅਦ, ਅੱਜ ਤੱਕ ਕਦੀ ਨਹੀਂ ਵਰਤਿਆ। ਇਸ ਸਾਰੀ ਜਾਂਚ ਮਗਰੋਂ ਇਕ ਸਵਾਲ ਉਭਰ ਕੇ ਸਾਹਮਣੇ ਆਇਆ ਕਿ ਆਖਰ ਇਹ ਫੰਡ ਕਿਸ ਲਈ ਬਣਾਇਆ ਗਿਆ ਸੀ ਤੇ ਕਦੇ ਉਹ ਲੱਭਿਆ ਜਾਂ ਨਹੀਂ? 'ਕਰਾਸਵਾਈਟ' ਨਾਲ ਸਬੰਧਤ ਕੁਝ ਹੋਰ ਖੋਜ ਕੀਤੀ ਤਾਂ ਇਕ 13 ਸਾਲਾ ਬੱਚੇ ਆਤਿਫ਼ ਕੁਰੈਸ਼ੀ ਦੀ ਕਹਾਣੀ ਸਾਹਮਣੇ ਆਈ ਜਿਸ ਨੂੰ 9 ਜੂਨ 1996 ਨੂੰ ਪਿਸ਼ਾਵਰ ਦੇ ਭੀੜ ਭੜਕੇ ਵਾਲੇ ਪਿੱਪਲ ਮੂੰਡੀ ਬਾਜ਼ਾਰ ਵਿਚ ਅਚਾਨਕ ਪਟਾਕਿਆਂ ਕਾਰਨ ਅੱਗ ਲੱਗਣ ਕਾਰਨ ਅਫਰਾ-ਤਫਰੀ ਦੌਰਾਨ ਕੋਈ ਚੁੱਕ ਕੇ ਲੈ ਗਿਆ। ਐਡਮਿੰਟਨ ਤੋਂ ਪਾਕਿਸਤਾਨ ਗਿਆ ਇਹ ਪਰਿਵਾਰ ਬਾਜ਼ਾਰ ਵਿਚ ਖਰੀਦਦਾਰੀ ਕਰ ਰਿਹਾ ਸੀ, ਜਦੋਂ ਇਹ ਹਾਦਸਾ ਵਾਪਰਿਆ। ਉਸ ਦਿਨ ਤੋਂ ਬਾਅਦ ਆਤਿਫ਼ ਨੂੰ ਕਿਸੇ ਨੇ ਕਦੇ ਨਹੀਂ ਵੇਖਿਆ। ਮਾਂ-ਬਾਪ ਮੁਹੰਮਦ ਅਤੇ ਗ਼ਜ਼ਾਲਾ ਕੁਰੈਸ਼ੀ ਨੇ ਪੂਰਾ ਇਕ ਸਾਲ ਹਰ ਤਰੀਕੇ ਰਾਹੀਂ ਪੂਰੇ ਪਾਕਿਸਤਾਨ ਵਿਚ ਉਸ ਦੀ ਭਾਲ ਕੀਤੀ। ਪਾਕਿ-ਸਤਾਨ ਰੇਡੀਓ ਟੀ.ਵੀ., ਅਖਬਾਰਾਂ ਹਰ ਜਗ੍ਹਾ ਬੱਚੇ ਦੀ ਤਸਵੀਰ ਜਾਰੀ ਕੀਤੀ ਗਈ। ਕੈਨੇਡੀਅਨ ਸਫ਼ਾਰਤਖਾਨੇ ਨੇ ਇਨਾਮ ਵੀ ਐਲਾਨਿਆ ਪਰ ਸਭ ਬੇਕਾਰ। ਕੈਨੇਡਾ ਵਿਚ ਪੈਦਾ ਹੋਇਆ ਇਹ ਬੱਚਾ ਸਿਰਫ਼ ਅੰਗਰੇਜ਼ੀ ਬੋਲ ਸਕਦਾ ਸੀ। ਮਾਂ-ਬਾਪ ਨੂੰ ਸ਼ੱਕ ਸੀ ਕਿ ਉਸ ਨੂੰ ਅਗਵਾ ਕਰ ਕੇ ਜਾਂ ਤਾਂ ਵੇਚ ਦਿੱਤਾ ਗਿਆ ਹੈ ਤੇ ਜਾਂ ਫੇਰ ਅਤਿਵਾਦੀ ਚੁੱਕ ਕੇ ਲੈ ਗਏ। ਮਾਂ-ਬਾਪ ਨੇ ਇਕ ਸਾਲ ਬਾਅਦ ਐਡਮਿੰਟਨ ਵਾਪਸ ਆ ਕੇ ਆਪਣਾ ਘਰ ਵੀ ਵੇਚ ਦਿੱਤਾ ਤਾਂ ਜੋ ਉਸ ਦੀ ਭਾਲ ਲਈ ਪੈਸਾ ਜੁਟਾਇਆ ਜਾ ਸਕੇ। ਕੈਨੇਡਾ ਦੇ ਕਈ ਸੰਸਦ ਮੈਂਬਰਾਂ ਨਾਲ ਮੁਲਾਕਾਤ ਵੀ ਕੀਤੀ। ਇਕ ਸਾਲ ਹੋਰ ਪਾਕਿਸਤਾਨ ਰਹਿ ਕੇ ਆਤਿਫ਼ ਦੀ ਖੋਜ ਕੀਤੀ ਪਰ ਕੋਈ ਫਾਇਦਾ ਨਾ ਹੋਇਆ। ਐਡਮਿੰਟਨ ਵਾਸੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਦਿਲ ਖੋਲ੍ਹ ਕੇ ਪੈਸਾ ਇਕੱਠਾ ਕਰ ਕੇ ਦਿੱਤਾ ਤਾਂ ਜੋ ਪਾਕਿਸਤਾਨ ਵਿਚ ਪ੍ਰਾਈਵੇਟ ਖੋਜੀਆਂ ਨੂੰ ਦਿੱਤਾ ਜਾ ਸਕੇ। ਆਤਿਫ਼ ਦੇ ਨਾਂ ਦਾ ਫੰਡ ਬਣਾਇਆ ਤੇ ਵੈੱਬ ਸਾਈਟ ਵੀ ਬਣਾਈ।

ਇਹ ਸਾਰੀ ਘਟਨਾ ਸਾਹਮਣੇ ਆਉਣ ਮਗਰੋਂ ਜਰਨਲ ਦੇ ਪੱਤਰਕਾਰਾਂ ਨੇ ਇਸ ਪਰਿਵਾਰ ਦੇ ਦੋਸਤ ਰਿਆਜ਼ ਚੌਧਰੀ ਨਾਲ ਸੰਪਰਕ ਕੀਤਾ। ਰਿਆਜ਼ ਚੌਧਰੀ ਨੇ ਦੱਸਿਆ ਕਿ ਪਰਿਵਾਰ ਨੇ ਥੱਕ ਹਾਰ ਕੇ 1998 ਵਿਚ ਇਹ ਮੰਨ ਲਿਆ ਕਿ ਆਤਿਫ਼ ਉਸ ਦਿਨ ਅੱਗ ਦੀ ਲਪੇਟ ਵਿਚ ਆ ਕੇ ਮਰ ਗਿਆ ਹੈ। ਭਾਵੇਂ ਕਿ ਉਸ ਦੀ ਲਾਸ਼ ਨਹੀਂ ਮਿਲੀ। ਇਹ ਫੈਸਲਾ ਲਿਆ ਗਿਆ ਕਿ ਫੰਡ ਦਾ ਪੈਸਾ ਭਵਿੱਖ ਵਿਚ ਦੂਜੇ ਗੁੰਮਸ਼ੁਦਾ ਬੱਚਿਆਂ ਦੀ ਭਾਲ ਵਾਸਤੇ ਵਰਤਿਆ ਜਾਵੇਗਾ। ਸਾਲ 2001 ਵਿਚ ਕੁਰੈਸ਼ੀ ਪਰਿਵਾਰ ਨੇ ਆਖਰੀ ਵਾਰ ਮੀਡੀਆ ਨਾਲ ਗੱਲਬਾਤ ਕੀਤੀ ਸੀ। ਹੁਣ ਉਹ ਟਰਾਂਟੋ ਰਹਿੰਦੇ ਹਨ। ਉਨ੍ਹਾਂ ਦਾ ਛੋਟਾ ਬੇਟਾ ਅਦਨਾਨ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰ ਚੁੱਕਾ ਹੈ। ਆਤਿਫ਼ ਦੀ ਭਾਲ ਉਨ੍ਹਾਂ ਦੇ ਦਿਲ ਵਿਚ ਕਿਤੇ ਨਾ ਕਿਤੇ ਅਜੇ ਵੀ ਜਾਰੀ ਹੈ। ਮੁਸ਼ਕਲ ਇਹ ਹੈ ਕਿ ਪਿਸ਼ਾਵਰ ਅਤੇ ਅਫ਼ਗਾਨਿਸਤਾਨ ਵਿਚ ਅਲ-ਕਾਇਦਾ ਵੱਲੋਂ ਫੈਲਾਈ ਗੜਬੜੀ ਕਾਰਨ ਹੁਣ ਆਤਿਫ ਦੀ ਭਾਲ ਲਈ ਉਥੇ ਜਾਣਾ ਪਰਿਵਾਰ ਲਈ ਸੰਭਵ ਨਹੀਂ। ਅੱਜ ਜੇ ਉਹ ਜ਼ਿੰਦਾ ਹੈ ਤਾਂ 28 ਸਾਲ ਦਾ ਹੋਵੇਗਾ। ਫੰਡ ਦਾ ਪੈਸਾ ਐਸ.ਓ.ਐਸ. ਚਿਲਡਰਨਜ਼ ਵਿਲੇਜਰਜ਼ ਨੂੰ ਜਾਵੇਗਾ। ਇਹ ਉਹ ਜਥੇਬੰਦੀ ਹੈ ਜੋ ਪਾਕਿਸਤਾਨ ਅਤੇ ਹੋਰ ਮੁਲਕਾਂ ਵਿਚ ਬੇਸਹਾਰਾ ਅਤੇ ਯਤੀਮ ਬੱਚਿਆਂ ਦੀ ਦੇਖ ਭਾਲ ਲਈ ਕੰਮ ਕਰਦੀ ਹੈ।

## ਸਥਾਈ ਸੀਟ ਦਾ ਕਸ਼ਮੀਰ ਨਾਲ ਸਬੰਧ ਨਹੀਂ : ਅਮਰੀਕਾ

ਵਾਸ਼ਿੰਗਟਨ (ਨ.ਦ.ਬ) : ਅਮਰੀਕਾ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਭਾਰਤ ਨੂੰ ਸੰਯੁਕਤ ਰਾਸ਼ਟਰ ਵਿਚ ਸੁੱਰਖਿਆ ਪ੍ਰੀਸ਼ਦ ਦੀ ਸਥਾਈ ਸੀਟ (ਯੂ.ਏ.ਐਨ.ਸੀ.) ਦੇਣ ਲਈ ਉਨ੍ਹਾਂ ਨੇ ਕਸ਼ਮੀਰ ਮੁੱਦੇ ਨੂੰ ਹੱਲ ਕਰਨ ਦੀ ਸ਼ਰਤ ਰੱਖੀ ਹੈ। ਅਮਰੀਕਾ ਨੇ ਕਿਹਾ ਕਿ ਕਸ਼ਮੀਰ ਮੁੱਦੇ ਦਾ ਯੂ.ਐਨ. ਸੁਰੱਖਿਆ ਪ੍ਰੀਸ਼ਦ ਸੀਟ ਨਾਲ ਕੋਈ ਸਬੰਧ ਨਹੀਂ ਹੈ। ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਅਧਿਕਾਰੀ ਫ਼ਿਲਿਪ ਕਰਾਉਲੀ ਨੇ ਕਿਹਾ ਕਿ ਮੈਨੂੰ ਨਹੀਂ ਲਗਦਾ ਕਿ ਇਨ੍ਹਾਂ ਦੋਵਾਂ ਮੁੱਦਿਆਂ ਵਿਚਾਲੇ ਕੋਈ ਸਬੰਧ ਹੈ। ਇਹ ਦੋਵੇਂ ਮੁੱਦੇ ਵੱਖ-ਵੱਖ ਹਨ।

ਉਨ੍ਹਾਂ ਕਿਹਾ ਕਿ ਅਮਰੀਕਾ ਚਾਹੁੰਦਾ ਹੈ ਕਿ ਪਾਕਿਸਤਾਨ ਤੇ ਭਾਰਤ ਇਕੱਠੇ ਬੈਠ ਕੇ ਕਸ਼ਮੀਰ ਮੁੱਦੇ ਉਤੇ ਵਿਚਾਰ ਵਟਾਂਦਰਾ ਕਰ ਕੇ ਵਿਵਾਦ ਘਟਾਉਣ ਦੀ ਕੋਸ਼ਿਸ਼ ਕਰਨ। ਦਸਣਯੋਗ ਹੈ ਕਿ ਮੀਡੀਆ 'ਚ ਇਹ ਖ਼ਬਰ ਆਈ ਸੀ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਨੂੰ ਇਹ ਸੁਝਾਅ ਦੇਣ ਦਾ ਫ਼ੈਸਲਾ ਕੀਤਾ ਹੈ ਕਿ ਪਹਿਲਾਂ ਉਹ ਕਸ਼ਮੀਰ ਸਮੱਸਿਆ ਹੱਲ ਕਰਨ ਤਾਂ ਹੀ ਯੂ.ਐਨ. 'ਚ ਉਨ੍ਹਾਂ ਦੀ ਸਥਾਈ ਸੀਟ 'ਤੇ ਵਿਚਾਰ ਕੀਤਾ ਜਾਵੇਗਾ। ਕਰਾਉਲੇ ਨੇ ਕਿਹਾ ਕਿ ਇਹ ਮੁੱਦਾ ਓਬਾਮਾ ਦੀ ਭਾਰਤ ਯਾਤਰਾ ਦੌਰਾਨ ਚਰਚਾ ਦਾ ਵਿਸ਼ਾ ਬਣੇਗਾ। ਉਨ੍ਹਾਂ ਕਿਹਾ ਕਿ ਇਸ 'ਤੇ ਟਿੱਪਣੀ ਨਹੀਂ ਕੀਤੀ ਜਾ ਸਕਦੀ।

## ਗਾਂਧੀ ਨੂੰ ਨਾਇਕ ਮੰਨਦੇ ਨੇ ਓਬਾਮਾ



ਕੈਲੀਫ਼ੋਰਨੀਆ -ਨ ਦ ਬ-ਰਾਸ਼ਟਰ ਪਿਤਾ ਮਹਾਤਮਾ ਗਾਂਧੀ ਅਤੇ ਮਾਰਟਨ ਲੂਥਰ ਕਿੰਗ ਜੂਨੀਅਰ ਉਨ੍ਹਾਂ ਹਸਤੀਆਂ 'ਚ ਸ਼ਾਮਲ ਹਨ ਜਿਨ੍ਹਾਂ ਨੂੰ ਅਮਰੀਕੀ ਰਾਸ਼ਟਰ ਪਤੀ ਬਰਾਕ ਓਬਾਮਾ ਨਾਇਕ ਮੰਨਦੇ ਹਨ। ਸਹਾਇਕ ਵਿਦੇਸ਼ ਮੰਤਰੀ (ਦੱਖਣ ਤੇ ਪੱਛਮੀ ਏਸ਼ੀਆ) ਰਾਬਰਟ ਬਲੈਕ ਨੇ ਕੈਲੀਫ਼ੋਰਨੀਆ 'ਚ ਮਹਾਤਮਾ ਗਾਂਧੀ ਦੇ ਯਾਦ 'ਚ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਨ੍ਹਾਂ ਮਹਾਂਪੁਰਸ਼ਾਂ ਦੇ ਆਦਰਸ਼ਾਂ ਨਾਲ ਓਬਾਮਾ ਦੇ ਵਿਚਾਰਾਂ ਨੂੰ ਆਕਾਰ ਮਿਲਿਆ ਹੈ।

## ਅਫਰੀਕੀ ਦੇ ਮੂੰਹ 'ਤੇ ਬੀਅਰ ਸੁੱਟਣ ਵਾਲੀ ਔਰਤ ਦੋਸ਼ੀ ਕਰਾਰ

ਐਡਮਿੰਟਨ (ਨ.ਦ.ਬ) ਐਡਮਿੰਟਨ ਦੇ ਇਕ ਸਟੋਰ ਵਿਚ ਨਸਲੀ ਹਮਲੇ ਦੀ ਸ਼ਰਮਨਾਕ ਹਰਕਤ ਨੂੰ ਅੰਜਾਮ ਦੇਣ ਵਾਲੀ 22 ਸਾਲਾ ਲੇਸੀ ਸਨਾਈਡਰ ਨੇ ਇਥੋਂ ਦੀ ਅਦਾਲਤ ਅੱਗੇ ਆਪਣੀ ਗਲਤੀ ਮੰਨਦਿਆਂ ਦੱਸਿਆ ਕਿ ਉਸ ਨੇ ਤੇ ਉਸ ਦੇ ਸਾਥੀ ਨੇ 27 ਸਤੰਬਰ 2009 ਵਿਚ 7-ਇਲੈਵਨ ਸਟੋਰ ਵਿਚ ਵੈਲੇਨਟਿਨ ਸੈਸੇਪੋਡ ਨਾਮਕ ਆਦਮੀ ਨੂੰ ਵਾਰ ਵਾਰ 'ਨਿਗਰ ਨਿਗਰ' ਕਹਿ ਕੇ ਬੁਲ-ਾਇਆ ਜਦੋਂ ਕਿ ਉਹ ਫੋਨ 'ਤੇ ਗੱਲ ਕਰ ਰਿਹਾ ਸੀ। ਅਫਰੀਕੀ ਮੂਲ ਦਾ ਸੈਸੇਪੋਡ, ਸਨਾਈਡਰ ਅਤੇ ਉਸ ਦੇ ਸਾਥੀ ਨੂੰ ਨਹੀਂ ਜਾਣਦਾ ਅਤੇ ਨਾ ਹੀ ਕਦੇ ਉਨ੍ਹਾਂ ਨੂੰ ਕੋਈ ਨੁਕਸਾਨ ਪਹੁੰਚਾਇਆ ਹੈ। ਇਨ੍ਹਾਂ ਦੋਵਾਂ ਨੇ ਉਸ ਨੂੰ ਜਾਣ ਬੁੱਝ ਕੇ ਡਰਾਇਆ ਧਮਕਾਇਆ ਅਤੇ ਇਸ ਮਗਰੋਂ ਉਸ ਦੇ ਮੂੰਹ 'ਤੇ ਬੀਅਰ ਦਾ ਕੈਨ ਡੋਲ੍ਹ ਦਿੱਤਾ। ਜਿਸ ਵੇਲੇ ਅਦਾਲਤ ਵਿਚ ਲੇਸੀ ਸਨਾਈਡਰ ਅਤੇ ਉਸ ਦਾ ਸਾਥੀ ਡਿਲਨ ਟ੍ਰੋਮੈਲ ਦੀ ਇਸ ਸ਼ਰਮਨਾਕ ਹਰਕਤ ਨੂੰ ਬਿਆਨ ਕੀਤਾ ਜਾ ਰਿਹਾ ਸੀ ਤਾਂ ਇਸ ਔਰਤ ਦੇ ਮੂੰਹ 'ਤੇ ਸ਼ਰਮਿੰਦਗੀ ਦਾ ਕੋਈ ਭਾਵ ਨਹੀਂ ਸੀ। ਉਸ ਦੇ ਸਾਥੀ ਨੂੰ 60 ਦਿਨ ਦੀ ਜੇਲ੍ਹ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ ਜਦਕਿ ਲੇਸੀ ਸਨਾਈਡਰ ਨੂੰ ਆਉਂਦੇ ਕੁਝ ਦਿਨਾਂ ਵਿਚ ਸਜ਼ਾ ਸੁਣਾਈ ਜਾਣੀ ਹੈ। ਸਰਕਾਰੀ ਵਕੀਲ ਤਾਨੀਆ ਸਰਕਾਰ ਨੇ ਅਦਾਲਤ ਨੂੰ ਇਨ੍ਹਾਂ ਨਸਲੀ ਹਮਲਾਵਰਾਂ ਦੀ ਗੱਲਬਾਤ ਦਾ ਵੇਰਵਾ ਵੀ ਦਿੱਤਾ। ਇਹ ਦੋਵੇਂ ਚੀਕ-ਚੀਕ ਕੇ ਅਫਰੀਕੀ ਮੂਲ ਦੇ ਸੈਸੇਮੋਡ ਨੂੰ ਕਹਿ ਰਹੇ ਸਨ, 'ਇਹ ਸਾਡਾ ਦੇਸ਼ ਹੈ ਤੇ ਅਸੀਂ ਕਾਲੇ ਲੋਕਾਂ ਨੂੰ ਦਿਲੋਂ ਨਫ਼ਰਤ ਕਰਦੇ ਹਾਂ।' ਸੰਭਾਵੀ ਹਮਲੇ ਦੇ ਡਰੋਂ ਵੈਲਨਟਿਨ ਸਟੋਰ ਵਿਚ ਲੱਗੇ ਕੈਮਰੇ ਅੱਗੇ ਜਾ ਕੇ ਖੜ੍ਹਾ ਹੋ ਗਿਆ ਤਾਂ ਜੋ ਸਭ ਕੁਝ ਰਿਕਾਰਡ ਹੋ ਜਾਵੇ ਤੇ ਅਜਿਹਾ ਹੀ ਹੋਇਆ। ਪੁਲੀਸ ਨੂੰ ਮਿਲੀ ਵੀਡੀਓ ਟੇਪ ਤੋਂ ਦੋਵਾਂ ਦੋਸ਼ੀਆਂ ਦਾ ਕਸੂਰ ਸਿੱਧ ਹੋ ਗਿਆ।

## ਐਲਬਰਟਾ ਦੀ ਕੰਜ਼ਰਵੇਟਿਵ ਪਾਰਟੀ ਨੇ ਸਿਹਤ ਸੰਭਾਲ ਦਾ ਦਿੱਤਾ ਨਵਾਂ ਨਾਅਰਾ

ਐਲਬਰਟਾ (ਨ.ਦ.ਬ.) ਐਲਬਰਟਾ ਦੀ ਕੰਜ਼ਰਵੇਟਿਵ ਪਾਰਟੀ ਨੇ ਨਵਾਂ ਰਾਗ ਅਲਾਪਣਾ ਸ਼ੁਰੂ ਕੀਤਾ ਹੈ-'ਪੁਟਿੰਗ ਪੀਪਲ ਫਰਸਟ'। ਅੰਦਾਜ਼ਾ ਹੈ ਕਿ ਆਉਂਦੇ ਚੋਣ ਪ੍ਰਚਾਰ ਦੌਰਾਨ ਇਹ ਪਾਰਟੀ ਦਾ ਮੁੱਖ ਨਾਅਰਾ ਹੋਵੇਗਾ। ਦਰਅਸਲ ਇਹ ਸਰਕਾਰ ਦੀ ਰਿਪੋਰਟ ਦਾ ਟਾਈਟਲ ਹੈ ਜਿਸ ਵਿਚ ਇਹ ਜਾਂਚਿਆ ਗਿਆ ਹੈ ਕਿ ਸਿਹਤ ਸੰਭਾਲ ਪ੍ਰਣਾਲੀ ਵਿਚ ਸੁਧਾਰ ਕਿਵੇਂ ਕੀਤਾ ਜਾਵੇ?

'ਪੁਟਿੰਗ ਪੀਪਲ ਫਰਸਟ' ਰਿਪੋਰਟ ਜਾਰੀ ਹੁੰਦਿਆਂ ਹੀ ਪੱਤਰਕਾਰਾਂ ਦੇ ਹੱਥਾਂ ਵਿਚ ਪੁੱਜੀ ਤਾਂ ਇਕ ਸਵਾਲ ਦਿਮਾਗ ਵਿਚ ਆਇਆ ਕਿ ਸਰਕਾਰ ਏਨੇ ਸਾਲ ਕਿਥੇ ਸੁੱਤੀ ਰਹੀ? ਇਹ ਜਾਨਣ ਲਈ ਕਿ ਜਨਤਾ ਨੂੰ ਸਭ ਤੋਂ ਉਪਰ ਰੱਖਿਆ ਜਾਣਾ ਚਾਹੀਦਾ ਹੈ, ਏਨੇ ਸਾਲ ਕਿਉਂ ਲੱਗ ਗਏ। ਜੇਕਰ ਹੁਣ ਤੱਕ ਸਿਹਤ ਸੰਭਾਲ ਵਿਚ ਲੋਕ ਪਹਿਲੇ ਨੰਬਰ 'ਤੇ ਨਹੀਂ ਸਨ ਤਾਂ ਫਿਰ ਹੁਣ ਤੱਕ ਸਰਕਾਰ ਨਰਸਾਂ, ਡਾਕਟਰਾਂ ਅਤੇ ਪੈਸਿਆਂ ਦੀ ਵੰਡ ਉਪਰ ਹੀ ਆਪਣਾ ਪੂਰਾ ਧਿਆਨ ਕੇਂਦਰਤ ਕਰਦੀ ਆਈ ਹੈ ਪਰ ਹੁਣ ਸਰਕਾਰ ਲੋਕਾਂ ਨੂੰ ਪਹਿਲ ਦੇਣਾ ਚਾਹੁੰਦੀ ਹੈ। ਉਦਾਹਰਣ ਲਈ ਐਲਬਰਟਾ ਦੇ ਕਿਸੇ ਦੂਰ ਦਰਾਜ਼ ਇਲਾਕੇ ਵਿਚ ਬੈਠੇ ਕਿਸੇ ਮਰੀਜ਼ ਨੂੰ ਟੈਲੀ ਹੈਲਥ ਰਾਹੀਂ ਮੈਂਟਲ ਹੈਲਥ ਸਰਵਿਸ ਦਿੱਤੀ ਜਾਵੇ। ਇਸ ਨਾਲ ਉਸ ਦਾ ਸਫ਼ਰ ਦਾ ਸਮਾਂ ਅਤੇ ਖਰਚ ਦੋਵੇਂ ਬਚਣਗੇ। ਪਰ ਰਿਪੋਰਟ ਵਿਚ ਕੀਤੇ ਇਹ ਦਾਅਵੇ ਕਈ ਥਾਂ ਬੇਹੱਦ ਅਸਪਸ਼ਟ ਲਗਦੇ ਹਨ ਤੇ ਲਗਦਾ ਨਹੀਂ ਕਿ ਇਹ ਕਦੀ ਲਾਗੂ ਹੋ ਸਕਦੇ ਹਨ। ਸਿਹਤ ਮੰਤਰੀ ਜੀਨ ਜ਼ਵੌਂਜ਼ਡੈਮਕੀ ਨੂੰ ਇਸ ਰਿਪੋਰਟ ਅਤੇ ਇਸ ਵਿਚ ਵਿਖਾਏ ਸਬਜ਼ਬਾਗਾਂ ਵਿਚ ਕੋਈ ਕਮੀ ਨਹੀਂ ਦਿਸ ਰਹੀ। ਜ਼ਵੌਂਜ਼ਡੈਸਕੀ ਕੁਝ ਹੀ ਦਿਨਾਂ ਵਿਚ ਇਸ ਰਿਪੋਰਟ ਉਪਰ ਆਪਣੀ ਰਾਏ ਦੇਣ ਵਾਲੇ ਹਨ।

## ਖੁਰਾਕ ਸੁਰੱਖਿਆ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਸਵਾਮੀਨਾਥਨ ਨੂੰ ਕੈਨੇਡਾ ਵੱਲੋਂ ਆਨਰੇਰੀ ਡਿਗਰੀ



ਐਡਮਿੰਟਨ (ਨ.ਦ.ਬ.) ਭਾਰਤ ਵਿਚ 1943 ਵਿਚ ਪਏ ਅਕਾਲ ਕਾਰਨ ਕਰੋੜਾਂ ਦੇਸ਼ ਵਾਸੀਆਂ ਦੀਆਂ ਮੌਤਾਂ ਨੇ ਐਮ.ਐਸ. ਸਵਾਮੀਨਾਥਨ ਨੂੰ ਪਸੀਜ ਕੇ ਰੱਖ ਦਿੱਤਾ। ਆਪਣੇ ਦੇਸ਼ ਵਾਸੀਆਂ ਨੂੰ ਭੁੱਖਮਰੀ ਤੋਂ ਮੁਕਤੀ ਦਵਾਉਣ ਦੀ ਇੱਛਾ ਨਾਲ ਹੀ ਉਨ੍ਹਾਂ ਨੇ ਆਪਣਾ ਜੀਵਨ ਖੁਰਾਕ ਸੁਰੱਖਿਆ ਵਿਚ ਵਿਸ਼ਵ ਵਿਆਪੀ ਲਹਿਰ ਚਲਾਉਣ ਦੇ ਲੇਖੇ ਲਾ ਦਿੱਤਾ। ਉਨ੍ਹਾਂ ਨਾ ਸਿਰਫ ਆਪਣੇ ਦੇਸ਼ ਵਾਸੀਆਂ ਬਲਕਿ ਵੀਅਤਨਾਮ ਅਤੇ ਫਿਲਪਾਈਨ ਵਿਚ ਵੀ ਲੋਕਾਂ ਨੂੰ ਭੁੱਖਮਰੀ ਤੋਂ ਨਿਜਾਤ ਦਿਵਾਉਣ ਲਈ ਆਧੁਨਿਕ ਢੰਗਾਂ ਨਾਲ ਫਸਲੀ ਕਰਾਂਤੀ ਲਿਆਂਦੀ।

ਕਰੀਬ ਅੱਧੀ ਸਦੀ ਤੋਂ ਉਨ੍ਹਾਂ ਵੱਲੋਂ ਕੀਤੇ ਯਤਨਾਂ ਦੇ ਮੱਦੇਨਜ਼ਰ ਐਲਬਰਟਾ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਸਾਇੰਸ ਖੇਤਰ ਵਿਚ ਆਨਰੇਰੀ ਡਿਗਰੀ ਦਿੱਤੀ ਗਈ ਹੈ। ਇਸ ਮੌਕੇ ਉਨ੍ਹਾਂ ਨੇ ਵਾਤਾਵਰਣ ਤਬਦੀਲੀਆਂ ਅਤੇ ਖੁਰਾਕ ਸੁਰੱਖਿਆ ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਵੀ ਦਿੱਤਾ। ਕੈਨੇਡੀਅਨ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਹੁਣ ਤੱਕ ਦੀ ਅਜਿਹੀ ਪਹਿਲੀ ਆਨਰੇਰੀ ਡਿਗਰੀ ਹੈ।

ਯੂਨੀਵਰਸਿਟੀ ਵਿਚ ਖੇਤੀਬਾੜੀ ਦੇ ਪ੍ਰੋ. ਅਤੇ ਸਵਾਮੀਨਾਥਨ ਦੇ ਸਾਥੀ ਨਾਟ ਕੇਵ ਨੇ ਕਿਹਾ, 'ਇਹ ਉਹ ਵਿਅਕਤੀ ਹੈ ਜਿਸ ਨੇ ਆਪਣੀ ਖੋਜ ਸਦਕਾ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਬਦਲ ਦਿੱਤੀਆਂ। ਉਨ੍ਹਾਂ ਆਪਣੇ ਮੁਲਕ ਦਾ ਭਵਿੱਖ ਸੰਵਾਰਿਆ। ਬੀਜਾਂ ਨਾਲ ਆਪਣੀ ਖੋਜ ਰਾਹੀਂ ਉਨ੍ਹਾਂ ਖੇਤੀਬਾੜੀ ਖੇਤਰ ਵਿਚ ਸਥਿਰਤਾ ਤੇ ਸੁਰੱਖਿਆ ਲਿਆਂਦੀ ਜਿਸ ਦੀ ਵਿਸ਼ਵ ਭਰ ਵਿਚ ਬੇਹੱਦ ਲੋੜ ਸੀ।' ਸਵਾਮੀਨਾਥਨ ਨੇ ਭਾਰਤ ਵਿਚ 60ਵੇਂ ਦਹਾਕੇ ਵਿਚ ਖੇਤੀਬਾੜੀ ਖੇਤਰ ਵਿਚ ਉਦੋਂ ਕਰਾਂਤੀ ਲਿਆਂਦੀ ਜਦੋਂ ਉਨ੍ਹਾਂ ਨੇ ਜਪਾਨੀ ਬੀਜਾਂ ਅਤੇ ਭਾਰਤੀ ਕਣਕ ਦੀਆਂ ਕਿਸਮਾਂ ਦੇ ਮੇਲ ਨਾਲ ਦੋਗਲੀ ਨਸਲ ਦੇ ਮੈਕਸਿਕਨ ਬੀਜ ਤਿਆਰ ਕਰਨ ਦੀਆਂ ਤਕਨੀਕਾਂ ਦਾ ਮੁੱਢ ਬੰਨ੍ਹਿਆ। ਫਿਲਪਾਈਨਜ਼ ਵਿਚ ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ ਦੇ 7 ਸਾਲ ਮੁਖੀ ਦੇ ਅਹੁਦੇ 'ਤੇ ਰਹੇ ਸਵਾਮੀਨਾਥਨ ਨੇ ਆਪਣੇ ਸਾਥੀਆਂ ਨਾਲ ਇਸੇ ਤਕਨੀਕ ਰਾਹੀਂ ਚੌਲਾਂ ਦੇ ਬੀਜ ਤਿਆਰ ਕੀਤੇ, ਜਿਸ ਦੇ ਸਿੱਟੇ ਵੀ ਲਾਭਕਾਰੀ ਸਿੱਧ ਹੋਏ। ਉਨ੍ਹਾਂ ਦੇ ਕੰਮਾਂ ਨੇ ਲੋਕਾਂ ਨੂੰ ਭੁੱਖਮਰੀ ਤੋਂ ਬਚਾਇਆ ਅਤੇ ਖੇਤੀ ਧੰਦੇ ਨੂੰ ਪ੍ਰਫੁੱਲਤ ਕੀਤਾ। ਇਥੇ ਕੇਵ ਐਮ.ਐਸ. ਸਵਾਮੀਨਾਥਨ ਫਾਊਂਡੇਸ਼ਨ ਨਾਲ ਮਿਲ ਕੇ ਕੈਨੇਡਾ ਦੇ ਇੰਟਰਨੈਸ਼ਨਲ ਡਿਵੈਲਪਮੈਂਟ ਰਿਸਰਚ ਸੈਂਟਰ ਲਈ ਸਾਂਝੇ ਪ੍ਰਾਜੈਕਟ 'ਤੇ ਕੰਮ ਕਰ ਰਹੇ ਹਨ। ਜੇਕਰ ਇਹ ਪ੍ਰਾਜੈਕਟ ਮਨਜ਼ੂਰ ਹੋ ਜਾਂਦਾ ਹੈ ਤਾਂ ਯੂਨੀਵਰਸਿਟੀ ਦੇ ਕੁਝ ਵਿਦਿਆਰਥੀ ਤੇ ਖੋਜਕਾਰ ਭਾਰਤ ਦਾ ਦੌਰਾ ਕਰਨਗੇ ਜਿਥੇ ਉਹ ਖੁਰਾਕ ਸੁਰੱਖਿਆ ਅਤੇ ਭੁੱਖਮਰੀ ਦੀਆਂ ਚੁਣੌਤੀਆਂ ਦਾ ਅਧਿਐਨ ਕਰਨਗੇ।

# ਸੱਤ ਸਾਲਾਂ ਬਾਅਦ ਬਾਦਲ ਪਰਿਵਾਰ ਬਰੀ

## ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਮੁੱਕਰੇ ਗਵਾਹ



ਚੰਡੀਗੜ੍ਹ (ਨ.ਦ.ਬ) : ਪੰਜਾਬ ਦੇ ਮੁੱਖ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਸਮੇਤ 15 ਜਣਿਆਂ ਨੂੰ ਸੱਤ ਸਾਲਾਂ ਤੋਂ ਚੱਲ ਰਹੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਤੇ ਭ੍ਰਿਸ਼ਟਾਚਾਰ ਦੇ ਕੇਸ 'ਚੋਂ ਮੋਹਾਲੀ ਅਦਾਲਤ ਨੇ ਸ਼ੁੱਕਰਵਾਰ ਨੂੰ 10 ਮੁਲਜ਼ਮਾਂ ਨੂੰ ਗਵਾਹਾਂ ਦੇ ਮੁੱਕਰਨ ਕਾਰਨ ਬਰੀ ਕਰ ਦਿੱਤਾ। ਇਸ ਕੇਸ ਵਿਚ ਪਹਿਲਾਂ ਤੋਂ ਹੀ ਪੰਜ ਮੁਲਜ਼ਮ ਨੂੰ ਭਗੌੜਾ ਕਰਾਰ ਦਿੱਤਾ ਜਾ ਚੁੱਕਾ ਹੈ।

ਕੇਸ ਦੇ ਪੰਜ ਅਧਿਕਾਰੀ ਐਸ.ਪੀ. ਵਿਜੀਲੈਂਸ ਅਤੇ ਉਸ ਵੇਲੇ ਐਸ.ਐਸ.ਪੀ. ਰੋਪੜ ਸੁਰਿੰਦਰ ਪਾਲ ਸਿੰਘ ਵਿਰਕ, ਆਈ.ਜੀ. ਬੀ.ਕੇ. ਉੱਪਲ, ਗੁਰਿੰਦਰ ਪਾਲ ਸਿੰਘ ਗਰੇਵਾਲ ਅਤੇ ਐੱਚ.ਪੀ.ਐਸ. ਬੈਂਸ ਵਿਰੁਧ ਜਾਂਚ 'ਚ ਕੋਤਾਹੀ ਕਰਨ ਦੇ ਦੋਸ਼ 'ਚ ਸ਼ਿਕਾਇਤ ਦਰਜ ਕਰਨ ਲਈ ਸਰਕਾਰੀ ਵਕੀਲ ਨੂੰ ਕਿਹਾ ਗਿਆ ਹੈ। ਰਿਹਾਈ ਦੇ ਹੁਕਮਾਂ ਉਪਰੰਤ ਆਦਲਤ ਨੇ ਸਾਰੇ ਮੁਲਜ਼ਮਾਂ ਨੂੰ 50-50 ਹਜ਼ਾਰ ਰੁਪਏ ਦੇ ਨਿੱਜੀ ਮੁਚਲਕੇ ਭਰਨ ਦੇ ਹੁਕਮ ਦਿੱਤੇ।

ਐਡੀਸ਼ਨਲ ਤੇ ਸੈਸ਼ਨ ਜੱਜ ਆਰ.ਕੇ. ਅਗਰਵਾਲ ਨੇ ਕਿਹਾ ਕਿ ਇਸ ਕੇਸ ਵਿਚ ਪੇਸ਼ ਕੀਤੇ ਗਏ ਗਵਾਹ ਆਪਣੇ ਬਿਆਨਾਂ ਤੋਂ ਮੁੱਕਰ ਗਏ। ਜਾਂਚ ਅਧਿਕਾਰੀ ਵੀ ਠੀਕ ਢੰਗ ਨਾਲ ਜਾਂਚ ਨਹੀਂ ਕਰ ਸਕੇ ਤੇ ਪੇਸ਼ ਕੀਤੇ ਚਲਾਨ 'ਚ ਬਹੁਤ ਖ਼ਾਮੀਆਂ ਸਨ। ਅੰਤ ਸਬੂਤਾਂ ਦੇ ਆਧਾਰ 'ਤੇ ਸਾਰਿਆਂ ਨੂੰ ਬਰੀ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਆਈ.ਓ.ਐਸ.ਐਸ. ਵਿਰਕ, ਆਈ.ਜੀ ਬੀ.ਕੇ. ਉੱਪਲ, ਗੁਰਿੰਦਰ ਪਾਲ ਸਿੰਘ ਗਰੇਵਾਲ ਅਤੇ ਐਚ.ਪੀ.ਐਸ. ਬੈਂਸ ਵਿਰੁਧ ਆਈ.ਪੀ.ਸੀ. ਦੀ ਧਾਰਾ 120ਬੀ, 182,193, 211,218 ਅਤੇ 219 ਤਹਿਤ ਇਕ ਹਫ਼ਤੇ ਦੇ ਅੰਦਰ ਅੰਦਰ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾਈ ਜਾਵੇ। ਮੁੱਖ ਮੰਤਰੀ ਦੀ ਪਤਨੀ ਬੀਬੀ ਸੁਰਿੰਦਰ ਕੌਰ ਨੂੰ ਅਦਾਲਤ ਨੇ ਸੁਣਵਾਈ ਦੌਰਾਨ ਪੇਸ਼ ਨਾ ਹੋਣ ਦੀ ਛੋਟ ਦੇ ਰੱਖੀ ਹੈ। ਉਧਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੇ ਸਾਬਕਾ ਓ.ਐਸ.ਡੀ. ਹਰਦੀਪ ਭੰਵਰਾ, ਵਿੰਪੀ ਇੰਨਰਨੈਸ਼ਨਲ ਦਿੱਲੀ ਦੇ ਮਾਲਕ ਕੰਵਲਜੀਤ ਸਿੰਘ ਸਿੱਧੂ, ਪਿੰਕੀ ਗਰੋਵਰ, ਆਸ਼ੀਸ਼ ਕਪੂਰ ਅਤੇ ਸੁਖਬੀਰ ਬਾਦਲ ਦੇ ਪੀ.ਏ. ਕ੍ਰਿਸ਼ਨਾ ਕੁਮਾਰ ਨੂੰ ਵੀ ਵਿਜੀਲੈਂਸ ਨੇ ਮੁਲਜ਼ਮ ਦੱਸਿਆ ਸੀ। ਇਨ੍ਹਾਂ ਉੱਤੇ ਬਾਦਲ ਪਰਿਵਾਰ ਦੇ ਕਾਲੇ ਧਨ ਨੂੰ ਸਫ਼ੈਦ ਕਰਨ ਦਾ ਦੋਸ਼ ਹੈ। ਇਨ੍ਹਾਂ ਅਦਾਲਤ ਵਿਚ ਹਾਜ਼ਰੀ ਨਹੀਂ ਲਗਵਾਈ ਜਿਸ ਕਾਰਨ ਇਨ੍ਹਾਂ ਨੂੰ ਭਗੌੜਾ ਐਲਾਨ ਦਿੱਤਾ ਗਿਆ।

### 150 ਵਿਚੋਂ 138 ਗਵਾਹ ਮੁੱਕਰੇ

ਕੈਪਟਨ ਅਮਰਿੰਦਰ ਸਿੰਘ ਵਲੋਂ 2003 ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਉਤੇ ਆਮਦਨ ਤੋਂ ਵੱਧ ਜਾਇਦਾਦ ਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕਰਵਾਇਆ ਗਿਆ ਸੀ। ਪਹਿਲਾਂ ਇਸ ਕੇਸ ਦੀ ਸੁਣਵਾਈ ਰੋਪੜ ਦੀ ਅਦਾਲਤ ਵਿਚ ਹੁੰਦੀ ਸੀ। 2003 ਵਿਚ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਜੇਲ੍ਹ ਹੋਈ। ਇਸ ਕੇਸ ਵਿਚ ਵਿਜੀਲੈਂਸ ਵਲੋਂ ਕਰੀਬ 150 ਗਵਾਹਾਂ ਨੂੰ ਤਿਆਰ ਕੀਤਾ ਗਿਆ ਸੀ ਜਿਨ੍ਹਾਂ ਵਿਚੋਂ 138 ਗਵਾਹ ਮੁੱਕਰ ਗਏ। ਕੇਸ ਦੇ ਆਈ.ਓ. ਅਤੇ ਉਸ ਵੇਲੇ ਦੇ ਡੀ.ਆਈ.ਜੀ. ਬੀ.ਕੇ. ਉੱਪਲ ਦੇ ਬਿਆਨ ਵੀ ਆਪਸ ਵਿਚ ਮੇਲ ਨਹੀਂ ਖਾ ਰਹੇ।

### ਮਿਲੀਭੁਗਤ ਨਾਲ ਬਣਾਏ ਸਨ ਝੂਠੇ ਕੇਸ

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਕਾਨੂੰਨ 'ਤੇ ਵਿਸ਼ਵਾਸ ਹੈ ਤੇ ਅਦਾਲਤ ਦੇ ਫ਼ੈਸਲੇ ਨਾਲ ਕਾਨੂੰਨ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਤਾਂ ਪਹਿਲਾਂ ਤੋਂ ਹੀ ਕਹਿੰਦੇ ਆਏ ਸਨ ਕਿ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਮਿੱਤਰ ਭਰਤਇੰਦਰ ਸਿੰਘ ਚਾਹਲ ਨੇ ਪੁਲਿਸ ਅਧਿਕਾਰੀਆਂ ਨਾਲ ਗੰਢਤੁਪ ਕਰ ਕੇ ਝੂਠੇ ਕੇਸ 'ਚ ਫਸਾਉਣ ਦੀ ਸਾਜ਼ਿਸ਼ ਘੜੀ ਸੀ।



**ਸੁਖਬੀਰ ਸਿੰਘ ਬਾਦਲ ਮੋਹਾਲੀ ਅਦਾਲਤ ਦੇ ਫ਼ੈਸਲੇ ਮਗਰੋਂ ਅਦਾਲਤ ਤੋਂ ਬਾਹਰ ਆਉਂਦੇ ਹੋਏ।**

### ਕੈਪਟਨ ਵਿਰੁਧ ਦਰਜ ਕੇਸ ਵਾਪਸ ਹੋਣਗੇ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿਆਸੀ ਕੁੜੱਤਣ ਘਟਾਉਣ ਅਤੇ ਬਦਲਾਖੋਰੀ ਦੀ ਭਾਵਨਾ ਖ਼ਤਮ ਕਰਨ ਲਈ ਸ਼ੁੱਕਰਵਾਰ ਨੂੰ ਸਦਨ ਵਿਚ ਕੈਪਟਨ ਅਮਰਿੰਦਰ ਸਿੰਘ ਵਿਰੁਧ ਦਾਇਰ ਮਾਣਹਾਨੀ ਦੇ ਦੋ ਕੇਸ ਵਾਪਸ ਲੈਣ ਦਾ ਐਲਾਨ ਕੀਤਾ। ਇਹ ਕੇਸ ਸ੍ਰੀ ਬਾਦਲ ਨੇ ਨਿੱਜੀ ਤੌਰ 'ਤੇ ਕੈਪਟਨ ਵਿਰੁਧ ਦਰਜ ਕਰਵਾਏ ਸਨ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਸਾਬਕਾ ਮੁੱਖ ਮੰਤਰੀ ਵਿਰੁਧ ਭ੍ਰਿਸ਼ਟਾਚਾਰ ਦੇ ਕੇਸ ਵਾਪਸ ਲੈਣ ਲਈ ਉਹ ਕੁੱਝ ਨਹੀਂ ਕਰ ਸਕਦੇ ਪਰ ਜੋ ਨਿੱਜੀ ਹੈਸੀਅਤ ਵਿਚ ਕੇਸ ਦਰਜ ਕੀਤੇ ਗਏ ਸਨ ਉਹ ਵਾਪਸ ਲੈ ਰਹੇ ਹਨ।




## ਜ਼ਿੰਦਗੀ ਬੜੀ ਬੇਵਫ਼ਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ? * ਕੀ ਤੁਸੀਂ ਘਰ ਦੇ ਮੁਖੀਆ ਹੋ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ?

**ਜ਼ਰਾ ਸੋਚੋ!!**

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**



Jessie Singh
(C.A.I.B.)

**Jessie Off: (403) 717-0666**
**Jessie Singh (C.A.I.B.) Cell: (403) 830-7007**

# ਪੰਜਾਬ

## ਅੱਜ-ਕੱਲ੍ਹ

## ਪੈਸੇ ਦੇ ਕੇ ਡਾਕਟਰ ਬਣਨ ਲਈ ਹੁੰਦੀ ਹੈ ਐਡਵਾਂਸ ਬੁਕਿੰਗ

# ਗ਼ੈਰ-ਸਰਕਾਰੀ ਮੈਡੀਕਲ ਕਾਲਜਾਂ 'ਚ ਦਾਖ਼ਲਾ ਸਰਕਾਰੀ ਕਾਲਜਾਂ ਨਾਲੋਂ ਆਸਾਨ

ਚੰਡੀਗੜ੍ਹ (ਨ.ਦ.ਬ): ਚੰਡੀਗੜ੍ਹ ਦੇ ਪੀ.ਜੀ.ਆਈ. ਵਿਚ ਐਮ.ਡੀ. ਦੀ ਡਿਗਰੀ ਲਈ ਸੀਟਾਂ ਦੀ ਵਿਕਰੀ ਤਾਂ ਪੂਰੇ ਭ੍ਰਿਸ਼ਟ ਵਰਤਾਰੇ ਦਾ ਨਿੱਕਾ ਜਿਹਾ ਹਿੱਸਾ ਹੈ। ਏਜੰਟ ਚੰਡੀਗੜ੍ਹ ਤੇ ਨਵੀਂ ਦਿੱਲੀ ਤੋਂ ਇਲਾਵਾ ਪੂਰੇ ਦੇਸ਼ ਦੇ ਸਿਖਰਲੇ ਤੇ ਸਿਰਮੌਰ ਮੈਡੀਕਲ ਕਾਲਜਾਂ ਵਿਚ ਐਮ.ਬੀ.ਬੀ.ਐਸ. ਦੀਆਂ ਸੀਟਾਂ ਮੋਟੀਆਂ ਰਕਮਾਂ ਬਦਲੇ ਦਿਵਾਉਣ ਦੀ ਪੇਸ਼ਕਸ਼ ਕਰਦੇ ਹਨ। ਇਨ੍ਹਾਂ ਕਾਲਜਾਂ ਵਿਚ ਦਾਖ਼ਲਾ ਕੇਂਦਰੀ ਏਜੰਸੀ ਵਲੋਂ ਲਈ ਜਾਂਦੀ ਆਲ ਇੰਡੀਆ ਪ੍ਰੀ-ਮੈਡੀਕਲ ਦਾਖ਼ਲਾ ਪ੍ਰੀਖਿਆ (ਪੀ.ਐਮ.ਈ.ਟੀ.) ਦੇ ਆਧਾਰ ਉਤੇ ਹੁੰਦਾ ਹੈ।

ਏਜੰਟਾਂ ਦਾ ਦਾਅਵਾ ਹੈ ਕਿ ਕੇਂਦਰੀ ਪੱਧਰ ਉੱਤੇ ਮੈਡੀਕਲ ਕਾਲਜਾਂ ਵਿਚ ਦਾਖ਼ਲੇ ਲਈ ਸੂਬਾਈ ਸਰਕਾਰਾਂ ਵਲੋਂ ਲਈ ਜਾਂਦੀ ਦਾਖ਼ਲਾ ਪ੍ਰੀਖਿਆ ਦੀ ਮੈਰਿਟ ਸੂਚੀ ਵਿਚ ਕਿਸੇ ਦਾ ਨਾਂ ਸ਼ਾਮਲ ਕਰਵਾਉਣਾ ਵੀ ਉਨ੍ਹਾਂ ਦੇ ਖੱਬੇ ਹੱਥ ਦੀ ਖੇਡ ਹੈ। ਇਕ ਏਜੰਟ ਮੁਤਾਬਕ ਲੁਧਿਆਣਾ ਦੇ ਇਕ ਵਕਾਰੀ ਮੈਡੀਕਲ ਕਾਲਜ ਵਿਚ ਕਿਸੇ ਮੁੰਡੇ ਦਾ ਯਕੀਨੀ ਤੌਰ 'ਤੇ ਦਾਖ਼ਲਾ ਦਿਵਾਉਣ ਦੀ ਕੀਮਤ 15 ਲੱਖ ਰੁਪਏ ਹੈ। ਉਮੀਦਵਾਰ ਲੜਕੀ ਹੋਵੇ ਤਾਂ ਕੀਮਤ 20 ਲੱਖ ਰੁਪਏ ਹੈ। ਏਜੰਟ ਨੇ ਦਾਅਵਾ ਕੀਤਾ ਕਿ ਉਮੀਦਵਾਰ ਦਾ ਨਾਂ ਇਸ ਕਾਲਜ ਵਲੋਂ ਤਿਆਰ ਕੀਤੀ ਮੈਰਿਟ ਸੂਚੀ ਵਿਚ ਹੋਵੇਗਾ। ਇਸ ਏਜੰਟ ਨੇ ਇਸ ਕਾਲਜ ਵਿਚ ਅਗਲੇ ਸਾਲ ਦੇ ਐਮ.ਬੀ.ਬੀ.ਐਸ. ਕੋਰਸ ਲਈ ਸੀਟ ਪੰਜ ਲੱਖ ਰੁਪਏ ਵਿਚ ਬੁੱਕ ਕਰਨ ਦੀ ਪੇਸ਼ਕਸ਼ ਕੀਤੀ ਅਤੇ ਨਾਲ ਹੀ ਪੱਤਰਕਾਰਾਂ ਦੀ ਟੀਮ ਨੂੰ ਕਿਹਾ ਕਿ ਉਹ ਇਹ ਰਕਮ ਇਕ ਚੈੱਕ ਰਾਹੀਂ ਉਨ੍ਹਾਂ ਦੇ ਕੋਚਿੰਗ ਸੈਂਟਰ ਦੇ ਖ਼ਾਤੇ ਵਿਚ ਜਮ੍ਹਾਂ ਕਰਵਾ ਸਕਦੇ ਹਨ। ਇਸੇ ਏਜੰਟ ਨੇ ਅੰਬਾਲਾ, ਜੈਪੁਰ, ਪੁਣੇ ਅਤੇ ਭੁਪਾਲ ਦੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿਚ ਵੀ ਦਾਖ਼ਲਾ ਦਿਵਾਉਣ ਦੀ ਪੇਸ਼ਕਸ਼ ਕੀਤੀ। ਅਜਿਹੇ ਦਾਖ਼ਲੇ ਲਈ ਪੈਕੇਜ 30 ਤੋਂ 60 ਲੱਖ ਰੁਪਏ ਤਕ ਸੀ। ਇਸ ਵਿਚੋਂ ਕੁਝ ਰਕਮ ਏਜੰਟ ਨੇ ਰੱਖਣੀ ਹੈ ਬਾਕੀ ਸਬੰਧਤ ਕਾਲਜ ਦੇ ਪ੍ਰਬੰਧਕਾਂ ਕੋਲ ਪਹੁੰਚਣੀ ਹੈ।

ਗ਼ੈਰ ਸਰਕਾਰੀ ਮੈਡੀਕਲ ਕਾਲਜਾਂ ਵਿਚ ਦਾਖ਼ਲੇ ਲਈ ਕਾਲਜਾਂ ਵਲੋਂ ਵੱਖਰੇ ਤੌਰ ਉਤੇ ਵੀ ਇਮਤਿਹਾਨ ਲਏ ਜਾਂਦੇ ਹਨ। ਜਾਪਦਾ ਹੈ ਕਿ ਇਸ ਸੂਰਤ ਵਿਚ ਏਜੰਟ ਕਾਲਜ ਵਲੋਂ ਹੀ ਸੀਟਾਂ ਅਗਾਊਂ ਵੇਚਣ ਲਈ ਕੜੀ ਦਾ ਕੰਮ ਕਰਦੇ ਹਨ। ਅਜਿਹੇ ਮਾਮਲਿਆਂ ਵਿਚ ਉਮੀਦਵਾਰ ਨੂੰ ਖ਼ੁਦ ਇਮਤਿਹਾਨ ਵਿਚ ਬੈਠਣਾ ਪੈਂਦਾ ਹੈ। ਕਾਲਜ ਵਲੋਂ ਲਈ ਜਾਂਦੀ ਦਾਖ਼ਲਾ ਪ੍ਰੀਖਿਆ ਤਾਂ ਮਹਿਜ਼ ਦਿਖਾਵਾ ਹੁੰਦੀ ਹੈ ਕਿਉਂਕਿ ਪਹਿਲਾਂ ਹੀ ਸੀਟਾਂ ਖ਼ਰੀਦ ਚੁੱਕੇ ਉਮੀਦਵਾਰਾਂ ਦੇ ਨਾਂ ਹੀ ਮੈਰਿਟ ਸੂਚੀ ਵਿਚ ਸ਼ਾਮਲ ਹੁੰਦੇ ਹਨ। ਜਿਥੇ ਦਾਖ਼ਲੇ ਤੇ ਜਾਅਲੀ ਟੈਸਟ, ਸਰਕਾਰੀ ਏਜੰਸੀਆਂ ਵਲੋਂ ਕਰਵਾਏ ਜਾਂਦੇ ਹਨ, ਉਥੇ ਏਜੰਟ ਉਮੀਦਵਾਰ ਦੀ ਥਾਂ ਕਿਸੇ ਹੋਰ ਨੂੰ ਟੈਸਟ ਲਈ ਬਿਠਾਉਣ ਦਾ ਢੰਗ ਤਰੀਕਾ ਵਰਤਦੇ ਹਨ। ਅਜਿਹੇ ਮਾਮਲਿਆਂ ਵਿਚ ਉਹ ਉਮੀਦਵਾਰਾਂ ਦੀ ਥਾਂ ਇਮਤਿਹਾਨ ਲਈ ਪੂਰੀ ਤਰ੍ਹਾਂ ਤਿਆਰ ਵਿਅਕਤੀਆਂ ਨੂੰ ਬਿਠਾਉਣ ਅਤੇ ਪ੍ਰੀਖਿਆ ਕੇਂਦਰ ਵਿਚ ਸਾਰੇ ਹਾਲਾਤ ਸੰਭਾਲਣ ਦਾ ਦਾਅਵਾ ਕਰਦੇ ਹਨ। ਇਸ ਤੋਂ ਪ੍ਰੀਖਿਆ ਕੇਂਦਰਾਂ ਵਿਚਲੇ ਨਿਗਰਾਨ ਸਟਾਫ਼ ਅਤੇ ਏਜੰਟਾਂ ਦੀ ਮਿਲੀਭੁਗਤ ਦਾ ਸੰਕੇਤ ਵੀ ਮਿਲਦਾ ਹੈ। ਜਿਹੜੇ ਸ਼ਹਿਰਾਂ ਦੇ ਪ੍ਰੀਖਿਆ ਕੇਂਦਰਾਂ ਵਿਚ 'ਹਾਲਾਤ' ਸੰਭਾਲਣ ਦੀ ਗੱਲ ਆਖੀ ਜਾਂਦੀ ਹੈ, ਉਥੇ ਏਜੰਟਾਂ ਦੇ ਵਿਚੋਲੇ ਵੀ ਸਰਗਰਮ ਹੋਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ।

ਮਿਸਾਲ ਵਜੋਂ ਪੀ.ਜੀ.ਆਈ. ਵਿਚ ਐਮ.ਡੀ./ਐਮ.ਐਸ. ਵਿਚ ਦਾਖ਼ਲੇ ਲਈ ਹਰ ਸਾਲ ਦੋ ਵਾਰੀ ਟੈਸਟ ਲਿਆ ਜਾਂਦਾ ਹੈ। ਇਥੇ ਦਾਖ਼ਲਾ ਲੈਣ ਦੇ ਚਾਹਵਾਨ ਉਮੀਦਵਾਰਾਂ ਦੀ ਗਿਣਤੀ ਵਧੇਰੇ ਹੋਣ ਕਾਰਨ ਮੁਕਾਬਲਾ ਸਖ਼ਤ ਹੈ। ਜਨਵਰੀ 2009 ਵਿਚ ਐਮ.ਡੀ./ਐਮ.ਐਸ. ਦੀਆਂ 85 ਸੀਟਾਂ ਲਈ 6000 ਡਾਕਟਰਾਂ ਨੇ ਅਰਜ਼ੀਆਂ ਦਿੱਤੀਆਂ। ਸੈਂਕੜੇ ਉਮੀਦਵਾਰ ਕਈ ਵਾਰ ਆਪਣੀ ਕਿਸਮਤ ਅਜ਼ਮਾਉਂਦੇ ਹਨ।

ਸਾਰੇ ਉਮੀਦਵਾਰ ਦਾਖ਼ਲਾ ਪ੍ਰੀਖਿਆ ਲਈ ਚੰਡੀਗੜ੍ਹ ਆਉਂਦੇ ਹਨ। ਬਹੁਤ ਸਾਰੇ ਸਕੂਲ, ਕਾਲਜ ਪ੍ਰੀਖਿਆ ਕੇਂਦਰ ਬਣਾਏ ਜਾਂਦੇ ਹਨ। ਉਮੀਦਵਾਰ ਵਲੋਂ ਜਮ੍ਹਾਂ ਕਰਵਾਏ ਫ਼ਾਰਮ ਵਿਚ ਦਾਖ਼ਲਾ ਸ਼ਨਾਖ਼ਤੀ ਕਾਰਡ ਅਤੇ ਹਾਜ਼ਰੀ ਕਾਰਡ ਦੋਵਾਂ ਉਤੇ ਉਸ ਦੀ ਫ਼ੋਟੋ ਲੱਗੀ ਹੁੰਦੀ ਹੈ। ਉਮੀਦਵਾਰ ਦਾਖ਼ਲਾ ਸ਼ਨਾਖ਼ਤੀ ਕਾਰਡ ਆਪਣੇ ਨਾਲ ਪ੍ਰੀਖਿਆ ਕੇਂਦਰ ਵਿਚ ਲੈ ਕੇ ਜਾਂਦੇ ਹਨ ਜਦੋਂ ਕਿ ਹਾਜ਼ਰੀ ਕਾਰਡ ਉਤੇ ਲੱਗੀਆਂ ਫ਼ੋਟੋਆਂ ਨਾਲ ਉਮੀਦਵਾਰ ਦੀ ਸ਼ਕਲ ਮਿਲਾ ਕੇ ਦੇਖਣੀ ਚਾਹੀਦੀ ਹੈ। ਇਸ ਲਈ ਨਿਗਰਾਨ ਸਟਾਫ਼ ਦੀ ਅੰਦਰਖ਼ਾਤੇ ਸਹਿਮਤੀ ਤੋਂ ਬਿਨਾਂ ਜਾਅਲੀ ਉਮੀਦਵਾਰ ਪ੍ਰੀਖਿਆ ਵਿਚ ਬੈਠ ਹੀ ਨਹੀਂ ਸਕਦੇ।

ਏਜੰਟਾਂ ਵਲੋਂ ਚਲਾਏ ਜਾਂਦੇ ਕੋਚਿੰਗ ਸੈਂਟਰਾਂ ਵਿਚ ਏਜੰਟ ਪੂਰੇ ਮੁਲਕ ਵਿਚ ਹਜ਼ਾਰਾਂ ਵਿਦਿਆਰਥੀਆਂ ਨਾਲ ਸੰਪਰਕ ਕਰ ਕੇ ਘੱਟੋ ਘੱਟ ਕੀਮਤ ਉੱਤੇ ਮੈਡੀਕਲ ਕਾਲਜਾਂ ਵਿਚ ਦਾਖ਼ਲਾ ਦਿਵਾਉਣ ਦੀ ਪੇਸ਼ਕਸ਼ ਕਰਦੇ ਹਨ।

ਜਾਪਦਾ ਹੈ ਕਿ ਇਨ੍ਹਾਂ ਏਜੰਟਾ ਕੋਲ ਵੱਖ ਵੱਖ ਦਾਖ਼ਲਾ ਇਮਤਿਹਾਨਾਂ ਵਿਚ ਬੈਠਣ ਵਾਲੇ ਸਾਰੇ ਉਮੀਦਵਾਰਾਂ ਬਾਰੇ ਜਾਣਕਾਰੀ ਹੁੰਦੀ ਹੈ। ਚੰਡੀਗੜ੍ਹ ਵਿਚ ਪ੍ਰੀ ਮੈਡੀਕਲ ਦਾਖ਼ਲਾ ਪ੍ਰੀਖਿਆ ਦੀ ਤਿਆਰੀ ਕਰ ਰਹੇ ਕਈ ਉਮੀਦਵਾਰਾਂ ਨੂੰ ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਦੇ ਕਾਲਜਾਂ ਵਿਚ ਐਮ.ਬੀ.ਬੀ.ਐਸ. ਵਿਚ ਦਾਖ਼ਲੇ ਦੀਆਂ ਪੇਸ਼ਕਸ਼ਾਂ ਵਾਲੇ ਐਸ.ਐਮ.ਐਸ. ਮਿਲ ਰਹੇ ਹਨ। ਇਹ ਐਸ.ਐਮ.ਐਸ. ਉਮੀਦਵਾਰਾਂ ਵਲੋਂ ਦਾਖ਼ਲਾ ਫ਼ਾਰਮ ਵਿਚ ਭਰ ਮੋਬਾਈਲ ਨੰਬਰਾਂ ਉੱਤੇ ਆਏ ਹਨ।

ਉਮੀਦਵਾਰਾਂ ਵਲੋਂ ਅਜਿਹੇ ਐਸ.ਐਮ.ਐਸ. ਪੱਤਰਕਾਰਾਂ ਦੀ ਟੀਮ ਨੂੰ ਭੇਜੇ ਜਾਣ ਮਗਰੋਂ ਹੀ ਪੱਤਰਕਾਰਾਂ ਨੇ ਇਸ ਬਾਰੇ ਜਾਂਚ ਸ਼ੁਰੂ ਕੀਤੀ। ਬੱਚਿਆਂ ਦੇ ਮਾਪੇ ਹੋਣ ਦਾ ਬਹਾਨਾ ਬਣਾ ਕੇ ਜਦੋਂ ਇਸ ਟੀਮ ਨੇ ਏਜੰਟਾਂ ਨਾਲ ਗੱਲ ਕੀਤੀ ਤਾਂ ਜਾਪਿਆ ਕਿ ਕੋਚਿੰਗ ਸੈਂਟਰਾਂ ਦੇ ਪਰਦੇ ਹੇਠ ਇਹ ਗੋਰਖਧੰਦਾ ਪੂਰੇ ਮੁਲਕ ਵਿਚ ਫੈਲਿਆ ਹੋਇਆ ਹੈ।

### ਪੀ.ਜੀ.ਆਈ. ਵਲੋਂ ਜਾਂਚ ਦੇ ਹੁਕਮ

ਪੈਸੇ ਬਦਲੇ ਸੀਟਾਂ ਦੇ ਮਾਮਲੇ ਦਾ ਪਰਦਾਫ਼ਾਸ਼ ਕੀਤੇ ਜਾਣ ਪਿੱਛੋਂ ਪੀ.ਜੀ.ਆਈ. ਨੇ ਅਦਾਰੇ ਵਿਚ ਹੋਣ ਵਾਲੇ ਦਾਖ਼ਲਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀ.ਜੀ.ਆਈ. ਦੇ ਸਬ ਡੀਨ ਡਾ. ਅਮੋਦ ਗੁਪਤਾ ਨੇ ਦੱਸਿਆ ਕਿ ਜਾਂਚ ਕਮੇਟੀ ਵਲੋਂ ਬੀਤੇ ਦੋ ਸਾਲਾਂ ਦੌਰਾਨ ਅਦਾਰੇ ਵਿਚ ਦਾਖ਼ਲਾ ਲੈਣ ਵਾਲੇ ਸਾਰੇ ਰੈਜ਼ੀਡੈਂਟਸ ਦੇ ਵੇਰਵਿਆਂ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ , 'ਅਸੀਂ ਸਮੁੱਚੇ ਦਾਖ਼ਲਾ ਅਮਲ ਵਿਚ ਚੌਕਸੀ ਵਧਾਉਣ ਦਾ ਫ਼ੈਸਲਾ ਕੀਤਾ ਹੈ ਅਤੇ ਇਸ ਤਹਿਤ


**Asian Western Grocery Store**
**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰ੍ਰੋਸਰੀ ਐਂਡ ਮੂਵੀ ਸਟੋਰ**

**ਸਾਫ ਸੁਥਰੀ ਅਤੇ ਵਧੀਆ ਗਰ੍ਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।**








For more information call
Balraj @
**780-756-2225**
**780-660-2061**

# ਭਾਰਤ ਅੱਜ-ਕੱਲ੍ਹ

# ਕਾਮਲਵੈਲਥ ਖੇਡਾਂ ਪੂਰੇ ਸ਼ਾਨੋ-ਸ਼ੌਕਤ ਨਾਲ ਸ਼ੁਰੂ

| ਕੁਲ ਦੇਸ਼ | ਸੰਸਾਰ ਭਰ ਤੋਂ ਦਰਸ਼ਕ | ਸਟੇਡੀਅਮਾਂ 'ਚ ਮੌਜੂਦਾ ਦਰਸ਼ਕ | ਤਮਗ਼ਿਆਂ ਦੀ ਗਿਣਤੀ | ਦਿੱਲੀ 'ਚ ਖੇਡਾਂ ਚੱਲਣਗੀਆਂ | ਗੁਬਾਰੇ ਦੀ ਕੀਮਤ |
|---|---|---|---|---|---|
| 71 | 3 ਅਰਬ | 65000 | 824 | 12 ਦਿਨ | 40 ਕਰੋੜ |



ਦਿੱਲੀ (ਨ.ਦ.ਬ) : ਲੰਮੇ ਇੰਤਜ਼ਾਰ ਤੋਂ ਬਾਅਦ ਅਖੀਰ ਉਹ ਦਿਨ ਆ ਹੀ ਗਿਆ ਜਿਸ ਦਾ ਖੇਡ ਪ੍ਰੇਮੀਆਂ ਨੂੰ ਬੜੇ ਚਿਰਾਂ ਤੋਂ ਇੰਤਜ਼ਾਰ ਸੀ। ਐਤਵਾਰ ਨੂੰ ਨਵੀਂ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ 'ਚ ਰੰਗਾਰੰਗ ਪ੍ਰੋਗਰਾਮ ਦੇ ਨਾਲ 19ਵੀਆਂ ਰਾਸ਼ਟਰਮੰਡਲ ਖੇਡਾਂ ਦਾ ਆਗਾਜ਼ ਹੋਇਆ।

ਪ੍ਰਿੰਸ ਚਾਰਲਸ ਨੇ ਮਹਾਰਾਣੀ ਦਾ ਸੁਨੇਹਾ ਪੜ੍ਹ ਕੇ ਰਾਸ਼ਟਰਮੰਡਲ ਖੇਡਾਂ ਦੀ ਸ਼ੁਰੂਆਤ ਕੀਤੀ ਜਦਕਿ ਭਾਰਤ ਦੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਖੇਡਾਂ ਦਾ ਰਸਮੀ ਉਦਘਾਟਨ ਕੀਤਾ। ਬ੍ਰਿਟੇਨ ਦੇ ਪ੍ਰਿੰਸ ਚਾਰਲਸ ਨੇ ਕੁਈਨਜ਼ ਬੈਟਨ ਸਾਂਭਣ ਤੋਂ ਬਾਅਦ ਕਿਹਾ ਕਿ ' ਮੈਂ ਮਹਾਰਾਣੀ ਦਾ ਸੰਦੇਸ਼ ਲੈ ਕੇ ਇਥੇ ਆਇਆ ਹਾਂ ਤੇ ਮੈਨੂੰ ਇਥੇ ਪ੍ਰੁਜ ਕੇ ਖ਼ੁਸ਼ੀ ਹੋਈ ਹੈ। ਉਨ੍ਹਾਂ ਮਹਾਰਾਣੀ ਦਾ ਸੰਦੇਸ਼ ਪੜ੍ਹਦਿਆਂ ਕਿਹਾ ਕਿ 'ਮੈਂ ਇਨ੍ਹਾਂ ਖੇਡਾਂ ਦੀ ਸਫਲਤਾ ਲਈ ਸੁਭਕਾਮਨਾ ਕਰਦੀ ਹਾਂ। ਇਹ ਖੇਡਾਂ ਦੁਨੀਆ ਨੂੰ ਸ਼ਾਂਤੀ ਤੇ ਭਾਈਚਾਰੇ ਦਾ ਸੰਦੇਸ਼ ਦਿੰਦੀਆਂ ਹਨ।' ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਖੇਡਾਂ ਦੀ ਸ਼ੁਰੂਆਤ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਮੈਨੂੰ ਉਮੀਦ ਹੈ ਕਿ ਖਿਡਾਰੀ ਪੂਰੇ ਜ਼ੋਰਾਂ ਸ਼ੋਰਾਂ ਨਾਲ ਖੇਡ ਪ੍ਰਦਰਸ਼ਨ ਕਰਨਗੇ ਤੇ ਦਰਸ਼ਕ ਇਸ ਦਾ ਪੂਰਾ ਲੁਤਫ਼ ਲੈਣਗੇ। ਉਨ੍ਹਾਂ ਕਿਹਾ ਕਿ ਸਾਡੇ ਕੋਲ ਦੁਨੀਆ ਨੂੰ ਆਪਣੀ 'ਮਹਿਮਾਨ ਨਿਵਾਜ਼ੀ' ਦਿਖਾਉਣ ਦਾ ਇਹ ਸੁਨਹਿਰੀ ਮੌਕਾ ਹੈ। ਇਸ ਮੌਕੇ ਭਾਰਤ ਦੇ ਪ੍ਰਧਾਨ ਡਾ. ਮਨਮੋਹਨ ਸਿੰਘ ਨੇ ਦੇਸ਼-ਵਿਦੇਸ਼ਾਂ ਤੋਂ ਪੁੱਜੇ ਦਰਸ਼ਕਾਂ, ਖਿਡਾਰੀਆਂ ਨੂੰ ਜੀ ਆਇਆ ਕਿਹਾ ਤੇ ਵਿਸ਼ਵਾਸ ਦਵਾਇਆ ਕਿ ਭਾਰਤ ਇਨ੍ਹਾਂ ਖੇਡਾਂ ਨੂੰ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹੇਗਾ। ਉਨ੍ਹਾਂ ਕਿਹਾ ਕਿ ਰਾਸ਼ਟਰ ਮੰਡਲ ਖੇਡਾਂ ਨਾਲ ਵਿਦੇਸ਼ਾਂ ਨਾਲ ਦੋਸਤੀ ਦੀਆਂ ਤੰਦਾਂ ਮਜ਼ਬੂਤ ਹੋਣਗੀਆਂ।

ਇਸ ਤੋਂ ਪਹਿਲਾਂ ਲਗਭਗ ਤਿੰਨ ਘੰਟੇ ਚੱਲੇ ਪ੍ਰੋਗਰਾਮ ਦੌਰਾਨ ਭਾਰਤ ਦੇ ਸੱਭਿਆਚਾਰ ਤੇ ਅਮੀਰ ਵਿਰਾਸਤ ਨੂੰ ਦੁਨੀਆ ਸਾਹਮਣੇ ਪੇਸ਼ ਕੀਤਾ ਗਿਆ। ਸਮਾਗਮ ਦੌਰਾਨ ਹੋਈ ਆਤਸ਼ਬਾਜ਼ੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ ਵੱਖ-ਵੱਖ ਤਰ੍ਹਾਂ ਦੇ ਨਾਚ ਪ੍ਰੋਗਰਾਮ ਪੇਸ਼ ਕੀਤੇ ਗਏ। ਪ੍ਰਸਿਧ ਸੰਗੀਤਕਾਰ ਏ.ਆਰ. ਰਹਿਮਾਨ ਨੇ 'ਜੀਓ ਉਠੋ ਬੜੋ ਜੀਤੋ ਤੋ ਜੈ ਹੋ' ਗਾ ਕੇ ਦਰਸ਼ਕਾਂ ਨੂੰ ਸ਼ਰਸ਼ਾਰ ਕੀਤਾ।

## ਭਾਰਤੀ ਖੇਡ ਜਥੇ ਨੂੰ ਮਿਲੀ ਜ਼ਬਰਦਸਤ ਹੱਲਾਸ਼ੇਰੀ

ਬੀਜਿੰਗ ਉਲੰਪਿਕ 'ਚ ਨਿਸ਼ਾਨੇਬਾਜ਼ੀ 'ਚ ਸੋਨ ਤਮਗ਼ਾ ਜਿੱਤਣ ਵਾਲੇ ਭਾਰਤ ਦੇ ਪਹਿਲੇ ਖਿਡਾਰੀ ਅਭਿਨਵ ਬਿੰਦਰਾ ਦੀ ਅਗਵਾਈ 'ਚ ਭਾਰਤ ਦਾ 619 ਮੈਂਬਰੀ ਖੇਡ ਜਥਾ ਜਿਵੇਂ ਹੀ ਮੈਦਾਨ 'ਚ ਉਤਰਿਆ, ਦਰਸ਼ਕਾਂ ਦੀ ਤਾੜੀਆਂ ਨਾਲ ਪੂਰਾ ਸਟੇਡੀਅਮ ਗੂੰਜ ਉਠਿਆ। ਰਾਸ਼ਟਰਪਤੀ ਪ੍ਰਤਿਭਾ ਪਾਟਿਲ, ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਯੂ.ਪੀ.ਏ. ਚੇਅਰਪਰਸਨ ਸੋਨੀਆ ਗਾਂਧੀ ਨੇ ਖੜ੍ਹ ਕੇ ਲਗਾਤਾਰ ਤਾੜੀਆਂ ਮਾਰ ਕੇ ਖਿਡਾਰੀਆਂ ਦਾ ਸਵਾਗਤ ਕੀਤਾ। ਦਰਸ਼ਕਾਂ ਨੇ ਭਾਰਤੀ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਲਈ ਪੂਰੇ ਜੋਸ਼ 'ਚ ਤਾੜੀਆਂ ਮਾਰੀਆਂ ਤੇ 'ਇੰਡੀਆ ਇੰਡੀਆ, ਜਿੱਤੇਗਾ, ਜਿੱਤੇਗਾ' ਦੇ ਨਾਅਰੇ ਲਾਏ।

## ਸੁਸ਼ੀਲ ਨੇ ਪ੍ਰਿੰਸ ਚਾਰਲਸ ਨੂੰ ਸੌਂਪੀ ਬੈਟਨ

ਵਿਸ਼ਵ ਚੈਂਪੀਅਨ ਪਹਿਲਵਾਨ ਸੁਸ਼ੀਲ ਕੁਮਾਰ ਨੇ ਆਪਣੇ ਜੀਵਨ ਦਾ ਸਭ ਤੋਂ ਵੱਡਾ ਗੌਰਵ ਹਾਸਲ ਕਰਦੇ ਹੋਏ ਉਦਘਾਟਨ ਸਮਾਰੋਹ ਦੌਰਾਨ ਕਵੀਨਜ਼ ਬੈਟਨ ਪ੍ਰਿੰਸ ਚਾਰਅਸ ਨੂੰ ਸੌਂਪੀ। ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੇ ਸਾਰੇ ਖਿਡਾਰੀਆਂ ਵਲੋਂ ਸਹੁੰ ਚੁੱਕੀ, ਬਿੰਦਰਾ ਨੇ ਮਹਾਰਾਣੀ ਹੱਥੋਂ ਕੁਈਨਜ਼ ਬੈਟਨ ਸੰਭਾਲੀ ਸੀ। ਬੈਟਨ ਨੇ ਇਕ ਸਾਲ ਵਿਚ ਪੂਰੇ ਵਿਸ਼ਵ ਵਿਚ ਇਕ ਲੱਖ 90 ਹਜ਼ਾਰ ਕਿਲੋਮੀਟਰ ਦੇ ਕਰੀਬ ਸਫ਼ਰ ਤੈਅ ਕੀਤਾ।

## ਸ਼ਹੀਦ ਭਗਤ ਸਿੰਘ ਨੂੰ ਯਾਦ ਕਰਨਾ ਵੀ ਮੁਨਾਸਿਬ ਨਾ ਸਮਝਿਆ ਸਰਕਾਰ ਨੇ

ਚੰਡੀਗੜ੍ਹ (ਨ.ਦ.ਬ) : ਸ਼ਹੀਦ ਭਗਤ ਸਿੰਘ ਦੇ 103ਵੇਂ ਜਨਮ ਦਿਨ ਮੌਕੇ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਜੱਦੀ ਘਰ ਦਾ ਜਿੰਦਰਾ ਨਾ ਖੋਲ੍ਹਿਆ। ਪੰਜਾਬ ਸਰਕਾਰ ਨੇ ਕੌਮੀ ਸ਼ਹੀਦ ਦੇ ਜਨਮ ਦਿਨ ਮੌਕੇ ਖਟਕੜ ਕਲਾਂ ਵਿਖੇ ਕੋਈ ਸਮਾਗਮ ਕਰਨ ਦੀ ਲੋੜ ਵੀ ਨਾ ਸਮਝੀ। ਪਿੰਡ ਦੀ ਪੰਚਾਇਤ ਵਲੋਂ ਆਪਣੇ ਪੱਧਰ 'ਤੇ ਕਰਵਾਏ ਸਮਾਗਮ ਤੋਂ ਵੀ ਸਰਕਾਰ ਦੂਰ ਹੀ ਰਹੀ।

ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਨੂੰ ਕੌਮੀ ਵਿਰਾਸਤ ਦਾ ਦਰਜਾ ਦਿੱਤਾ ਗਿਆ ਹੈ। ਅੱਜ ਜਦੋਂ ਸ਼ਹੀਦ ਦੇ ਜਨਮ ਦਿਨ ਮੌਕੇ ਰਾਜ ਸਭਾ 'ਚੋਂ ਹਜ਼ਾਰਾਂ ਲੋਕ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਉਥੇ ਪੁੱਜੇ ਤਾਂ ਉਨ੍ਹਾਂ ਨੂੰ ਭਗਤ ਸਿੰਘ ਦੇ ਜੱਦੀ ਘਰ ਦੇ ਦਰਸ਼ਨ ਕਰਨ ਤੋਂ ਬਗੈਰ ਹੀ ਨਿਰਾਸ਼ ਹੋ ਕੇ ਵਾਪਸ ਪਰਤਣਾ ਪਿਆ। ਨਾਨਕਸ਼ਾਹੀ ਇੱਟਾਂ ਨਾਲ ਬਣੇ ਸ਼ਹੀਦ ਭਗਤ ਸਿੰਘ ਦੇ ਘਰ ਦੀ ਸਾਂਭ ਸੰਭਾਲ ਸਰਕਾਰ ਦੇ ਪੁਰਾਤੱਤਵ ਵਿਭਾਗ ਨੇ ਆਪਣੇ ਹੱਥਾਂ ਵਿਚ ਲਈ ਹੋਈ ਹੈ। ਜਦੋਂ ਪਿੰਡ ਵਾਸੀਆਂ ਦੇ ਸੱਦੇ 'ਤੇ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਸ਼ਰੂਤੀ ਸਿੰਘ ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜੀ ਤਾਂ ਘਰ ਦੇ ਜਿੰਦਰੇ ਖੋਲ੍ਹ ਦਿੱਤੇ ਗਏ। ਪਰ ਉਨ੍ਹਾਂ ਦੇ ਪਰਤਦਿਆਂ ਹੀ ਆਮ ਲੋਕਾਂ ਨੂੰ ਅੰਦਰ ਜਾਣ ਲਈ ਚੰਡੀਗੜ੍ਹ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਰੌਚਿਕ ਗੱਲ ਇਹ ਹੈ ਕਿ ਸ਼ਹੀਦ ਦੇ ਪੰਜ ਕਮਰਿਆਂ ਵਾਲੇ ਘਰ ਦਾ ਬਾਹਰਲਾ ਕਮਰਾ ਵਿਭਾਗ ਦੇ ਮੁਲਾਜ਼ਮ ਨੇ ਆਪਣੇ ਰਹਿਣ ਲਈ ਦੱਬਿਆ ਹੋਇਆ ਹੈ। ਸ਼ਹੀਦ ਦੀ ਮਾਂ ਵਿਦਿਆਵਤੀ ਦੇ ਨਾਂ 'ਤੇ ਬਣੇ ਪਾਰਕ ਦੀ ਹਾਲਤ ਵੀ ਤਰਸਯੋਗ ਹੈ। ਪਾਰਕ ਵਿਚ ਮੱਝਾਂ ਚਰਦੀਆਂ ਹਨ। ਇਕ ਖੂੰਜੇ ਢੇਰ ਕੂੜਾ ਪਿਆ ਹੈ। ਸ਼ਹੀਦ ਭਗਤ ਸਿੰਘ ਦੇ ਨਾਂ ਉੱਤੇ ਬਣੀ ਲਾਇਬ੍ਰੇਰੀ ਪਿਛਲੇ ਢਾਈ ਮਹੀਨਿਆਂ ਤੋਂ ਬੰਦ ਪਈ ਹੈ ਜਦਕਿ ਬੱਚਿਆਂ ਲਈ ਬਣੇ ਪਾਰਕ ਵਿਚ ਕਈ ਕਈ ਫੁੱਟ ਘਾਹ ਫੂਸ ਖੜ੍ਹਾ ਹੈ। ਉੱਝ ਪੰਚਾਇਤ ਵਲੋਂ ਕਰਵਾਇਆ ਪ੍ਰੋਗਰਾਮ ਇਸੇ ਪਾਰਕ ਵਿਚ ਰੱਖਿਆ ਗਿਆ ਸੀ। ਡਿਪਟੀ ਕਮਿਸ਼ਨਰ ਸ਼ਰੂਤੀ ਸਿੰਘ ਨੇ ਸ਼ਹੀਦ ਦੇ ਬੁੱਤ 'ਤੇ ਫੁੱਲਾਂ ਦੀ ਮਾਲਾ ਪਹਿਨਾ ਕੇ ਆਪਣਾ ਕੰਮ ਪੂਰਾ ਹੋਇਆ ਸਮਝ ਲਿਆ। ਕੇਂਦਰ ਸਰਕਾਰ ਨੇ ਖਟਕੜ ਕਲਾਂ ਲਈ ਸੌ ਬਿਸਤਰਿਆਂ ਦਾ ਹਸਪਤਾਲ ਮਨਜ਼ੂਰ ਕੀਤਾ ਸੀ ਪਰ ਇ ਸੁੰਗੜ ਕੇ ਪ੍ਰਾਇਮਰੀ ਹੈਲਥ ਸੈਂਟਰ ਤੱਕ ਰਹਿ ਗਿਆ ਹੈ। ਦੋ ਸਾਲ ਪਹਿਲਾਂ ਸ਼ਹੀਦ ਦੇ 100ਵੇਂ ਜਨਮ ਦਿਨ ਮੌਕੇ ਸਰਕਾਰ ਨੇ ਕਰੋੜਾਂ ਰੁਪਏ ਰੋੜ੍ਹ ਦਿੱਤੇ ਸਨ। ਪਿਛਲੇ ਸਾਲ ਤੱਕ ਸਰਕਾਰੀ ਤੌਰ 'ਤੇ ਨਿੱਕਾ ਮੋਟਾ ਸਮਾਗਮ ਹੁੰਦਾ ਰਿਹਾ ਹੈ ਪਰ ਇਸ ਵਾਰ ਜਲਮ ਦਿਨ ਨੂੰ ਬਿਲਕੁਲ ਹੀ ਮਨੋ ਵਿਸਾਰ ਦਿਤਾ ਗਿਆ। ਪਿੰਡ ਦੀ ਪੰਚਾਇਤ ਵਲੋਂ ਸਪੋਰਟਸ ਕਲੱਬ ਦੇ ਸਹਿਯੋਗ ਨਾਲ



ਕਰਵਾਏ ਗਏ ਜਨਮ ਦਿਵਸ ਸਮਾਰੋਹਾਂ ਵਿਚ ਆਜ਼ਾਦ ਰੰਗ ਮੰਚ ਕਲੱਬ ਵਲੋਂ ਸ਼ਹੀਦੀ ਨਾਲ ਸਬੰਧਤ ਝਲਕੀਆਂ ਪੇਸ਼ ਕੀਤੀਆਂ ਗਈਆਂ। ਸਮਾਗਮ ਵਿਚ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਸਮੇਤ ਸੈਂਕੜੇ ਲੋਕ ਸ਼ਾਮਲ ਹੋਏ।

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ 'ਚ ਸੰਗਰੂਰ ਦੇ ਪਿੰਡ ਪਨਾਵਾ ਤੋਂ ਇਕ ਬਜ਼ੁਰਗ ਯਮਨਾ ਦਾਸ ਘਿਉ ਦਾ ਦੀਵਾ ਬਾਲਣ ਲਈ ਵਿਸ਼ੇਸ਼ ਪੁੱਜਿਆ ਹੋਇਆ ਸੀ। ਉਹ ਪਿਛਲੇ 35 ਸਾਲਾਂ ਤੋਂ ਪਿੰਡ ਖਟਕੜ ਕਲਾਂ, ਸਰਾਭੇ ਅਤੇ ਹੁਸੈਨੀ ਵਾਲਾ 'ਚ ਸ਼ਹੀਦੀ ਸਮਾਗਮਾਂ ਮੌਕੇ ਘਿਉ ਦੇ ਦੀਵੇ ਬਾਲਦਾ ਆ ਰਿਹਾ ਹੈ। ਉਹ ਦੱਸਦਾ ਹੈ ਕਿ ਹੁਣ ਉਸ ਦੀ ਇਕੋ ਆਖਰੀ ਇੱਛਾ ਹੈ ਪਿੰਡ ਖਟਕੜ ਕਲਾਂ ਵਿਖੇ 'ਆਖਰੀ ਸਾਹ' ਲੈਣ ਦੀ। ਉਹ ਚਾਹੁੰਦਾ ਹੈ ਕਿ ਘੱਟੋ ਘੱਟ ਮੌਤ ਪਿਛੋਂ ਉਸ ਦੀਆਂ ਅੰਤਿਮ ਰਸਮਾਂ ਹੀ ਪਿੰਡ ਖਟਕੜ ਕਲਾਂ ਵਿਖੇ ਨਿਭਾਅ ਦਿੱਤੀਆਂ ਜਾਣ।

## ਧਾਰਮਕ ਭਾਵਨਾਵਾਂ ਭੜਕਾਉਣ ਵਾਲਿਆਂ 'ਤੇ ਸ਼ਿਕੰਜਾ

**ਅਜਿਹੀਆਂ ਰਚਨਾਵਾਂ ਛਾਪਣ 'ਤੇ ਦਸ ਸਾਲ ਹੋਵੇਗੀ ਸਜ਼ਾ, ਵਿਧਾਨ ਸਭਾ ਨੇ ਸੱਤ ਬਿੱਲਾਂ ਨੂੰ ਦਿੱਤੀ ਮਨਜ਼ੂਰੀ**

ਚੰਡੀਗੜ੍ਹ (ਨ.ਦ.ਬ) ਪੰਜਾਬ ਵਿਚ ਲੋਕਾਂ ਦੀਆਂ ਧਾਰਮਕ ਭਾਵਨਾਵਾਂ ਭੜਕਾਉਣ ਵਾਲੀਆਂ ਰਚਨਾਵਾਂ ਦੇ ਅਖ਼ਬਾਰਾਂ ਅਤੇ ਪੁਸਤਕਾਂ ਵਿਚ ਪ੍ਰਕਾਸ਼ਨ ਕਰਨ 'ਤੇ ਵਿਧਾਨ ਸਭਾ ਨੇ ਸ਼ਿਕੰਜਾ ਕਸ ਦਿੱਤਾ ਹੈ। ਅਜਿਹੀਆਂ ਰਚਨਾਵਾਂ ਛਾਪਣ 'ਤੇ ਘੱਟ ਤੋਂ ਘੱਟ ਤਿੰਨ ਅਤੇ ਵਧ ਤੋਂ ਵਧ ਦਸ ਸਾਲ ਦੀ ਸਜ਼ਾ ਸਬੰਧੀ ਬਿਲ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਪਾਸ ਹੋ ਗਿਆ। ਚੇਨ ਸਨੈਚਰਾਂ ਨੂੰ ਦਸ ਸਾਲ ਦੀ ਸਜ਼ਾ ਅਤੇ ਦਸ ਹਜ਼ਾਰ ਰੁਪਏ ਤੱਕ ਜੁਰਮਾਨਾ ਸਮੇਤ 6 ਹੋਰ ਬਿੱਲਾਂ ਨੂੰ ਵੀ ਮਨਜ਼ੂਰੀ ਦਿੱਤੀ ਗਈ। ਧਾਰਮਕ ਭਾਵਨਾਵਾਂ ਭੜਕਾਉਣ ਅਤੇ ਸਮਾਜਕ ਇਕਜੁੱਟਤਾ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਰਚਨਾਵਾਂ ਨੂੰ ਰੋਕਣ ਲਈ ਵਿਵਸਥਾ ਕੀਤੀ ਗਈ ਹੈ। ਵੱਖ ਵੱਖ ਧਾਰਮਕ, ਨਸਲੀ, ਭਾਸ਼ਾਈ ਅਤੇ ਖੇਤਰੀ ਗਰੁੱਪਾਂ ਵਿਚ ਕਈ ਵਾਰ ਟਕਰਾਓ ਪੈਦਾ ਹੋ ਸਕਦਾ ਹੈ। ਧਾਰਮਕ ਭਾਵਨਾਵਾਂ ਭੜਕਾਉਣ 'ਤੇ ਸਬੰਧਤ ਪ੍ਰਕਾਸ਼ਕਾਂ ਨੂੰ ਘੱਟੋ ਘੱਟ ਤਿੰਨ ਸਾਲ ਅਤੇ ਵਧ ਤੋਂ ਵਧ ਦਸ ਸਾਲ ਤਕ ਸਜ਼ਾ ਹੋ ਸਕਦੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੇਸ਼ ਦੋਵੇਂ ਸੋਧ ਕਾਨੂੰਨਾਂ ਦੇ ਪ੍ਰਸਤਾਵ ਵਿਚ ਸਨੈਚਿੰਗ ਦੀ ਪਰਿਭਾਸ਼ਾ ਨੂੰ ਵਿਸਥਾਰ ਵਿਚ ਦੱਸਿਆ। ਇਸ ਅਨੁਸਾਰ ਪੰਜ ਸਾਲ ਸਜ਼ਾ ਘੱਟ ਤੋਂ ਘੱਟ ਅਤੇ ਵਧ ਤੋਂ ਵਧ ਦਸ ਸਾਲ ਤੱਕ ਕੀਤੀ ਜਾ ਸਕਦੀ ਹੈ। ਦਸ ਹਜ਼ਾਰ ਰੁਪਏ ਜੁਰਮਾਨਾ ਵੀ ਹੋ ਸਕਦਾ ਹੈ।

ਵਿਸ਼ਵ ਅੱਜ-ਕੱਲ੍ਹ

# ਪਾਕਿਸਤਾਨ ਵਿਚ ਮੁੜ ਤਖ਼ਤਾ ਪਲਟਣ ਦਾ ਖ਼ਤਰਾ !



ਲੰਡਨ (ਨ.ਦ.ਬ.) ਪਾਕਿਸਤਾਨ ਦੇ ਫੌਜੀ ਤਾਨਾਸ਼ਾਹ ਰਹੇ ਪਰਵੇਜ ਮੁਸ਼ਰਫ ਨੇ ਚਿਤਾਵਨੀ ਦਿੱਤੀ ਹੈ ਕਿ ਦੇਸ਼ ਵਿਚ ਇਕ ਹੋਰ ਤਖਤਾਪਲਟ ਹੋਣ ਦਾ ਖ਼ਤਰਾ ਹੈ। ਗੌਰਤਲਬ ਹੈ ਕਿ ਮੁਸ਼ਰਫ ਪਾਕਿਸਤਾਨ ਦੀ ਸਿਆਸਤ ਵਿਚ ਫੇਰ ਆਪਣੀ ਕਿਸਮਤ ਆਜ਼ਮਾਉਣ ਦਾ ਐਲਾਨ ਕਰ ਚੁੱਕੇ ਹਨ। ਸੇਵਾ-ਮੁਕਤ ਜਨਰਲ ਨੇ ਇਥੇ ਵੀ ਕਿਹਾ ਕਿ ਫੌਜ ਨੂੰ ਪ੍ਰਮਾਣੂ ਹਥਿਆਰ ਸੰਪਨ ਪਾਕਿਸਤਾਨ ਦੀ ਉਥਲ-ਪੁਥਲ ਭਰੀ ਸਿਆਸਤ ਵਿਚ ਇਕ ਸੰਵਿਧਾਨਕ ਭੂਮਿਕਾ ਦਿੱਤੀ ਜਾਣੀ ਚਾਹੀਦੀ ਹੈ। ਪਾਕਿਸਤਾਨ ਵਿਚ ਸਰਕਾਰ ਅਤਿਵਾਦ ਨਾਲ ਸੰਘਰਸ਼ ਅਤੇ ਡੋਲ ਗਈ ਅਰਥਵਿਵਸਥਾ ਵਿਚ ਸੁਧਾਰ ਦੇ ਮੋਰਚਿਆਂ ਨਾਲ ਜੂਝ ਰਹੀ ਹੈ। ਸਾਲ 1999 ਵਿਚ ਬਿਨਾਂ ਕਿਸੇ ਖੂਨਖਰਾਬੇ ਦੇ ਤਖਤਾਪਲਟ ਕਰ ਕੇ ਸੱਤਾ ਹਥਿਆਉਣ ਵਾਲੇ ਮੁਸ਼ਰਫ ਨੂੰ 2008 ਵਿਚ ਪਾਕਿਸਤਾਨ ਦੇ ਰਾਸ਼ਟਰਪਤੀ ਦੇ ਅਹੁਦੇ ਤੋਂ ਹੱਥ ਧੋਣਾ ਪਿਆ ਸੀ। ਮੁਸ਼ਰਫ ਨੇ ਕਿਹਾ ਕਿ ਮੌਜੂਦਾ ਫੌਜੀ ਚੀਫ ਜਨਰਲ ਅਸ਼ਫਾਕ ਪਰਵੇਜ ਕਿਆਨੀ ਨੂੰ ਅਲੋਕਪ੍ਰਿਯ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੀ ਸੱਤਾ ਵਿਚ ਦਖ਼ਲ ਦੇਣ 'ਤੇ ਮਜਬੂਰ ਕੀਤਾ ਜਾ ਸਕਦਾ ਹੈ।

## ਮੁਸ਼ਰਫ਼ ਸਰਗਰਮ ਸਿਆਸਤ 'ਚ ਕੁੱਦੇ

ਪਾਕਿਸਤਾਨ ਦੇ ਸਾਬਕਾ ਫ਼ੌਜੀ ਸ਼ਾਸਕ ਪਰਵੇਜ਼ ਮੁਸ਼ਰਫ਼ ਨੇ ਸਰਗਰਮ ਸਿਆਸਤ ਵਿਚ ਆਪਣੀ ਵਾਪਸੀ ਦਾ ਐਲਾਨ ਕਰਦਿਆਂ ਕਿਹਾ ਕਿ  ਉਸ ਦੀ ਹਕੂਮਤ ਦੌਰਾਨ ਜੋ ਵੀ ਸਿਆਸੀ ਗ਼ਲਤੀਆਂ ਹੋਈਆਂ ਉਨ੍ਹਾਂ ਲਈ ਉਹ ਖਿਮਾ ਦਾ ਜਾਚਕ ਹੈ। ਮੁਸ਼ਰਫ਼ ਨੇ ਵਾਅਦਾ ਕੀਤਾ ਕਿ 'ਕੋਰੀ ਸਲੇਟ' ਨਾਲ ਉਹ ਆਪਣੇ ਸਫ਼ਰ ਦੀ ਸ਼ੁਰੂਆਤ ਕਰਨਗੇ।

ਪਾਕਿਸਤਾਨ ਤੋਂ ਹਜ਼ਾਰਾਂ ਮੀਲਾਂ ਦੂਰ ਬੈਠੇ ਸਾਬਕਾ ਰਾਸ਼ਟਰਪਤੀ ਨੇ ਨਵੇਂ ਨਾਂ ਹੇਠ 'ਆਲ ਪਾਕਿਸਤਾਨ ਮੁਸਲਿਮ ਲੀਗ ਪਾਰਟੀ' ਦਾ ਗਠਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਮੁਲਕ ਵਾਪਸ ਆਉਣਗੇ ਅਤੇ 2013 ਦੀਆਂ ਆਮ ਚੋਣਾਂ ਵਿਚ ਹਿੱਸਾ ਲੈਣਗੇ। 2009 ਦੀਆਂ ਆਮ ਚੋਣਾਂ ਤੋਂ ਬਾਅਦ ਆਪੂ ਦਿੱਤੇ ਦੇਸ਼ ਨਿਕਾਲੇ ਤਹਿਤ ਮੁਸ਼ਰਫ਼ ਨੇ ਲੰਡਨ ਵਿਚ ਵਾਸਾ ਕਰ ਲਿਆ ਸੀ। ਉਨ੍ਹਾਂ ਕਿਹਾ ਕਿ, 'ਮੈਂ ਆਪਣੇ ਦੇਸ਼ ਵਾਸੀਆਂ ਤੋਂ ਮੁਆਫ਼ੀ ਮੰਗਦਾਂ ਹਾਂ।' ਉਨ੍ਹਾਂ ਦੀ ਪਾਰਟੀ ਭਾਰਤ ਨਾਲ ਦੋਸਤਾਨਾ ਸਬੰਧ ਕਾਇਮ ਕਰੇਗੀ ਪਰ ਸਾਰੇ ਮੁੱਦਿਆਂ 'ਤੇ ਸ਼ਾਂਤੀਪੂਰਵਕ ਹੱਲ ਮਗਰੋਂ।

## ਕੰਮ ਨਾਲ ਕੰਮ ਰੱਖੇ ਪਾਕਿ ਸਰਕਾਰ : ਕਿਆਨੀ



ਵਾਸ਼ਿੰਗਟਨ-ਪਾਕਿਸਤਾਨ ਵਿਚ ਫੌਜੀ ਸ਼ਾਸਨ ਲਾਗੂ ਹੋਣ ਦੀਆਂ ਕਿਆਸਅਰਾਈਆਂ ਦੇ ਚਲਦਿਆਂ ਦੇਸ਼ ਦੇ ਫੌਜ ਮੁਖੀ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਨੇ ਗੈਰ ਫੌਜੀ ਅਗਵਾਈ ਨੂੰ ਸਖਤ ਸ਼ਬਦਾਂ ਵਿਚ ਤਾਕੀਦ ਕੀਤੀ ਹੈ ਕਿ ਗੈਰ ਫੌਜੀ ਸ਼ਾਸਨ ਆਪਣੇ ਕੰਮ ਨਾਲ ਮਤਲਬ ਰੱਖੇ, ਭ੍ਰਿਸ਼ਟਾਚਾਰ 'ਤੇ ਲਗਾਮ ਕੱਸੇ ਅਤੇ ਹੜ੍ਹਾਂ ਨਾਲ ਨਜਿੱਠਣ ਦੇ ਯਤਨਾਂ ਵਿਚ ਤੇਜ਼ੀ ਲਿਆਵੇ। ਪਾਕਿਸਤਾਨ ਦੀ ਸੁਰੱਖਿਆ ਏਜੰਸੀ ਦੇ ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ 'ਦ ਵਾਸ਼ਿੰਗਟਨ ਪੋਸਟ' ਨੇ ਲਿਖਿਆ ਹੈ ਕਿ ਕਿਆਨੀ ਨੇ ਹਾਲ ਹੀ ਵਿਚ ਜ਼ਰਦਾਰੀ ਅਤੇ ਗਿਲਾਨੀ ਨੂੰ ਇਕ ਮੀਟਿੰਗ ਵਿਚ 'ਸਾਫ ਸ਼ਬਦਾਂ ਵਿਚ ਸੰਦੇਸ਼' ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੈਰ ਫੌਜੀ ਅਗਵਾਈ 'ਆਪਣੇ ਕੰਮ ਨਾਲ ਕੰਮ ਰੱਖੇ'। ਉਨ੍ਹਾਂ ਸਖ਼ਤ ਸ਼ਬਦਾਂ ਵਿਚ ਮੰਗ ਕੀਤੀ ਕਿ ਸਰਕਾਰ ਭ੍ਰਿਸ਼ਟਾਚਾਰ 'ਤੇ ਲਗਾਮ ਕੱਸੇ, ਡਿੱਗਦੀ ਅਰਥਵਿਵਸਥਾ ਵਿਚ ਸੁਧਾਰ ਕਰੇ ਅਤੇ ਹੜ੍ਹ ਨਾਲ ਨਜਿੱਠਣ ਵਿਚ ਆਪਣੀ ਸੁਸਤ ਪ੍ਰਕਿਰਿਆ ਵਿਚ ਤੇਜ਼ੀ ਲਿਆਵੇ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਹ ਮੀਟਿੰਗ ਪਿਛਲੇ ਦਿਨੀਂ ਹੋਈ, ਜਿਸ ਵਿਚ ਕਿਆਨੀ ਨੇ ਫੌਜ ਦੀਆਂ ਚਿੰਤਾਵਾਂ ਨੂੰ ਵੀ ਰੱਖਿਆ। ਅਖਬਾਰ ਮੁਤਾਬਕ ਹਾਲਾਂਕਿ ਅਮਰੀਕਾ ਅਤੇ ਪਾਕਿ-ਸਤਾਨ ਦੇ ਅਧਿਕਾਰੀ ਇਸ ਗੱਲ ਤੋਂ ਇਨਕਾਰ ਕਰ ਰਹੇ ਹਨ ਕਿ ਪਾਕਿਸਤਾਨ ਵਿਚ ਫੌਜ ਸੱਤਾ 'ਤੇ ਕਬਜ਼ਾ ਜਮਾ ਰਹੀ ਹੈ। ਗੌਰਤਲਬ ਹੈ ਕਿ ਪਾਕਿਸਤਾਨ ਦੇ 63 ਸਾਲ ਦੇ ਇਤਿਹਾਸ ਵਿਚ ਜ਼ਿਆਦਾਤਰ ਸਮਾਂ ਫੌਜ ਨੇ ਹੀ ਦੇਸ਼ 'ਤੇ ਰਾਜ ਕੀਤਾ ਹੈ। ਅਖਬਾਰ ਨੇ ਇਕ ਅਨਾਮ ਪਾਕਿਸਤਾਨੀ ਫੌਜ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਹੈ 'ਸਾਡੀ ਸਿਆਸਤ ਵਿਚ ਦਖਲ ਦੇਣ ਦੀ ਕੋਈ ਇੱਛਾ ਨਹੀਂ ਹੈ। ਸਾਡੇ ਪੁਰਾਣੇ ਅਨੁਭਵ ਦੇ ਆਧਾਰ 'ਤੇ ਇਸ ਨਾਲ ਕੰਮ ਨਹੀਂ ਚੱਲਦਾ। ਇਹ ਸਿਰਫ ਸਥਿਤੀ ਨੂੰ ਬਦਤਰ ਕਰਦਾ ਹੈ।' ਦੂਸਰੇ ਪਾਸੇ ਅਮਰੀਕੀ ਜੁਆਇੰਟ ਚੀਫ ਸਟਾਫ ਦੇ ਮੁਖੀ ਐਡਮਿਰਲ ਮਾਈਕ ਮੁਲੇਨ ਨੇ ਕਿਹਾ ਕਿ ਉਨ੍ਹਾਂ ਦੀ ਕਿਆਨੀ ਨਾਲ ਗੱਲਬਾਤ ਹੋਈ ਸੀ, ਪਰ ਉਨ੍ਹਾਂ ਨੇ ਉਨ੍ਹਾਂ ਦੇ ਮੂੰਹ ਤੋਂ ਅਜਿਹੀ ਕੋਈ ਗੱਲ ਨਹੀਂ ਸੁਣੀ। ਇਸੇ ਦੌਰਾਨ ਸੀ.ਆਈ.ਏ. ਦੇ ਨਿਰਦੇਸ਼ਕ ਲਿਓਨ ਪੈਨੇਟਾ ਨੇ ਆਈ.ਐਸ.ਆਈ. ਮੁਖੀ ਲੈਫਟੀਨੈਂਟ ਜਨਰਲ ਅਹਿਮਦ ਸ਼ੁਜਾ ਪਾਸ਼ਾ ਨਾਲ ਇਸਲਾਮਾਬਾਦ ਵਿਚ ਮੁਲਾਕਾਤ ਕੀਤੀ।

# ਓਬਾਮਾ ਨੂੰ ਝਟਕਾ, ਆਊਟਸੋਰਸਿੰਗ ਬਿੱਲ ਰੁਕਿਆ



### ਰਿਪਬਲੀਕਨ ਸੰਸਦ ਮੈਂਬਰਾਂ ਨੇ ਰੋੜਾ ਅਟਕਾਇਆ, ਆਈ.ਟੀ. ਸੈਕਟਰ ਦੇ ਲੱਖਾਂ ਭਾਰਤੀ ਪੇਸ਼ੇਵਰਾਂ ਨੇ ਲਿਆ ਰਾਹਤ ਦਾ ਸਾਹ

ਵਾਸ਼ਿੰਗਟਨ (ਨ.ਦ.ਬ.)

ਆਊਟਸੋਰਸਿੰਗ ਰਾਹੀਂ ਵਿਦੇਸ਼ਾਂ ਵਿਚ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਵਾਲੀਆਂ ਕੰਪਨੀਆਂ ਨੂੰ ਟੈਕਸ ਰਾਹਤ ਦੇਣ ਤੋਂ ਇਨਕਾਰ ਕਰਨ ਵਾਲੇ ਆਊਟਸੋਰਸਿੰਗ ਵਿਰੋਧੀ ਬਿੱਲ ਦੇ ਰਾਹ ਵਿਚ ਰਿਪਬਲੀਕਨ ਸੰਸਦ ਮੈਂਬਰਾਂ ਨੇ ਰੋੜਾ ਅਟਕਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਲਈ ਇਹ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਇਸ ਬਿੱਲ ਵਿਚ ਉਨ੍ਹਾਂ ਅਮਰੀਕੀ ਕੰਪਨੀਆਂ ਲਈ ਟੈਕਸ ਰਿਆਇਤਾਂ ਖਤਮ ਕਰਨ ਦਾ ਪ੍ਰਬੰਧ ਹੈ ਜੋ ਵਿਦੇਸ਼ਾਂ ਵਿਚ ਠੇਕੇ 'ਤੇ ਕੰਮ ਕਰਾਉਂਦੀਆਂ ਹਨ ਅਤੇ ਅਮਰੀਕਾ ਤੋਂ ਬਾਹਰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਂਦੀਆਂ ਹਨ। ਡੈਮੋਕਰੇਟਸ ਵੱਲੋਂ ਪੇਸ਼ ਇਸ ਬਿੱਲ ਨੂੰ ਰਿਪਬਲੀਕਨ ਦੀ ਰੁਕਾਵਟ ਤੋਂ ਅੱਗੇ ਨਿਕਲਣ ਲਈ ਘੱਟ ਤੋਂ ਘੱਟ 60 ਵੋਟਾਂ ਦੀ ਲੋੜ ਸੀ, ਪਰ ਇਸ ਵਿਚ ਸਤ ਵੋਟਾਂ ਦੀ ਕਮੀ ਰਹਿ ਗਈ। ਅਮਰੀਕਾ ਵਿਚ ਰੁਜ਼ਗਾਰ ਮੌਕਿਆਂ ਨੂੰ ਉਤਸ਼ਾਹਤ ਕਰਨ ਦੇ ਯਤਨਾਂ ਤਹਿਤ ਓਬਾਮਾ ਨੇ ਉਨ੍ਹਾਂ ਕੰਪਨੀਆਂ ਲਈ ਟੈਕਸ ਰਿਆਇਤਾਂ ਖਤਮ ਕਰਨ ਦੀ ਮੁਹਿੰਮ ਵਿੱਢੀ ਹੋਈ ਹੈ ਜੋ ਨੌਕਰੀਆਂ ਵਿਦੇਸ਼ ਲਿਜਾ ਰਹੇ ਹਨ। ਓਬਾਮਾ ਦਾ ਕਹਿਣਾ ਹੈ ਕਿ ਉਨ੍ਹਾਂ ਕੰਪਨੀਆਂ ਨੂੰ ਰਿਆਇਤਾਂ ਦਿੱਤੀ ਜਾਣੀਆਂ ਚਾਹੀਦੀਆਂ ਹਨ ਜੋ ਅਮਰੀਕਾ ਵਿਚ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਂਦੀਆਂ ਹਨ। ਕਾਂਗਰਸ ਦੇ ਸੰਸਦ ਮੈਂਬਰਾਂ ਦਾ ਦਾਅਵਾ ਹੈ ਕਿ ਰਿਪਬਲੀਕਨ ਸੰਸਦ ਮੈਂਬਰਾਂ ਨੇ ਰੁਜ਼ਗਾਰ ਮੌਕਿਆਂ ਦੇ ਉਨ੍ਹਾਂ ਯਤਨਾਂ ਨੂੰ ਧੱਕਾ ਮਾਰਿਆ ਹੈ। ਉਥੇ ਦੂਸਰੇ ਪਾਸੇ ਰਿਪਬਲੀਕਨ ਸੰਸਦ ਮੈਂਬਰਾਂ ਨੇ ਇਸ ਬਿੱਲ ਨੂੰ ਇਕ ਸਿਆਸੀ ਦਾਅਪੇਚ ਦੱਸਿਆ ਹੈ ਜਿਸ ਨਾਲ ਕੰਪਨੀਆਂ 'ਤੇ ਟੈਕਸ ਦਾ ਹੋਰ ਬੋਝ ਪਏਗਾ।

## ਐਚ1 ਬੀ ਅਤੇ ਐਲ1 ਵੀਜ਼ਾ ਸੋਧ ਪ੍ਰਸਤਾਵਾਂ 'ਤੇ ਰੋਕ

ਵਾਸ਼ਿੰਗਟਨ (ਨ.ਦ.ਬ) ਵਿਦੇਸ਼ੀ ਕਾਮਿਆਂ 'ਤੇ ਰੋਕ, ਐਚ 1 ਬੀ ਅਤੇ ਐਲ 1 ਵੀਜ਼ਾ ਦੀ ਦੁਰਵਰਤੋਂ ਅਤੇ ਧੋਖਾਧੜੀ ਰੋਕਣ ਸਬੰਧੀ ਇਕ ਅਮਰੀਕੀ ਸੈਨੇਟਰ ਦੇ ਦੋ ਪ੍ਰਸਤਾਵਾਂ ਨੂੰ ਡੈਮੋਕਰੈਟਿਕ ਪਾਰਟੀ ਨੇ ਰੋਕ ਦਿੱਤਾ ਹੈ ਜਿਸ ਨਾਲ ਉਹ ਹੁਣ ਸੈਨੇਟ ਵਿਚ ਪਾਸ ਨਹੀਂ ਹੋ ਸਕਦੇ। ਪ੍ਰਸਤਾਵ ਰੱਖਣ ਵਾਲੇ ਸੈਨੇਟਰ ਚਕ ਗ੍ਰਾਸਲੇ ਨੇ ਦੱਸਿਆ ਕਿ ਇਨ੍ਹਾਂ ਪ੍ਰਸਤਾਵਾਂ ਨੂੰ ਰੋਕ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਇਕ ਪ੍ਰਸਤਾਵ ਖੁਦ ਵਿਰੋਧੀ ਧਿਰ ਰਿਪਬਲੀਕਨ ਪਾਰਟੀ ਨੇ ਰੋਕਿਆ ਹੈ। ਗ੍ਰਾਸਲੇ ਨੇ ਦੱਸਿਆ, 'ਕਈ ਅਮਰੀਕੀਆਂ ਦੇ ਬੇਰੁਜ਼ਗਾਰ ਹੋਣ ਦੇ ਬਾਵਜੂਦ ਕੰਪਨੀਆਂ ਹਜ਼ਾਰਾਂ ਵਿਦੇਸ਼ੀ ਕਾਮਿਆਂ ਤੋਂ ਕੰਮ ਲੈ ਰਹੀਆਂ ਹਨ, ਸੋਧ ਨਾਲ ਇਹ ਹੋਵੇਗਾ ਕਿ ਖਾਲੀ ਅਹੁਦਿਆਂ 'ਤੇ ਪਹਿਲਾਂ ਕਾਬਲ ਅਮਰੀਕੀਆਂ ਨੂੰ ਭਰਿਆ ਜਾਵੇਗਾ।' ਨਿਊਯਾਰਕ ਟਾਈਮਜ਼ ਨੇ ਕੁਝ ਸਾਲ ਪਹਿਲਾਂ ਖਬਰ ਦਿੱਤੀ ਸੀ ਕਿ ਐਚ 1 ਬੀ ਵੀਜ਼ੇ ਨੂੰ ਭਾਰਤੀ ਪ੍ਰੋਫੈਸ਼ਨਲ ਇਕ ਔਜਾਰ ਵਜੋਂ ਵਰਤਦੇ ਹਨ। ਸੋਧ ਵਿਚ ਕਿਹਾ ਗਿਆ ਹੈ ਕਿ ਕੰਪਨੀਆਂ ਨੂੰ ਅਜਿਹੇ ਵੀਜ਼ਾਧਾਰੀ ਕਾਮਿਆਂ ਨੂੰ ਲੈਣ ਤੋਂ ਪਹਿਲਾਂ ਅਮਰੀਕੀਆਂ ਨੂੰ ਭਰਤੀ ਕਰਨਾ ਹੋਵੇਗਾ ਅਤੇ ਉਨ੍ਹਾਂ ਨੂੰ ਬੇਹਤਰ ਤਨਖਾਹ ਦੇਣੀ ਹੋਵੇਗੀ। ਫਿਲਹਾਲ ਇਨ੍ਹਾਂ ਦੋਵੇਂ ਪ੍ਰਸਤਵਿਤ ਸੋਧਾਂ ਨੂੰ ਡੈਮੋਕਰੈਟਿਕ 'ਸੈਨੇਟ ਮੈਜੋਰਟੀ ਲੀਡਰ' ਨੇ ਰੋਕ ਦਿੱਤਾ ਹੈ।

# ਅਮਰੀਕਾ ਵਲੋਂ ਭਾਰਤ 'ਚ ਮਾਨਵੀ ਤਸਕਰੀ ਬਾਰੇ ਗੰਭੀਰ ਸਰੋਕਾਰਾਂ ਦਾ ਪ੍ਰਗਟਾਵਾ

ਵਾਸ਼ਿੰਗਟਨ (ਨ.ਦ.ਬ) : ਅਮਰੀਕਾ ਵਲੋਂ ਭਾਰਤ ਵਿਚ ਮਾਨਵੀ ਤਸਕਰੀ ਖਾਸ ਕਰ ਦਲਿਤਾਂ ਦੀ ਮਾਨਵੀ ਤਸਕਰੀ ਸਬੰਧੀ ਗੰਭੀਰ ਸਰੋਕਾਰ ਪ੍ਰਗਟ ਕਰਦਿਆਂ ਇਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਕਿਹਾ ਹੈ ਕਿ ਇਹ ਮਾਮਲਾ ਨਵੀਂ ਦਿੱਲੀ ਨਾਲ ਉੱਚੇ ਪੱਧਰ 'ਤੇ ਵਿਚਾਰਿਆ ਗਿਆ ਹੈ ਤੇ ਭਾਰਤ ਸਰਕਾਰ ਇਸ ਨੂੰ ਠੱਲ੍ਹ ਪਾਉਣ ਲਈ ਅਹਿਮ ਕਦਮ ਵੀ ਪੁੱਟ ਰਿਹਾ ਹੈ। ਮਾਨਵੀ ਤਸਕਰੀ ਨੂੰ ਰੋਕਣ ਦੀ ਨਿਗਰਾਨੀ ਕਰਨ ਵਾਲੇ ਦਫ਼ਤਰ ਦੀ ਸਫ਼ੀਰ ਲਈ ਡੀਬੈਕਾ ਨੇ ਦੱਸਿਆ ਕਿ ਭਾਰਤ ਦੇ ਮਾਮਲੇ ਵਿਚ ਉਨ੍ਹਾਂ ਨੇ ਨਾ ਕੇਵਲ ਅਮਰੀਕਾ ਵਿਚ ਭਾਰਤ ਦੀ ਸਫ਼ੀਰ ਮੀਰਾ ਸ਼ੰਕਰ ਕੋਲ ਇਹ ਮਾਮਲਾ ਉਠਾਇਆ ਹੈ, ਬਲਕਿ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਦੇ ਨਾਲ ਨਾਲ ਉਪ ਵਿਦੇਸ਼ ਮੰਤਰੀ ਮਾਰੀਆ ਉਟੋਰੋ, ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਤੇ ਸਹਾਇਕ ਵਿਦੇਸ਼ ਮੰਤਰੀ ਬੌਬ ਬਲੇਇਕ ਕੋਲ ਵੀ ਉਠਾਇਆ। ਭਾਰਤ ਵਿਚ ਦਲਿਤਾਂ ਦੀ ਮਾਨਵੀ ਤਸਕਰੀ ਸਬੰਧੀ ਕਾਂਗਰਸ ਵਿਚ ਸੁਣਵਾਈ ਦੌਰਾਨ ਸੁਆਲਾਂ ਦੇ ਜੁਆਬ ਦੇਂਦਿਆਂ ਡੀਬੈਕਾ ਨੇ ਦੱਸਿਆ ਕਿ ਦੱਖਣੀ ਤੇ ਮੱਧ ਏਸ਼ੀਆ ਸਬੰਧੀ ਸਹਾਇਕ ਵਿਦੇਸ਼ ਮੰਤਰੀ ਰਾਬਰਟ ਕੋਲ ਵੀ ਇਹ ਮੁੱਦਾ ਉਠਾਇਆ। ਡੀਬੈਕਾ ਨੇ ਦੱਸਿਆ ਕਿ ਦੱਖਣੀ ਤੇ ਮੱਧ ਏਸ਼ੀਆ ਸਬੰਧੀ ਸਹਾਇਕ ਵਿਦੇਸ਼ ਮੰਤਰੀ ਰਾਬਰਟ ਬਲੇਟਿਕ ਵਧੇਰੇ ਜਾਣਦੇ ਹਨ ਤੇ ਇਸ ਦਿਸ਼ਾ ਵਿਚ ਕੰਮ ਵੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦੱਖਣ ਤੇ ਮੱਧ ਏਸ਼ੀਆ ਵਿਚ ਇਹ ਵਰਤਾਰਾ ਵਧੇਰੇ ਪ੍ਰਚਲਤ ਹੈ। ਨਾਲ ਹੀ ਉਨ੍ਹਾਂ ਨੇ ਭਾਰਤ ਵੱਲੋਂ ਇਸ ਨੂੰ ਠੱਲ੍ਹ ਪਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਮਰੀਕਾ ਇਹ ਜਾਣ ਕੇ ਖ਼ੁਸ਼ ਹੈ ਕਿ ਅੰਤ ਨੂੰ ਭਾਰਤ ਨੇ ਬੰਧੂਆ ਮਜ਼ਦੂਰੀ ਨੂੰ ਮਾਨਵੀ ਤਸਕਰੀ ਵਿਰੁਧ ਲੜਾਈ ਦੇ ਹਿੱਸੇ ਵਜੋਂ ਮਾਨਤਾ ਦੇ ਦਿੱਤੀ ਹੈ, ਪਰ ਇਸ ਦਿਸ਼ਾ ਵਿਚ ਕੇਂਦਰ ਤੇ ਰਾਜਾਂ ਵਿਚ ਪਾੜਾ ਹਾਲੇ ਮਸਾਂ ਹੀ ਜਾਏਗਾ। ਡੀਬੈਕਾ ਨੇ ਕਿਹਾ ਕਿ ਮਾਨਵੀ ਤਸਕਰੀ ਜੇਹਾ ਸੰਵੇਦਨਸ਼ੀਲ ਮਸਲਾ ਰਾਜਾਂ ਜ਼ਿੰਮੇ ਨਹੀਂ ਛੱਡਿਆ ਜਾ ਸਕਦਾ ਤੇ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਆੜ ਵਿਚ ਕੇਂਦਰ ਨੂੰ ਇਸ ਤੋਂ ਮੁਕਤ ਨਹੀਂ ਹੋ ਜਾਣਾ ਚਾਹੀਦਾ।

## ਟਰਾਂਟੋ ਦੇ ਸਾਇੰਸਦਾਨ ਦਾ ਮਾਅਰਕਾ

ਟਰਾਂਟੋ (ਨ.ਦ.ਬ) : ਸਟੈੱਮ ਸੈੱਲਾਂ ਦੀ ਖੋਜ ਬਾਰੇ ਹੁਣ ਤੱਕ ਦਾ ਸਭ ਤੋਂ ਢੁਕਵਾਂ ਤਾਰੀਕਾ ਹਾਰਵਰਡ ਯੂਨੀਵਰਸਿਟੀ ਦੇ ਖੋਜਕਾਰ ਡੈਰਿਕ ਰੋਸੀ ਨੇ ਲੱਭਿਆ ਹੈ ਜਿਸ ਨਾਲ ਮਨੁੱਖੀ ਸਰੀਰ ਦੇ ਬਹੁਤ ਸਾਰੇ ਅੰਗ ਤਿਆਰ ਕੀਤੇ ਜਾ ਸਕਣਗੇ।ਟਰਾਂਟੋ ਵਿਚ ਪੈਦਾ ਹੋਏ 45 ਸਾਲਾ ਜੀਵ ਵਿਗਿਆਨੀ ਡੈਰਿਕ ਰੋਸੀ ਨੇ ਮਨੁੱਖੀ ਚਮੜੀ ਦੇ ਸੈੱਲਾਂ ਤੋਂ ਐਂਬਰੀਆਨਿਕ ਸਟੈੱਮ ਸੈੱਲ ਪੈਦਾ ਕਰਨ ਦਾ ਵਿਲੱਖਣ ਤਰੀਕਾ ਈਜਾਦ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਉਸ ਦੀ ਖੋਜ ਦਾ ਵੇਰਵਾ ਬੀਤੇ ਦਿਨ ਇਕ ਸਟੱਡੀ ਰਾਹੀਂ ਪੇਸ਼ ਹੋਇਆ। ਸੂਤਰਾਂ ਅਨੁਸਾਰ ਕੁਝ ਅੜਚਣਾਂ ਕਾਰਨ ਇਹ ਖੋਜ ਲੰਮੇਰੀ ਹੋ ਗਈ ਵਰਨਾ ਅੱਜ ਤੋਂ 5 ਸਾਲ ਪਹਿਲਾਂ ਹੀ ਇਹ ਖ਼ੁਸ਼ਖ਼ਬਰੀ ਦੁਨੀਆ ਨੂੰ ਮਿਲ ਜਾਂਦੀ। ਰੋਸੀ ਅਨੁਸਾਰ ਹੁਣ ਤੱਕ ਇਸ ਤਜਰਬੇ ਤੋਂ ਸਾਰੇ ਸਾਇੰਸਦਾਨ ਉਤਸੁਕ ਹਨ। ਇਨ੍ਹਾਂ ਸੈੱਲਾਂ ਨੂੰ ਕਿਸੇ ਮਰੀਜ਼ ਦੇ ਸੈੱਲਾਂ ਵਿਚ ਰਲਾਏ ਜਾਣ ਦਾ ਤਜਰਬਾ ਬੜੀ ਸਾਵਧਾਨੀ ਅਤੇ ਪਰਪੱਕ ਤਰੀਕੇ ਨਾਲ ਕੀਤਾ ਗਿਆ ਹੈ। ਇਹ ਸਾਰੀ ਖੋਜ ਇਕ ਮੈਗਜ਼ੀਨ ਸੈੱਲ ਸਟੈੱਮ ਸੈੱਲ ਵਿਚ ਛਪੇਗੀ। ਇਸ ਤਰ੍ਹਾਂ ਦੇ ਸਟੈੱਮ ਸੈੱਲਾਂ ਦੀ ਖੋਜ ਨਾਲ ਆਸ ਬਣੀ ਹੈ ਕਿ ਮਨੁੱਖੀ ਸਰੀਰ ਦੇ ਅਹਿਮ ਅੰਗ ਜਿਵੇਂ ਕਿ ਦਿਲ ਅਤੇ ਫੇਫੜੇ ਵੀ ਬਣਾਏ ਜਾ ਸਕਣਗੇ।




Anuj Gupta
AMP, B.Com.
Associate Broker

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com
CAAMP ACCHA
empowered by AXIOM MORTGAGE PARTNERS
AMBA
BBB ACCREDITED BUSINESS
think MORTGAGE think AMP™



Krishna(KK)Gupta, AMP
"Experienced, Knowledgeable, Committed"
Serving the Community Since 1999

# ਜੰਗ ਵਿਚ ਜ਼ਖਮੀ ਹੋਏ ਫੌਜੀਆਂ ਦੀਆਂ ਸਹੂਲਤਾਂ ਵਿਚ ਵਾਧਾ

ਐਡਮਿੰਟਨ (ਨ.ਦ.ਬ.) ਵੱਖ ਵੱਖ ਥਾਈਂ ਜੰਗ ਵਿਚ ਲੜਦਿਆਂ ਫੌਜੀ ਮਿਸ਼ਨਾਂ ਦੌਰਾਨ ਜ਼ਖਮੀ ਹੋਣ ਵਾਲੇ ਜਾਂ ਅਪਾਹਜ ਹੋਣ ਵਾਲੇ ਫੌਜੀਆਂ ਦੀਆਂ ਸਹੂਲਤਾਂ ਵਿਚ ਸਰਕਾਰ ਨੇ ਵਾਧਾ ਕਰ ਦਿੱਤਾ ਹੈ। ਇਹ ਵਾਧਾ ਵੈਟਰਨਜ਼ ਓਮਬਡਸਮੈਨ ਪੈਟ ਸਟੌਂਗਰੈਨ ਵੱਲੋਂ ਸਰਕਾਰ ਦੀ ਤਿੱਖੀ ਆਲੋਚਨਾ ਕਰਨ ਮਗਰੋਂ ਹੋਇਆ ਹੈ।

ਵੈਟਰਨ ਅਫੇਅਰਜ਼ ਦੀ ਬੁਲਾਰੀ ਸੋਫੀ ਡੋਸੈੱਟ ਨੇ ਕਿਹਾ ਹੈ ਕਿ ਸਰਕਾਰ ਅੱਜ ਦੀ ਪੀੜ੍ਹੀ ਦੇ ਨੌਜਵਾਨ ਫੌਜੀਆਂ ਦੀ ਬਦਲਦੀਆਂ ਮੰਗਾਂ ਦੇ ਨਾਲ ਆਪਣੀਆਂ ਨੀਤੀਆਂ ਨੂੰ ਬਦਲ ਰਹੀ ਹੈ ਤੇ ਅਜੇ ਬਹੁਤ ਕੰਮ ਕਰਨਾ ਬਾਕੀ ਹੈ। ਆਉਣ ਵਾਲੇ ਸਮੇਂ ਵਿਚ ਕਈ ਤਬਦੀਲੀਆਂ ਹੋਣਗੀਆਂ। ਇਨ੍ਹਾਂ ਵਿਚ ਵਾਧੂ ਪੈਸਾ ਵੀ ਸ਼ਾਮਲ ਹੈ। ਇਹ ਉਨ੍ਹਾਂ ਫੌਜੀਆਂ ਨੂੰ ਦਿੱਤਾ ਜਾਵੇਗਾ। ਜੋ ਡਿਊਟੀ ਦੌਰਾਨ ਸੱਟ ਲੱਗਣ ਕਾਰਨ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਲੈਣ ਲਈ ਮਜਬੂਰ ਹੋ ਜਾਂਦੇ ਹਨ।

# ਸੰਸਦ ਮੈਂਬਰਾਂ ਨੂੰ ਇਸੇ ਮਹੀਨੇ ਤੋਂ ਮਿਲਣਗੇ ਵਧੇ ਹੋਏ ਭੱਤੇ

ਨਵੀਂ ਦਿੱਲੀ, ਨ ਦ ਬ : ਭਾਰਤੀ ਸੰਸਦ ਮੈਂਬਰਾਂ ਨੂੰ ਇਸ ਮਹੀਨੇ ਤੋਂ ਵਧੇ ਹੋਏ ਭੱਤੇ ਮਿਲਣ ਲੱਗ ਜਾਣਗੇ। ਸਰਕਾਰੀ ਸੂਤਰਾਂ ਨੇ ਦਸਿਆ ਕਿ ਇਕ ਸੰਸਦ ਮੈਂਬਰ ਨੂੰ ਰੋਜ਼ਾਨਾ ਭੱਤੇ ਦੇ ਰੂਪ ਵਿਚ ਦੋ ਹਜ਼ਾਰ ਰੁਪਏ ਮਿਲਣਗੇ। ਇਸ ਤੋਂ ਇਲਾਵਾ ਪ੍ਰਤੀ ਕਿਲੋਮੀਟਰ ਯਾਤਰਾ ਲਈ 16 ਰੁਪਏ ਅਦਾਇਗੀ ਮਿਲੇਗੀ। ਦਸਣਯੋਗ ਹੈ ਕਿ ਸੰਸਦ ਮੈਂਬਰਾਂ ਦੀ ਤਨਖ਼ਾਹ 16 ਹਜ਼ਾਰ ਰੁਪਏ ਤੋਂ ਵਧਾ ਕੇ 50 ਹਜ਼ਾਰ ਰੁਪਏ ਕਰ ਦਿਤੀ ਗਈ ਹੈ ਜੋ ਪਿਛਲੇ ਸਾਲ ਮਈ ਤੋਂ ਲਾਗੂ ਹੋਵੇਗੀ। ਸੰਸਦ ਮੈਂਬਰਾਂ ਦੀ ਘਟੋ-ਘੱਟ ਪੈਨਸ਼ਨ 20 ਹਜ਼ਾਰ ਰੁਪਏ ਹੋਵੇਗੀ ਜੋ ਪਹਿਲਾਂ 8 ਹਜ਼ਾਰ ਰੁਪਏ ਹੁੰਦੀ ਸੀ। ਪੰਜ ਸਾਲ ਤੋਂ ਜ਼ਿਆਦਾ ਮੈਂਬਰ ਰਹਿਣ ਵਾਲੇ ਐਮ.ਪੀ. ਨੂੰ ਹਰ ਸਾਲ ਲਈ ਵਾਧੂ ਪੈਨਸ਼ਨ ਦਿਤੀ ਜਾਵੇਗੀ।

# ਕੈਲਗਰੀ ’ਚ ਪਹਿਲਾ ਤਰਕਸ਼ੀਲ ਮੇਲਾ 16 ਨੂੰ

ਕੈਲਗਰੀ (ਨ.ਦ.ਬ.) ਪ੍ਰੋਗਰੈਸਿਵ ਡੈਮੋਕਰੇਟਿਕ ਫ਼ੋਰਮ ਕੈਲਗਰੀ ਵਲੋਂ ਤਰਕਸ਼ੀਲ ਸੱਭਿਆਚਾਰਕ ਸੁਸਾਇਟੀ ਕੈਨੇਡਾ ਦੇ ਸਹਿਯੋਗ ਨਾ 16 ਅਕਤੂਬਰ ਦਿਨ ਸ਼ਨੀਵਾਰ ਨੂੰ ਪਹਿਲਾ ਤਰਕਸ਼ੀਲ ਮੇਲਾ ਔਰਫ਼ੀਅਸ ਥੀਏਟਰ ਸੈਂਟ ਕਾਲਜ 1301, 16 ਐਵਨਿਊ ਕੈਲਗਰੀ ਵਿਚ ਕਰਵ-ਾਇਆ ਜਾ ਰਿਹਾ ਹੈ। ਸ਼ਾਮ 2 ਵਜੇ ਤੋਂ 6 ਵਜੇ ਤੱਕ ਚੱਲਣ ਵਾਲੇ ਇਸ ਮੇਲੇ ਵਿਚ ਗੀਤ ਸੰਗੀਤ, ਕਵਿਸ਼ਰੀ, ਕੋਰੀਓਗ੍ਰਾਫ਼ੀਆਂ ਅਤੇ ਜਾਦੂ ਦੇ ਟਰਿਕ ਪੇਸ਼ ਕੀਤੇ ਜਾਣਗੇ। ਤਰਕਸ਼ੀਲ ਸੱਭਿਆਚਾਰਕ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਸ੍ਰੀ ਅਵਤਾਰ ਗਿੱਲ ਮੁੱਖ ਵਕਤਾ ਹੋਣਗੇ। ਮੇਲੇ ਵਿਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਹਰਕੇਸ਼ ਚੌਧਰੀ ਅਤੇ ਸੁਰਿੰਦਰ ਸ਼ਰਮਾ ਦੀ ਅਗਵਾਈ ਹੇਠ ਪ੍ਰਸਿੱਧ ਨਾਟਕ ਬਾਲ ਭਗਵਾਨ ਅਤੇ ਪ੍ਰੇਤ ਖੇਡੇ ਜਾਣਗੇ। ਮਲੇ ਦੀ ਟਿਕਟ 10 ਡਾਲਰ ਰੱਖੀ ਗਈ ਹੈ। ਇਹ ਜਾਣਕਾਰੀ ਪ੍ਰੋਗਰੈਸਿਵ ਡੈਮੋਕਰੇਟਿਕ ਫ਼ੋਰਮ ਦੇ ਪ੍ਰਧਾਨ ਸੋਹਣ ਮਾਨ ਅਤੇ ਭਜਨ ਗਿੱਲ ਨੇ ਦਿੱਤੀ।

# 100 ਫ਼ੀ ਸਦੀ ਜਪਾਨੀ ਸਜ਼ੂਕੀ ਦੀ ‘ਕਿਜ਼ਾਸੀ’ ਹੁਣ ਮਿਲਵੁਡਜ਼ ਸਜ਼ੂਕੀ ’ਤੇ

ਸਭ ਸਹੂਲਤਾਂ ਨਾਲ ਲੈਸ ‘ਕਿਜ਼ਾਸੀ’ ਪਿਛਲੇ ਸਾਲ ਕੈਨੇਡਾ ਦੇ ਬਾਜ਼ਾਰ ’ਚ ਉਤਾਰੀ ਗਈ ਸੀ। ਮਿਡ-ਸਾਈਜ਼ਡ ਕਲਾਸ ਵਿੱਚ ਵਧੀਆ ਬਰੇਕਾਂ, ਚੰਗਾ ਸਟੀਅਰਿੰਗ ਅਤੇ ਸਥਿਰ ਸਸਪੈਂਸ਼ਨ ਕਰ ਕੇ ਆਟੋ 123 ਕਾਮ ਵੱਲੋਂ ਉਤਮ ਐਲਾਨੀ ਗਈ ਹੈ ਸਜ਼ੂਕੀ ਦੀ ‘ਕਿਜ਼ਾਸੀ’। ਕਿਜ਼ਾਸੀ ਹੁਣ ਸਪੋਰਟਸ ਮਾਡਲ ਵਿੱਚ ਵੀ ਉਪਲਬਧ ਹੈ। ਆਲਵੀਲ ਡਰਾਈਵ, ਠੰਢ ’ਚ ਨਿੱਘ ਲਈ ਗਰਮ ਹੋਣ ਵਾਲੀਆਂ ਲੈਦਰ ਸੀਟਾਂ, 18 ਇੰਚ ਵੀਲ ਸਾਇਜ਼ ਸਹੂਲਤਾਂ ਪ੍ਰਾਪਤ ‘ਕਿਜ਼ਾਸੀ’ ਆਪਣੀ ਕਲਾਸ ’ਚੋਂ ਉਤਮ ਚੋਣ ਹੈ। ਇਸ ਦੀ ਟੈਸਟ ਡਰਾਈਵ ਤੇ ਖ਼ਰੀਦ ਲਈ ਮਿਲਵੁਡਜ਼ ਸਜ਼ੂਕੀ ਤੇ ਜੈਸੀ ਪਰਿਹਾਰ ਅਤੇ ਉਨ੍ਹਾਂ ਦਾ ਸਟਾਫ਼ ਤੁਹਾਡਾ ਸਵਾਗਤ ਕਰਦੇ ਹਨ।







# ਅਯੁੱਧਿਆ



| 82 | 54 | 28 |
|---|---|---|
| ਕੁੱਲ ਗਵਾਹ ਪੇਸ਼ ਹੋਏ | ਹਿੰਦੂਆਂ ਵੱਲੋਂ | ਮੁਸਲਮਾਨਾਂ ਵੱਲੋਂ |

ਫੈਸਲਾ ਆ ਗਿਆ। ਵਿਆਖਿਆਵਾਂ ਆ ਰਹੀਆਂ ਨਿਰੰਤਰ, ਇਕ ਜ਼ਮੀਨ ਦਾ ਮਾਲਕਾਨਾ ਹੱਕ ਅਦਾਲਤ ਨੇ ਤਿੰਨਾਂ ਨੂੰ ਦਿੱਤਾ ਬਰਾਬਰ।
ਨਾ ਕੋਈ ਜਿੱਤਿਆ ਨਾ ਹਾਰਿਆ ਅਜਿਹੇ ਸਮੇਂ ਗਲਤ ਇਕਤਰਫਾ ਗੱਲਾਂ। ਵਕੀਲਾਂ ਦੇ ਜੇਤੂ ਪ੍ਰਤੀਕ ਤੋਂ ਲੈ ਕੇ ਨਸੀਹਤਾਂ ਅਤੇ ਅਪੀਲਾਂ ਬੇਤੁਕੀਆਂ ਬੇਮਾਇਨੀਆਂ। ਅਦਾਲਤੀ ਫੈਸਲੇ ਨੇ ਖੋਲ੍ਹਿਆ ਸਮਝੌਤੇ ਦਾ ਵੀ ਦੁਆਰ, ਪਿੱਛੇ ਨਹੀਂ ਘੁੰਮੇਗੀ ਸਮੇਂ ਦੀ ਧਾਰ, ਕਾਨੂੰਨ ਨੇ ਦਿੱਤੀ ਮਰਿਆਦਾ। ਧਰਮ ਵੀ ਸਿਖਾਉਂਦਾ ਇਹੀ, ਅਣਹੋਣੀ ਦੀ ਸ਼ੰਕਾ ਵਿਚ ਸ਼ਹਿਰ ਦਰ ਸ਼ਹਿਰ ਪਸਰਿਆ ਸੀ ਸੰਨਾਟਾ। ਵਿਵਾਦ ਹਟਾਓ, ਜੋੜੋ ਸੱਦਭਾਵਨਾ, ਅਯੁੱਧਿਆ ਦੇ ਮੀਆਂ ਤੇ ਪੰਡਿਤ ਜੀ ਵਾਂਗ ਜੋ ਖੁਸ਼ ਹਨ ਕਿ ਫਿਲਹਾਲ ਟੱਲਿਆ ਵਿਵਾਦ।



- ☛ ਕੁੱਝ ਪੱਖਾਂ ’ਤੇ ਤਿੰਨੋਂ ਜੱਜ ਇਕ ਮਤ ਰਹੇ ਤੇ ਕਈ ਪੱਖਾਂ ’ਤੇ ਫੈਸਲਾ ਵੱਖਰਾ ਰਿਹਾ
- ☛ ਅਦਾਲਤ ਦੇ ਫੈਸਲੇ ਦਾ ਕਈ ਧਿਰਾਂ ਨੇ ਕੀਤਾ ਸਵਾਗਤ, ਕੁੱਝ ਸੁਪਰੀਮ ਕੋਰਟ ਵਿਚ ਦੇਣਗੇ ਦਸਤਕ
- ☛ 60 ਸਾਲ ਪੁਰਾਣੇ ਇਸ ਇਤਿਹਾਸਕ ਮਾਮਲੇ ਵਿਚ ਮੁਕੱਦਮਾ ਅੱਗੇ ਵੀ ਜਾਰੀ ਰਹਿਣ ਦੇ ਆਸਾਰ

# ਕਿਸ ਨੇ ਕੀ ਕਿਹਾ
# ਅਦਾਲਤ ਦਾ ਫ਼ੈਸਲਾ

ਅਯੁੱਧਿਆ ਮਾਮਲੇ ਦਾ ਫੈਸਲਾ ਆ ਚੁੱਕਿਆ ਹੈ। ਤਿੰਨ ਜੱਜਾਂ ਦੇ ਵੱਖ ਵੱਖ ਫੈਸਲਿਆਂ ਦੇ ਮੁੱਖ ਤੱਥਾਂ ’ਤੇ ਇਕ ਨਜ਼ਰ

### ਜਸਟਿਸ ਐਸ.ਯੂ.ਖਾਨ ਦੇ ਫੈਸਲੇ

## ਮੰਦਿਰ ਦੇ ਖੰਡਰਾਂ ’ਤੇ ਬਣੀ ਸੀ ਮਸਜਿਦ

1 ਵਿਵਾਦ ਵਾਲੀ ਥਾਂ ’ਤੇ ਮਸਜਿਦ ਬਣਾਉਣ ਲਈ ਮੰਦਿਰ ਨਹੀਂ ਤੋੜਿਆ ਗਿਆ ਸੀ, ਬਲਕਿ ਲੰਬੇ ਸਮੇਂ ਤੋਂ ਇਵੇਂ ਹੀ ਪਏ ਮੰਦਿਰ ਦੇ ਖੰਡਰਾਂ ’ਤੇ ਹੀ ਮੁਗ਼ਲ ਬਾਦਸ਼ਾਹ ਬਾਬਰ ਦੇ ਹੁਕਮਾਂ ਨਾਲ ਮਸਜਿਦ ਬਣਾਈ ਗਈ ਸੀ।

2 ਬਹੁਤ ਲੰਬੇ ਸਮੇਂ ਤੋਂ ਮਸਜਿਦ ਦੇ ਬਣਨ ਤੱਕ ਹਿੰਦੂਆਂ ਵਿਚ ਇਹ ਮਾਨਤਾ ਰਹੀ ਕਿ ਵਿਵਾਦ ਵਾਲੀ ਥਾਂ ਦੇ ਇਕ ਛੋਟੇ ਹਿੱਸੇ ਵਿਚ ਭਗਵਾਨ ਰਾਮ ਦਾ ਜਨਮ ਸਥਾਨ ਸਥਿਤ ਹੈ। ਹਾਲਾਂਕਿ ਇਹ ਖਾਸ ਥਾਂ ਕਿਹੜਾ ਹੈ, ਇਸ ਬਾਰੇ ਇਸ ਮਾਨਤਾ ਵਿਚ ਕੁਝ ਨਹੀਂ ਕਿਹਾ ਗਿਆ ਸੀ।

3 ਸੰਨ 1855 ਤੋਂ ਬਹੁਤ ਪਹਿਲਾਂ ਹੀ ਰਾਮ ਚਬੂਤਰਾ ਅਤੇ ਸੀਤਾ ਰਸੋਈ ਹੋਂਦ ਵਿਚ ਆ ਗਏ ਸਨ ਅਤੇ ਹਿੰਦੂ ਉਥੇ ਮੂਰਤੀਆਂ ਦੀ ਪੂਜਾ ਕਰ ਰਹੇ ਸਨ।

4 ਇਹ ਬਹੁਤ ਵੱਖਰੀ ਅਤੇ ਅਣਦੇਖੀ ਸਥਿਤੀ ਸੀ ਕਿ ਮਸਜਿਦ ਦੀ ਚਾਰਦੀਵਾਰੀ ਅੰਦਰ ਹਿੰਦੂ ਧਰਮ ਸਥਾਨ ਸਨ। ਇਸ ਤਰ੍ਹਾਂ ਉਥੇ ਨਮਾਜ ਅਤੇ ਪੂਜਾ ਨਾਲੋ ਨਾਲ ਹੁੰਦੀ ਸੀ।

5 1949 ਤੋਂ ਕੁਝ ਦਹਾਕੇ ਪਹਿਲਾਂ ਹਿੰਦੂਆਂ ਵਿਚ ਇਹ ਮਾਨਤਾ ਬਣੀ ਕਿ ਜਿਸ ਜਗ੍ਹਾ ਮਸਜਿਦ ਦਾ ਵਿਚ ਵਾਲਾ ਗੁੰਬਦ ਹੈ, ਉਸੇ ਦੇ ਹੇਠਾਂ ਭਗਵਾਨ ਰਾਮ ਦਾ ਜਨਮ ਸਥਾਨ ਹੈ। ਗੁੰਬਦ ਹੇਠ ਸਭ ਤੋਂ ਪਹਿਲਾਂ 23 ਦਸੰਬਰ 1949 ਦੀ ਸਵੇਰ ਮੂਰਤੀਆਂ ਸਥਾਪਤ ਕੀਤੀਆਂ ਗਈਆਂ।

6 ਤਿੰਨੋਂ ਧਿਰਾਂ ਮੁਸਲਮਾਨ, ਹਿੰਦੂ ਅਤੇ ਨਿਰਮੋਹੀ ਅਖਾੜਾ ਨੂੰ ਸਾਂਝੇ ਤੌਰ ’ਤੇ ਉਸ ਵਿਵਾਦਤ ਖੇਤਰ ਦੀ ਸੰਪਤੀ ਕੰਪਲੈਕਸ ਦਾ ਸਵਾਮੀ ਐਲਾਨ ਦਿੱਤਾ ਗਿਆ ਹੈ। ਤਿੰਨੋਂ ਧਿਰਾਂ ਇਕ ਤਿਹਾਈ ਹਿੱਸੇ ਦਾ ਇਸਤੇਮਾਲ ਅਤੇ ਪੂਜਾ ਲਈ ਉਸ ਦਾ ਪ੍ਰਬੰਧ ਕਰਨਗੇ।

7 ਵਿਚ ਵਾਲੇ ਗੁੰਬਦ ਦਾ ਹੇਠਲਾ ਹਿੱਸਾ, ਜਿਥੇ ਫਿਲਹਾਲ ਮੂਰਤੀ ਰੱਖੀ ਹੋਈ ਹੈ, ਉਸ ਨੂੰ ਹਿੰਦੂਆਂ ਨੂੰ ਦਿੱਤਾ ਜਾਵੇਗਾ। ਬਾਹਰੀ ਕੰਪਲੈਕਸ ਵਿਚ ਸਥਿਤ ਰਾਮ ਚਬੂਤਰਾ ਅਤੇ ਰਸੋਈ ਵਾਲੇ ਸਥਾਨ ਨੂੰ ਨਿਰਮੋਹੀ ਅਖਾੜੇ ਨੂੰ ਦਿੱਤਾ ਜਾਵੇਗਾ।

8 ਇਕ ਤਿਹਾਈ ਹਿੱਸੇ ਵਿਚ ਬਟਵਾਰਾ ਕਰਦੇ ਹੋਏ ਜੇਕਰ ਕਿਸੇ ਪੱਖ ਦੇ ਹਿੱਸੇ ਵਿਚ ਮਾਮੂਲੀ ਸਮਝੌਤਾ ਕੀਤਾ ਜਾਂਦਾ ਹੈ ਤਾਂ ਇਸ ਨਾਲ ਜਿਸ ਧਿਰ ਦਾ ਨੁਕਸਾਨ ਹੋਵੇਗਾ ਉਸ ਦਾ ਘਾਟਾ ਕੇਂਦਰ ਸਰਕਾਰ ਵੱਲੋਂ ਐਕਵਾਇਰ ਕੀਤੀ ਜ਼ਮੀਨ ਦੇ ਕੁਝ ਹਿੱਸੇ ਵਿਚੋਂ ਪੂਰਾ ਕੀਤਾ ਜਾਵੇਗਾ।

9 ਸਾਰੀਆਂ ਧਿਰਾਂ ਕੋਲ ਫੈਸਲੇ ਨੂੰ ਚੁਣੌਤੀ ਦੇਣ ਲਈ ਤਿੰਨ ਮਹੀਨੇ ਦਾ ਸਮਾਂ ਹੋਵੇਗਾ। ਉਦੋਂ ਤੱਕ ਝਗੜੇ ਵਾਲੀ ਥਾਂ ਇਸੇ ਤਰ੍ਹਾਂ ਬਹਾਲ ਰੱਖੀ ਜਾਵੇਗੀ।

### ਜਸਟਿਸ ਸੁਧੀਰ ਅਗਰਵਾਲ ਦੇ ਫੈਸਲੇ

## ਮੁਸਲਮਾਨ ਪੱਖ ਦਾ ਹਿੱਸਾ ਇਕ ਤਿਹਾਈ

1 ਵਿਵਾਦ ਵਾਲੀ ਥਾਂ 2.7 ਏਕੜ ਜ਼ਮੀਨ ਨੂੰ ਤਿੰਨ ਬਰਾਬਰ ਹਿੱਸਿਆਂ ਵਿਚ ਵੰਡਿਆ ਜਾਵੇ ਅਤੇ ਉਸ ਨੂੰ ਸੁੰਨੀ ਵਕਫ਼ ਬੋਰਡ, ਨਿਹਮੋਹੀ ਅਖਾੜਾ ਅਤੇ ਰਾਮ ਲੱਲਾ ਵਿਰਾਜਮਾਨ ਦੀ ਅਗਵਾਈ ਕਰਨ ਵਾਲੀ ਧਿਰ ਨੂੰ ਦਿੱਤਾ ਜਾਵੇ।

2 ਤਿੰਨ ਗੁੰਬਦਾਂ ਵਾਲੇ ਢਾਂਚੇ ਦੇ ਵਿਚ ਵਾਲੇ ਗੁੰਬਦ ਦਾ ਹਿੱਸਾ, ਜੋ ਭਗਵਾਨ ਰਾਮ ਦੇ ਜਨਮ ਸਥਾਨ ਦੇ ਰੂਪ ਵਿਚ ਵਿਵਾਦ ਵਾਲਾ ਹੈ ਅਤੇ ਹਿੰਦੂਆਂ ਦੀ ਆਸਥਾ ਅਤੇ ਵਿਸ਼ਵਾਸ ਅਨੁਸਾਰ ਭਗਵਾਨ ਰਾਮ ਦਾ ਜਨਮ ਸਥਾਨ ਹੈ, ਉਹ ਭਗਵਾਨ ਰਾਮ ਦੇ ਪੱਖ ਦੀ ਧਿਰ ਦਾ ਹੈ ਅਤੇ ਵਿਰੋਧੀਆਂ ਵੱਲੋਂ ਕਿਸੇ ਵੀ ਤਰੀਕੇ ਨਾਲ ਉਸ ਵਿਚ ਰੁਕਾਵਟ ਜਾਂ ਦਖ਼ਲ ਨਾ ਦਿੱਤਾ ਜਾਵੇ।

3 ਅੰਦਰੂਨੀ ਵਿਹੜੇ ਦੇ ਅੰਦਰ ਦਾ ਹਿੱਸਾ ਹਿੰਦੂਆਂ ਅਤੇ ਮੁਸਲਮਾਨ ਦੋਵਾਂ ਦਾ ਹੈ ਕਿਉਂਕਿ ਦੋਵੇਂ ਭਾਈਚਾਰੇ ਦੇ ਲੋਕ ਸਦੀਆਂ ਤੋਂ ਇਸ ਦੀ ਵਰਤੋਂ ਕਰਦੇ ਆ ਰਹੇ ਹਨ।

4 ਬਾਹਰੀ ਕੰਪਲੈਕਸ ਵਿਚ ਸਥਿਤ ਰਾਮ ਚੌਬਾਰਾ, ਸੀਤਾ ਰਸੋਈ ਅਤੇ ਭੰਡਾਰ ਦੇ ਢਾਂਚਿਆਂ ਨੂੰ ਨਿਰਮੋਹੀ ਅਖਾੜੇ ਦੇ ਹਿੱਸੇ ਵਿਚ ਜੋੜਿਆ ਜਾਵੇ ਅਤੇ ਕਿਸੇ ਵਿਅਕਤੀ ਦੇ ਇਸ ਨਾਲੋਂ ਬੇਹਤਰ ਮਾਲਕਾਨਾਂ ਹੱਕ ਦੀ ਸਥਿਤੀ ਵਿਚ ਨਾ ਹੋਣ ’ਤੇ ਉਸ ਨੂੰ ਇਸ ਦਾ ਕਬਜ਼ਾ ਸੌਂਪ ਦਿੱਤਾ ਜਾਵੇ।

5 ਬਾਹਰੀ ਕੰਪਲੈਕਸ ਦੇ ਖੁੱਲ੍ਹੇ ਹਿੱਸੇ ਨੂੰ ਨਿਰਮੋਹੀ ਅਖਾੜਾ ਅਤੇ ਭਗਵਾਨ ਰਾਮ ਦੀ ਤਰਫ਼ ਵਾਲੀ ਧਿਰ ਵਿਚ ਵੰਡ ਦਿੱਤਾ ਜਾਵੇ, ਕਿਉਂਕਿ ਆਮ ਤੌਰ ’ਤੇ ਇਸ ਦੀ ਵਰਤੋਂ ਦੋਵੇਂ ਸਥਾਨਾਂ ’ਤੇ ਹਿੰਦੂਆਂ ਵੱਲੋਂ ਪੂਜਾ ਲਈ ਕੀਤੀ ਜਾਂਦੀ ਹੈ।

6 ਮੁਸਲਮਾਨ ਧਿਰ ਦਾ ਹਿੱਸਾ ਕੰਪਲੈਕਸ ਦੇ ਕੁੱਲ ਹਿੱਸੇ ਦੇ ਇਕ ਤਿਹਾਈ ਤੋਂ ਘੱਟ ਨਹੀਂ ਹੋਵੇਗਾ ਅਤੇ ਜੇਕਰ ਲੋੜ ਹੋਵੇ ਤਾਂ ਉਸ ਨੂੰ ਬਾਹਰੀ ਕੰਪਲੈਕਸ ਦਾ ਕੁੱਝ ਹਿੱਸਾ ਵੀ ਦਿੱਤਾ ਜਾ ਸਕਦਾ ਹੈ।

7 ਤਿੰਨ ਧਿਰਾਂ ਦੇ ਹਿੱਸਿਆਂ ਨੂੰ ਨਿਸਚਿਤ ਕਰਦੇ ਸਮੇਂ ਜੇਕਰ ਵੱਖ ਵੱਖ ਧਿਰਾਂ ਦੇ ਹਿੱਸੇ ਵਿਚ ਕੁਝ ਮਾਮੂਲੀ ਸਮਝੌਤਾ ਕੀਤਾ ਜਾਂਦਾ ਹੈ ਤਾਂ ਉਸ ਤੋਂ ਪ੍ਰਭਾਵਤ ਹੋਣ ਵਾਲੇ ਪੱਖ ਨੂੰ ਭਾਰਤ ਸਰਕਾਰ ਦੇ ਐਕਵਾਇਰ ਜ਼ਮੀਨ ਵਾਲੇ ਹਿੱਸੇ ਤੋਂ ਜ਼ਮੀਨ ਦੇ ਕੇ ਉਸ ਦੀ ਭਰਪਾਈ ਕੀਤੀ ਜਾਵੇ।

8 ਜਸਟਿਸ ਅਗਰਵਾਲ ਨੇ ਕਿਹਾ ਕਿ ਅਯੁੱਧਿਆ ਐਕਟ 1993 ਤਹਿਤ ਕੇਂਦਰ ਵੱਲੋਂ ਐਕਵਾਇਰ ਜ਼ਮੀਨ ਇਸ ਢੰਗ ਨਾਲ ਸਬੰਧਤ ਧਿਰਾਂ ਨੂੰ ਮੁਹੱਈਆ ਕਰਾਈ ਜਾਵੇ ਕਿ ਇਕ-ਦੂਜੇ ਦੇ ਅਧਿਕਾਰਾਂ ਨੂੰ ਪ੍ਰਭਾਵਤ ਕੀਤੇ ਬਿਨਾਂ ਤਿੰਨੋਂ ਧਿਰਾਂ ਦੇ ਲੋਕਾਂ ਦੇ ਆਉਣ ਜਾਣ ਲਈ ਵੱਖ ਪ੍ਰਵੇਸ਼ ਦੇ ਜ਼ਰੀਏ ਜਗ੍ਹਾ ਦੀ ਵਰਤੋਂ ਕਰ ਸਕਦੇ ਹਨ.

9 ਮੁਸਲਮਾਨ ਧਿਰ ਇਹ ਸਿੱਧ ਕਰਨ ਵਿਚ ਅਸਫਲ ਰਹੀ ਕਿ ਵਿਵਾਦ ਵਾਲੀ ਸੰਪਤੀ ਦਾ ਨਿਰਮਾਣ 1528 ਵਿਚ ਮੁਗ਼ਲ ਬਾਦਸ਼ਾਹ ਬਾਬਰ ਨੇ ਕਰਵਾਇਆ ਸੀ। ਤਿੰਨ ਮਹੀਨੇ ਤੱਕ ਵਿਵਾਦ ਵਾਲੀ ਥਾਂ ’ਤੇ ਸਥਿਤੀ ਜਿਉਂ ਦੀ ਤਿਉਂ ਬਣਾਈ ਜਾਵੇ।

### ਜਸਟਿਸ ਡੀ.ਵੀ. ਸ਼ਰਮਾ ਦੇ ਫੈਸਲੇ

## ਇਸਲਾਮ ਦੇ ਸਿਧਾਂਤਾਂ ਮੁਤਾ-ਬਕ ਨਹੀਂ ਬਣੀ ਸੀ ਮਸਜਿਦ

1 ਅਯੁੱਧਿਆ ਵਿਚ ਵਿਵਾਦ ਵਾਲੀ ਥਾਂ ਭਗਵਾਨ ਰਾਮ ਦਾ ਜਨਮ ਸਥਾਨ ਹੈ। ਇਥੇ ਬਾਬਰ ਨੇ ਮਸਜਿਦ ਦਾ ਨਿਰਮਾਣ ਕਰਾਇਆ ਸੀ। ਹਾਲਾਂਕਿ ਮਸਜਿਦ ਕਿਸ ਸਾਲ ਬਣੀ ਇਹ ਨਿਸਚਿਤ ਨਹੀਂ ਹੈ ਪਰ ਮਸਜਿਦ ਦਾ ਨਿਰਮਾਣ ਇਸਲਾਮ ਦੇ ਸਿਧਾਂਤਾਂ ਅਨੁਸਾਰ ਨਹੀਂ ਕਰਾਇਆ ਗਿਆ ਸੀ। ਇਸ ਲਈ ਉਸ ਨੂੰ ਮਸਜਿਦ ਨਹੀਂ ਮੰਨਿਆ ਜਾ ਸਕਦਾ ਹੈ।

2 ਵਿਵਾਦ ਵਾਲੇ ਢਾਂਚੇ ਦਾ ਨਿਰਮਾਣ ਪੁਰਾਣੇ ਢਾਂਚੇ ਨੂੰ ਖੰਡਤ ਕਰਕੇ ਕੀਤਾ ਗਿਆ ਸੀ। ਭਾਰਤੀ ਪੁਰਾਤੱਤਵ ਸਰਵੇਖਣ ਨੇ ਆਪਣੀ ਰਿਪੋਰਟ ਵਿਚ ਕਿਹਾ ਗਿਆ ਕਿ ਮਸਜਿਦ ਬਣਾਏ ਜਾਣ ਤੋਂ ਪਹਿਲਾਂ ਉਥੇ ਇਕ ਵਿਸ਼ਾਲ ਹਿੰਦੂ ਧਾਰਮਕ ਢਾਂਚਾ ਸੀ।

3 ਇਹ ਸਿੱਧ ਹੋ ਚੁੱਕਾ ਹੈ ਕਿ ਪੂਰਾ ਵਿਵਾਦ ਵਾਲਾ ਹਿੱਸਾ ਰਾਮ ਚੰਦਰ ਜੀ ਦੀ ਜਨਮਭੂਮੀ ਹੈ ਅਤੇ ਹਿੰਦੂਆਂ ਨੂੰ ਉਥੇ ਪੂਜਾ ਕਰਨ ਦਾ ਅਧਿਕਾਰ ਹੈ।

4 ਦਿਵਯ ਸ਼ਕਤੀ ਹਰ ਕਿਸੇ ਲਈ ਵੀ ਆਕਾਰ ਅਤੇ ਸਵਰੂਪ ਵਿਚ ਕਿਤੇ ਵੀ ਉਸ ਦੀ ਆਪਣੀਆਂ ਆਸਥਾਵਾਂ ਨਾਲ ਮੌਜੂਦ ਹੋ ਸਕਦੀ ਹੈ ਅਤੇ ਇਹ ਨਿਰਾਕਾਰ ਵੀ ਹੋ ਸਕਦੀ ਹੈ।

5 ਵਿਵਾਦ ਵਾਲੇ ਢਾਂਚੇ ਦੇ ਨਿਰਮਾਣ ਤੋਂ ਬਾਅਦ ਸਾਲ 1949 ਦੇ ਦਸੰਬਰ ਮਹੀਨੇ ਦੀ 22/23 ਤਾਰੀਕ ਦੀ ਰਾਤ ਰਾਮ ਲੱਲਾ ਦੀਆਂ ਮੂਰਤੀਆਂ ਵਿਚ ਵਾਲੇ ਗੁੰਬਦ ਦੇ ਹੇਠਾਂ ਦੱਬ ਦਿੱਤੀਆਂ ਗਈਆਂ ਸਨ।

6 ਇਹ ਵੀ ਸਿੱਧ ਹੈ ਕਿ ਹਿੰਦੂ ਉਸ ਵਿਵਾਦ ਵਾਲੀ ਥਾਂ ਨੂੰ ਰਾਮ ਜਨਮਭੂਮੀ ਮੰਨ ਕੇ ਉਥੇ ਸਦੀਆਂ ਤੋਂ ਪੂਜਾ ਕਰਦੇ ਆ ਰਹੇ ਹਨ ਅਤੇ ਉਨ੍ਹਾਂ ਲਈ ਇਹ ਜਗ੍ਹਾ ਪੂਜਣਯੋਗ ਅਤੇ ਤੀਰਥ ਸਥਾਨ ਦੇ ਬਰਾਬਰ ਹੈ।

ਚਰਚਾ 'ਚ

ਪੰਜਾਬ ਪਾਲ

# ਵੋ ਵਾਅਦੇ ਹੀ ਕਿਆ ਜੋ ਵਫ਼ਾ ਹੋ ਗਏ

## ਆਪਣੇ ਹੀ ਵਾਅਦਿਆਂ ਦੇ ਜਾਲ 'ਚ ਫਸੇ ਬਾਦਲ

### ਅਧਿਆਪਕਾਂ ਨਾਲ ਵਾਅਦਾ




ਦੇਸ਼ ਦੀਆਂ ਜ਼ਿਆਦਾਤਾਰ ਰਾਜਸੀ ਪਾਰਟੀਆਂ ਦੇ ਵਾਅਦੇ ਝੂਠੇ, ਖੋਖਲੇ ਤੇ ਨਿਰੇ ਲਾਰੇਤ ਹੁੰਦੇ ਹਨ। ਇਹ ਉਹ ਜਾਲ ਹੁੰਦੇ ਹਨ ਜਿਹੜੇ ਫ਼ਰੇਬੀ ਰਾਜਸੀ ਦਲਾਂ ਵਲੋਂ ਵੋਟਰ ਫਾਹੁਣ ਲਈ ਵਿਛਾਏ ਜਾਂਦੇ ਹਨ। ਕਈ ਵਾਰ ਚਤੁਰ ਸ਼ਿਕਾਰੀ ਖ਼ੁਦ ਵੀ ਆਪਣੇ ਵਿਛਾਏ ਜਾਲ ਵਿਚ ਫਸ ਜਾਂਦੇ ਹਨ। ਪਿਛਲਈਆਂ ਵਿਧਾਨ ਸਭਾ ਚੋਣਾਂ ਬਾਦਲਾਂ ਲਈ ਜਿਉਣ ਮਰਨ ਦਾ ਸਵਾਲ ਬਣੀਆਂ ਹੋਈਆਂ ਸਨ। ਉਨ੍ਹਾਂ ਦਾ ਰਾਜਸੀ ਕੈਰੀਅਰ ਦਾਅ 'ਤੇ ਲੱਗਾ ਹੋਇਆ ਸੀ। ਉਦੋਂ ਉਹ ਕਿਹੜਾ ਵਾਅਦਾ ਸੀ ਜਿਹੜਾ ਪਿਉ-ਪੁੱਤ ਜੋੜੀ ਨੇ ਪੰਜਾਬੀਆਂ ਨਾਲ ਨਾ ਕੀਤਾ ਹੋਵੇ। ਇਨ੍ਹਾਂ ਨੇ ਵਾਅਦਿਆਂ ਦਾ ਇਕ ਬਹੁਤ ਵਿਸ਼ਾਲ ਜਾਲ ਵਿਛਾਇਆ, ਜਿਸ ਵਿਚ ਚੋਣਾਂ ਸਮੇਂ ਵੋਟਰ ਫਸ ਗਏ ਸਨ ਤੇ ਹੁਣ ਖ਼ੁਦ ਬਾਦਲ ਫਸੇ ਹੋਏ ਪ੍ਰਤੀਤ ਹੋ ਰਹੇ ਹਨ। ਉਹ ਜਿਥੇ ਵੀ ਜਾਂਦੇ ਹਨ ਉਥੇ ਹੀ ਜ਼ਿਲ੍ਹਾ ਪ੍ਰੀਸ਼ਦਾਂ ਦੇ ਅਧਿਕਾਰ ਹੇਠਲੇ ਸਕੂਲਾਂ ਦੇ ਅਧਿਆਪਕ ਉਹ ਸੀ.ਡੀ. ਲੈ ਕੇ ਖੜੇ ਹੁੰਦੇ ਹਨ, ਜਿਸ ਵਿਚ ਬਾਦਲਾਂ ਦੇ ਉਸ ਵਾਅਦੇ ਦੀ ਵੀਡੀਓ ਰਿਕਾਰਡਿੰਗ ਹੈ, ਜਿਸ ਅਨੁਸਾਰ ਬਾਦਲਾਂ ਨੇ ਅਧਿਆਪਕਾਂ ਨੂੰ (ਧਰਨੇ 'ਤੇ ਬੈਠਿਆਂ ਨੂੰ) ਉਹ ਵਿਸ਼ਵਾਸ ਦੁਆਇਆ ਸੀ ਕਿ ਜ਼ਿਲ੍ਹਾ ਪ੍ਰੀਸ਼ਦਾਂ ਹੇਠਲੇ ਸਕੂਲਾਂ ਨੂੰ ਸਰਕਾਰੀ ਸਿੱਖਿਆ ਵਿਭਾਗ ਹੇਠ ਲਿਆਂਦਾ ਜਾਵੇਗਾ। ਬਾਦਲ ਲਗਾਤਾਰ ਇਸ ਵਾਅਦੇ ਤੋਂ ਭੱਜ ਰਹੇ ਹਨ ਜਦ ਕਿ ਅਧਿਆਪਕ ਬਾਦਲਾਂ ਦੇ ਝੂਠ ਨੂੰ ਅਕਾਲ ਤਖ਼ਤ ਸਾਹਮਣੇ ਬੇਪਰਦ ਕਰਨ 'ਤੇ ਤੁਲੇ ਹੋ ਗਏ ਹਨ। ਚੰਗੀ ਗੱਲ ਹੋਵੇਗੀ ਕਿ ਜੇਕਰ ਸਾਰੇ ਮਾਮਲੇ ਦਾ ਨਿਪਟਾਰਾ ਲੋਕ-ਤਖਤ ਉਤੇ ਹੀ ਹੋਵੇ।

### ਕਿਸਾਨਾਂ ਨਾਲ ਵਾਅਦਾ



ਬਾਦਲਾਂ ਨੇ ਆਪਣੇ ਮੈਨੀਫ਼ੈਸਟੋ ਵਿਚ ਕਿਸਾਨਾਂ ਨੂੰ ਬਿਜਲੀ ਪਾਣੀ ਮੁਫ਼ਤ ਵਿਚ ਦੇਣ ਦੀ ਸਹੂਲਤ ਜਾਰੀ ਰੱਖਣ ਦਾ ਵਾਅਦਾ ਕੀਤਾ ਹੋਇਆ ਹੈ। ਸੁਖਬੀਰ ਕਾਲੀਆ ਕਮੇਟੀ ਨੇ ਮੁਫ਼ਤ ਬਿਜਲੀ ਪਾਣੀ ਦੀ ਸਹੂਲਤ ਵਾਪਸ ਲੈਣ ਦੀ ਸਿਫ਼ਾਰਸ਼ ਕਰ ਦਿੱਤੀ ਤੇ ਸਿਫ਼ਾਰਸ਼ਾਂ ਨੂੰ ਅਮਲੀ ਰੂਪ ਦੇਣ ਲਈ ਪੰਜਾਬ ਸਰਕਾਰ ਨੇ ਇਹ ਸਹੂਲਤ ਵਾਪਸ ਲੈ ਵੀ ਲਈ। ਬਿਜਲੀ ਦੀਆਂ ਮੋਟਰਾਂ ਦੇ ਨਵੇਂ ਢੰਗ ਦੇ ਬਿੱਲ ਲਾਗੂ ਕਰ ਦਿੱਤੇ ਗਏ। ਕਿਸਾਨ ਜਥੇਬੰਦੀਆਂ ਇਸ ਨੂੰ ਵਾਅਦਾ ਖ਼ਿਲਾਫ਼ੀ ਕਹਿ ਰਹੀਆਂ ਹਨ ਤੇ ਬਿੱਲਾਂ ਦਾ ਵਿਰੋਧ ਜਾਰੀ ਹੈ। ਪਿਛਲੇ ਦਿਨੀਂ ਸਰਕਾਰ ਵਲੋਂ ਆਪਣੀ ਸਹਿਮਤੀ ਵਾਲੀ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨਾਲ ਮਿਲ ਕੇ ਇਕ ਚੰਗੀ ਨੌਟੰਕੀ ਰਚੀ ਗਈ ਹੈ। ਬਲਬੀਰ ਸਿੰਘ ਰਾਜੇਵਾਲ, ਜੋ ਕਿ ਅਸਲ ਵਿਚ ਇਕ ਆੜ੍ਹਤੀਆ ਹੈ, ਨੇ ਮਰਨ ਵਰਤ ਰੱਖਿਆ। ਵੱਡੇ ਬਾਦਲ ਨੇ ਦੋ ਤਿੰਨ ਦਿਨ ਮਗਰੋਂ ਆ ਕੇ ਰਾਜੇਵਾਲ ਨੂੰ ਜੂਸ ਪਿਲਾ ਕੇ ਐਲਾਨ ਕੀਤਾ ਕਿ ਕੇਂਦਰ ਵਲੋਂ ਮਿਲੇ ਅੱਠ ਸੌ ਕਰੋੜ ਰੁਪਏ (ਉਤਪਾਦਕ ਬੋਨਸ) ਤਾਂ ਕਿਸਾਨਾਂ ਨੂੰ ਨਹੀਂ ਵੰਡੇ ਜਾ ਸਕਦੇ ਪਰ ਤਿੰਨ ਸੌ ਕਰੋੜ ਰੁਪਏ ਸੂਬਾ ਸਰਕਾਰ ਵਲੋਂ ਕਿਸਾਨਾਂ 'ਚ ਵੰਡੇ ਜਾਣਗੇ। ਕੁੱਝ ਨਾਂ ਦੱਸਿਆ ਕਿ ਕਦੋਂ ਵੰਡੇ ਜਾਣਗੇ ਕਿਵੇਂ ਵੰਡੇ ਜਾਣਗੇ ਆਦਿ। ਬਸ ਕਿਸਾਨਾਂ ਵਿਚ ਰਾਜੇਵਾਲ ਦੇ ਖੁੱਸੇ ਵੱਕਾਰ ਨੂੰ ਬਹਾਲ ਕਰਨ ਲਈ (ਰਾਜੇਵਾਲ ਬਿਜਲੀ ਬੋਰਡ ਦੇ ਨਿੱਜੀਕਰਨ ਦਾ ਸਮਰਥਕ ਹੋਣ ਤੋਂ ਇਲਾਵਾ ਕਿਸਾਨਾਂ ਨੂੰ ਆੜ੍ਹਤੀਆਂ ਦੇ ਗਲਬੇ ਹੇਠ ਰੱਖਣ ਦਾ ਵੀ ਪੱਕਾ ਹਮਾਇਤੀ ਹੈ) ਇਹ ਸਾਰਾ ਨਾਟਕ ਸੂਬਾਈ ਰਾਜਧਾਨੀ 'ਚ ਰਚਿਆ ਗਿਆ।

ਇਸੇ ਦੌਰਾਨ ਕਿਸਾਨਾਂ ਮਜ਼ਦੂਰਾਂ ਦੀਆਂ ਸਤਾਰਾਂ ਜਥੇਬੰਦੀਆਂ ਨੇ ਬਾਦਲ ਰਾਜੇਵਾਲ ਸਮਝੌਤਾ ਰੱਦ ਕਰਦਿਆਂ ਕਿਹਾ ਹੈ ਕਿ ਬਾਦਲ ਮੈਨੀਫ਼ੈਸਟੋ 'ਚ ਕਿਸਾਨਾਂ ਨਾਲ ਕੀਤਾ ਆਪਣਾ ਵਾਅਦਾ ਪੂਰਾ ਕਰਨ।

### ਮੈਟਰੋ ਦਾ ਵਾਅਦਾ

ਲੁਧਿਆਣਾ ਵਾਸੀਆਂ ਨਾਲ ਮੈਟਰੋ ਦਾ ਵਆਦਾ ਛੋਟੇ ਬਾਦਲ ਨੇ ਕੀਤਾ ਸੀ, ਵਰਚਾਉਣ ਲਈ ਨਹੀਂ ਸਗੋਂ ਵਰਗਲਾਉਣ ਲਈ। ਲੁਧਿਆਣਾ ਇਸ ਵਾਅਦੇ ਦੀ ਅਜਿਹੀ ਗ੍ਰਿਫ਼ਤ ਵਿਚ ਆਇਆ ਕਿ ਇਸ ਜ਼ਿਲ੍ਹੇ ਦੀਆਂ ਸਾਰੀਆਂ ਸ਼ਹਿਰੀ ਸੀਟਾਂ 'ਤੇ ਹੂੰਝਾ ਫੇਰ ਗਿਆ। ਬਾਦਲਾਂ ਦੀ ਸਰਕਾਰ ਆਪਣੇ ਕਾਰਜਕਾਲ ਦੀ ਸਮਾਪਤੀ ਤੋਂ ਕੇਵਲ ਇਕ ਸਾਲ ਪਿੱਛੇ ਹੈ ਤੇ ਮੈਟਰੋ ਲਈ ਸਿਵਾ ਵਾਅਦੇ ਤੋਂ ਹੋਰ ਕੁੱਝ ਵੀ ਨਹੀਂ ਹੋਇਆ। ਦੂਜੇ ਪਾਸੇ ਪੰਜਾਬ ਦੀ ਸਨਅਤੀ ਰਾਜਧਾਨੀ ਅਖਵਾਉਂਦੇ ਇਸ ਸ਼ਹਿਰ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਲਗਾਤਾਰ ਵਧ ਰਹੇ ਆਬਾਦੀ ਦੇ ਬੋਝ ਦੇ ਅਨੁਕੂਲ ਸ਼ਹਿਰ ਲਈ ਯੋਜਨਾਵਾਂ ਨਹੀਂ ਹਨ, ਭੀੜ ਭੜੱਕੇ ਤੇ ਪ੍ਰਦੂਸ਼ਣ ਵਿਚ ਬੇਤਹਾਸਾ ਵਾਧਾ ਹੋ ਗਿਆ ਹੈ। ਸ਼ਹਿਰ ਦੇ ਅੰਦਰੂਨੀ ਹਿੱਸਿਆਂ ਅੰਦਰ ਖੱਡਾਨੁਮਾ ਸੜਕਾਂ ਹਨ। ਸੀਵਰੇਜ ਦਾ ਹਾਲ ਵੀ ਇਹੋ ਜਿਹਾ ਹੀ ਹੈ। ਗ਼ਰੀਬਾਂ ਦੀਆਂ ਬਸਤੀਆਂ ਦੀ ਹਾਲਤ ਬੇਹੱਦ ਤਰਸਯੋਗ ਹੈ। ਲੋਕ ਗੰਦਗੀ ਦੇ ਢੇਰਾਂ 'ਤੇ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਆਮ ਲੋਕ ਤਾਂ ਮੈਟਰੋ ਨੂੰ ਭੁਲ ਭੁਲਾ ਗਏ ਹੋਣਗੇ। ਸਿਆਸੀ ਪੱਖੋਂ ਸਜੱਗ ਲੋਕਾਂ ਦੀਆਂ ਸਫ਼ਾਂ 'ਚੋਂ ਕਦੇ ਕਦਾਈਂ ਇਹ ਆਵਾਜ਼ ਸੁਣਾਈ ਦੇ ਹੀ ਜਾਂਦੀ ਹੈ, 'ਕਿੱਥੇ ਗਿਆ ਛੋਟੇ ਬਾਦਲ ਦਾ ਮੈਟਰੋ ਵਾਅਦਾ।'

### ਸਿਆਸੀ ਚੁਸਤੀ ਤੇ ਦਫ਼ਤਰੀ ਫੁਰਤੀ



ਬਲਬੀਰ ਸਿੰਘ ਰਾਜੇਵਾਲ ਦਾ 'ਮਰਨ ਵਰਤ' ਤੜਵਾਉਣ ਸਮੇਂ ਪ੍ਰਕਾਸ਼ ਸਿੰਘ ਬਾਦਲ ਨੇ ਸਿਆਸੀ ਚੁਸਤੀ ਦਿਖਾਉਂਦਿਆਂ ਕਿਹਾ ਕਿ ਕੇਂਦਰ ਸਰਕਾਰ ਉਨ੍ਹਾਂ ਨੂੰ ਕੇਂਦਰ ਵਲੋਂ ਕਿਸਾਨਾਂ ਲਈ ਜਾਰੀ ਅੱਠ ਸੌ ਕਰੋੜ ਦੀ ਰਾਸ਼ੀ ਵੰਡਣ ਦੀ ਆਗਿਆ ਨਹੀਂ ਦਿੰਦੀ, ਇਸ ਲਈ.. ..।' ਦੂਜੇ ਪਾਸੇ ਲੁਧਿਆਣਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਚ 'ਇੰਦਰਾ ਆਵਾਸ ਯੋਜਨਾ' 'ਤੇ 'ਪੂਰਨ ਸਾਖਰਤਾ ਮਿਸ਼ਨ' ਲਈ ਕੇਂਦਰ ਤੋਂ ਪ੍ਰਾਪਤ ਹੋਈ ਰਾਸ਼ੀ ਨੂੰ ਉਡਾਉਣ ਲਈ ਸਬੰਧਤ ਦਫ਼ਤਰ ਦੇ ਅਮਲੇ ਨੂੰ ਕਿਸੇ ਸਰਕਾਰ ਦੀ ਆਗਿਆ ਦੀ ਲੋੜ ਨਹੀਂ ਪਈ। ਸਰਕਾਰੀ ਬੈਂਕ ਖ਼ਾਤਿਆਂ 'ਚ ਪਈ ਇਸ ਰਕਮ ਵਿਚੋਂ ਲਗਭਗ ਇਕ ਕਰੋੜ ਤੋਂ ਵੱਧ ਰੁਪਏ ਜਾਅਲੀ ਦਸਤਾਵੇਜ਼ਾਂ ਤੇ ਦਸਤਖ਼ਤਾਂ ਨਾਲ ਹੀ ਕਢਵਾ ਲਏ ਗਏ। ਇਸ ਗ਼ਬਨ ਦੀ ਜ਼ੁੰਮੇਵਾਰੀ ਵਿਭਾਗ ਦੇ ਇਕ ਕੱਚੇ ਕਰਮਚਾਰੀ ਲਛਮਣ ਸਿੰਘ ਉਪਰ ਪਾਈ ਜਾ ਰਹੀ ਹੈ ਤੇ ਇਸ ਦੇ ਨਾਲ ਇਸੇ ਦਫ਼ਤਰ ਦੇ ਇਕ ਸਹਾਇਕ ਨੂੰ ਰੱਖਿਆ ਜਾ ਰਿਹਾ ਹੈ ਪਰ ਮੰਨਣ ਵਿਚ ਨਹੀਂ ਆ ਰਿਹਾ ਕਿ ਏਨੀ ਵੱਡੀ ਰਕਮ ਏਨੇ ਛੋਟੇ ਪੱਧਰ 'ਤੇ ਹੜੱਪ ਲਈ ਗਈ ਹੋਵੇਗੀ। ਗ਼ਬਨ ਦੀ ਪੜਤਾਲ ਚੱਲ ਰਹੀ ਹੈ। ਫਿਲਹਾਲ, ਬਾਦਲ ਸਾਹਿਬ ਦੀ ਸਿਆਸੀ ਚੁਸਤੀ ਦੀ ਬਰਾਬਰੀ ਡੀ.ਸੀ. ਦਫ਼ਤਰ ਦੀ ਉਕਤ ਫ਼ੁਰਤੀ ਨੇ ਵੀ ਕਰ ਲਈ ਜਾਪਦੀ ਹੈ।

### ਪੰਜਾਬੀ ਭਵਨ ਕਿ ਖਰੜਾ ਬੁਕਿੰਗ ਕੇਂਦਰ

ਪੰਜਾਬੀ ਭਵਨ ਲੁਧਿਆਣਾ ਪੰਜਾਬੀ ਲੇਖਕਾਂ ਦੀਆਂ ਦੋ ਸਿਰਮੌਰ ਜਥੇਬੰਦੀਆਂ ਵਿਚੋਂ ਇਕ 'ਪੰਜਾਬੀ ਸਾਹਿਤ ਅਕਾਦਮੀ' ਦੇ ਪ੍ਰਬੰਧ ਅਧੀਨ ਹੈ। ਇਸ ਨੂੰ ਸੱਭਿਆਚਾਰਕ ਸਰਗਰਮੀਆਂ ਲਈ ਤਾਂ ਜਾਣਿਆ ਹੀ ਜਾਂਦਾ ਹੈ ਨਾਲ ਹੀ ਇਥੇ ਉਤਸ਼ਾਹਜਨਕ ਸਿਰਜਣਾਤਮਿਕ ਮਾਹੌਲ ਉਸਾਰਨ ਖ਼ਾਤਰ ਡਾ. ਪ੍ਰਿੰ. ਪ੍ਰੇਮ ਸਿੰਘ ਨੇ ਇਕ ਬਹੁਤ ਵੱਡੀ ਲਾਇਬਰੇਰੀ ਦੀ ਸਥਾਪਨਾ ਵੀ ਆਪਣੇ ਨਿੱਜੀ ਯਾਤਨਾਂ ਨਾਲ ਕਰ ਵਿਖਾਈ ਹੈ। ਪੰਜਾਬੀ ਸਾਹਿਤ ਅਕਾਦਮੀ ਦਾ ਆਪਣਾ ਇਕ ਸ਼ਾਨਦਾਰ ਇਤਿਹਾਸ ਹੈ ਤੇ ਇਸ ਨਾਲ ਪੰਜਾਬੀ ਸਾਹਿਤ ਦੀਆਂ ਨਾਮਵਰ ਸ਼ਖ਼ਸੀਅਤਾਂ ਜੁੜੀਆਂ ਰਹੀਆਂ ਹਨ। ਪਰ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਸਾਹਿਤ ਅਕਾਦਮੀ ਦੇ ਇਸ ਪੰਜਾਬੀ ਭਵਨ ਵਿਚਲੀਆਂ ਸਰਗਰਮੀਆਂ ਦੀ ਇਕਸੁਰਤਾ ਕੁਝ ਭੰਗ ਹੋਈ ਪ੍ਰਤੀਤ ਹੋ ਰਹੀ ਹੈ। ਇਕ ਪਾਸੇ ਤਾਂ ਇਸ ਸੰਸਥਾ ਦੀ ਉਸਾਰੀ ਕਰਨ ਲਈ ਵੱਡੀਆਂ ਸਾਹਿਤਕ ਸ਼ਖ਼ਸੀਅਤਾਂ ਨੇ ਅਣਥੱਕ ਯਤਨ ਕੀਤੇ ਹਨ, ਵਿਦੇਸ਼ਾਂ 'ਚ ਜਾ ਕੇ ਇਸ ਦੇ ਅਹੁਦੇਦਾਰਾਂ ਨੇ 20-20 ਡਾਲਰ ਸੰਸਥਾ ਦੀ ਉਸਾਰੀ ਖ਼ਾਤਰ ਫ਼ੰਡ ਦੇ ਰੂਪ 'ਚ ਇਕੱਤਰ ਕੀਤੇ ਹਨ। ਦੂਜੇ ਪਾਸੇ ਇਸੇ ਸੰਸਥਾ ਦੀ ਇਮਾਰਤ (ਪੰਜਾਬੀ ਭਵਨ) ਵਿਚ ਪੰਜਾਬੀ ਪ੍ਰਕਾਸ਼ਕਾਂ (ਕੁਝ) ਨੇ ਆਪਣੇ ਵਪਾਰਕ ਕੇਂਦਰ ਕਾਇਮ ਕਰ ਕੇ ਲੱਖਾਂ ਰੁਪਏ ਦੇ ਕਾਰੋਬਾਰ ਚਲਾ ਰੱਖੇ ਹਨ। ਇਹ ਪ੍ਰਕਾਸ਼ਕ ਆਏ ਦਿਨ ਪੈਸੇ ਦੇ ਕੇ ਪੁਸਤਕਾਂ ਛਪਵਾਉਣ ਵਾਲੇ ਦੇਸੀ ਵਿਦੇਸੀ ਲੇਖਕਾਂ ਨੂੰ ਉਡੀਕਦੇ ਰਹਿੰਦੇ ਹਨ ਤੇ ਮੋਟੇ ਮੁਨਾਫ਼ੇ ਲੈ ਕੇ ਕਿਤਾਬਾਂ ਛਾਪ ਰਹੇ ਹਨ। ਇਨ੍ਹਾਂ ਦੁਕਾਨਦਾਰਾਂ 'ਚੋਂ ਇਕ ਨੇ ਪੰਜਾਬੀ ਭਵਨ ਦਾ ਸੱਭ ਤੋਂ ਵਧੀਆ ਸਥਾਨ 'ਕਮੇਟੀ ਰੂਮ' ਮੱਲ ਰੱਖਿਆ ਹੈ। ਇਸ ਕਮਰੇ ਵਿਚ ਕਦੇ ਪੰਜਾਬੀ ਦੇ ਸਤਿਕਾਰਯੋਗ ਲੇਖਕਾਂ ਦੇ ਪੋਰਟਰੇਟ ਸੁਸ਼ੋਭਿਤ ਸਨ। ਪੰਜਬੀ ਭਵਨ ਦੀ ਅਜਹੀ ਤੌਹੀਨ ਇਕ ਲੇਖਕ ਤੋਂ ਜਰ ਨਾ ਹੋਈ। ਉਹ ਰੁਕ ਰੁਕ ਕਹਿਣ ਲੱਗਾ, 'ਯਾਰੋ, ਇਹ ਪੰਜਾਬੀ ਭਵਨ ਹੈ ਕਿ ਖਰੜਾ-ਬੁਕਿੰਗ ਕੇਂਦਰ।'

### ਛੇਕੜਲੀ ਗੱਲ

ਪੀ.ਟੀ.ਸੀ. ਨਿਊਜ਼ ਚੈਨਲ 'ਤੇ ਪੈਨਲ 'ਤੇ ਜ਼ਿਲ੍ਹਾ ਪ੍ਰੀਸ਼ਦ ਅਧੀਨ ਸਕੂਲਾਂ ਦੇ ਅੰਦੋਲਨਕਾਰੀ ਅਧਿਆਪਕਾਂ ਦਾ ਆਗੂ ਜਸਵਿੰਦਰ ਸਿੰਘ ਵੀ ਸ਼ਾਮਲ ਸੀ। ਐਂਕਰ ਨੇ ਜਸਵਿੰਦਰ ਸਿੰਘ ਨੂੰ ਕੋਈ ਸਵਾਲ ਪੁੱਛਿਆ, ਜਸਵਿੰਦਰ ਸਿੰਘ ਨੇ ਜਵਾਬ ਵਿਚ ਕਿਹਾ ਕਿ ਸਾਨੂੰ ਤਾਂ ਸੱਭ ਤੋਂ ਵੱਡਾ ਰੋਸ ਬਾਦਲ ਸਾਹਿਬ ਨਾਲ ਇਹ ਹੈ ਕਿ ਜੇਕਰ ਪੂਰਾ ਨਹੀਂ ਸੀ ਕਰਨਾ ਤਾਂ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੇ ਸਾਡੇ ਨਾਲ ਜ਼ਿਲ੍ਹਾ ਪ੍ਰੀਸ਼ਦਾਂ ਹੇਠਲੇ ਸਕੂਲਾਂ ਨੂੰ ਸਿੱਖਿਆ ਵਿਭਾਗ ਅਧੀਨ ਕਰਨ ਦਾ ਵਾਅਦਾ ਹੀ ਕਿਉਂ ਕਰਨਾ ਸੀ? ਪੈਨਲ ਵਿਚੋਂ ਇਕ ਬਾਦਲ ਪੱਖੀ ਭੁੜਕ ਕੇ ਬੋਲਿਆ, 'ਕਿਉਂ ! ਬਾਦਲ ਸਾਹਿਬ ਨੇ ਕੋਈ ਹੋਰ ਕੰਮ ਨਹੀਂ ਕਰਨੇ?' ਇਹ ਹੋਰ ਕੰਮ ਭਲਾ ਕਿਹੜੇ ਹੋਏ। ਪਾਠਕਾਂ ਵਿਚੋਂ ਜੇ ਕਿਸੇ ਦੀ ਸਮਝ ਵਿਚ ਇਹ 'ਹੋਰ ਕੰਮ' ਆ ਜਾਣ ਜਾਂ ਆ ਗਏ ਹੋਣ ਤਾਂ ਨਵੀਂ ਦੁਨੀਆ ਨਾਲ ਜ਼ਰੂਰ ਸਾਂਝੇ ਕਰਨ।

# ਪੰਜਾਬ 'ਚ ਸਭ ਤੋਂ ਵੱਧ ਖ਼ੁਦਕੁਸ਼ੀ ਕਰਦੇ ਨੇ ਕਿਸਾਨ

ਸ਼ਿਮਲਾ (ਨ.ਦ.ਬ) 'ਕਿਸਾਨ ਖੁਦਕੁਸ਼ੀ' ਦਾ ਨਾਂ ਆਉਂਦਿਆਂ ਹੀ ਦਿਮਾਗ ਵਿਚ ਮਹਾਰਾਸ਼ਟਰ ਦੇ ਵਿਧਰਭ ਜਾਂ ਯੂ.ਪੀ. ਦੇ ਬੁੰਦੇਲਖੰਡ ਦਾ ਖਿਆਲ ਆਉਂਦਾ ਹੈ। ਪਰ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਸਰਵੇਖਣ ਅਨੁਸਾਰ ਦੇਸ਼ ਵਿਚ ਖੇਤੀ ਪ੍ਰਧਾਨ 'ਖੁਸ਼ਹਾਲ' ਪੰਜਾਬ ਵਿਚ ਸਭ ਤੋਂ ਵਧ ਕਿਸਾਨ ਖੁਦਕੁਸ਼ੀ ਕਰਦੇ ਹਨ। ਸ਼ਿਮਲੇ ਦੇ ਇੰਸਟੀਚਿਊਟ ਆਫ ਐਡਵਾਂਸਡ ਸਟਡੀਜ਼ ਵਿਚ 'ਪੰਜਾਬ ਅਤੇ ਹਰਿਆਣਾ ਵਿਚ ਆਧੁਨਿਕਤਾ ਅਤੇ ਸਾਮਜਕ ਢਾਂਚੇ ਵਿਚ ਬਦਲਾਅ' ਵਿਸ਼ੇ 'ਤੇ ਪੇਸ਼ ਕੀਤੇ ਗਏ ਅਧਿਐਨ ਮੁਤਾਬਕ ਦੇਸ਼ ਵਿਚ ਪੰਜਾਬ ਦੇ ਕਿਸਾਨਾਂ ਦੀ ਖੁਦਕੁਸ਼ੀ ਦੀ ਦਰ ਸਭ ਤੋਂ ਜ਼ਿਆਦਾ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ ਦੇਸ਼ ਵਿਚ 1997 ਤੋਂ ਲੈ ਕੇ 2008 ਤੱਕ ਹਰ ਸਾਲ ਔਸਤਨ 15 ਫੀਸਦੀ ਕਿਸਾਨਾਂ ਨੇ ਖੁਦਕੁਸ਼ੀ ਕੀਤੀ। ਇਨ੍ਹਾਂ ਵਿਚ ਸਭ ਤੋਂ ਜ਼ਿਆਦਾ ਕਿਸਾਨ ਪੰਜਾਬ ਨਾਲ ਸਬੰਧਤ ਸਨ। ਸੀਨੀਅਰ ਅਰਥ ਸਾਸ਼ਤਰੀ ਡਾ. ਸੁੱਖਪਾਲ ਨੇ ਕਿਹਾ ਕਿ ਪੰਜਾਬ ਵਿਚ ਕਿਸਾਨਾਂ ਦੀ ਸਥਿਤੀ ਏਨੀ ਭਿਆਨਕ ਹੈ ਕਿ ਨੌ ਸਾਲ ਦੇ ਅੰਦਰ ਅੰਦਰ ਸਿਰਫ ਦੋ ਜ਼ਿਲਿਆਂ ਬਠਿੰਡਾ ਅਤੇ ਸੰਗਰੂਰ ਦੇ 873 ਪਿੰਡਾਂ ਵਿਚ 1757 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ।

### ਕਰਜ਼ ਮੁਆਫੀ ਯੋਜਨਾ ਫਲਾਪ

ਕੇਂਦਰ ਸਰਕਾਰ ਨੇ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਜੋ ਦੋ ਲੱਖ ਰੁਪਏ ਦੀ ਰਾਹਤ ਰਾਸ਼ੀ ਦੇਣ ਦਾ ਐਲਾਨ ਕੀਤਾ ਸੀ, ਉਸ ਨੂੰ ਹਾਲੇ ਤੱਕ ਅਮਲੀ ਜਾਮਾ ਨਹੀਂ ਪਾਇਆ ਗਿਆ ਹੈ। ਕਿਸਾਨਾਂ ਦੀ ਹਾਲਤ ਸੁਧਾਰਨ ਵਿਚ ਸਰਕਾਰਾਂ ਪੂਰੀ ਤਰ੍ਹਾਂ ਨਾਕਾਮ ਸਿੱਧ ਹੋ ਰਹੀਆਂ ਹਨ। ਕੇਂਦਰ ਸਰਕਾਰ ਨੇ ਕਰਜ਼ਾ ਮੁਆਫ ਕਰ ਕੇ ਕਿਸਾਨਾਂ ਦੀ ਸਮੱਸਿਆ ਹੱਲ ਕਰਨ ਦੇ ਨਾਂ 'ਤੇ ਲੀਪਾਪੋਤੀ ਕਰ ਦਿੱਤੀ ਹੈ। ਸੈਮੀਨਾਰ ਵਿਚ ਇੰਸਟੀਚਿਊਟ ਆਫ ਐਡਵਾਂਸਡ ਸਟਡੀਜ਼ ਦੇ ਨਿਦੇਸ਼ਕ ਰੋਨਾਲਡ ਪੀਟਰ ਡਿਸੂਜਾ, ਪੀ.ਯੂ. ਦੇ ਜੇ.ਐਸ. ਗਰੇਵਾਲ ਅਤੇ ਹਰਿੰਦਰ ਕੌਲ ਸ਼ਾਮਲ ਸਨ। ਕੋਆਪਰੇਟਿਵ ਫਾਰਮਿੰਗ ਫੇਲ੍ਹ ਅਰਥ ਸਾਸ਼ਤਰੀਆਂ ਦਾ ਕਹਿਣਾ ਹੈ ਕਿ ਸਰਕਾਰ ਕਿਸਾਨਾਂ ਲਈ ਕੋ-ਆਪਰੇਟਿਵ ਅਤੇ ਸਮਾਲ ਫਾਰਮਿੰਗ ਦੀ ਨੀਤੀ ਨਹੀਂ ਅਪਣਾ ਰਹੀ ਹੈ ਜਿਸ ਕਾਰਨ ਇਹ ਮਾਮਲਾ ਹੋਰ ਵਧੇਰੇ ਵਧ ਰਿਹਾ ਹੈ। ਦੂਸਰੇ ਪਾਸੇ ਕਿਸਾਨਾਂ ਦੇ ਨਾਲ ਪੰਜਾਬ ਵਿਚ ਮਜ਼ਦੂਰਾਂ ਦੀ ਖੁਦਕੁਸ਼ੀ ਦੀ ਸਮਸਿਆ ਵੀ ਵਿਸ਼ਾਲ ਰੂਪ ਲੈਂਦੀ ਜਾ ਰਹੀ ਹੈ। 1997 ਤੋਂ ਬਾਅਦ ਹੁਣ ਤੱਕ 1133 ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ। ਉਦਯੋਗਿਕ ਧੰਦਿਆਂ ਅਤੇ ਰੁਜ਼ਗਾਰ ਦੀ ਕਮੀ ਦੇ ਚਲਦਿਆਂ ਮਜ਼ਦੂਰ ਖੁਦਕੁਸ਼ੀ ਕਰਨ ਲਈ ਮਜਬੂਰ ਹਨ। ਸਰਕਾਰ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੀ।

# ਹੜ੍ਹ ਤੇ ਰਾਜਨੀਤੀ



ਹੜ੍ਹ ਆਵਣ ਜਾਂ ਸੋਕੇ ਪੈਵਣ,
ਨੇਤਾ ਮਿਲ ਜੁਲ ਖ਼ੁਸ਼ੀ ਮਨਾਵਣ
ਉਡਣ ਖਟੋਲਿਆਂ ਵਿਚ ਬੈਠ ਕੇ
ਆਉਟਿੰਗ 'ਤੇ ਪਏ ਜਾਵਣ
ਕਿਚਨਾਂ ਤੇ ਚਿਕਨਾਂ 'ਚ ਨੇਤਾ
ਫ਼ਰਕ ਨਾ ਮੂਲ ਦਰਸਾਵਣ
ਲੋਕਾਂ ਸਾਹਵੇਂ ਸੱਚੇ ਬਣਦੇ
ਮਗਰਮੱਛ ਦੇ ਹੰਝੂ ਵਹਾਵਣ
ਫ਼ਾਈਲਾਂ 'ਚ ਸੜਕਾਂ
ਫ਼ਾਈਲਾਂ ਵਿਚ ਹੀ ਬੰਨ੍ਹ ਉਸਰਾਵਣ
ਬਿਨਾਂ ਨੋਟ ਦੇ ਨੋਟ ਨਾ ਲਗੇ
ਪੀ.ਏ. ਨੂੰ ਨੇਤਾ ਜੀ ਸਮਝਾਵਣ
ਆਪੀਂ ਮਾਰਣ, ਆਪ ਜਿਵਾਲਣ
ਕਰਤਵ ਖੇਲ ਦਿਖਾਵਣ
ਹੜ੍ਹ ਸੋਕੇ ਦੇ ਬਜਟਾਂ ਤਾਈਂ
ਚੱਟੀ ਜਾਵਣ
ਚੱਟੀ ਜਾਵਣ।

ਧਨਵੰਤਰੀ

ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

ਸੰਪਾਦਕੀ

# ਰਾਹੁਲ ਗਾਂਧੀ, ਆਰ.ਐਸ.ਐਸ. ਤੇ ਭਾਜਪਾ

ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਅਤੇ ਭਾਰਤੀ ਜਨਤਾ ਪਾਰਟੀ ਰਾਹੁਲ ਗਾਂਧੀ ਉਪਰ ਬੁਰੀ ਤਰ੍ਹਾਂ ਭੜਕ ਪਈਆਂ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਅਤੇ ਮੈਂਬਰ ਪਾਰਲੀਮੈਂਟ ਰਾਹੁਲ ਗਾਂਧੀ ਨੇ ਉਨ੍ਹਾਂ ਉਪਰ ਸਿਆਸੀ ਬੰਬ ਸੁੱਟ ਦਿੱਤਾ ਹੈ। ਇਹ ਰਾਹੁਲ ਗਾਂਧੀ ਨੂੰ ਨਿਆਣਾ ਕਹਿਣ ਤੱਕ ਚਲੀਆਂ ਗਈਆਂ ਹਨ। ਹੋਇਆ ਕੀ ਹੈ?

ਹੋਇਆ ਇਹ ਹੈ ਕਿ ਰਾਹੁਲ ਗਾਂਧੀ ਨੇ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਨੂੰ ਇਕੋ ਤਕੜੀ ਵਿਚ ਤੋਲ ਦਿੱਤਾ ਹੈ। ਕਿਹਾ ਰਾਹੁਲ ਗਾਂਧੀ ਨੇ ਇਹੀ ਹੈ ਕਿ ਸਿਮੀ ਅਤੇ ਆਰ.ਐਸ.ਐਸ. ਵਿਚ ਕੋਈ ਫਰਕ ਨਹੀਂ ਹੈ ਤੇ ਇਨ੍ਹਾਂ ਦੋਵਾਂ ਦੀ ਕੱਟੜਵਾਦੀ ਅਤੇ ਵੱਖਵਾਦੀ ਸਿਆਸਤ ਮੁਲਕ ਲਈ ਗੰਭੀਰ ਖ਼ਤਰਾ ਹੈ। ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਪਾਰਟੀ ਕਾਂਗਰਸ ਦੀ ਸਿਆਸਤ ਨਾਲ ਕਿਸੇ ਵੀ ਤਰ੍ਹਾਂ ਦੀ ਸਾਂਝ ਨਾ ਹੋਣ ਦੇ ਬਾਵਜੂਦ ਭਾਰਤ ਦੀਆਂ ਲੋਕ-ਪੱਖੀ ਅਤੇ ਧਰਮ ਨਿਰਪੱਖ ਧਿਰਾਂ ਦੀ ਸਮਝ ਵੀ ਲਗਪਗ ਇਹੀ ਹੈ ਕਿ ਆਰ.ਐਸ.ਐਸ. ਦੀ ਸਿਆਸਤ ਭਾਰਤ ਵਰਗੇ ਬਹੁ-ਧਰਮੀ, ਬਹੁ-ਜਾਤੀ ਅਤੇ ਬਹੁ-ਸਭਿਆਚਾਰਕ ਮੁਲਕ ਲਈ ਲਗਾਤਾਰ ਨਵੇਂ ਤੋਂ ਨਵੇਂ ਖ਼ਤਰੇ ਪੈਦਾ ਕਰਨ ਵਾਲੀ ਹੈ। ਉਂਝ ਰਾਹੁਲ ਗਾਂਧੀ ਨੇ ਕੋਈ ਨਵੀਂ ਗੱਲ ਨਹੀਂ ਕਹੀ, ਇਸ ਤੋਂ ਪਹਿਲਾਂ ਕਈ ਕਾਂਗਰਸੀ ਆਗੂ ਅਤੇ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਅਤੇ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਵੀ ਇਹੀ ਗੱਲ ਕਹਿ ਚੁੱਕੇ ਹਨ। ਮੁਲ-ਾਇਮ ਸਿੰਘ ਯਾਦਵ ਤਾਂ ਇਹ ਵੀ ਕਹਿ ਚੁੱਕੇ ਹਨ ਕਿ ਜੇਕਰ ਆਰ.ਐਸ.ਐਸ. 'ਤੇ ਪਾਬੰਦੀ ਨਹੀਂ ਲਾਉਣੀ ਤਾਂ ਫਿਰ ਸਿਮੀ ਤੋਂ ਵੀ ਪਾਬੰਦੀ ਚੁੱਕ ਲਈ ਜਾਵੇ। ਹੁਣ ਰਾਹੁਲ ਗਾਂਧੀ ਦਾ ਬਿਆਨ ਕਿਉਂਕਿ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੇ ਅੱਜ ਕੱਲ ਉਤੱਰ ਰਹੇ ਪਾਣੀ ਨੂੰ ਹੋਰ ਉਤਾਰ ਦੇਣ ਵਾਲਾ ਹੈ, ਇਸੇ ਲਈ ਇਹ ਰਾਹੁਲ ਗਾਂਧੀ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਇਹ ਇਨ੍ਹਾਂ ਦੀ ਸਿਆਸੀ ਮਜਬੂਰੀ ਵੀ ਹੈ। ਮੌਜੂਦਾ ਭਾਰਤੀ ਸਿਆਸੀ ਦ੍ਰਿਸ਼ ਵਿਚ ਕਿਉਂਕਿ ਆਰ.ਐਸ.ਐਸ. ਦੀ ਸਿਆਸਤ ਦੀ ਦਾਲ ਗੱਲਦੀ ਨਜ਼ਰ ਨਹੀਂ ਆ ਰਹੀ ਹੈ, ਇਸੇ ਲਈ ਉਨ੍ਹਾਂ ਨੂੰ ਕੋਈ ਨੁੰਮਣਾ ਵੀ ਚਾਹੀਦਾ ਹੈ। ਪਰ ਰਾਹੁਲ ਗਾਂਧੀ ਨੂੰ ਨਿਸ਼ਾਨਾ ਬਣਾ ਕੇ ਹੀ ਉਨ੍ਹਾਂ ਦੀ ਡਾਵਾਂਡੋਲ ਸਿਆਸੀ ਕਿਸ਼ਤੀ ਪਾਰ ਲੱਗ ਜਾਵੇਗੀ, ਇਹ ਸੰਭਵ ਹੀ ਨਹੀਂ ਹੈ। ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿਚ ਭਾਰਤੀ ਅਵਾਮ ਪਹਿਲਾਂ ਹੀ ਇਨ੍ਹਾਂ ਦੀਆਂ ਨੀਤੀਆਂ ਨੂੰ ਰੱਦ ਕਰ ਚੁੱਕਾ ਹੈ। ਅਯੁੱਧਿਆ ਦੇ ਮੰਦਰ-ਮਸਜਿਦ ਵਿਵਾਦ ਬਾਰੇ ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਦੇ ਆਏ ਫੈਸਲੇ ਤੋਂ ਬਾਅਦ ਦੇਸ਼ ਭਰ ਵਿਚ ਫਿਰਕਾਪ੍ਰਸਤ ਰਾਜਨੀਤੀ ਦੀ ਸਾਧਾਰਨ ਜਿਹੀ ਚੂੰ-ਚਾਂ ਦਾ ਨਾ ਹੋਣਾ ਵੀ ਇਹੀ ਸਾਬਤ ਕਰਦਾ ਹੈ ਕਿ ਭਾਰਤੀ ਅਵਾਮ ਹੁਣ ਅਮਨ-ਅਮਾਨ ਨਾਲ ਜੀਉਣਾ ਲੋਚਦਾ ਹੈ। ਪਰ ਜਿਨ੍ਹਾਂ ਦੀਆਂ ਦੁਕਾਨਦਾਰੀਆਂ ਹੀ ਧਾਰਮਕ ਜਨੂੰਨ ਦੇ ਸਿਰ 'ਤੇ ਚੱਲਦੀਆਂ ਰਹੀਆਂ ਹਨ, ਉਹ ਕਿਵੇਂ ਟਲ ਸਕਦੇ ਹਨ। ਇਸੇ ਲਈ ਸ਼ਿਵ ਸੈਨਾ ਅਤੇ ਰਾਜ ਠਾਕਰੇ ਦੀ ਮਹਾਂ ਰਾਸ਼ਟਰ ਨਵ-ਨਿਰਮਾਣ ਸੈਨਾ ਅੱਜ ਕੱਲ ਟੀ.ਵੀ. ਰਿਆਲਟੀ ਸ਼ੋਅ 'ਬਿਗ ਬੌਸ' ਵਿਚ ਆਏ ਦੋ ਪਾਕਿਸਤਾਨੀ ਕਲਾਕਾਰਾਂ ਨੂੰ 'ਵਾਪਸ ਭੇਜੋ' ਦੇ ਨਾਅਰੇ ਲਾਉਣ ਤੱਕ ਚਲੇ ਗਏ ਹਨ। ਧਰਮ ਅਤੇ ਖੇਤਰਵਾਦ ਦੇ ਨਾਂਅ 'ਤੇ ਹੁਣ ਤੱਕ ਹਜ਼ਾਰਾਂ ਲੋਕਾਂ ਦੀ ਜਾਨ ਨਾਲ ਖੇਡਣ ਵਾਲੇ ਇਸ ਤਰ੍ਹਾਂ ਦੇ ਲੋਕਾਂ ਨੂੰ ਜੇਕਰ ਕੋਈ 'ਸਿਮੀ' ਵਰਗੀ ਜਥੇਬੰਦੀ ਨਾਲ ਤੁਲਨਾਉਣ ਤੱਕ ਚਲਾ ਜਾਂਦਾ ਹੈ ਤਾਂ ਗਲਤ ਵੀ ਕੀ ਹੈ?

ਪਰ ਇਕ ਸਵਾਲ ਤਾਂ ਰਾਹੁਲ ਗਾਂਧੀ ਨੂੰ ਵੀ ਪੁੱਛਣਾ ਬਣਦਾ ਹੈ। ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ ਯਾਨੀ ਸਿਮੀ 'ਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਹੀ ਪਹਿਲਾਂ ਪਾਬੰਦੀ ਲਾਈ ਸੀ ਤੇ ਫੇਰ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਇਸ ਪਾਬੰਦੀ ਨੂੰ ਲਗਾਤਾਰ ਜਾਰੀ ਰੱਖਿਆ ਹੈ। ਰਾਹੁਲ ਗਾਂਧੀ ਨੂੰ ਸਵਾਲ ਇਹੀ ਹੈ ਕਿ ਹੁਣ ਵੀ ਸਰਕਾਰ ਕਿਹਦੀ ਹੈ? ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਨੂੰ ਕੌਣ ਚਲਾਉਂਦਾ ਹੈ? ਜਦ ਸਿਮੀ 'ਤੇ ਪਾਬੰਦੀ ਲੱਗ ਸਕਦੀ ਹੈ ਤਾਂ ਆਰ.ਐਸ.ਐਸ. ਨੂੰ ਵੀ ਉਸੇ ਕੈਟਾਗਰੀ ਵਿਚ ਰੱਖਣ ਵਾਲੇ ਰਾਹੁਲ ਗਾਂਧੀ ਸਿਰਫ ਬਿਆਨ ਦੇਣ ਤੱਕ ਹੀ ਸੀਮਤ ਕਿਉਂ ਹਨ? ਕੀ ਮੁਲਕ ਵਿਚ ਇਕੋ ਵਤੀਰੇ ਵਾਲੇ ਲੋਕਾਂ ਲਈ ਦੋ-ਦੋ, ਤਿੰਨ-ਤਿੰਨ ਮਾਪਦੰਡ ਜਾਇਜ਼ ਹਨ? ਕੀ ਦੇਸ਼ ਵਿਚ ਘੱਟ ਗਿਣਤੀ ਅਤੇ ਬਹੁ ਗਿਣਤੀ ਨੂੰ ਧਿਆਨ ਵਿਚ ਰੱਖ ਕੇ ਹੀ ਸਰਕਾਰ ਹਰ ਕੰਮ ਕਰਦੀ ਹੈ? ਇਹ ਸਵਾਲ ਅੱਜ ਅਸੀਂ ਪੁੱਛ ਰਹੇ ਹਾਂ ਕਲ ਨੂੰ ਸਾਰਾ ਮੁਲਕ ਪੁੱਛੇਗਾ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਲੋਕ ਭਲਾਈ ਫੰਡਾਂ ਪ੍ਰਤੀ ਸੁਚੇਤ ਨਹੀਂ ਹਨ ਭਾਰਤੀ ਲੋਕ


ਪ੍ਰੋ. ਰਾਕੇਸ਼ ਰਮਨ

ਕਲਿਆਣਕਾਰੀ ਰਾਜ ਦੀ ਧਾਰਨਾ ਅਧੀਨ ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਸਮਾਜਿਕ ਜੀਵਨ ਦੇ ਸਮੁੱਚੇ ਵਿਕਾਸ ਲਈ ਕੇਂਦਰੀ ਤੇ ਸੂਬਾਈ ਸਰਕਾਰਾਂ ਵਲੋਂ ਵਿਸ਼ੇਸ਼ ਵਿਭਾਗ ਗਠਤ ਕੀਤੇ ਗਏ ਹਨ। ਉਨ੍ਹਾਂ ਵਿਭਾਗਾਂ ਅਧੀਨ ਕਈ ਸਰਕਾਰੀ ਯੋਜਨਾਵਾਂ ਬਣਦੀਆਂ ਹਨ। ਇਨ੍ਹਾਂ ਯੋਜਨਾਵਾਂ ਵਿਚ ਆਮ ਤੌਰ 'ਤੇ ਸਮਾਜ ਦੇ ਪੱਛੜੇ ਵਰਗਾਂ ਦੀਆਂ ਬੁਨਿਆਦੀ ਲੋੜਾਂ ਨੂੰ ਤਰਜੀਹੀ ਤੌਰ 'ਤੇ ਸ਼ਾਮਲ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜੀਵਨ ਦੇ ਉਨ੍ਹਾਂ ਪੱਖਾਂ ਦੇ ਵਿਕਾਸ ਦਾ ਵੀ ਧਿਆਨ ਰੱਖਿਆ ਜਾਂਦਾ ਹੈ, ਜਿਹੜੇ ਪੱਖ ਕਿਸੇ ਆਦਰਸ਼ ਤੇ ਸਭਿਅਕ ਸਮਾਜ ਦਾ ਆਧਾਰ ਹੁੰਦੇ ਹਨ। ਪਹਿਲੀ ਪ੍ਰਕਾਰ ਦੀਆਂ ਸਮਾਜ ਭਲਾਈ ਯੋਜਨਾਵਾਂ ਅਨੁਸੂਚਿਤ ਜਾਤੀਆਂ ਪਛੜੀਆਂ ਸ਼੍ਰੇਣੀਆਂ, ਇਸਤਰੀਆਂ, ਬਾਲਾਂ ਤੇ ਕਈ ਹੋਰ ਵਿਸ਼ੇਸ਼ ਪ੍ਰਸਥਿਤੀਆਂ ਵਿਚ ਉਭਰ ਆਏ ਪੀੜਤ ਵਰਗਾਂ ਲਈ ਬਣੀਆਂ ਹੁੰਦੀਆਂ ਹਨ। ਜਦਕਿ ਦੂਸਰੀ ਪ੍ਰਕਾਰ ਦੀਆਂ ਯੋਜਨਾਵਾਂ ਵਿਚ ਸਿਹਤ, ਸਿੱਖਿਆ, ਸਫ਼ਾਈ, ਸੁਰੱਖਿਆ, ਆਵਾਜਾਈ ਆਦਿ ਅਜਿਹੇ ਮਾਮਲੇ ਹੁੰਦੇ ਹਨ, ਜਿਹੜੇ ਸਮੁੱਚੇ ਸਮਾਜ ਨਾਲ ਸਬੰਧਤ ਹੁੰਦੇ ਹਨ। ਇਨ੍ਹਾਂ ਯੋਜਨਾਵਾਂ ਲਈ ਧਨ ਦੀ ਵਿਵਸਥਾ ਕੀਤੀ ਜਾਂਦੀ ਹੈ। ਧਨ ਖਰਚਣ ਲਈ ਬਕਾਇਦਾ ਨਿਯਮ ਤੈਅ ਕੀਤੇ ਜਾਂਦੇ ਹਨ ਤਾਕਿ ਇਸ ਦੀ ਯੋਗ ਵਰਤੋਂ ਹੋਵੇ ਤੇ ਜਿਸ ਉਦੇਸ਼ ਲਈ ਧਨ ਖਰਚਿਆ ਜਾਂਦਾ ਹੈ, ਉਸ ਉਦੇਸ਼ ਦੀ ਪੂਰਤੀ ਵੀ ਹੋਵੇ।




ਪਿਛਲੇ ਇਕ ਅਰਸੇ ਤੋਂ ਦੇਖਣ 'ਚ ਆ ਰਿਹਾ ਹੈ ਕਿ ਸਰਕਾਰੀ ਯੋਜਨਾਵਾਂ ਜਿਸ ਰੂਪ ਵਿਚ ਬਣਾਈਆਂ ਤੇ ਐਲਾਨੀਆਂ ਜਾਂਦੀਆਂ ਹਨ, ਉਸੇ ਰੂਪ ਵਿਚ ਨੇਪਰੇ ਨਹੀਂ ਚੜ੍ਹਦੀਆਂ। ਕਈ ਯੋਜਨਾਵਾਂ ਅੱਧ ਵਿਚਾਲੇ ਹੀ ਲਟਕੀਆਂ ਰਹਿੰਦੀਆਂ ਹਨ। ਕਈ ਕੇਵਲ ਕਾਗਜ਼ਾਂ ਵਿਚ ਹੀ ਰਹਿ ਜਾਂਦੀਆਂ ਹਨ। ਕਈ ਯੋਜਨਾਵਾਂ ਅਧੀਨ ਹੋਏ ਨਿਰਮਾਣ ਕਾਰਜ ਵਿਚ ਘਟੀਆ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਯੋਜਨਾਵਾਂ ਜਿਸ ਟੀਚੇ ਦੀ ਪ੍ਰਾਪਤੀ ਲਈ ਬਣਾਈਆਂ ਜਾਂਦੀਆਂ ਹਨ, ਉਹ ਟੀਚੇ ਵਧੇਰੇ ਕਰ ਕੇ ਅਧੂਰੇ ਹੀ ਰਹਿ ਜਾਂਦੇ ਹਨ। ਅਧੂਰੇ ਕਾਰਜ ਆਪਣੇ ਪਿੱਛੇ ਇਕ ਬਹੁਤ ਵੱਡਾ ਸਵਾਲ ਛੱਡ ਜਾਂਦੇ ਹਨ ਕਿ ਇਨ੍ਹਾਂ ਯੋਜਨਾਵਾਂ ਲਈ ਪੂਰਾ ਹਿਸਾਬ ਕਿਤਾਬ ਲਾ ਕੇ ਜੋ ਧਨ ਰੱਖਿਆ ਗਿਆ ਸੀ, ਉਹ ਕਿੱਧਰ ਗਿਆ? ਇਸ ਸਵਾਲ ਦਾ ਜੋ ਜਵਾਬ ਠੋਸ ਰੂਪ 'ਚ ਸਾਹਮਣੇ ਆ ਰਿਹਾ ਹੈ ਉਸ ਅਨੁਸ-ਾਰ ਇਹ ਧਨ ਅਣਗਹਿਲੀ ਤੇ ਭ੍ਰਿਸ਼ਟਾਚਾਰ ਦੀ ਭੇਂਟ ਚੜ੍ਹ ਰਿਹਾ ਹੈ।

ਭ੍ਰਿਸ਼ਟਾਚਾਰ ਨੂੰ ਭਾਵੇਂ ਅਸੀਂ ਭ੍ਰਿਸ਼ਟ ਸਿਆਸਤਦਾਨਾਂ ਤੇ ਨੌਕਰਸ਼ਾਹਾਂ ਦੀ ਮਿਲੀ ਭੁਗਤ ਤੱਕ ਹੀ ਸੀਮਤ ਰੱਖ ਕੇ ਦੇਖ ਰਹੇ ਹਾਂ ਤੇ ਇਹ ਗੱਲ ਵੱਡੀ ਹੱਦ ਤੱਕ ਠੀਕ ਵੀ ਹੈ ਪਰ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਭ੍ਰਿਸ਼ਟਾਚਾਰ ਦੇ ਵਧਣ ਫੁੱਲਣ 'ਚ ਆਮ ਲੋਕਾਂ ਦੀ ਅਗਿਆਨ-ਤਾ ਤੇ ਨਿਰਲੇਪਤਾ ਵੀ ਕੁੰਜੀਵਤ ਭੂਮਿਕਾ ਨਿਭਾ ਰਹੀ ਹੈ। ਯੋਜਨਾਵਾਂ ਲਈ ਰਾਖਵੀਆਂ ਰੱਖੀਆਂ ਰਕਮਾਂ ਤੇ ਸਮੁੱਚੇ ਸਰਕਾਰੀ ਧਨ ਪ੍ਰਤੀ ਜਨਤਾ ਦਾ ਵਤੀਰਾ ਸਕਾਰਾਤਮਕ ਨਹੀਂ ਹੈ। ਲੋਕ ਸਮਝਦੇ ਹਨ ਕਿ ਸਰਕਾਰੀ ਪੈਸਾ ਹੀ ਸੀ, ਸਰਕਾਰੀ ਅਧਿਕਾਰੀਆਂ ਤੇ ਹੋਰ ਅਮਲੇ ਫੈਲੇ ਨੇ ਖਾ ਲਿਆ, ਬਸ ਗੱਲ ਖ਼ਤਮ ਹੋ ਗਈ। ਜਾਂ ਫਿਰ ਲੋਕ ਸਮਝਦੇ ਹਨ ਕਿ ਸਰਕਾਰੀ ਪੈਸਾ ਤਾਂ ਹੁੰਦਾ ਹੀ ਛਕਣ ਛਕਾਉਣ ਲਈ ਹੈ ਤੇ ਆਮ ਲੋਕ ਇਸ ਮਾਮਲੇ 'ਚ ਕੁਝ ਨਹੀਂ ਕਰ ਸਕਦੇ। ਸਰਕਾਰੀ ਧਨ ਪ੍ਰਤੀ ਇਹ ਜਨਤਕ ਵਤੀਰਾ ਮੁੱਢੋਂ ਹੀ ਗਲਤ ਹੈ ਤੇ ਇਸ ਲਾਪਰਵਾਹੀ ਵਾਲੇ ਵਤੀਰੇ ਤੋਂ ਭ੍ਰਿਸ਼ਟ ਤੱਤਾਂ ਨੂੰ ਨਾ ਕੇਵਲ ਸ਼ਹਿ ਹੀ ਮਿਲਦੀ ਹੈ ਸਗੋਂ ਆਪਣੇ ਮਨਸੂਬਿਆਂ ਦੀ ਪੂਰਤੀ ਵੀ ਉਹ ਨਿਰਵਿਘਨ ਕਰ ਲੈਂਦੇ ਹਨ। ਉਂਝ ਤਾਂ ਭ੍ਰਿਸ਼ਟਾਚਾਰ ਦੀਆਂ ਬਹੁਤ ਸਾਰੀਆਂ ਮਿਸਾਲਾਂ ਸਮੇਂ-ਸਮੇਂ ਜੱਗ ਜ਼ਾਹਿਰ ਹੁੰਦੀਆਂ ਆਈਆਂ ਹਨ ਪਰ ਇਹ ਵਧੇਰੇ ਕਰ ਕੇ ਉਹ ਹੁੰਦੀਆਂ ਹਨ ਜਿਨ੍ਹਾਂ ਵਿਚ ਯੋਜਨਾਵਾਂ 'ਤੇ ਅਮਲ ਕਰਦੇ ਸਮੇਂ, ਯੋਜਨਾਵਾਂ ਨਾਲ ਜੁੜੇ ਲੋਕ ਘਪਲੇਬਾਜ਼ੀ ਕਰ ਲੈਂਦੇ ਹਨ। ਜਾਅਲੀ ਬਿੱਲ, ਘਟੀਆ ਸਮਾਨ, ਰਿਸ਼ਵਤਖੋਰੀ ਆਦਿ ਇਸ ਭ੍ਰਿਸ਼ਟਾਚਾਰ ਦੇ ਮੁੱਖ ਢੰਗ ਤਰੀਕੇ ਹੁੰਦੇ ਹਨ।

ਪਿਛਲੇ ਦਿਨੀਂ ਲੁਧਿਆਣਾ ਜ਼ਿਲ੍ਹੇ ਦੇ ਹੈਡਕੁਆਟਰ ਵਿਖੇ ਜਿਸ ਭ੍ਰਿਸ਼ਟਾਚਾਰ ਦਾ ਖੁਲਾਸਾ ਹੋਇਆ ਉਸ ਨੇ ਇਕ ਵੱਖਰੀ 'ਮਿਸਾਲ' ਵੀ ਕਾਇਮ ਕੀਤੀ ਹੈ ਤੇ ਸਨਸਨੀ ਵੀ ਫੈਲਾਈ ਹੈ। ਇਸ ਦਫ਼ਤਰੀ ਅਮਲੇ ਵਲੋਂ ਸਰਕਾਰੀ ਖਾਤਿਆਂ ਵਿਚੋਂ ਵੱਖ-ਵੱਖ ਯੋਜਨਾਵਾਂ ਲਈ ਰੱਖੇ ਗਏ ਧਨ ਦਾ ਵੱਡਾ ਹਿੱਸਾ ਨਾਜਾਇਜ਼ ਤੌਰ 'ਤੇ ਕਢਵਾ ਲਏ ਜਾਣ ਦਾ ਘਪਲਾ ਹੈ। ਕਢਵਾਈਆਂ ਗਈਆਂ ਰਕਮਾਂ ਏਨੀਆਂ ਵੱਡੀਆਂ ਹਨ ਕਿ ਜਾਪਦਾ ਨਹੀਂ ਕਿ ਹੇਠਲੇ ਦਰਜੇ ਦੇ ਬਾਬੂਆਂ ਨੇ ਇਹ ਹੇਰਾਫੇਰੀ ਨਾਲ ਗ਼ਲਤ ਜਾਂ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਜਾਂ ਜਾਅਲੀ ਦਸਤਖ਼ਤ ਕਰ ਕੇ ਆਪਣੇ ਪੱਧਰ 'ਤੇ ਹੀ ਕਢਵਾ ਲਈਆਂ ਹੋਣਗੀਆਂ। ਸ਼ੱਕ ਇਹੋ ਕੀਤਾ ਜਾ ਰਿਹਾ ਹੈ ਕਿ ਵੱਡੀਆਂ ਰਕਮਾਂ ਕਢਵਾਉਣ ਦਾ ਤਾਣਾ-ਬਾਣਾ ਜ਼ਰੂਰ ਉਪਰ ਤੱਕ ਫੈਲਿਆ ਹੋਵੇਗਾ। ਇਸ ਘਪਲੇ ਬਾਰੇ ਜੋ ਮੁਢਲੀਆਂ ਰਿਪੋਰਟਾਂ ਮੀਡੀਆ 'ਚ ਨਸ਼ਰ ਹੋਈਆਂ ਹਨ ਉਨ੍ਹਾਂ ਅਨੁਸਾਰ 'ਇੰਦਰਾ ਅਵਾਸ ਯੋਜਨਾ' ਦੇ ਫ਼ੰਡ ਵਿਚੋਂ 81.88 ਲੱਖ ਰੁਪਏ ਦਾ ਗ਼ਬਨ ਕੀਤਾ ਗਿਆ ਹੈ ਤੇ 'ਪੂਰਨ ਸਾਖਰਤਾ ਮਿਸ਼ਨ' ਦੇ ਫ਼ੰਡ ਵਿਚੋਂ 37 ਲੱਖ ਰੁਪਏ ਉਡਾ ਲਏ ਗਏ ਹਨ। ਮਾਮਲਿਆਂ (ਘਪਲਿਆਂ) ਦੀ ਜਾਂਚ ਪੜਤਾਲ ਦਾ ਕੰਮ ਜਾਰੀ ਹੈ ਪਰ ਹਾਲ ਦੀ ਘੜੀ ਇਸ ਧੋਖਾਧੜੀ ਲਈ ਸਬੰਧਤ ਵਿਭਾਗ ਦੇ ਇਕ ਕੱਚੇ ਕਰਮਚਾਰੀ ਨੂੰ ਜ਼ੁੰਮੇਵਾਰ ਕਿਹਾ ਜਾ ਰਿਹਾ ਹੈ। ਦੋਸ਼ੀ ਕੋਈ ਵੀ ਹੋਵੇ, ਇਹ ਤੱਥ ਸੱਚਮੁਚ ਹੈਰਾਨ ਪਰੇਸ਼ਾਨ ਕਰਨ ਵਾਲਾ ਹੈ ਕਿ ਸਰਕਾਰੀ ਧਨ ਨੂੰ ਖ਼ੁਰਦ ਬੁਰਦ ਕਰਨ ਵਿਚ ਸਰਕਾਰੀ ਮਸ਼ੀਨਰੀ ਹੀ ਸਾਰੇ ਹੱਦ ਬੰਨ੍ਹੇ ਟੱਪ ਗਈ ਹੈ।

ਜਿਹੜੀਆਂ ਯੋਜਨਾਵਾਂ ਦਾ ਧਨ ਬੈਂਕ ਖਾਤਿਆਂ ਵਿਚੋਂ ਚੁਰਾ ਲਿਆ ਗਿਆ ਹੈ। ਉਹ ਦੋਵੇਂ ਯੋਜਨਾਵਾਂ ਲੋਕ ਭਲਾਈ ਦੀਆਂ ਯੋਜਨਾਵਾਂ ਹਨ। ਇਸ ਕਰ ਕੇ ਇਸ ਧਨ ਦੀ ਵਰਤੋਂ ਲੋਕਾਂ ਦੇ ਲਾਭ ਲਈ ਹੀ ਹੋਣੀ (ਚਾਹੀਦੀ) ਸੀ। ਅਜਿਹਾ ਨਹੀਂ ਹੋਇਆ ਤੇ ਲੰਮੇ ਸਮੇਂ ਤੋਂ ਅਜਿਹਾ ਨਹੀਂ ਹੁੰਦਾ ਆ ਰਿਹਾ। ਪ੍ਰਤੀਕਰਮ ਪ੍ਰਗਟਾਉਣ ਲਈ ਜਿਨ੍ਹਾਂ ਲੋਕਾਂ ਲਈ ਇਹ ਧਨ ਰਾਖਵਾਂ ਸੀ ਉਨ੍ਹਾਂ ਲੋਕਾਂ ਨੂੰ ਅੱਗੇ ਆ ਕੇ (ਜਾਂ ਸੁਹਿਰਦ ਆਗੂਆਂ ਦੁਆਰਾ ਅੱਗੇ ਲਿਆਕੇ) ਆਪਣੇ ਧਨ ਦੀ ਵਸੂਲੀ ਲਈ ਵਿਭਾਗ 'ਤੇ ਦਬਾਅ ਬਣਾਉਣਾ ਚਾਹੀਦਾ ਸੀ। ਪਰ ਇਸ ਧਨ ਦੇ ਅਸਲ ਹੱਕਦਾਰ ਅਜੇ ਅੱਗੇ ਨਹੀਂ ਆਏ।

ਇਸ ਧਨ ਪ੍ਰਤੀ ਜਨਤਕ ਵਤੀਰਾ ਇਸ ਪੱਖੋਂ ਵੀ ਠੀਕ ਨਹੀਂ ਕਿ ਆਮ ਆਦਮੀ ਇਸ ਨੂੰ ਕੇਵਲ ਸਰਕਾਰ ਦੀ ਮਿਹਰ ਖ਼ਿਆਲ ਕਰਦਾ ਹੈ। ਉਸ ਨੂੰ ਇਹ ਨਹੀਂ ਪਤਾ ਕਿ ਇਹ ਉਸ ਦਾ ਆਪਣਾ ਧਨ ਹੈ, ਉਸ ਦੀ ਕਿਰਤ ਕਮਾਈ ਨਾਲ ਬਣਿਆ ਹੈ, ਸਰਕਾਰ ਨੇ ਤਾਂ ਇਸ ਨੂੰ ਕੇਵਲ ਉਗਰਾਹਿਆ ਹੈ, ਸੋ ਲੋਕ ਸਰਕਾਰੀ ਧਨ ਨੂੰ ਮਹਿਜ਼ ਸਰਕਾਰੀ ਜਾਂ ਕਿਸੇ ਹੋਰ ਧਿਰ (ਵਿਭਾਗ ਆਦਿ) ਦਾ ਖ਼ਿਆਲ ਕਰਨ ਦੀ ਥਾਂ 'ਆਪਣਾ ਧਨ' ਸਮਝਣ ਤਦ ਹੀ ਉਹ ਇਸ ਧਨ ਦੀ ਬਰਬਾਦੀ ਤੇ ਧੋਖਾਧੜੀ ਦਾ ਡਟ ਕੇ ਵਿਰੋਧ ਕਰ ਸਕਣਗੇ। ਸਰਕਾਰੀ ਯੋਜਨਾਵਾਂ ਲਈ ਜਾਰੀ ਧਨ ਪ੍ਰਤੀ ਆਮ ਲੋਕਾਂ ਦੀ ਉਦਾਸੀਨਤਾ ਤੇ ਅਣਜਾਣਤਾ ਦੇ ਬਹੁਤ ਘਾਤਕ ਨਤੀਜੇ ਨਿਕਲ ਰਹੇ ਹਨ। ਧਨ ਕੇਂਦਰ ਸਰਕਾਰ ਵਲੋਂ ਜਾਰੀ ਹੋਇਆ ਹੋਵੇ ਤਾਂ ਇਹ ਨਹੀਂ ਸਮਝਣਾ ਚਾਹੀਦਾ ਕਿ ਇਹ ਕੇਂਦਰ ਦੀਆਂ ਸੱਤਾਧਾਰੀ ਪਾਰਟੀਆਂ ਦਾ ਹੈ ਤੇ ਇਸੇ ਤਰ੍ਹਾਂ ਸੂਬਾ ਸਰਕਾਰ ਵਲੋਂ ਜਾਰੀ ਹੋਇਆ ਹੋਵੇ ਤਾਂ ਇਸ ਨੂੰ ਸੂਬੇ ਦੇ ਸੱਤਾਧਾਰੀ ਸਿਆਸਤਦਾਨਾਂ ਦੀ ਜੇਬ 'ਚੋਂ ਆਇਆ ਨਹੀਂ ਸਮਝਣਾ ਚਾਹੀਦਾ। ਹਰ ਹਾਲਤ ਵਿਚ ਇਹ ਪੈਸਾ ਲੋਕਾਂ ਦਾ ਹੈ ਤੇ ਲੋਕਾਂ ਨੂੰ ਆਪਣਾ ਦਬਾਅ ਕਾਇਮ ਕਰ ਕੇ ਭਲਾਈ ਯੋਜਨਾਵਾਂ ਲਈ ਜਾਰੀ ਧਨ ਦਾ ਇਕ ਇਕ ਪੈਸਾ ਆਪਣੇ ਜੀਵਨ ਦੀ ਬਿਹਤਰੀ ਲਈ ਖਰਚ ਕਰਵਾਉਣਾ ਚਾਹੀਦਾ ਹੈ।

ਸਰਕਾਰੀ ਧਨ ਪ੍ਰਤੀ ਜਨਤਾ ਦੀ ਜਾਗਰੂਕਤਾ ਹੀ ਇਸ ਦੀ ਯੋਗ ਵਰਤੋਂ ਦੀਆਂ ਸੰਭਾਵਨਾਵਾਂ ਪੈਦਾ ਕਰ ਸਕਦੀ ਹੈ ਤੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾ ਸਕਦੀ ਹੈ। ਲੋਕਾਂ ਨੂੰ ਨਾ ਕੇਵਲ ਸਰਕਾਰੀ ਧਨ ਪ੍ਰਤੀ ਆਪਣਾ ਵਤੀਰਾ ਹੀ ਬਦਲਣਾ ਚਾਹੀਦਾ ਸਗੋਂ ਇਸ ਧਨ ਦੀ ਪੂਰੀ-ਪੂਰੀ ਜਾਣਕਾਰੀ ਤੇ ਸੰਚਾਲਨ ਵਿਧੀ ਦਾ ਵੀ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਅਜਿਹਾ ਹੋਣ 'ਤੇ ਹੀ ਉਹ ਆਪਣੇ ਹੱਕਾਂ ਦੀ ਬਿਹਤਰ ਪਹਿਰੇਦਾਰੀ ਕਰ ਸਕਣਗੇ।

# ਚਿੱਠੀਆਂ

'ਨਵੀਂ ਦੁਨੀਆ' ਅਖ਼ਬਾਰ 'ਚ ਜੇਕਰ ਇਸ ਚਿੱਠੀ ਨੂੰ ਛਾਪਣ ਦੇ ਕਾਬਿਲ ਸਮਝਿਆ ਗਿਆ ਤਾਂ ਚਿੱਠੀ ਦੇ ਰੂਪ 'ਚ ਇਹ ਮੇਰੀ ਪਹਿਲੀ ਰਚਨਾ ਹੋਵੇਗੀ। ਭਾਰਤੀ ਪੰਜਾਬ 'ਚ ਰਹਿੰਦਿਆਂ ਨੌਕਰੀ ਦੇ ਨਾਲ-ਨਾਲ ਕੁਝ ਨਾ ਕੁਝ ਸਾਹਿਤ ਪੜ੍ਹਨਾ ਚੰਗਾ ਲਗਦਾ ਸੀ, ਪਰ ਐਡਮਿੰਟਨ ਵਿੱਚ ਆ ਕੇ ਮੈਂ ਇਸ ਸਭ ਤੋਂ ਲਾਂਭੇ ਹੋ ਗਈ, ਕਿਉਂਕਿ ਇਥੇ ਨਾ ਤਾਂ ਕੋਈ ਰੋਜ਼ਾਨਾ ਅਖ਼ਬਾਰ ਪ੍ਰਕਾਸ਼ਿਤ ਹੁੰਦਾ ਹੈ ਅਤੇ ਨਾ ਹੀ ਇੰਟਰਨੈਟ ਰਾਹੀਂ ਕੋਈ ਰਚਨਾ ਪੜ੍ਹਨ ਨੂੰ ਮਨ ਕਰਦਾ ਸੀ। ਨੌਕਰੀ ਨਾ ਮਿਲਣ ਅਤੇ ਬੱਚੇ ਵੀ ਛੋਟੇ ਹੋਣ ਕਰਕੇ ਘਰ ਬੈਠੇ-ਬੈਠੇ ਕੁਝ ਨਾ ਕੁਝ ਪੜ੍ਹਨ ਨੂੰ ਦਿਲ ਕਰਦਾ ਸੀ, ਪਰ ਫਿਰ ਇਥੇ ਪ੍ਰਕਾਸ਼ਿਤ ਹੁੰਦੀਆਂ ਦੋ-ਹਫ਼ਤੀ ਜਾਂ ਮਹੀਨਾਵਾਰ ਅਖ਼ਬਾਰਾਂ (ਕੁੱਝ ਨੂੰ ਛੱਡ ਕੇ) ਵਿੱਚ ਪੜ੍ਹਨ ਨੂੰ ਚਟਪਟੀਆਂ ਖ਼ਬਰਾਂ ਤਾਂ ਭਾਵੇਂ ਮਿਲ ਜਾਣ, ਪ੍ਰੰਤੂ ਸਾਹਿਤ ਦੀ ਸਮੱਸਿਆ ਦਾ ਹੱਲ 'ਨਵੀਂ ਦੁਨੀਆ' ਅਖ਼ਬਾਰ ਨੇ ਕਰ ਦਿੱਤਾ। ਇਸ ਨੂੰ ਪੜ੍ਹਨ ਦੀ ਸ਼ੁਰੂਆਤ ਉਸ ਸਮੇਂ ਅਚਾਨਕ ਹੋਈ ਜਦ ਮੇਰਾ ਦਿਉਰ ਪ੍ਰਤੀਕ ਜੋ ਇਸੇ ਮਹੀਨੇ ਹੀ ਪੰਜਾਬ ਤੋਂ ਆਇਆ ਹੈ ਵੱਲੋਂ 'ਨਵੀਂ ਦੁਨੀਆ' ਅਖ਼ਬਾਰ ਨੂੰ ਗਰੋਸਰੀ ਸਟੋਰ ਤੋਂ ਲੈ ਕੇ ਆਇਆ। ਇਸ ਅਖ਼ਬਾਰ 'ਚ ਮਿਆਰੀ ਖ਼ਬਰਾਂ, ਵਧੀਆ ਲੇਖ, ਕਹਾਣੀਆਂ, ਗ਼ਜ਼ਲਾਂ/ਕਵਿਤਾਵਾਂ, ਫ਼ਿਲਮਾਂ ਦੀ ਸਮੀਖਿਆ ਆਦਿ ਹਰੇਕ ਤਰ੍ਹਾਂ ਦਾ ਮੈਟਰ ਸ਼ਾਮਿਲ ਸੀ। ਜਿਸ ਨੂੰ ਪੜ੍ਹ ਕੇ ਇੱਕ ਵਾਰ ਤਾਂ ਇਵੇਂ ਲੱਗਿਆ ਜਿਵੇਂ ਅਸੀਂ ਕਨੇਡਾ 'ਚ ਨਹੀਂ ਬਲਕਿ ਪੰਜਾਬ ਵਿੱਚ ਹੀ ਰਹਿ ਰਹੇ ਹੋਈਏ। ਮੇਰੀ ਸਲਾਹ ਹੈ ਕਿ 'ਨਵੀਂ ਦੁਨੀਆ' ਵਿੱਚ ਇਸਤਰੀਆਂ ਬਾਰੇ ਤੇ ਇਸਤਰੀ ਲੇਖਕਾਂ ਵੱਲੋਂ ਲਿਖੇ ਵਿਸ਼ੇਸ਼ ਲੇਖ ਵੀ ਪ੍ਰਕਾਸ਼ਿਤ ਹੋਣ ਤਾਂ ਹੋਰ ਚੰਗਾ ਲੱਗੇਗਾ।

ਪ੍ਰਭਜੀਤ , ਐਡਮਿੰਟਨ

ਨਵੀਂ ਦੁਨੀਆ ਦੇ ਸਿਰਜਕੋ, ਇਹ ਯਤਨ ਸ਼ੁਰੂ ਕਰਨ ਲਈ ਵਧਾਈਆਂ। ਮੈਨੂੰ ਹੁਣ ਤੱਕ ਕੇਵਲ ਦੋ ਹੀ ਅੰਕ (ਅਗਸਤ-ਸਤੰਬਰ) ਪ੍ਰਾਪਤ ਹੋਏ ਹਨ, ਵਧੀਆ ਲੱਗੇ, ਨਿੱਗਰ ਸਮੱਗਰੀ ਲਈ ਸ਼ਾਬਾਸ਼। ਇੱਕ ਵਾਰ ਫਿਰ ਤੋਂ ਨਵੀਂ ਦੁਨੀਆ ਦੀ ਪੂਰੀ ਟੀਮ ਨੂੰ ਵਧਾਈਆਂ।

ਸਾਧੂ ਸਿੰਘ (ਡਾ.)
ਬੀ.ਸੀ. (ਕਨੇਡਾ)।

# ਕਸ਼ਮੀਰ ਸਮੱਸਿਆ ਦੇ ਹੱਲ ਲਈ ਸਹੀ ਪਹੁੰਚ



ਮੰਗਤ ਰਾਮ ਪਾਸਲਾ

ਕੁਦਰਤੀ ਖੂਬਸੂਰਤੀ ਨਾਲ ਭਰਪੂਰ ਭਾਰਤ ਦਾ ਧੁਰ ਉਤਰੀ ਹਿੱਸਾ, ਜੰਮੂ ਅਤੇ ਕਸ਼ਮੀਰ, ਲਗਭਗ 2 ਮਹੀਨਿਆਂ ਤੋਂ ਹਿੰਸਾ ਅਤੇ ਨਫਰਤ ਦੀ ਅੱਗ ਨਾਲ ਬੁਰੀ ਤਰ੍ਹਾਂ ਸੜ ਰਿਹਾ ਹੈ। ਫੌਜ ਅਤੇ ਦੂਸਰੇ ਅਰਧ ਸੈਨਿਕ ਬਲਾਂ ਵਲੋਂ 5 ਦਰਜਨਾਂ ਤੋਂ ਜ਼ਿਆਦਾ ਲੋਕ ਗੋਲੀਆਂ ਨਾਲ ਮਾਰੇ ਜਾ ਚੁੱਕੇ ਹਨ। ਇਸ ਤੋਂ ਵੱਡੀ ਗਿਣਤੀ ਵਿਚ ਲੋਕ ਜ਼ਖਮੀ ਹੋਏ ਹਨ ਅਤੇ ਕਰੋੜਾਂ ਰੁਪਏ ਦੀ ਜਾਇਦਾਦ ਨੂੰ ਅਗਨੀ ਭੇਟ ਕਰ ਦਿੱਤਾ ਗਿਆ ਹੈ। ਹਰ ਰੋਜ਼ ਹੀ ਹਜ਼ਾਰਾਂ ਲੋਕ ਸੜਕਾਂ ਉਤੇ ਨਿਕਲ ਕੇ ਆਪਣੇ ਮਨਾਂ ਅੰਦਰ ਛੁਪੇ ਹੋਏ ਸਰਕਾਰ ਵਿਰੋਧੀ ਗੁੱਸੇ ਦਾ ਪ੍ਰਗਟਾਵਾ ਕਰ ਰਹੇ ਹਨ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ, ਜਿਨ੍ਹਾਂ ਵਿਚ ਵੱਡੀ ਗਿਣਤੀ ਔਰਤਾਂ ਤੇ ਬੱਚੇ ਸ਼ਾਮਿਲ ਹੁੰਦੇ ਹਨ, ਆਪਣੇ ਵਿਰੁੱਧ ਹੋ ਰਹੇ ਸਰਕਾਰੀ ਜ਼ੁਲਮ ਦੇ ਪ੍ਰਤੀਕਰਮ ਵਜੋਂ ਆਪਣੇ ਹੱਥਾਂ ਵਿਚ ਪੱਥਰ ਉਠਾ ਕੇ ਇਸ ਨੂੰ ਇਕ ਕਾਰਗਰ ਹਥਿਆਰ ਦਾ ਰੂਪ ਦੇ ਦਿੱਤਾ ਹੈ। ਹਿੰਸਾ ਉਤੇ ਕਾਬੂ ਪਾਉਣ ਲਈ ਕੇਂਦਰੀ ਤੇ ਸੂਬਾਈ ਸਰਕਾਰ ਜ਼ਿਆਦਾ ਮਾਤਰਾ ਵਿਚ ਫੌਜ ਤੇ ਅਰਧ ਸੈਨਿਕ ਬਲਾਂ ਨੂੰ ਕਸ਼ਮੀਰ ਘਾਟੀ ਵਿਚ ਧੱਕੀ ਜਾ ਰਹੀ ਹੈ। ਪ੍ਰੰਤੂ ਇਸ ਨਾਲ ਸਥਿਤੀ ਵਿਚ ਸੁਧਾਰ ਹੋਣ ਦੀ ਥਾਂ ਵਿਗਾੜ ਜ਼ਿਆਦਾ ਪੈਦਾ ਹੋ ਰਿਹਾ ਹੈ। ਇਤਿਹਾਸ ਦੇ ਅਜੋਕੇ ਮੋੜ ਉਤੇ ਸ਼ਾਇਦ ਕਸ਼ਮੀਰੀ ਲੋਕਾਂ ਵਿਚ ਬੇਗਾਨਗੀ ਦੀ ਭਾਵਨਾ ਸਭ ਤੋਂ ਵੱਧ ਤੇ ਖਤਰਨਾਕ ਹੱਦ ਤੱਕ ਪੁੱਜ ਚੁੱਕੀ ਦਿਖਾਈ ਦੇ ਰਹੀ ਹੈ। ਲੱਖਾਂ ਲੋਕਾਂ ਦੇ ਸੜਕਾਂ ਉਤੇ ਨਿਕਲਣ ਨਾਲ 1963-64 ਵਿਚ ਹਜ਼ਰਤ ਮਹੁੰਮਦ ਸਾਹਿਬ ਦੇ ਪਵਿੱਤਰ ਵਾਲ ਦੇ ਸ਼੍ਰੀਨਗਰ ਦੀ ਹਜ਼ਰਤ ਬਲ ਦਰਗਾਹ ਵਿਚੋਂ ਚੋਰੀ ਹੋ ਜਾਣ ਸਮੇਂ ਹੋਏ ਵੱਡੇ ਰੋਸ ਪ੍ਰਗਟਾਵਿਆਂ ਦਾ ਰਿਕਾਰਡ ਵੀ ਟੁੱਟ ਗਿਆ ਹੈ।

ਇਸ ਸਥਿਤੀ ਨੂੰ ਇਥੋਂ ਤੱਕ ਪਹੁੰਚਾਣ ਲਈ ਭਾਰਤ ਵਿਰੋਧੀ ਸ਼ਕਤੀਆਂ, ਜਿਨ੍ਹਾਂ ਵਿਚ ਪਾਕਿਸਤਾਨੀ ਹਾਕਮ ਟੋਲਾ, ਅਮਰੀਕਣ ਸਾਮਰਾਜ ਤੇ ਵੱਖਵਾਦੀ ਫਿਰਕੂ ਤੱਤ ਸ਼ਾਮਿਲ ਹਨ, ਨੇ ਵੀ ਵੱਡਾ ਹਿੱਸਾ ਪਾਇਆ ਹੈ। ਅੱਜ ਵੀ ਉਹੀ ਤੱਤ ਸਥਿਤੀ ਦਾ ਲਾਹਾ ਲੈ ਕੇ ਆਪੋ ਆਪਣੇ ਰਾਜਨੀਤਕ ਹਿੱਤ ਅਤੇ ਨਿਸ਼ਾਨੇ ਪੂਰੇ ਕਰਨ ਲਈ ਪੂਰੀ ਪੂਰੀ ਵਾਹ ਲਾ ਰਹੇ ਹਨ। ਪ੍ਰੰਤੂ ਇਸ ਹਕੀਕਤ ਤੋਂ ਵੀ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ ਕਿ ਭਾਰਤ ਦੇ ਵੱਖ ਵੱਖ ਰੰਗਾਂ ਦੇ ਹਾਕਮਾਂ ਨੇ ਵੀ ਆਪਣੀਆਂ ਮੌਕਾਪ੍ਰਸਤ, ਫਿਰਕਾਪ੍ਰਸਤ ਤੇ ਜਮਹੂਰੀਅਤ ਵਿਰੋਧੀ ਨੀਤੀਆਂ ਰਾਹੀਂ ਜੰਮੂ ਕਸ਼ਮੀਰ ਨੂੰ ਹਿੰਸਾ ਤੇ ਨਫਰਤ ਦੀਆਂ ਲਪਟਾਂ ਵਿਚ ਝੁਲਸਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਵਿਚ ਮੁੱਖ ਰੂਪ ਵਿਚ ਕਾਂਗਰਸ ਪਾਰਟੀ ਤੇ ਸੰਘ ਪਰਿਵਾਰ ਅਤੇ ਇਸਦੇ ਮੈਂਬਰ ਭਾਜਪਾ, ਮੂਲ ਰੂਪ ਵਿਚ ਐਸੇ ਦੋਸ਼ੀ ਹਨ ਜਿਨ੍ਹਾਂ ਦੇ ਗੁਨਾਹਾਂ ਨੂੰ ਨਾ ਇਤਿਹਾਸ ਅਤੇ ਨਾ ਹੀ ਭਾਰਤ ਦੀ ਆਮ ਜਨਤਾ ਕਦੀ ਮੁਆਫ ਕਰੇਗੀ। ਭਾਜਪਾ ਦਾ ਕੇਂਦਰੀ ਸੱਤਾ ਉਤੇ ਕਾਬਜ਼ ਹੋਣ ਅਤੇ ਧਰਮ ਆਧਾਰਤ "ਹਿੰਦੂ ਰਾਸ਼ਟਰ'' ਦੀ ਕਾਇਮੀ ਦਾ ਨਿਸ਼ਾਨਾ ਪ੍ਰਾਪਤ ਕਰਨ ਵਾਸਤੇ ਇਕੋ ਇਕ ਕਾਰਗਰ ਸਾਧਨ ਹਿੰਦੂ ਫਿਰਕਾਪ੍ਰਸਤੀ ਫੈਲਾਉਣਾ ਹੈ, ਜੋ ਲਾਜ਼ਮੀ ਤੌਰ 'ਤੇ ਘੱਟ ਗਿਣਤੀਆਂ ਖਾਸਕਰ ਮੁਸਲਮਾਨ ਭਾਈਚਾਰੇ ਵਿਰੁੱਧ ਸੇਧਤ ਹੋਵੇ। ਜੰਮੂ ਕਸ਼ਮੀਰ ਨਾਲ ਸੰਬੰਧਤ ਸੰਵਿਧਾਨ ਦੀ ਧਾਰਾ 370 ਦਾ ਖਾਤਮਾ ਕਰਨ ਦੀ ਮੰਗ ਭਾਜਪਾ ਦੇ ਉਪਰੋਕਤ ਨਿਸ਼ਾਨੇ ਦੀ ਪ੍ਰਾਪਤੀ ਖਾਤਰ ਹੀ ਕੀਤੀ ਜਾ ਰਹੀ ਹੈ। ਇਸ ਲਈ ਇਸ ਭਗਵੀਂ ਪਾਰਟੀ ਵਾਸਤੇ ਕਸ਼ਮੀਰ ਵਿਚ ਫੈਲੀ ਹਿੰਸਾ, ਬੇਗੁਨਾਹਾਂ ਦੀਆਂ ਜਾਨਾਂ ਦੀ ਅਹੂਤੀ ਕੋਈ ਚਿੰਤਾ ਦਾ ਵਿਸ਼ਾ ਨਹੀਂ, ਸਗੋਂ ਇਕ ਵਰਦਾਨ ਵਾਂਗਰ ਹੈ, ਜਿਸਨੂੰ ਉਹ ਮੁਸਲਮਾਨਾਂ ਵਿਰੁੱਧ ਆਪਣੇ ਪ੍ਰਚਾਰ ਰਾਹੀਂ ਦੇਸ਼ ਪੱਧਰ ਉਤੇ ਇਸਤੇਮਾਲ ਕਰ ਰਹੀ ਹੈ।

ਕਾਂਗਰਸ ਪਾਰਟੀ, ਜਿਸਨੇ ਆਪਣੇ ਚਿਹਰੇ ਉਤੇ ਧਰਮ ਨਿਰਪੱਖਤਾ, ਦੇਸ਼ ਭਗਤੀ ਅਤੇ ਸਮਾਜਵਾਦ ਦਾ ਮਖੌਟਾ ਪਾਇਆ ਹੋਇਆ ਹੈ, ਸ਼ਾਇਦ ਰਾਜਸੀ ਤੌਰ 'ਤੇ ਸਭ ਤੋਂ ਵੱਧ ਜਿੰਮੇਵਾਰ ਹੈ ਜੰਮੂ-ਕਸ਼ਮੀਰ ਦੀ ਅਜੋਕੀ ਚਿੰਤਾਜਨਕ ਅਵਸਥਾ ਵਾਸਤੇ। ਕਦੀ ਇਸਦੇ ਆਗੂ ਉਸ ਪ੍ਰਾਂਤ ਵਿਚ ਸਰਹੱਦ ਪਾਰੋਂ ਹੋ ਰਹੀ ਘੁਸਪੈਠ ਉਤੇ ਕਾਬੂ ਕਰ ਲੈਣ ਅਤੇ ਹਾਲਾਤ ਆਮ ਵਰਗੇ ਹੋਣ ਦਾ ਦਾਅਵਾ ਕਰਨ ਲੱਗ ਪੈਂਦੇ ਹਨ ਤੇ ਕਦੇ ਹਰ ਕਸ਼ਮੀਰੀ ਦੇ ਹੱਕ ਵਜਾਨਬ ਤੇ ਜਮਹੂਰੀ ਵਿਰੋਧ ਨੂੰ ਪਾਕਿਸਤਾਨੀ ਸ਼ਰਾਰਤ ਦਾ ਹਊਆ ਖੜਾ ਕਰਕੇ ਬੇਹਤਾਸ਼ਾ ਜ਼ੁਲਮ ਕਰਨ ਦਾ ਰਾਹ ਅਪਣਾ ਲੈਂਦੇ ਹਨ। ਇਹ ਸਭ ਕੁੱਝ, ਦੇਸ਼ ਦੇ ਸਮੁੱਚੇ ਹਿੱਤਾਂ ਦੇ ਉਲਟ, ਸਿਰਫ ਰਾਜ ਭਾਗ ਉਤੇ ਕਾਬਜ਼ ਰਹਿਣ ਅਤੇ ਭਾਰਤੀ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਆਪਣਾ ਰਾਜਸੀ ਉਲੂ ਸਿੱਧਾ ਕਰਨ ਹਿੱਤ ਹੀ ਕੀਤਾ ਜਾਂਦਾ ਹੈ। ਅੱਜ ਵੀ ਕੇਂਦਰ ਵਿਚ ਸ਼ਾਸਕ ਬਣੀ ਬੈਠੀ ਕਾਂਗਰਸ ਦੀ ਅਗਵਾਈ ਹੇਠਲੀ ਯੂ.ਪੀ.ਏ. ਸਰਕਾਰ ਕਸ਼ਮੀਰ ਦੀ ਗੰਭੀਰ ਅਵਸਥਾ ਬਾਰੇ ਸਾਜਸ਼ੀ ਤੇ ਮੁਜ਼ਰਮਾਨਾ ਚੁਪ ਧਾਰੀ ਬੈਠੀ ਹੈ ਤੇ ਜੇ ਕੁੱਝ ਬੋਲਦੀ ਹੈ ਤਦ ਬਲਦੀ ਉਤੇ ਤੇਲ ਪਾਉਣ ਵਾਂਗਰ। ਇਸ ਪਾਰਟੀ ਨੇ ਹਮੇਸ਼ਾਂ ਹੀ ਕਸ਼ਮੀਰ ਮਸਲੇ ਨੂੰ ਉਲਝਾਇਆ ਹੈ ਜਾਂ ਅਣਗੌਲਿਆ ਕੀਤਾ ਹੈ ਅਤੇ ਕਦੀ ਵੀ ਇਸਨੂੰ ਹੱਲ ਕਰਨ ਦਾ ਗੰਭੀਰ ਰੂਪ ਵਿਚ ਯਤਨ ਨਹੀਂ ਕੀਤਾ।

ਅੱਜ ਦੀ ਜੰਮੂ ਕਸ਼ਮੀਰ ਦੀ ਅਵਸਥਾ ਨੂੰ ਸਮਝਣ ਵਿਚ ਇਸਦੇ ਪਿਛੋਕੜ ਬਾਰੇ ਜਾਣਕਾਰੀ ਮਦਦਗਾਰ ਸਿੱਧ ਹੋ ਸਕਦੀ ਹੈ। ਪ੍ਰਸਿੱਧ ਵਿਦਵਾਨ ਸਿਮਰੋ ਨੇ ਕਿਹਾ ਹੈ, "ਤੁਹ-ੜੇ ਜਨਮ ਤੋਂ ਪਹਿਲਾਂ ਕੀ ਵਾਪਰਿਆ ਸੀ, ਨੂੰ ਨਾ ਜਾਨਣਾ ਹਮੇਸ਼ਾ ਲਈ ਇਕ ਬੱਚਾ ਰਹਿਣ ਦੇ ਬਰਾਬਰ ਹੈ।'' ਕਿਸੇ ਸਮੇਂ ਜੰਮੂ, ਕਸ਼ਮੀਰ ਤੇ ਲੱਦਾਖ ਤਿੰਨ ਵੱਖਰੇ ਵੱਖਰੇ ਰਾਜ ਸਨ। ਪ੍ਰੰਤੂ ਜੰਮੂ ਨਾਲ ਸੰਬੰਧਤ ਰਾਜਾ ਗੁਲਾਬ ਸਿੰਘ ਡੋਗਰਾ ਦੇ ਸ਼ਾਸਨ ਕਾਲ ਵਿਚ ਇਨ੍ਹਾਂ ਨੂੰ ਇਕ ਜੁੜਵੇਂ ਰਾਜ ਦਾ ਰੂਪ ਦਿੱਤਾ ਗਿਆ, ਜਿਸਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜ ਵਿਚ ਸ਼ਾਮਲ ਕਰ ਲਿਆ ਸੀ। ਬਾਅਦ ਵਿਚ ਉਹਨਾਂ ਡੋਗਰੇ ਭਰਾਵਾਂ ਨੇ ਅੰਗਰੇਜ਼ਾਂ ਵਿਰੁੱਧ ਲੜਦਿਆਂ ਸਿੱਖ ਫੌਜਾਂ ਨਾਲ ਗੱਦਾਰੀ ਕਰਕੇ ਅੰਗਰੇਜ਼ੀ ਸਾਮਰਾਜ ਦਾ ਸਾਥ ਦਿੱਤਾ। ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ ਵਿਚ ਸਿੱਖਾਂ ਦੀ ਹਾਰ ਹੋਈ ਅਤੇ ਇਸ ਹਾਰ ਦੇ ਇਵਜ਼ਾਨੇ ਵਜੋਂ ਅੰਗਰੇਜ਼ਾਂ ਨੇ 'ਲਹੌਰ-ਦਰਬਾਰ' ਉਪਰ 10 ਲੱਖ ਪੌਂਡ ਦਾ ਜੁਰਮਾਨਾ ਠੋਕ ਦਿੱਤਾ। ਖਜ਼ਾਨੇ ਦੀ ਹਾਲਤ ਪਹਿਲਾਂ ਹੀ ਬਹੁਤ ਖਸਤਾ ਸੀ ਜੋ ਜੁਰਮਾਨੇ ਦੀ ਇਸ ਭਾਰੀ ਰਕਮ ਨੂੰ ਅਦਾ ਕਰਨ ਦੇ ਯੋਗ ਨਹੀਂ ਸੀ। ਇਹ ਜੁਰਮਾਨਾ ਨਾਂ ਅਦਾ ਕਰ ਸਕਣ ਦੇ ਇਵਜ਼ ਵਜੋਂ ਕਸ਼ਮੀਰ ਨੂੰ ਅੰਗਰੇਜ਼ਾਂ ਦੀ 'ਸੇਵਾਦਾਰੀ' ਬਦਲੇ ਡੋਗਰਿਆਂ ਦੇ ਹਵਾਲੇ ਕਰ ਦਿੱਤਾ ਗਿਆ। ਜੰਮੂ-ਕਸ਼ਮੀਰ ਵਿਚ ਡੋਗਰਾ ਭਰਾਵਾਂ ਦਾ ਸ਼ਾਸਨ ਕਾਲ ਲਗਭਗ 100 ਸਾਲ, 1846 ਤੋਂ 1952 ਤੱਕ, ਕਾਇਮ ਰਿਹਾ। ਇਸ ਸਾਮੰਤੀ ਰਾਜ ਸਮੇਂ ਕਸ਼ਮੀਰੀਆਂ ਦੀ ਆਰਥਕ ਤੇ ਸਮਾਜਕ ਅਵਸਥਾ ਅਤੀ ਤਰਸਯੋਗ ਸੀ, ਜਿੱਥੇ ਉਨਾਂ ਨੂੰ ਭੇਡਾਂ ਬੱਕਰੀਆਂ ਦੇ ਇੱਜੜਾਂ ਵਾਂਗ ਧੱਕ ਕੇ ਜਬਰੀ ਕੰਮ ਲਿਆ ਜਾਂਦਾ ਸੀ। 1931 ਵਿਚ ਡੋਗਰਾ ਰਾਜ ਦੀ ਇਸ ਤਾਨਾਸ਼ਾਹੀ ਦੇ ਵਿਰੁੱਧ ਲੋਕਾਂ ਦੀਆਂ ਬਗਾਵਤਾਂ ਸ਼ੁਰੂ ਹੋਈਆਂ। 13 ਜੁਲਾਈ 1931 ਨੂੰ ਸ਼੍ਰੀਨਗਰ ਕੇਂਦਰੀ ਜੇਲ ਦੇ ਬਾਹਰ ਬੇਬਾਗੀ ਹੋਈ ਪੁਲਸ ਵਲੋਂ ਸਰਕਾਰ ਦਾ ਵਿਰੋਧ ਕਰਨ ਵਾਲੇ 21 ਕਸ਼ਮੀਰੀ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਲੋਕ ਉਭਾਰ ਵਾਲੇ ਅਜੇਹੇ ਰਾਜਸੀ ਵਾਤਾਵਰਨ ਵਿਚ ਸੰਨ 1932 ਵਿਚ ਸ਼ੇਖ ਮੁਹੰਮਦ ਅਬਦੁੱਲਾ ਅਤੇ ਪੀਰਵੇਜ਼ ਮੁਹੰਮਦ ਯੂਸਫ ਸ਼ਾਹ ਵਲੋਂ ਕੁਲ 'ਜੰਮੂ ਅਤੇ ਕਸ਼ਮੀਰ ਮੁਸਲਮਾਨ ਕਾਨਫਰੰਸ' ਦੀ ਸਥਾਪਨਾ ਕੀਤੀ ਗਈ, ਜੋ ਬਾਅਦ ਵਿਚ, ਸਾਲ 1939 ਵਿਚ ਭੰਗ ਕਰ ਦਿੱਤੀ ਗਈ ਅਤੇ ਸ਼ੇਖ ਮੁਹੰਮਦ ਅਬਦੁੱਲਾ ਵਲੋਂ ਇਸ ਦੀ ਜਗ੍ਹਾ ਨਵੀਂ ਰਾਜਸੀ ਪਾਰਟੀ 'ਜੇ.ਐਂਡ.ਕੇ. ਨੈਸ਼ਨਲ ਕਾਨਫਰੰਸ' ਦੀ ਨੀਂਹ ਰੱਖ ਦਿੱਤੀ ਗਈ। ਦੇਸ਼ ਦੀ ਆਜ਼ਾਦੀ ਦੇ ਭਖੇ ਹੋਏ ਸੰਘਰਸ਼ ਦੌਰਾਨ ਸ਼ੇਖ ਮੁਹੰਮਦ ਅਬਦੁਲਾ ਨੂੰ ਮਹਾਰਾਜੇ ਹਰੀ ਸਿੰਘ ਨੇ ਗ੍ਰਿਫਤਾਰ ਕਰ ਲਿਆ ਕਿਉਂਕਿ ਉਹ 10 ਮਾਰਚ 1846 ਨੂੰ ਗੁਲਾਬ ਸਿੰਘ ਵਲੋਂ ਅੰਗਰੇਜ਼ਾਂ ਨਾਲ ਕੀਤੀ ਗਈ 'ਅੰਮ੍ਰਿਤਸਰ ਸੰਧੀ' ਦੇ ਵਿਰੋਧ ਵਿਚ ਚੱਲ ਰਹੇ "ਕਸ਼ਮੀਰ ਛੱਡੋ'' ਅੰਦੋਲਨ ਦੀ ਅਗਵਾਈ ਕਰ ਰਿਹਾ ਸੀ। ਇਹ ਉਹ ਸਮਾਂ ਸੀ ਜਦੋਂ ਭਾਰਤ ਦੇ 565 ਰਜ਼ਵਾੜਿਆਂ ਨੇ ਅੰਗਰੇਜ਼ ਰਾਜ ਖਤਮ ਹੋਣ ਉਪਰੰਤ ਭਾਰਤ ਜਾਂ ਪਾਕਿਸਤਾਨ ਵਿਚੋਂ ਕਿਸੇ ਇਕ ਦੇਸ਼ ਨਾਲ ਰਲੇਵਾਂ ਕਰਨ ਜਾਂ ਆਪਣੀ ਆਜ਼ਾਦ ਹੋਂਦ ਕਾਇਮ ਰੱਖਣ ਦਾ ਫੈਸਲਾ ਕਰਨਾ ਸੀ। ਪਾਕਿਸਤਾਨ ਵਲੋਂ ਕਸ਼ਮੀਰ ਨੂੰ ਜ਼ਬਰਦਸਤੀ ਅਪਣਾ ਹਿੱਸਾ ਬਣਾਉਣ ਲਈ ਇਸ ਉਤੇ ਕੀਤੇ ਗਏ ਹਮਲੇ ਕਾਰਨ ਅਤੇ ਕਸ਼ਮੀਰੀ ਲੋਕਾਂ ਦੇ ਇਸ ਹਮਲੇ ਅਤੇ ਪਾਕਿ ਫੌਜ ਵਲੋਂ ਕੀਤੇ ਜਾ ਰਹੇ ਘਿਨਾਉਣੇ ਜ਼ੁਲਮਾਂ ਤੋਂ ਬਚਾਅ ਕਰਨ ਖਾਤਰ, ਇਸ ਤੋਂ ਵੀ ਵੱਧ, ਧਰਮ ਨਿਰਪੱਖਤਾ ਦੇ ਅਸੂਲਾਂ ਉਤੇ ਟੇਕ ਰੱਖਦਿਆਂ, ਸ਼ੇਖ ਅਬਦੁੱਲਾ ਦੀ ਅਗਵਾਈ ਹੇਠਲੇ ਕਸ਼ਮੀਰੀ ਆਗੂਆਂ ਨੇ ਭਾਰਤ ਨਾਲ ਰਲੇਵੇਂ ਦਾ ਮਹੱਤਵਪੂਰਨ ਫੈਸਲਾ ਕੀਤਾ, ਭਾਵੇਂ ਕਿ ਅੱਜ ਵੀ ਕਸ਼ਮੀਰ ਦਾ ਇਕ ਤਿਹਾਈ ਹਿੱਸਾ ਪਾਕਿਸਤਾਨ ਦੇ ਕਬਜ਼ੇ ਅਧੀਨ ਹੈ।

ਕਸ਼ਮੀਰ ਦੇ ਭਾਰਤ ਨਾਲ ਰਲੇਵੇਂ ਬਾਰੇ 1948 ਵਿਚ ਸਮਝੌਤਾ ਹੋ ਗਿਆ, ਜਿਸ ਅਧੀਨ 4 ਮਾਰਚ 1948 ਨੂੰ ਸ਼ੇਖ ਮਹੁੰਮਦ ਅਬਦੁੱਲਾ ਨੂੰ ਕੈਬਨਿਟ ਸਮੇਤ ਜੰਮੂ ਕਸ਼ਮੀਰ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ। ਨਵੰਬਰ 1951 ਵਿਚ ਪ੍ਰਦੇਸ਼ ਵਿਚ ਇਕ ਅੰਤਰਿਮ ਸੰਵਿਧਾਨ ਹੋਂਦ ਵਿਚ ਆਇਆ। 24 ਜੁਲਾਈ 1952 ਨੂੰ ਸ਼ੇਖ ਮੁਹੰਮਦ ਅਬਦੁੱਲਾ ਤੇ ਭਾਰਤ ਸਰਕਾਰ ਵਿਚਕਾਰ ਹੋਏ ਸਮਝੌਤੇ ਤਹਿਤ ਇਕ ਇਕਰਾਰਨਾਮਾ ਕੀਤਾ ਗਿਆ ਜਿਸ ਅਨੁਸਾਰ ਭਾਰਤ ਅੰਦਰ ਜੰਮੂ ਕਸ਼ਮੀਰ ਨੂੰ ਸੂਬਾਈ ਖੁਦਮੁਖਤਿਆਰੀ ਦਿੱਤੀ ਗਈ। ਸ਼ੇਖ ਮੁਹੰਮਦ ਅਬਦੁੱਲਾ, ਜਿਸ ਨੂੰ ਆਜ਼ਾਦੀ ਸੰਗਰਾਮ ਦੌਰਾਨ ਨਿਭਾਏ ਗਏ ਮਾਣਮੱਤੇ ਰੋਲ ਕਾਰਨ ਦੇਸ ਭਰ ਵਿਚ "ਸ਼ੇਰੇ ਕਸ਼ਮੀਰ'' ਦੀ ਉਪਾਧੀ ਨਾਲ ਨਿਵਾਜਿਆ ਜਾ ਰਿਹਾ ਸੀ, ਨੇ ਰਾਜ ਗੱਦੀ ਸੰਭਾਲਦਿਆਂ ਹੀ ਜੰਮੂ-ਕਸ਼ਮੀਰ ਪ੍ਰਾਂਤ ਅੰਦਰ ਤਿੱਖੇ ਜ਼ਮੀਨੇ ਸੁਧਾਰਾਂ ਰਾਹੀਂ ਰਜਵਾੜਾਸ਼ਾਹੀ ਨੂੰ ਖਤਮ ਕਰਨ ਦਾ ਐਲਾਨ ਕਰਕੇ ਹਲਵਾਹਕ ਨੂੰ ਬਿਨਾਂ ਮੁਆਵਜ਼ਾ ਜ਼ਮੀਨ ਦਾ ਮਾਲਕ ਬਣਾ ਦਿੱਤਾ। ਇਸ ਨਾਲ ਸ਼ੇਖ ਅਬਦੁੱਲਾ ਦੀ ਹਰਮਨਪਿਆਰਤਾ ਵਿਚ ਹੋਰ ਵਾਧਾ ਹੋ ਗਿਆ। ਪ੍ਰੰਤੂ ਭਾਰਤੀ ਹਾਕਮ ਉਸ ਦੇ ਇਹਨਾਂ ਲੋਕ ਪੱਖੀ ਕਦਮਾਂ ਤੋਂ ਭੈਭੀਤ ਹੋ ਗਏ ਤੇ ਖੁਦਮੁਖਤਿਆਰੀ ਦੀ ਪ੍ਰੋੜਤਾ ਕਰਦੇ ਉਸਦੇ ਇਕ ਬਿਆਨ ਨੂੰ ਆਧਾਰ ਬਣਾਕੇ ਅਚਾਨਕ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਡੱਕ ਦਿੱਤਾ ਤੇ ਉਸਦੀ ਥਾਂ ਆਪਣੇ ਹਥਠੋਕੇ ਬਖਸ਼ੀ ਗੁਲਾਮ ਮੁਹੰਮਦ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ। ਇਸ ਨਾਲ ਕਸ਼ਮੀਰੀ ਲੋਕਾਂ ਅੰਦਰ ਭਾਰਤ ਪ੍ਰਤੀ ਬੇਭਰੋਸਗੀ ਦੇ ਬੀਅ ਬੀਜੇ ਗਏ। ਉਹਨਾਂ ਅੰਦਰ ਬੇਗਾਨਗੀ ਦੀ ਭਾਵਨਾ ਪੈਦਾ ਹੋਣੀ ਸ਼ੁਰੂ ਹੋ ਗਈ, ਜਿਹੜੀ ਕਿ ਅੱਜ ਤੱਕ ਕਾਇਮ ਹੀ ਨਹੀਂ ਹੈ, ਬਲਕਿ ਨਿਰੰਤਰ ਵੱਧਦੀ ਆਈ ਹੈ।

5 ਅਗਸਤ 1965 ਨੂੰ ਭਾਰਤ-ਪਾਕਿਸਤਾਨ ਵਿਚ ਮੁੜ ਜੰਗ ਸ਼ੁਰੂ ਹੋ ਗਈ, ਜੋ 23 ਸਤੰਬਰ ਨੂੰ ਖਤਮ ਹੋ ਗਈ। 30 ਮਈ 1965 ਨੂੰ ਜੰਮੂ ਕਸ਼ਮੀਰ ਦੇ ਸੰਵਿਧਾਨ ਵਿਚ ਸੋਧ ਕਰਕੇ "ਪ੍ਰਧਾਨ ਮੰਤਰੀ'' ਦੀ ਥਾਂ "ਮੁੱਖ ਮੰਤਰੀ'' ਅਤੇ "ਸਦਰੇ ਰਿਆਸਤ'' ਦੀ ਜਗ੍ਹਾ 'ਗਵਰਨਰ' ਬਣਾ ਦਿੱਤੇ ਗਏ ਤੇ ਗੁਲਾਮ ਮੁਹੰਮਦ ਸਾਦਿਕ ਨੂੰ ਜੰਮੂ-ਕਸ਼ਮੀਰ ਦਾ ਮੁੱਖ ਮੰਤਰੀ ਬਣਾ ਦਿੱਤਾ ਗਿਆ। 24 ਜੁਲਾਈ 1972 ਨੂੰ ਮੁੜ ਦੋਹਾਂ ਧਿਰਾਂ, ਸ਼ੇਖ ਅਬਦੁੱਲਾ ਤੇ ਭਾਰਤ ਦੀ ਕੇਂਦਰੀ ਸਰਕਾਰ, ਵਿਚਕਾਰ ਹੋਏ ਇਕ ਹੋਰ ਸਮਝੌਤੇ ਤਹਿਤ ਸੰਵਿਧਾਨ ਦੀ ਧਾਰਾ 370 ਦਾ ਜਨਮ ਹੋਇਆ ਜਿਸ ਅਨੁਸਾਰ ਜੰਮੂ ਕਸ਼ਮੀਰ ਨੂੰ ਭਾਰਤ ਦਾ ਅਟੁੱਟ ਅੰਗ ਸਮਝਦਿਆਂ ਹੋਇਆਂ ਵੀ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ। ਇਹਨਾਂ ਵਿਧਾਨਕ, ਪ੍ਰਸ਼ਾਸਨਿਕ ਤੇ ਕਾਨੂੰਨੀ ਅਧਿਕਾਰਾਂ ਦਾ ਭਾਰਤੀ ਸੰਵਿਧਾਨ ਵਿਚ ਪੂਰਾ ਵਰਣਨ ਹੈ।

ਪ੍ਰੰਤੂ ਅਫਸੋਸ ਹੈ ਕਿ ਕਾਂਗਰਸ ਪਾਰਟੀ ਦੀਆਂ ਕੇਂਦਰੀ ਸਰਕਾਰਾਂ ਵਲੋਂ ਇਸ ਸਮਝੌਤੇ ਅਨੁਸਾਰ ਦਿੱਤੇ ਗਏ ਅਧਿਕਾਰਾਂ ਉਤੇ ਕਾਇਮ ਰਹਿਣ ਅਤੇ ਇਨ੍ਹਾਂ ਦੀ ਇਮਾਨਦਾਰੀ ਨਾਲ ਪਾਲਣਾ ਕਰਨ ਦੀ ਥਾਂ ਅਨੇਕਾਂ ਵਾਰ ਇਨ੍ਹਾਂ ਨੂੰ ਪੈਰਾਂ ਹੇਠ ਰੌਂਦਿਆ ਗਿਆ। ਜੰਮੂ ਕਸ਼ਮੀਰ ਦੀਆਂ ਸਮੇਂ ਸਮੇਂ ਉਤੇ ਹੋਈਆਂ ਅਸੈਂਬਲੀ ਚੋਣਾਂ ਹਮੇਸ਼ਾਂ ਹੀ ਚੋਣ ਧਾਂਦਲੀਆਂ ਕੀਤੇ ਜਾਣ ਨਾਲ ਪ੍ਰਸਿੱਧ ਰਹੀਆਂ ਹਨ, ਜਿੱਥੇ ਵੋਟਰ ਆਪਣੀ ਮਰਜ਼ੀ ਨਾਲ ਇਸ ਅਧਿਕਾਰ ਦੀ ਵਰਤੋਂ ਨਹੀਂ ਕਰਦਾ ਬਲਕਿ ਪੁਲੀਸ ਤੇ ਦੂਸਰੇ ਅਰਧ ਸੈਨਿਕ ਬਲ ਜਬਰਦਸਤੀ ਜਾਅਲੀ ਵੋਟਾਂ ਪਵਾ ਕੇ ਜਾਂ ਆਪ ਪਾ ਕੇ ਚੋਣ ਪ੍ਰਕਿਰਿਆ ਨੂੰ ਮਹਿਜ ਇਕ ਡਰਾਮਾ ਬਣਾ ਦਿੰਦੇ ਹਨ। ਖਾਸਕਰ 1987 ਦੀਆਂ ਅਸੈਂਬਲੀ ਚੋਣਾਂ, ਜਿਸ ਵਿਚ ਨੈਸ਼ਨਲ ਕਾਨਫਰੰਸ-ਕਾਂਗਰਸ ਗਠਜੋੜ ਦੇ ਮੁਕਾਬਲੇ ਵੱਖ ਵੱਖ ਸਿਆਸੀ ਦਲਾਂ ਦਾ ਇਕ ਸਾਂਝਾ ਮੁਸਲਿਮ ਫਰੰਟ ਚੋਣ ਮੈਦਾਨ ਵਿਚ ਨਿਤਰਿਆ ਸੀ। ਇਹ ਚੋਣਾਂ ਕਸ਼ਮੀਰ ਦੇ ਲੋਕਾਂ ਵਾਸਤੇ ਇਕ ਛਲਾਵੇ ਤੋਂ ਵੱਧ ਹੋਰ ਕੁੱਝ ਨਹੀਂ ਸੀ। ਉਸ ਤੋਂ ਬਾਅਦ ਇਕ ਵਾਰ ਫਾਰੂਖ਼ ਅਬਦੁਲਾ ਦੀ ਅਗਵਾਈ ਹੇਠਲੀ ਨੈਸ਼ਨਲ ਕਾਨਫਰੰਸ ਦੀ ਚੁਣੀ ਹੋਈ ਸਰਕਾਰ ਨੂੰ ਤੋੜ ਕੇ ਨੈਸ਼ਨਲ ਕਾਨਫਰੰਸ ਦੇ ਇਕ ਭਗੌੜੇ ਹਿੱਸੇ ਨਾਲ ਸਾਂਝ ਪਾ ਕੇ ਕਾਂਗਰਸ ਵਲੋਂ ਸਰਕਾਰ ਬਣਾਉਣ ਦੀ ਕਾਰਵਾਈ ਨੇ ਕਸ਼ਮੀਰ ਵਿਚ ਵੱਖਵਾਦੀ ਤੱਤਾਂ ਲਈ ਅਸਰਦਾਇਕ ਜ਼ਮੀਨ ਕਾਇਮ ਕਰਨ ਵਿਚ ਵੱਡਾ ਯੋਗਦਾਨ ਪਾਇਆ। ਇਸਤੋਂ ਬਾਅਦ ਲਗਾਤਾਰ ਕਸ਼ਮੀਰੀ ਲੋਕਾਂ ਵਿਚ ਬੇਗਾਨਗੀ ਤੇ ਅਲਹਿਦਗੀ ਦੀ ਭਾਵਨਾ ਵੱਧਦੀ ਗਈ ਤੇ ਉਨਾਂ ਨੂੰ ਇੰਜ ਜਾਪਿਆ ਜਿਵੇਂ ਭਾਰਤ ਨਾਲ ਉਨ੍ਹਾਂ ਦੇ ਰਲੇਵੇਂ ਦੇ ਫੈਸਲੇ ਨਾਲ ਉਨ੍ਹਾਂ ਨਾਲ ਧੋਖਾ ਕੀਤਾ ਗਿਆ ਹੈ। ਇਸ ਅਵਸਥਾ ਨੂੰ ਪਾਕਿਸਤਾਨੀ ਹਾਕਮਾਂ ਅਤੇ ਸਾਮਰਾਜੀ ਸ਼ਕਤੀਆਂ ਨੇ ਪੂਰੀ ਤਰ੍ਹਾਂ ਇਸਤੇਮਾਲ ਕੀਤਾ ਤੇ ਕਸ਼ਮੀਰੀ ਲੋਕਾਂ ਵਿਚ ਵੱਖਵਾਦੀ ਤੇ ਬੇਗਾਨਗੀ ਦੀਆਂ ਭਾਵਨਾਵਾਂ ਡੂੰਘੀਆਂ ਕਰਨ ਵਿਚ ਭਰਪੂਰ ਮਦਦ ਕੀਤੀ।

ਸੋ ਅਸੀਂ ਉਸੇ ਕਸ਼ਮੀਰ ਦੀ ਮੌਜੂਦਾ ਚਿੰਤਾਜਨਕ ਅਵਸਥਾ ਨੂੰ ਆਪਣੀਆਂ ਅੱਖਾਂ ਨਾਲ ਦੇਖ ਰਹੇ ਹਾਂ ਜਿਸ ਨੇ ਸੰਨ 1947 ਵਿਚ ਆਪਣੇ ਧਾਰਮਕ ਵੱਖਰੇਵਿਆਂ ਦੇ ਬਾਵਜੂਦ ਆਪਣੇ ਚੰਗੇਰੇ ਭਵਿੱਖ ਵਾਸਤੇ ਆਪਣੇ ਆਪ ਨੂੰ ਭਾਰਤ ਨਾਲ ਜੋੜਿਆ ਸੀ। ਇਸ ਸਥਿਤੀ ਵਿਚੋਂ ਕਿਵੇਂ ਨਿਕਲਿਆ ਜਾਵੇ? ਜਿਸ ਨਾਲ ਕਿ ਜੰਮੂ ਕਸ਼ਮੀਰ ਵਿਚ ਮੁੜ ਸ਼ਾਂਤੀ ਸਥਾਪਤ ਹੋ ਸਕੇ ਤੇ ਭਾਰਤ ਵਿਰੋਧੀ ਸ਼ਕਤੀਆਂ ਤੇ ਫਿਰਕੂ ਵੰਡਵਾਦੀ ਤੱਤਾਂ ਨੂੰ ਲੋਕਾਂ ਦੀ ਜਾਨ ਮਾਲ ਨਾਲ ਖੇਡਣ ਦੀ ਇਜਾਜ਼ਤ ਨਾ ਮਿਲੇ। ਦੇਸ਼ ਭਰ ਦੇ ਲੋਕਾਂ ਸਾਹਮਣੇ ਇਹ ਮਸਲਾ ਵੱਡਾ ਪ੍ਰਸ਼ਨ ਬਣ ਕੇ ਖੜਾ ਹੋ ਗਿਆ ਹੈ।

ਇਸ ਵਾਸਤੇ ਸਭ ਤੋਂ ਪਹਿਲਾ ਕੰਮ ਹੈ : ਜੰਮੂ-ਕਸ਼ਮੀਰ ਪ੍ਰਾਂਤ ਵਿਚ ਕਾਨੂੰਨ ਦਾ ਰਾਜ ਸਥਾਪਤ ਕਰਨਾ, ਜਿੱਥੇ ਫੌਜ, ਪੁਲੀਸ ਤੇ ਦੂਜੇ ਅਰਧ ਸੈਨਿਕ ਬਲਾਂ ਦੀ ਹਰ ਕਾਰਵਾਈ ਲਈ ਕਾਨੂੰਨੀ ਜਵਾਬਦੇਹੀ ਹੋਵੇ। ਭਾਵੇਂ ਅਵਸਥਾ ਕਿਹੋ ਜਿਹੀ ਵੀ ਹੋਵੇ, ਕਿਸੇ ਨੂੰ ਵੀ ਗੈਰ ਕਾਨੂੰਨੀ ਢੰਗ ਨਾਲ ਆਮ ਵਿਅਕਤੀ ਨੂੰ ਮਾਰਨ ਜਾਂ ਉਸ ਉਤੇ ਜ਼ੁਲਮ ਕਰਨ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ। ਜੋ ਅਜਿਹਾ ਕਰਦਾ ਹੈ, ਭਾਵੇਂ ਉਹ ਕਿਸੇ ਬਹਾਨੇ ਵੀ ਕਰਦਾ ਹੈ ਤੇ ਕਿਸੇ ਵੀ ਅਹੁਦੇ ਉਤੇ ਤਾਇਨਾਤ ਹੈ, ਭਾਰਤੀ ਸੰਵਿਧਾਨ, ਕਾਨੂੰਨ ਤੇ ਅਦਾਲਤਾਂ ਸਾਹਮਣੇ ਜਵਾਬਦੇਹ ਹੈ ਤੇ ਸਖ਼ਤ ਸਜ਼ਾ ਦਾ ਭਾਗੀਦਾਰ ਹੈ। ਜਦੋਂ ਅਸੀਂ ਗੈਰ ਕਾਨੂੰਨੀ ਤੇ ਦੇਸ਼ ਵਿਰੋਧੀ ਤੱਤਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀਆਂ ਗੱਲਾਂ ਕਰਦੇ ਹਾਂ ਤਦ ਗੈਰ ਕਾਨੂੰਨੀ ਕਾਰਵਾਈਆਂ ਕਰਨ ਦੀ ਸਜ਼ਾ ਫੌਜ ਤੇ ਦੂਸਰੇ ਅਰਧ ਸੈਨਿਕ ਬਲਾਂ ਨੂੰ ਵੀ ਜ਼ਰੂਰ ਮਿਲਣੀ ਚਾਹੀਦੀ ਹੈ, ਜੇਕਰ ਉਹ ਦੋਸ਼ੀ ਪਾਏ ਜਾਂਦੇ ਹਨ। ਜੰਮੂ-ਕਸ਼ਮੀਰ ਵਿਚ ਹਾਲਾਤ ਨਾਲ ਨਜਿੱਠਣ ਦੇ ਨਾਮ ਹੇਠਾਂ ਜਿਹੜੇ ਵੱਖ ਵੱਖ ਗੈਰ ਜਮਹੂਰੀ ਤੇ ਦਬਾਊ ਕਾਨੂੰਨਾਂ ਨੂੰ ਘੜਿਆ ਗਿਆ ਹੈ ਤੇ ਅੰਧਾਧੁੰਦ ਮਨਮਾਨੇ ਢੰਗ ਨਾਲ ਉਨ੍ਹਾਂ ਦੀ ਕੁਵਰਤੋਂ ਕੀਤੀ ਜਾ ਰਹੀ ਹੈ, ਉਹ ਤੁਰੰਤ ਬੰਦ ਹੋਣੀ ਚਾਹੀਦੀ ਹੈ। ਦੇਸ਼ ਵਿਰੋਧੀ ਸ਼ਰਾਰਤੀ ਲੋਕਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇ ਪ੍ਰੰਤੂ ਸਾਲਾਂ ਬੱਧੀ ਬੁਨਿਆਦੀ ਹੱਕਾਂ ਤੋਂ ਮਹਿਰੂਮ ਰਹੇ ਅਤੇ ਗਰੀਬੀ ਤੇ ਬੇਕਾਰੀ ਦੀ ਮਾਰ ਝੱਲ ਰਹੇ ਆਮ ਕਸ਼ਮੀਰੀ ਲੋਕਾਂ ਨਾਲ ਇਨਸਾਨੀ ਤੇ ਇਨਸਾਫ ਪਸੰਦ ਕਦਰਾਂ ਉਤੇ ਆਧਾਰਤ ਵਿਵਹਾਰ ਕੀਤਾ ਜਾਣਾ ਲਾਜ਼ਮੀ ਹੈ। ਇਸ ਲਈ ਕੇਂਦਰੀ ਸਰਕਾਰ ਨੂੰ ਬਹੁਤ ਹੀ ਧੀਰਜ, ਸੰਵੇਦਨਸ਼ੀਲ ਤੇ ਜਮਹੂਰੀ ਪਹੁੰਚ ਅਪਣਾਉਣੀ ਹੋਵੇਗੀ।

ਕੇਂਦਰੀ ਸਰਕਾਰ ਨੂੰ ਜੰਮੂ ਕਸ਼ਮੀਰ ਦੀਆਂ ਸਾਰੀਆਂ ਰਾਜਸੀ ਤੇ ਸਮਾਜਕ ਧਿਰਾਂ ਨਾਲ, ਖਾਸਕਰ ਕਸ਼ਮੀਰ ਮਸਲੇ ਨਾਲ ਸਬੰਧਤ ਜਥੇਬੰਦੀਆਂ ਨਾਲ, ਬਿਨਾਂ ਕਿਸੇ ਸ਼ਰਤ ਦੇ ਗੱਲਬਾਤ ਕਰਨੀ ਚਾਹੀਦੀ ਹੈ। ਕਿਉਂਕਿ ਜੰਮੂ ਕਸ਼ਮੀਰ ਦਾ ਮਸਲਾ ਸਿਰਫ ਕਾਨੂੰਨ ਪ੍ਰਬੰਧ ਦਾ ਮਸਲਾ ਨਹੀਂ ਹੈ, ਸਗੋਂ ਮੂਲ ਰੂਪ ਵਿਚ ਰਾਜਨੀਤਕ ਤੇ ਸਮਾਜਕ ਸਵਾਲ ਹੈ । ਇਸਦਾ ਹੱਲ ਵੀ ਕਿਸੇ ਇਕ ਪਾਸੜ ਪਹੁੰਚ ਨਾਲ ਨਹੀਂ ਕੀਤਾ ਜਾ ਸਕਦਾ। ਕੋਈ ਵੀ ਇਨਸਾਫ ਪਸੰਦ ਵਿਅਕਤੀ ਜਾਂ ਰਾਜਸੀ ਦਲ ਕਸ਼ਮੀਰ ਨੂੰ ਭਾਰਤ ਨਾਲੋਂ ਵੱਖ ਨਹੀਂ ਦੇਖਣਾ ਚਾਹੁੰਦਾ ਤੇ ਨਾ ਹੀ ਧਰਮ ਤੇ ਵੱਖਵਾਦ ਦੇ ਨਾਂਅ ਉਤੇ ਕੀਤੀ ਜਾਣ ਵਾਲੀ ਹਿੰਸਾ ਨੂੰ ਹੱਕ ਵਜਾਨਬ ਠਹਿਰਾ ਸਕਦਾ ਹੈ। ਪ੍ਰੰਤੂ ਛੇ ਦਹਾਕਿਆਂ ਤੋਂ ਵਿਗੜੇ ਮਸਲੇ ਨੂੰ ਝੱਟ ਹੀ ਹੱਲ ਵੀ ਤਾਂ ਨਹੀਂ ਕੀਤਾ ਜਾ ਸਕਦਾ। ਇਹ ਤੱਥ ਕਦਾਚਿੱਤ ਅਣਡਿੱਠ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ, ਧਾਰਮਿਕ ਵੱਖਰੇਵਿਆਂ ਤੇ ਹੋਰ ਕਈ ਤਰ੍ਹਾਂ ਦੀਆਂ ਤਲਖੀਆਂ ਦੇ ਬਾਵਜੂਦ, ਕਸ਼ਮੀਰੀ ਲੋਕਾਂ ਨੇ ਆਪਣੀ ਕਿਸਮਤ ਨੂੰ ਧਰਮ ਨਿਰਪੱਖਤਾ ਦੇ ਆਧਾਰ ਉਤੇ ਭਾਰਤ ਨਾਲ ਜੋੜਿਆ ਸੀ। ਉਨ੍ਹਾਂ ਦੀ ਇਸ ਬਹੁਤ ਹੀ ਹਾਂ ਪੱਖੀ ਪਹੁੰਚ ਦਾ ਪੂਰਾ ਮੁੱਲ ਪਾਇਆ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਨਾਲ ਭਾਰਤ ਅੰਦਰ ਰਹਿੰਦਿਆਂ ਹੋਇਆਂ ਉਚੇਚੇ ਅਧਿਕਾਰ ਅਤੇ ਖੁਦਮੁਖਤਿਆਰੀ ਦਾ ਕੀਤਾ ਵਾਅਦਾ ਹਰ ਕੀਮਤ ਉਤੇ ਪੂਰਾ ਕੀਤਾ ਜਾਣਾ ਚਾਹੀਦਾ ਹੈ। ਇਸ ਦਿਸ਼ਾ ਵਿਚ ਕੇਂਦਰ ਦੀਆਂ ਵੱਖ ਵੱਖ ਸਰਕਾਰਾਂ ਵਲੋਂ ਹੁਣ ਤੱਕ ਕੀਤੀਆਂ ਗਈਆਂ ਸਾਰੀਆਂ ਗਲਤ ਕਾਰਵਾਈਆਂ ਨੂੰ ਸੋਧਿਆ ਜਾਣਾ ਚਾਹੀਦਾ ਹੈ, ਭਾਵੇਂ ਕਿ ਇਸ ਦਿਸ਼ਾ ਵਿਚ ਕਾਫੀ ਦੇਰ ਅਤੇ ਕੁਤਾਹੀ ਕੀਤੀ ਗਈ ਹੈ। ਜੇਕਰ ਭਾਰਤ ਦੀ ਸਰਕਾਰ ਪਾਕਿਸਤਾਨ ਨਾਲ ਗੱਲਬਾਤ ਕਰ ਸਕਦੀ ਹੈ ਅਤੇ ਇਸ ਪੱਖੋਂ ਅਮਰੀਕਾ ਦੀ ਦਖਲ ਅੰਦਾਜ਼ੀ ਨੂੰ ਵੀ ਸਹਿਣ ਕਰੀ ਜਾ ਰਹੀ ਹੈ ਤਾਂ ਆਪਣੇ ਹੀ ਦੇਸ਼ ਦੇ ਇਕ ਹਿੱਸੇ ਦੇ ਲੋਕਾਂ ਨਾਲ ਗੱਲਬਾਤ ਸ਼ੁਰੂ ਕਰਨ ਵਿਚ ਹਿਚਕਚਾਹਟ ਕਿਉਂ ਦਿਖਾਈ ਜਾ ਰਹੀ ਹੈ?

ਕਸ਼ਮੀਰ ਇਸੇ ਤਰ੍ਹਾਂ ਬਲਦਾ ਰਹੇ ਇਹ ਹੀ ਚਾਹੁੰਦੀਆਂ ਹਨ ਭਾਰਤ ਵਿਰੋਧੀ ਦੇਸੀ ਤੇ ਵਿਦੇਸ਼ੀ ਸ਼ਕਤੀਆਂ, ਖਾਸ ਕਰ ਅਮਰੀਕਣ ਸਾਮਰਾਜ ਜੋ ਕਸ਼ਮੀਰ ਦੇ ਪੌਡੇ ਤੋਂ ਛਾਲ ਮਾਰਕੇ ਸਿੱਧੇ ਰੂਪ ਵਿਚ ਇਸ ਖਿਤੇ ਵਿਚ ਆਪਣੀ ਸਰਦਾਰੀ ਤੇ ਦਖ਼ਲ ਨੂੰ ਵਧੇਰੇ ਸਹਿਲ ਤੇ ਕਾਰਗਰ ਬਣਾਉਣਾ ਚਾਹੁੰਦਾ ਹੈ। ਫਿਰਕੂ ਤੇ ਵੰਡਵਾਦੀਆਂ ਦੇ ਭਾਰਤ ਵਿਰੋਧੀ ਮਨਸੂਬੇ ਵੀ ਕਿਸੇ ਤੋਂ ਛੁਪੇ ਹੋਏ ਨਹੀਂ ਹਨ। ਪ੍ਰੰਤੂ ਇਸ ਸਾਰੇ ਕੰਮ ਲਈ ਜਿਥੇ ਅਨੇਕਾਂ ਕਦਮਾਂ ਦੀ ਲੋੜ ਹੈ ਉਥੇ ਸਭ ਤੋਂ ਜ਼ਰੂਰੀ ਕਦਮ ਜੋ ਚੁਕਣਾ ਚਾਹੀਦਾ ਹੈ ਉਹ ਹੈ ਕਸ਼ਮੀਰੀ ਲੋਕਾਂ ਦੇ ਮਨਾਂ ਨੂੰ ਜਿੱਤਣਾ ਤੇ ਉਹਨਾਂ ਨੂੰ ਇਹ ਅਹਿਸਾਸ ਕਰਾਉਣਾ ਕਿ ਅਸੀਂ ਇਕੱਲੇ ਕਸ਼ਮੀਰ ਦੀ ਸੁੰਦਰ ਵਾਦੀ ਨੂੰ ਹੀ ਭਾਰਤ ਦਾ ਅਟੁੱਟ ਹਿੱਸਾ ਨਹੀਂ ਸਮਝਦੇ ਬਲਕਿ ਇਨਸਾਫਪਸੰਦ ਕਸ਼ਮੀਰੀ ਲੋਕਾਂ ਨੂੰ ਵੀ ਆਪਣੇ ਦੇਸ਼ ਦੇ ਬਾਕੀ ਵਸਨੀਕਾਂ ਵਾਂਗਰ ਪਿਆਰ ਕਰਦੇ ਹਾਂ ਤੇ ਉਨ੍ਹਾਂ ਦੇ ਹਰ ਮਸਲੇ ਨੂੰ ਜਮਹੂਰੀ ਢੰਗ ਨਾਲ ਹੱਲ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਾਂ। ਅਸੀਂ ਕੇਂਦਰ ਸਰਕਾਰ ਨੂੰ ਤਾੜਨਾ ਕਰਨੀ ਚਾਹੁੰਦੇ ਹਾਂ ਕਿ ਕਸ਼ਮੀਰ ਵਿਚ ਮੌਜੂਦਾ ਅਣਸੁਖਾਵੀਂ ਅਵਸਥਾ ਨੂੰ ਪਾਕਿਸਤਾਨ ਜਾਂ ਕਿਸੇ ਹੋਰ ਦੇਸ਼ ਦਾ ਆਨੇ ਬਹਾਨੇ ਨਾਂਅ ਲੈ ਕੇ ਟਾਲਣ ਦਾ ਕੋਈ ਬਹਾਨਾ ਬਣਾਉਣ ਦੀ ਥਾਂ ਉਹ ਕਸ਼ਮੀਰ ਪ੍ਰਤੀ ਆਪਣੀ ਨੀਤੀ ਨੂੰ ਸੁਧਾਰੇ ਕਿਉਂਕਿ ਭਾਰਤੀ ਲੋਕਾਂ ਨੇ ਇਹਨਾਂ ਹਾਕਮਾਂ ਤੋਂ ਇਕ ਦਿਨ ਲਾਜ਼ਮੀ ਇਹ ਪੁਛਣਾ ਹੈ ਕਿ :

" ਤੂ ਇਧਰ ਉਧਰ ਕੀ ਨਾ ਬਾਤ ਕਰ,
ਯੇ ਬਤਾ ਕਿ ਕਾਫ਼ਲਾ ਕਿਉਂ ਲੁਟਾ?
ਹਮੇਂ ਰਾਹਜ਼ਨੋਂ ਸੇ ਗਰਜ਼ ਨਹੀਂ,
ਤੇਰੀ ਰਹਿਬਰੀ ਕਾ ਸਵਾਲ ਹੈ।

ਸਾਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਜੇਕਰ ਅੱਜ ਵੀ ਭਾਰਤ ਦੇ ਹੁਕਮਰਾਨ ਕਸ਼ਮੀਰ ਮਸਲੇ ਦੇ ਰਾਜਨੀਤਕ ਹੱਲ ਵਾਸਤੇ ਠੋਸ ਅਤੇ ਗੰਭੀਰ ਯਤਨ ਆਰੰਭਣ ਤਾਂ ਇਕ ਦਿਨ ਐਸਾ ਲਾਜ਼ਮੀ ਆਵੇਗਾ ਜਦੋਂ ਕਸ਼ਮੀਰ ਭਾਰਤ ਤੇ ਪਾਕਿਸਤਾਨ ਦੋਨਾਂ ਦੇਸ਼ਾਂ ਵਿਚਕਾਰ ਨਫਰਤ ਅਤੇ ਝਗੜਾ ਪੈਦਾ ਕਰਨ ਦਾ ਮੁੱਦਾ ਨਾ ਰਹਿਕੇ ਆਪਸੀ ਮਿੱਤਰਤਾ, ਮਿਲਵਰਤੋਂ ਅਤੇ ਭਰਾਤਰੀ ਭਾਵ ਦਾ ਪ੍ਰਤੀਕ ਬਣ ਕੇ ਉਭਰੇਗਾ।

# ਸਿੱਖਿਆ ਦਾ ਬੇ-ਰੋਕ ਵਪਾਰੀਕਰਣ ਅਤੇ ਵਿਦਿਆਰਥੀਆਂ ਦਾ ਧੁੰਦਲਾ ਭਵਿੱਖ



ਬੀਰ ਦਵਿੰਦਰ ਸਿੰਘ
ਸਾਬਕਾ ਡਿਪਟੀ ਸਪੀਕਰ, ਪੰਜਾਬ

ਵਿਸ਼ਵੀਕਰਣ ਅਤੇ ਸੂਚਨਾ ਤਕਨਾਲੋਜੀ ਦੇ ਇਨਕਲਾਬੀ ਯੁੱਗ ਵਿਚ ਜਿੱਥੇ ਵਿਸ਼ਵ ਦੀ ਆਰਥਿਕਤਾ ਦੇ ਖੇਤਰ ਵਿਚ ਨਵੇਂ-ਨਵੇਂ ਆਯਾਮਾਂ ਦਾ ਆਵਿਸ਼ਕਾਰ ਹੋ ਰਿਹਾ ਹੈ ,ਉਸ ਦੇ ਨਾਲ ਭਾਰਤ ਨੇ ਵੀ ਆਰਥਿਕਤਾ ਦੇ ਖੇਤਰ ਵਿਚ ਨਵੇਂ ਦਿਸਹੱਦੇ ਕਾਇਮ ਕੀਤੇ ਹਨ। ਸਾਡੀ ਪੜ੍ਹੀ-ਲਿਖੀ ਨੌਜਵਾਨ ਨਵੀਂ ਪੀੜ੍ਹੀ, ਤੇਜ਼ੀ ਨਾਲ ਵਿਕਸਿਤ ਹੋ ਰਹੀ ਆਰਥਿਕਤਾ ਦੇ ਦੌਰ ਵਿਚ, ਨਵੇਂ ਮੌਕਿਆਂ ਦੀ ਤਲਾਸ਼ ਵਿਚ ਹੈ। ਇਹ ਪੀੜ੍ਹੀ ਇਹ ਵੀ ਮਹਿਸੂਸ ਕਰ ਰਹੀ ਹੈ ਕਿ ਰੁਜ਼ਗਾਰ ਦੇ ਮੌਕਿਆਂ'ਤੇ ਵੀ ਅਜ਼ਾਰੇਦਾਰੀਆਂ ਦਾ ਪ੍ਰਕੋਪ ਹੀ ਭਾਰੀ ਹੈ । ਅੱਜ ਵਿਦਿਆ ਦਾ ਵਪਾਰੀਕਰਣ ਜ਼ੋਰਾਂ 'ਤੇ ਹੈ ਤੇ ਇਸ ਦੌਰ ਵਿਚ ਰੁਜ਼ਗਾਰ ਦੇ ਮੌਕੇ ਹਥਿਆਉਣ ਲਈ ਜ਼ਰੂਰੀ ਹੈ ਕਿ ਵਿਅਕਤੀ ਵਿਦਿਅਕ ਪੱਖੋਂ ਪੂਰਨ ਤੌਰ' ਤੇ ਸੱਮਰਥ ਹੋਵੇ, ਤਦ ਹੀ ਉਹ ਰੁਜ਼ਗਾਰ ਦੇ ਯੋਗ ਮੌਕਿਆਂ ਦੀ ਤਲਾਸ਼ ਦੀ ਦੌੜ ਵਿਚ ਸ਼ਾਮਲ ਹੋ ਸਕਦਾ ਹੈ। ਵਿ-ਗਆਨ,ਤਕਨੀਕ ਅਤੇ ਕਾਰੋਬਾਰੀ ਪ੍ਰਬੰਧਨ ਦੇ ਖੇਤਰਾਂ ਵਿਚ ਤਾਂ ਹਰ ਅਦਾਰਾ ਹੀ ਉੱਤਮਤਾ ਦੀ ਤਲਾਸ਼ ਵਿਚ ਹੈ, ਅਜਿਹੇ ਵਿਚ ਜੋ ਉਮੀਦਵਾਰ ਗੁਣਾਤਮਕਤਾ ਵਿਚ ਪ੍ਰਬੀਨ ਅਤੇ ਉੱਤਮ ਹੈ, ਰੁਜ਼ਗਾਰ ਦੇ ਮੌਕੇ ਉਸ ਦੀ ਹੀ ਪਕੜ ਵਿਚ ਆ ਸਕਣਗੇ ਤੇ ਬਾਕੀ ਉਮੀਦਵਾਰ ਯੋਗ ਮੌਕਿਆਂ ਦੀ ਦੌੜ ਵਿਚ ਪੱਛੜ ਜਾਣਗੇ ਤੇ ਕਈ ਵਾਰ ਉਹਨਾਂ ਦੀ ਤਲਾਸ਼ ਨਿਰਾਸ਼ਤਾ ਵਿਚ ਵੀ ਬਦਲ ਜਾਂਦੀ ਹੈ, ਉਨ੍ਹਾਂ ਵਿਚੋਂ ਕੁਝ ਤਕਦੀਰ ਅਤੇ ਕੁਝ ਹਾਲਾਤ ਨੂੰ ਦੋਸ਼ੀ ਠਹਿਰਾਉਣ ਲੱਗ ਪੈਂਦੇ ਹਨ। ਦਰਅਸਲ ਵਿੱਦਿਆ ਦਾ ਤੇਜ਼ੀ ਨਾਲ ਹੋ ਰਿਹਾ ਵਪਾਰੀਕਰਣ ਅਤੇ ਨਿੱਜੀਕਰਣ ਹੀ ਇਸ ਦੁਬਿਧਾ ਦਾ ਮੂਲ ਕਾਰਣ ਹੈ। ਅਜਿਹੀ ਵਿਵਸਥਾ, ਗਰੀਬ ਅਤੇ ਮੱਧ ਵਰਗ ਪਰਿਵਾਰ ਦੇ ਬੱਚਿਆਂ ਲਈ ਮਿਆਰੀ ਉੱਚ-ਸਿੱਖਿਆ ਪ੍ਰਾਪਤ ਕਰਨ ਦੀ ਜਗਿਆਸਾ ਨੂੰ, ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਬਣਾ ਦਵੇਗੀ।

ਮਿਸਾਲ ਦੇ ਤੌਰ 'ਤੇ ਅੱਜਕਲ੍ਹ ਉਦਯੋਗਤੀ,ਵਪਾਰੀ ਜਾਂ ਨਵੇਂ-ਰੱਜੇ, ਜਿਨ੍ਹਾਂ ਦਾ ਸਿੱਖਿਆ ਦੇ ਖੇਤਰ ਨਾਲ ਦੂਰ-ਨੇੜੇ ਦਾ ਵੀ ਕੋਈ ਸਰੋਕਾਰ ਨਹੀਂ, ਉਹਨਾਂ ਵਿਚ ਨਿੱਜੀ-ਖੇਤਰ ਵਿਚ ਵਿਦਿਅਕ ਸੰਸਥਾਵਾਂ ਖੋਲ੍ਹਣ ਦੀ ਇਕ ਅਜੀਬੋ-ਗਰੀਬ ਹੋੜ ਲੱਗੀ ਹੋਈ ਹੈ। ਖੁਦ ਮੁਖਤਿਆਰ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜ ਧੜਾ-ਧੜ ਹੋਂਦ ਵਿਚ ਆ ਰਹੇ ਹਨ। ਇਹਨਾਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੀ ਫੀਸ ਦੇ ਢਾਚੇ 'ਤੇ ਕੇਂਦਰ ਅਤੇ ਸੁਬਾਈ ਸਰਕਾਰਾਂ ਦਾ ਕੋਈ ਨਿਯੰਤਰਣ ਨਹੀਂ ਹੈ। ਇਹ ਅਦਾਰੇ ਆਪਣੇ ਅਸਰ-ਰਸੂਖ ਅਤੇ ਦੌਲਤ ਦੀ ਵਰਤੋਂ ਕਰਕੇ ਵਿਧਾਨ ਸਭਾਵਾਂ ਤੋਂ ਆਪਣੀ ਮਨ ਮਰਜ਼ੀ ਦੇ ਬਿੱਲ ਪਾਸ ਕਰਵਾ ਲੈਂਦੇ ਹਨ। ਇਸ ਤੋਂ ਵੀ ਵਧੇਰੇ ਦੁੱਖ ਦੀ ਗੱਲ ਇਹ ਹੈ ਕਿ ਅਜਿਹੇ ਬਿੱਲ ਵਿਧਾਨ ਸਭਾਵਾਂ ਵਿਚ ਬਿਨਾਂ ਕਿਸੇ ਬਹਿਸ-ਮੁਬਾਸੇ ਦੇ ਹੀ ਪਾਸ ਹੋ ਜਾਂਦੇ ਹਨ। ਕਈ ਵਾਰ ਤਾਂ ਸਵਾਰਥੀ ਹਿੱਤ ਏਨੇ ਭਾਰੂ ਅਤੇ ਸਮੱਰਥ ਹੁੰਦੇ ਹਨ ਕਿ ਉਹ ਸਰਕਾਰੀ ਅਤੇ ਵਿਰੋਧੀ ਧਿਰ ਦੋਹਾਂ ਨਾਲ ਹੀ ਸੌਦੇਬਾਜ਼ੀਆਂ ਤਹਿ ਕਰ ਲੈਂਦੇ ਹਨ, ਤੇ ਬਸ ਫੇਰ ਕੀ, ਲੋਕ-ਹਿੱਤਾਂ ਦੀਆਂ ਪਹਿਰੇਦਾਰੀਆਂ ਦੇ ਦਮ-ਗਜ਼ੇ ਮਾਰਨ ਵਾਲੇ, ਇਹ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਵਿਧਾਨ ਸਭਾਵਾਂ ਵਿਚ ਮੂਕ-ਦਰਸ਼ਕ ਬਣ ਕੇ ਬੈਠੇ ਰਹਿੰਦੇ ਹਨ, ਤੇ ਉਨ੍ਹਾਂ ਦੇ ਵੇਖਦਿਆਂ -ਵੇਖਦਿਆਂ ਹੀ ਸਵਾਰਥੀ-ਹਿੱਤਾਂ ਦੇ ਨਾਪਾਕ ਇਰਾਕੇ ਕਾਮਯਾਬ ਹੋ ਜਾਂਦੇ ਹਨ। ਮਿੱਤਰ ਸ਼ਾਇਰ ਗੁਰਭਜਨ ਗਿੱਲ ਦੀਆਂ ਇਹ ਸਤਰਾਂ ਇਸ ਨਿਘਾਰ ਨੂੰ ਇੰਝ ਬਿਆਨ ਕਰਦਿਆਂ ਹਨ:

"ਇਹ ਚੋਰੀ ਡਾਕੇ ਹੱਕਾਂ 'ਤੇ ਕੋਈ ਐਵੇਂ 'ਤੇ ਨਹੀਂ ਮਾਰ ਰਿਹਾ,
ਬਦਨੀਤੀ ਚੌਕੀਦਾਰਾਂ ਦੀ ਜੋ ਝੂਠੀ-ਮੂਠੀ ਖੰਘਦੇ ਰਹੇ।''

ਵਪਾਰਕ ਘਰਾਣੇ, ਉਦਯੋਗਪਤੀ ਅਤੇ ਸਿਆ-ਸਤਦਾਨ ਜੇ ਆਪਣੀ ਵਾਧੂ ਪੂੰਜੀ ਨੂੰ ਸਿੱਖਿਆ ਦੇ ਖੇਤਰ ਵਿਚ , ਬਿਨਾਂ ਕਿਸੇ ਲੋਭ-ਲਾਲਚ ਦੀ ਦ੍ਰਿਸ਼ਟੀ ਦੀ ਪ੍ਰੇਰਨਾ ਤੋਂ ਮਹਿਜ਼ ਸਮਾਜਿਕ ਯੋਗਦਾਨ ਵਜੋਂ , ਅੱਗੇ ਆਉਣ ਤਦ ਇਸ ਉੱਦਮ ਨੂੰ ਅਸੀਂ ਇਕ ਸ਼ਲਾਘਾਯੋਗ ਉੱਦਮ ਕਹਾਂਗੇ ਪਰ ਜੇ ਕੇਵਲ ਟੈਕਸ ਛੋਟਾਂ ਦਾ ਆਨੰਦ ਮਾਨਣ ਅਤੇ ਕੇਵਲ ਦੋ ਨੰਬਰ ਦੀ ਪੂੰਜੀ ਨਾਲ , ਸਿੱਖਿਆ ਖੇਤਰ ਨੂੰ ਕਮਾਈ ਦਾ ਸਾਧਨ ਬਣਾਉਣਾ ਹੀ ਉਨ੍ਹਾਂ ਦੀ ਸੋਚ ਵਿਚ ਭਾਰੂ ਹੈ, ਫੇਰ ਸਿੱਖਿਆ ਦਾ ਇਹ ਹੋ ਰਿਹਾ ਵਿਪਾਰੀਕਰਣ, ਸਮਾਜ ਦੇ ਮੱਧ-ਵਰਗ ਅਤੇ ਗਰੀਬ ਵਰਗ ਦੇ ਬੱਚਿਆਂ ਲਈ, ਆਉਣ ਵਾਲੇ ਸਮੇਂ ਵਿਚ ਭਾਰੀ ਵਖਰੇਵਿਆਂ ਅਤੇ ਬਖੇੜਿਆਂ ਦਾ ਕਾਰਣ ਬਣੇਗਾ।

ਸਾਡੇ ਸਿੱਖਿਆ ਢਾਂਚੇ ਦਾ ਨਿਰੋਲ ਮੰਤਵ ਵਿਦਿਆਰਥੀਆਂ ਨੂੰ ਕਮਾਈ ਸਾਧਨਾਂ ਵਿਚ ਨਿਪੁੰਨ ਬਣਾਉਣਾ ਹੀ ਰਹਿ ਗਿਆ ਹੈ ਤਾਂ ਜੋ ਉਹ ਰੁਜ਼ਗਾਰ ਦੇ ਮੌਕਿਆਂ ਦੀ ਤਲਾਸ਼ ਵਿਚ ਝਟਪਟ ਉਲਝ ਸਕਣ। ਸਿੱਖਿਆ ਦੇ ਅਜੋਕੇ ਢਾਂਚੇ ਨੇ ਵਿਦਿਆਰਥੀਆਂ ਦੇ ਮਨਾਂ ਅੰਦਰ ਸਿਆਣਪ ਅਤੇ ਸਦਾਚਾਰਕ ਭਾਵਨਾਵਾਂ ਦੇ ਸੰਚਾਰ ਨੂੰ ਉੱਕਾ ਹੀ ਤਿਲਾਂਜਲੀ ਦਿੱਤੀ ਹੈ। ਮੇਰੀ ਸਮਝ ਅਨੁਸਾਰ ਇਹ ਵੱਡੀ ਭੁੱਲ ਹੋਈ ਅਤੇ ਇਸ ਦੇ ਸਿੱਟੇ ਅਸੀਂ ਅੱਜ ਭੁਗਤ ਰਹੇ ਹਾਂ

ਸਿੱਖਿਆ ਆਪ ਖ਼ੁਦ ਲੈਣਾ ਅਤੇ ਸਿੱਖਿਆ ਦਾ ਸੰਚਾਰ ਕਰਨਾ ਦੋਵੇਂ ਹੀ ਬੜੀਆਂ ਗੁੰਝਲਦਾਰ ਅਵਸਥਾਵਾਂ ਹਨ। ਹਰ ਪਲ ਬਦਲਦੀਆਂ ਸਥਿਤੀਆਂ ਦੀ ਰੌਸ਼ਨੀ ਵਿਚ ਨਿੱਤ ਨਵੀਆਂ ਜਾਣਕਾਰੀਆਂ ਪ੍ਰਾਪਤ ਕਰਨੀਆਂ ਤੇ ਵਿਸ਼ਵ ਪੱਧਰੀ ਗਿਆਨ ਦੀ ਨਿਰੰਤਰ ਸਮੀਖਿਆ ਕਰਦੇ ਰਹਿਣਾ ਉਸ ਦੇ ਅਨੁਸਾਰ ਸਿੱਖਿਆ ਨਤੀਆਂ ਦੇ ਢਲਦੇ ਰਹਿਣ ਨੂੰ ਸਮਝਣਾ ਅਤਿ ਜ਼ਰੂਰੀ ਹੈ ਅਤੇ ਇਸ ਦੇ ਅਨੁਸਾਰ ਹੀ ਸਿੱਖਿਆ ਮਾਧਿਅਮਾਂ ਤੇ ਢਾਂਚਾ-ਗਤ ਜ਼ਰੂਰਤਾਂ ਨੂੰ ਅਮਲ ਵਿਚ ਲਿਆਉਣਾ ਸਰਵ-ਸ੍ਰੇਸ਼ਟ ਪਹਿਲ ਹੋਣੀ ਚਾਹੀਦੀ ਹੈ। ਸਿੱਖਿਆ ਦੇ ਖੇਤਰ ਵਿਚ ਸਾਧਨਾਂ ਅਤੇ ਮਿਸ਼ਨ ਵਜੋਂ ਵਿਚਰ ਰਹੀਆਂ ਸੰਸਥਾਵਾਂ ਵਿਚੋਂ ਉਹੋ ਹੀ ਵਧੇਰੇ ਪ੍ਰਵਾਣਿਤ ਅਤੇ ਮਾਣ- ਮੱਤੀਆਂ ਹਨ ਜਿਨ੍ਹਾਂ ਦੀਆਂ ਸਨਮਾਨ ਯੋਗ ਪਰੰਪਰਾਵਾਂ ਹਨ। ਆਕਸਫੋਰਡ ਜਾਂ ਕੈਮਬਰਿਜ ਯੂਨੀਵਰਸਿਟੀਆਂ ਤਾਂ ਬਾਰ੍ਹਵੀਂ-ਤੇਰ੍ਹਵੀਂ ਸ਼ਤਾਬਦੀ ਵਿਚ ਹੀ ਸਥਾਪਿਤ ਹੋ ਗਈਆਂ ਸਨ। ਉੱਰਤੀ ਅਮਰੀਕਾ ਦੀ ਹਾਰਵਰਡ , ਯੇਲ , ਪ੍ਰਿਸਟਲ ਅਤੇ ਸਟੈਂਰਡ ਯੂਨੀਵਰਸਿਟੀਆਂ 1636 ਈਸਵੀਂ ਤੋਂ ਲੈ ਕੇ 1891 ਈਸਵੀਂ ਦੇ ਦੌਰਾਨ ਹੋਂਦ ਵਿਚ ਆਈਆਂ ਹਨ। ਪਰ ਇਹਨਾਂ ਸਭਨਾਂ ਤੋਂ ਪੁਰਾਣੀ ਅਜਿਹੀ ਇਕ ਸੰਸਥਾ ਜੋ ਕਿ ਹਜਰਤ ਈਸਾ ਦੇ ਜਨਮ ਤੋਂ ਵੀ ਪਹਿਲਾਂ ਪਲੈਟੋ (ਅਫਲਾਤੂਨ) ਵਲੋਂ ਸਥਾਪਿਤ ਕੀਤੀ ਗਈ ਸੀ। ਜਿਸ ਨੂੰ ਅਕਾਦਮੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਤੇ ਇਹ ਸੰਸਥਾ ਯੂਨੀਵਰਸਿਟੀ ਲਹਿਰ ਦੇ ਮੂਲ ਸਰੋਤ ਵਜੋਂ ਜਾਣੀ ਜਾਂਦੀ ਹੈ। ਪਲੈਟੋ ਹਿਸਾਬ ਅਤੇ ਫਲਸਫੇ ਦਾ ਉੱਘਾ ਵਿਦਵਾਨ ਸੀ। ਇਸ ਦੀ ਸਮਾਜਿਕ ਅਤੇ ਰਾਜਨੀਤਕ ਵਿਸ਼ਿਆਂ 'ਤੇ ਵੀ ਪੂਰੀ ਪਕੜ ਸੀ। ਇਸ ਅਕਾਦਮੀ ਵਿਚ ਗਣਿਤ ਅਤੇ ਸੱਭਿਅਤਾ ਦਾ ਫਲਸਫਾ ਆਦਿ ਦੇ ਵਿਸ਼ੇ ਉਸ ਸਮੇਂ ਪੜ੍ਹਾਏ ਜਾਂਦੇ ਸਨ। ਉਸ ਸਮੇਂ ਦਾ ਇਕ ਬੜਾ ਰੋਚਕ ਜ਼ਿਕਰ ਪਾਠਕਾਂ ਨਾਲ ਸਾਂਝਾ ਕਰਨਾ ਉੱਚਿਤ ਸਮਝਦਾ ਹਾਂ ਜੋ ਕਿ ਇਸ ਤਰ੍ਹਾਂ ਹੈ।

ਪਲੈਟੋ ਜਦੋਂ ਇਕ ਦਿਨ ਆਪਣੇ ਵਿਦਿਆਰਥੀਆਂ ਨੂੰ ਹਿਸਾਬ ਦਾ ਸਬਕ ਪੜ੍ਹਾ ਰਿਹਾ ਸੀ ਤਾਂ ਇਨ੍ਹਾਂ ਵਿਚੋਂ ਇਕ ਵਿਦਿਆਰਥੀ ਨੇ ਪਲੈਟੋ ਨੂੰ ਪੁੱਛਿਆ ਕਿ ਇਸ ਪੜ੍ਹਾਈ ਦਾ ਉਹਨਾਂ ਨੂੰ ਕੀ ਲਾਭ ਹੋਵੇਗਾ? ਪੁੱਛੇ ਗਏ ਇਸ ਪ੍ਰਸ਼ਨ ਦਾ ਉੱਤਰ ਦੇਣ ਦੀ ਬਜਾਏ ਪਲੈਟੋ ਨੇ ਵਿਦਿਆਰਥੀ ਨੂੰ ਆਪਣੇ ਕੋਲ ਸੱਦ ਕੇ ਇਕ ਅਸ਼ਰਫੀ ਦਿਤੀ ਤੇ ਕਿਹਾ ਕਿ ਉਹ ਕਲਾਸ ਵਿਚੋਂ ਬਾਹਰ ਚਲਿਆ ਜਾਵੇ ਤੇ ਮੁੜ ਕੇ ਕਲਾਸ ਵਿਚ ਦੁਬਾਰਾ ਕਦੇ ਨਾ ਆਵੇ। । ਵਿਦਿਆਰਥੀ ਭਮੱਤਰ ਗਿਆ ਅਤੇ ਭਾਰੀ ਹੈਰਾਨਗੀ ਭਰੇ ਲਹਿਜ਼ੇ ਨਾਲ ਉਸ ਨੇ ਪੁੱਛਿਆ: ਜੇਕਰ ਪੁੱਛੇ ਗਏ ਪ੍ਰਸ਼ਨ ਲਈ ਮੈਨੂੰ ਸਜ਼ਾ ਹੀ ਦੇਣੀ ਸੀ ਤਾਂ ਇਹ ਅਸ਼ਰਫੀ ਕਿਉਂ? ਪਲੈਟੋ ਨੇ ਉੱਤਰ ਵਿਚ ਕਿਹਾ: ਤਾਂ ਕਿ ਤੈਨੂੰ ਇਹ ਦਰੇਗ ਕਦੇ ਨਾ ਹੋਵੇ ਕਿ ਜਿੰਨਾ ਸਮਾਂ ਤੂੰ ਇਸ ਸੰਸਥਾ ਵਿਚ ਬਿਤ-ਾਇਆ, ਉਹ ਬਿਨਾਂ ਕਮਾਈ ਕੀਤਿਆਂ ਹੀ ਗਵਾਇਆ ਹੈ।

ਜ਼ਾਹਰ ਹੈ ਕਿ ਪਲੈਟੋ ਸਿੱਖਿਆ ਨੂੰ ਕਮਾਈ ਦਾ ਸਾਧਨ ਨਹੀਂ ਸੀ ਸਮਝਦਾ ਅਤੇ ਨਾਂ ਹੀ ਪਹਿਲਾਂ-ਪਹਿਲ ਹੋਂਦ 'ਚ ਆਈਆਂ ਸਿੱਖਿਆ-ਸੰਸਥਾਵਾਂ ਜਾਂ ਯੂਨੀਵਰਸਿਟੀਆਂ ਨੂੰ ਇਸ ਆਧਾਰ 'ਤੇ ਸਥਾਪਿਤ ਕੀਤਾ ਗਿਆ ਸੀ। ਇਨ੍ਹਾਂ 'ਚ ਪੜ੍ਹਾਈ ਕਰਕੇ ਗਿਆਨਵਾਨ ਹੋ ਜਾਣ ਉਪਰੰਤ ਕਮਾਈ ਕਰਨ ਦੇ ਅਵਸਰ , ਆਪਣੇ-ਆਪ, ਹਰ ਇਕ ਦੇ ਰਾਹ ਵਿਚ ਆਉਣ ਲੱਗ ਪੈਂਦੇ ਸਨ। ਪਰ ਸਾਡੇ ਸਿੱਖਿਆ ਢਾਂਚੇ ਦਾ ਨਿਰੋਲ ਮੰਤਵ ਵਿਦਿਆਰਥੀਆਂ ਨੂੰ ਕਮਾਈ ਸਾਧਨਾਂ ਵਿਚ ਨਿਪੁੰਨ ਬਣਾਉਣਾ ਹੀ ਰਹਿ ਗਿਆ ਹੈ ਤਾਂ ਜੋ ਉਹ ਰੁਜ਼ਗਾਰ ਦੇ ਮੌਕਿਆਂ ਦੀ ਤਲਾਸ਼ ਵਿਚ ਝਟਪਟ ਉਲਝ ਸਕਣ। ਸਿੱਖਿਆ ਦੇ ਅਜੋਕੇ ਢਾਂਚੇ ਨੇ ਵਿਦਿਆਰਥੀਆਂ ਦੇ ਮਨਾਂ ਅੰਦਰ ਸਿਆਣਪ ਅਤੇ ਸਦਾਚਾਰਕ ਭਾਵਨਾਵਾਂ ਦੇ ਸੰਚਾਰ ਨੂੰ ਉੱਕਾ ਹੀ ਤਿਲਾਂਜਲੀ ਦਿੱਤੀ ਹੈ। ਮੇਰੀ ਸਮਝ ਅਨੁਸਾਰ ਇਹ ਵੱਡੀ ਭੁੱਲ ਹੋਈ ਅਤੇ ਇਸ ਦੇ ਸਿੱਟੇ ਅਸੀਂ ਅੱਜ ਭੁਗਤ ਰਹੇ ਹਾਂ।

ਇਸ ਕਥਾ ਵਾਰਤਾ ਦਾ ਜ਼ਿਕਰ ਇਸ ਲਈ ਕੀਤਾ ਹੈ ਕਿਉਂਕਿ ਅੱਜ ਸਿੱਖਿਆ ਦਾ ਵਪਾਰੀਕਰਣ ਵੱਡੇ ਪੱਧਰ 'ਤੇ ਹੋ ਰਿਹਾ ਹੈ। ਯੂਰਪ ਤੇ ਉੱਤਰੀ ਅਮਰੀਕਾ ਵਿਚ ਅਨੇਕਾਂ ਹੀ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਪ੍ਰਾਈਵੇਟ ਕਾਲਜ ਹਨ। ਇਹ ਯੂਨੀਵਰਸਿਟੀਆਂ ਦਾਨੀਆਂ ਵਲੋਂ ਦਿੱਤੇ ਗਏ ਦਾਨ ਨਾਲ ਚਲਦੀਆਂ ਹਨ। ਕਈ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਕਾਲਜਾਂ ਦਾ ਫੀਸ ਸਟਰਕਚਰ ਸਰਕਾਰੀ ਖੇਤਰ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਤੋਂ ਵੀ ਘੱਟ ਹੈ। ਬਹੁਤ ਸਾਰੇ ਦਾਨੀ ਤਾਂ ਆਪਣੇ ਜੀਵਨ ਦੀ ਕਮਾਈ ਦੀ ਸਾਰੀ ਪੂੰਜੀ ਹੀ ਯੂਨੀਵਰਸਿਟੀਆਂ ਨੂੰ ਦਾਨ ਵਜੋਂ ਦੇ ਦਿੰਦੇ ਹਨ। ਇਸ ਕਰਕੇ ਹੀ ਉਹ ਸੰਸਥਾਵਾਂ ਆਰਥਿਕ ਪੱਖੋਂ ਹਮੇਸ਼ਾਂ ਸੌਖੀਆਂ ਤੇ ਸਮਰੱਥ ਰਹਿੰਦੀਆਂ ਹਨ ਤੇ ਵਿਦਿਆ ਦਾ ਸੰਚਾਰ ਤਕਰੀਬਨ ਬਿਨ੍ਹਾਂ ਕਿਸੇ ਲਾਭ-ਹਾਨੀ ਦੇ ਹੀ ਕੀਤਾ ਜਾਂਦਾ ਹੈ। ਇਹਨਾਂ ਯੂਨੀਵਰਸਿਟੀਆਂ ਦੇ ਪ੍ਰਬੰਧਨ ਅਤੇ ਅਧਿਆਪਨ ਦੇ ਮਿਆਰਾਂ ਦੀ ਸਮੀਖਿਆਂ ਵੀ ਹੁੰਦੀ ਰਹਿੰਦੀ ਹੈ। ਜੇ ਕੋਈ ਯੂਨੀਵਰਸਿਟੀ ਕਿਸੇ ਵੀ ਖੇਤਰ ਵਿਚ ਤਹਿ-ਸ਼ੁਦਾ ਮਿਆਰਾਂ ਤੋਂ ਪਛੜ ਜਾਵੇ ਤਾਂ ਉਸ ਦੀ ਮਾਨਤਾ ਵੀ ਰੱਦ ਹੋ ਜਾਂਦੀ ਹੈ।

ਇਹ ਬੜੀ ਗੰਭੀਰਤਾ ਨਾਲ ਵਿਚਾਰਨ ਵਾਲੀ ਗੱਲ ਹੈ ਕਿ ਜਿਸ ਤਰ੍ਹਾਂ ਨਿੱਜੀ ਖੇਤਰ ਵਿਚ ਵਿਦਿਅਕ ਸੰਸਥਾਵਾਂ, ਖਾਸ ਕਰਕੇ ਇੰਜੀਨੀਅਰਿੰਗ, ਤਕਨਾਲੋਜੀ, ਬਿਜ਼ਨਸ ਮੈਨੇਜਮੈਂਟ ਅਤੇ ਕਾਲਜ ਆਫ਼ ਐਜੂਕੇਸ਼ਨ ਬਰਸਾਤੀ ਖੁੰਭਾਂ ਵਾਂਗ ਉਗਮ ਰਹੀਆਂ ਹਨ, ਇਹ ਉਤਸ਼ਾਹ ਦੀ ਬਜਾਏ ਉਦਾਸੀ ਅਤੇ ਫ਼ਿਕਰ ਵਾਲੀ ਗੱਲ ਵਧੇਰੇ ਹੈ, ਬਹੁਤ ਸਾਰੇ ਉਹ ਲੋਕ ਜੋ ਆਪਣੀਆਂ ਉਦਯੋਗਿਕ ਇਕਾਈਆਂ ਜਾਂ ਵਪਾਰਕ ਅਦਾਰਿਆਂ ਵਿਚ ਲਾਭ ਵਾਲੀ ਸਥਿਤੀ ਵਿਚ ਨਹੀਂ ਹਨ, ਉਹਨਾਂ ਨੇ ਆਪਣਾ ਧਿਆਨ, ਵਿਦਿਅਕ ਅਦਾਰਿਆਂ ਦੀ ਸਥਾਪਨਾ ਵੱਲ ਕੇਂਦਰਿਤ ਕਰ ਲਿਆ ਹੈ।

ਅੱਜਕਲ੍ਹ ਪੰਜਾਬ ਦੀ ਕਿਸੇ ਵੀ ਸੜਕ 'ਤੇ ਚਲੇ ਜਾਓ, ਸੱਜੇ-ਖੱਬੇ ਖੇਤਾਂ ਵਿਚ ਫ਼ਸਲਾਂ ਘੱਟ ਅਤੇ ਵਿਦਿਅਕ ਸੰਸਥਾਵਾਂ ਵਧੇਰੇ ਉੱਗੀਆਂ ਹੋਈਆਂ ਹਨ, ਇਹਨਾਂ ਦੀਆਂ ਅਧੂਰੀਆਂ ਇਮਾਰਤਾਂ ਦੇ ਬਾਹਰ ਵੱਡੇ-ਵੱਡੇ ਲੁਭਾਉਣੇ ਇਸ਼ਤਿਹਾਰੀ ਬੋਰਡ ਨਜ਼ਰ ਆਉਂਦੇ ਹਨ, ਕਈ ਬੋਰਡਾਂ ਨੂੰ ਪੜ੍ਹ ਕੇ ਪਹਿਲਾਂ ਹਾਸਾ ਆਉਂਦਾ ਹੈ ਫਿਰ ਉਦਾਸੀ। ਕਈਆਂ ਨੇ ਤਾਂ ਇਹ ਕਾਲਜ ਆਪਣੀਆਂ ਦੁਕਾਨਾਂ ਦੀਆਂ ਛੱਤਾਂ 'ਤੇ ਹੀ ਖੋਲ੍ਹੇ ਹੋਏ ਹਨ। ਛੋਟੇ-ਛੋਟੇ ਚੁਬਾਰੇ ਉਪਰ ਮੈਨੇਜਮੈਂਟ ਅਤੇ ਤਕਨਾਲੋਜੀ ਦਾ ਸਰਨਾਵਾਂ ਮਿਲਦਾ ਹੈ, ਨਾ ਕੋਈ ਇਹਨਾਂ ਪਾਸ ਯੋਗ ਅਧਿਆਪਨ ਅਮਲਾ ਤੇ ਨਾ ਹੀ ਢਾਂਚਾ-ਗਤ ਲੋੜਾਂ ਪੂਰੀਆਂ ਕਰਦਾ ਬੁਨਿਆਦੀ ਢਾਂਚਾ ਹੈ। ਬੜੇ ਅਫ਼ਸੋਸ ਦੀ ਗੱਲ ਹੈ ਕਿ ਮਿਆਰੀ ਅਧਿਆਪਨ ਅਮਲੇ ਅਤੇ ਢਾਂਚੇ ਤੋਂ ਸੱਖਣੇ ਇਹ ਗੈਰ- ਮਿਆਰੀ ਵਿਦਿਅਕ ਅਦਾਰਿਆਂ ਨੂੰ ਆਖਿਰ ਮਾਨਤਾ ਕਿਵੇਂ ਪ੍ਰਾਪਤ ਹੋ ਗਈ? ਇਹਨਾਂ ਦੀਆਂ ਇਮਾਰਤਾਂ ਤੇ ਹਾਲੇ ਛੱਤਾਂ ਦਾ ਕੰਮ ਵੀ ਮੁਕੰਮਲ ਨਹੀਂ ਹੋਇਆ ਹੁੰਦਾ ਤੇ ਇਹ ਦਾਖਲਿਆਂ ਦੇ ਵੱਡੇ-ਵੱਡੇ ਬੋਰਡ ਲਾ ਦੇਂਦੇ ਹਨ, ਅਤੇ ਅਖ਼ਬਾਰਾਂ ਵਿਚ ਇਸ਼ਤਿਹਾਰ ਅਤੇ ਵਿਗਿਆਪਨਾਂ ਦਾ ਹੜ੍ਹ ਲਿਆ ਦਿੰਦੇ ਹਨ, ਇਹਨਾਂ ਵਿਗਿਆਪਨਾਂ ਵਿਚ ਲਿਖਿਆ ਹੁੰਦਾ ਹੈ ਕਿ ਬਸ ਕੁਝ ਕੁ ਹੀ ਸੀਟਾਂ ਖਾਲੀ ਹਨ ਤਾਂ ਕਿ ਘਬਰਾਏ ਹੋਏ ਬੱਚੇ ਤੇ ਉਹਨਾਂ ਦੇ ਮਾਪੇ , ਇਹਨਾਂ ਨੂੰ ਮੂੰਹ ਮੰਗੀਆਂ ਡੁਨੇਸ਼ਨਾਂ ਦੇ ਕੇ ਦਾਖਲੇ ਪ੍ਰਾਪਤ ਕਰ ਲੈਣ ਤੇ ਇਹਨਾਂ ਦੀਆਂ ਤਿਜੌਰੀਆਂ ਦੇ ਮੂੰਹ ਭਰ ਦੇਣ।

ਵਿਦਿਅਕ ਅਦਾਰਿਆਂ ਦੀ ਸਥਾਪਨਾ ਦੀ ਤੇਜ਼ ਰਫ਼ਤਾਰ ਹੋੜ ਸਾਨੂੰ ਕਿਸ ਪਾਸੇ ਵੱਲ ਲੈ ਜਾ ਰਹੀ ਹੈ, ਇਹ ਵਿਚਾਰਨ ਵਾਲੀ ਗੱਲ ਹੈ। ਮੈਂ ਸਿੱਖਿਆ ਦੇ ਪ੍ਰਸਾਰ ਦਾ ਵਿਰੋਧੀ ਨਹੀਂ ਤੇ ਨਾ ਹੀ ਨਿੱਜੀ ਖੇਤਰ ਦੀਆਂ ਵਿਦਿਅਕ ਸੰਸਥਾਵਾਂ ਦੇ ਹੋਂਦ ਵਿਚ ਆਉਣ ਦਾ ਵਿਰੋਧੀ ਹਾਂ। ਜਿਹੜੀਆਂ ਸੰਸਥਾਵਾਂ ਲੰਮੇ ਸਮੇਂ ਤੋਂ ਸਿੱਖਿਆ ਦੇ ਖੇਤਰ ਵਿਚ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੀਆਂ ਹਨ, ਉਹਨਾਂ ਦਾ ਪ੍ਰਸਾਰ ਹੋਣਾ ਜਾਂ ਉਹਨਾਂ ਨੂੰ ਯੂਨੀਵਰਸਿਟੀਆਂ ਦਾ ਦਰਜਾ ਦੇਣਾ ਤਾਂ ਇਕ ਸ਼ਲਾਘਾਯੋਗ ਉੱਦਮ ਹੋਵੇਗਾ ਪਰ ਸਿੱਖਿਆ ਦੇ ਮਿਆਰਾਂ ਵਿਚ ਨਿਘਾਰ ਲਈ ਇਹਨਾਂ ਅਧੂਰੀਆਂ ਵਿਦਿਅਕ ਸੰਸਥਾਵਾਂ ਨੂੰ ਮਾਨਤਾ ਦੇਣ ਵਾਲੀਆਂ ਸੰਸਥਾਵਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹਨ। ਮੇਰੀ ਰਾਏ ਹੈ ਕਿ ਜੇ ਵਪਾਰਕ ਅਦਾਰੇ ਅਤੇ ਉਦਯੋਗਪਤੀ ਆਪਣਾ ਫਾਲਤੂ ਧਨ, ਸਮਾਜਿਕ ਵਚਨਬੱਧਤਾ ਦੇ ਤੌਰ 'ਤੇ ਸਿੱਖਿਆ ਦੇ ਖੇਤਰ ਵਿਚ ਯੋਗਦਾਨ ਪਾਉਣਾ ਚਾਹੁੰਦੇ ਹਨ ਤਾਂ ਅਜਿਹੀਆਂ ਵੱਡੀਆਂ ਰਾਸ਼ੀਆਂ ਉਹਨਾਂ ਨੂੰ ਦਾਨ ਵਜੋਂ ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਹੀ ਦੇ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਲੰਮੇ ਵਰ੍ਹੇ ਤੋਂ ਚਲ ਰਹੀਆਂ ਯੂਨੀਵਰਸਿਟੀਆਂ, ਕਾਲਜ ਅਤੇ ਸਕੂਲ ਜੋ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੇ ਹਨ, ਉਨ੍ਹਾਂ ਨੂੰ ਕਿਸੇ ਆਰਥਿਕ ਸੰਕਟ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੂੰ ਹੀ ਦਾਨ ਰਾਸ਼ੀ ਦੇ ਕੇ ਮਜ਼ਬੂਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਉਹਨਾਂ ਦੇ ਯੋਗ ਪ੍ਰਸਾਰ ਲਈ ਰਸਤੇ ਖੁੱਲ੍ਹ ਸਕਣ । ਦਾਨੀ ਸੱਜਣਾਂ ਨੂੰ ਵੀ ਦਾਨ ਦੇਣ ਸਮੇਂ ਉਸ ਦਾਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਕੋਈ ਨਿੱਜੀ ਪ੍ਰਾਪਤੀ ਦੀ ਆਸ ਵੀ ਨਹੀਂ ਕਰਨੀ ਚਾਹੀਦੀ। ਦਾਨ ਉਹੀ ਹੈ ਜੋ ਨਿਰਸਵਾਰਥ ਹੋਵੇ। ਇਸ ਲਈ ਸਿੱਖਿਆ ਦੀਆਂ ਮਿਆਰੀ ਲੋੜਾਂ ਨੂੰ ਪੂਰੀਆਂ ਕਰਨ ਲਈ ਅੱਜ ਆਦਰਸ਼ ਦਾਨੀਆਂ ਨੂੰ ਅੱਗੇ ਆਉਣ ਦੀ ਜ਼ਰੂਰਤ ਹੈ। ਸਰਕਾਰੀ ਖੇਤਰ ਦੀਆਂ ਯੂਨੀਵਰਸਿਟੀਆਂ ਦੀਆਂ ਸਾਰੀਆਂ ਢਾਂਚਾ-ਗਤ ਲੋੜਾਂ ਨੂੰ ਇਕੋ ਹੀ ਹੰਭਲੇ ਵਿਚ ਪੂਰਨ ਤੌਰ 'ਤੇ ਸਮਰੱਥ ਅਤੇ ਨਿਪੁੰਨ ਕਰਨ ਦੀ ਜ਼ਰੂਰਤ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਅਧੂਰੀਆਂ ਯੂਨੀਵਰਸਿਟੀਆਂ, ਅਧੂਰੇ ਕਾਲਜ, ਅਧੂਰੇ ਗਿਆਨ ਦਾ ਸੰਚਾਰ ਹੀ ਕਰਦੇ ਹਨ ਅਤੇ ਅਜਿਹੇ ਵਿਚ ਇਨ੍ਹਾਂ ਸੰਸਥਾਵਾਂ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਆਪਣੇ ਜੀਵਨ ਅਤੇ ਸ਼ਖ਼ਸੀਅਤ ਦੇ ਬੌਧਿਕ -ਵਿਕਾਸ ਵਿਚ , ਗਿਆਨ ਦੀਆਂ ਜਾਣਕਾਰੀਆਂ ਦੀਆਂ ਲੋੜਾਂ ਤੋਂ ਸੱਖਣੇ ਰਹਿ ਜਾਣਗੇ ਅਤੇ ਇੰਝ ਅਧੂਰੇ ਅਤੇ ਅਰਧ-ਵਿਕਸਿਤ ਸਿੱਖਿਆ ਸੋਮਿਆਂ ਤੋਂ ਪ੍ਰਾਪਤ, ਅਧੂਰੇ - ਗਿਆਨ ਦੀ ਭਰਪਾਈ , ਇਸ ਤੇਜ਼- ਤਰਾਰ ਯੁੱਗ ਵਿਚ ਫਿਰ ਕਦੇ ਨਹੀਂ ਹੋ ਸਕੇਗੀ। ਇਸ ਲਈ ਵਿਸ਼ਵੀਕਰਣ ਦੀ ਦ੍ਰਿਸ਼ਟੀ ਵਿਚ ਸੱਮੁਚੇ ਹੀ ਵਿਦਿਅਕ ਢਾਂਚੇ ਦੀ ਬਰੀਕੀ ਨਾਲ ਸਮੀਖਿਆ ਕਰਨ ਉਪਰੰਤ ਇਸ ਨੂੰ ਨਵੇਂ ਸਿਰਿਓਂ, ਸਮੇਂ ਦੀਆਂ ਲੋੜਾਂ ਅਨੁਸਾਰ ਢਾਲਣ ਦੀ ਜ਼ਰੂਰਤ ਹੈ ਤਾਂ ਕਿ ਸਿੱਖਿਆ ਦਾ ਇਹ ਢਾਂਚਾ ਸਾਡੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾ ਸਕੇ।

## ਜੀਵਨ ਦਰਸ਼ਨ

# ਕਾਰਲ ਮਾਰਕਸ ਦੀ ਪਤਨੀ ਦੇ ਸਹਿਯੋਗ ਨੇ ਦਿਖਾਇਆ ਰੰਗ



ਸਾਲ 1917 ਵਿਚ ਰੂਸ ਵਿਚ ਹੋਈ ਸਮਾਜਵਾਦੀ ਕਰਾਂਤੀ ਤੋਂ ਪਹਿਲਾਂ ਜਾਰਸ਼ਾਹੀ ਸੀ। ਜਾਰ ਭਾਵ ਸਮਰਾਟ ਦੇ ਸਾਸ਼ਨ ਵਿਚ ਜ਼ੁਲਮ ਦਾ ਬੋਲਬਾਲਾ ਸੀ। ਜਾਰ 'ਸਰਵਸ਼ਕਤੀਮਾਨ' ਸੀ ਅਤੇ ਉਸ ਦੇ ਅਧਿਕਾਰਾਂ ਨੂੰ ਚੁਣੌਤੀ ਦੇਣ ਵਾਲਾ ਕੋਈ ਨਹੀਂ ਸੀ। ਸਾਰੀ ਜ਼ਮੀਨ 'ਤੇ ਜ਼ਿੰਮੀਦਾਰਾਂ ਦਾ ਅਧਿਕਾਰ ਸੀ, ਜਿਸ ਉਪਰ ਕਰੀਬ 5 ਕਰੋੜ ਗੁਲਾਮ ਜਾਂ ਦਾਸ ਕੰਮ ਕਰਦੇ ਸਨ। ਇਸ ਵਰਗ ਦੀ ਹਾਲਤ ਤਰਸਯੋਗ ਸੀ। ਇਸ ਵਰਗ ਨੂੰ ਆਪਣਾ ਅਧਿਕਾਰ ਦਿਵਾਉਣ ਲਈ ਕਾਰਲ ਮਾਰਕਸ ਨੇ ਸਮਾਜਵਾਦ ਦਾ ਸਿਧਾਂਤ ਦਿੱਤਾ, ਜਿਸ ਨਾਲ ਮਜ਼ਦੂਰ ਵਰਗ ਨੂੰ ਬਰਾਬਰ ਅਧਿਕਾਰ ਅਤੇ ਆਜ਼ਾਦੀ ਦੇਣ ਦੀ ਗੱਲ ਕਹੀ ਗਈ। ਜਾਰਾਸ਼ਾਹੀ ਦੇ ਸ਼ਿਖਰ ਦੇ ਦਿਨਾਂ ਵਿਚ ਸਮਾਜਵਾਦ ਦਾ ਤੁਰੰਤ ਸਥਾਪਤ ਹੋਣਾ ਮੁਸ਼ਕਲ ਸੀ। ਇਸ ਲਈ ਮਾਰਕਸ ਲਈ ਉਹ ਦਿਨ ਮੁਸ਼ਕਲਾਂ ਭਰੇ ਸਨ। ਉਨ੍ਹਾਂ ਉਪਰ ਪਾਬੰਦੀ ਲਗਾ ਦਿੱਤੀ ਗਈ ਸੀ। ਉਹ ਕੁਝ ਵੀ ਨਹੀਂ ਸਨ ਕਮਾ ਪਾ ਰਹੇ। ਅਜਿਹੇ ਸਮੇਂ ਮਾਰਕਸ ਦੀ ਪਤਨੀ ਜੈਨੀ ਅੱਗੇ ਆਈ। ਉਨ੍ਹਾਂ ਨੇ ਪੁਰ-ਾਣੇ ਕੱਪੜੇ ਘੱਟ ਮੁੱਲ 'ਤੇ ਖਰੀਦਣੇ ਸ਼ੁਰੂ ਕੀਤੇ। ਇਨ੍ਹਾਂ ਤੋਂ ਜੈਨੀ ਛੋਟੇ ਬੱਚਿਆਂ ਦੇ ਕੱਪੜੇ ਬਣਾਉਂਦੀ ਅਤੇ ਫੇਰ ਗਲੀ ਗਲੀ ਫੇਰੀ ਲਗਾ ਕੇ ਉਨ੍ਹਾਂ ਨੂੰ ਵੇਚਦੀ। ਜ਼ਿੰਮੀਦਾਰਾਂ ਦੇ ਜ਼ੁਲਮ ਦੇ ਉਸ ਯੁੱਗ ਵਿਚ ਇਕ ਔਰਤ ਦਾ ਇਸ ਤਰ੍ਹਾਂ ਕੱਪੜਾ ਵੇਚਣਾ ਕਿੰਨਾ ਔਖਾ ਰਿਹਾ ਹੋਵੇਗਾ, ਪਰ ਜੈਨੀ ਹਾਰੀ ਨਹੀਂ। ਆਪਣੇ ਪਤੀ ਨੂੰ ਬਰਾਬਰ ਭਾਵਨਾਤਮਕ ਸਹਿਯੋਗ ਵੀ ਦਿੰਦੀ ਰਹੀ। ਜੇਕਰ ਜੈਨੀ ਦਾ ਸਹਿਯੋਗ ਅਤੇ ਸਮਰਥਨ ਨਾ ਮਿਲਦਾ ਤਾਂ ਕਾਰਲ ਮਾਰਕਸ ਦਾ ਵਰਣਨਯੋਗ ਅਤੇ ਸਮਾਜਵਾਦੀ ਪਰਿਵਰਤਨ ਦਾ ਇਤਿਹਾਸਕ ਰੋਲ ਸਾਹਮਣੇ ਨਾ ਆ ਪਾਉਂਦਾ।

# ਸੰਕਟ ਵਿਚ ਰੁਜ਼ਗਾਰ

ਗਰੀਸ਼ ਮਿਸ਼ਰ

ਅਮਰੀਕੀ 'ਡਬਲ ਡਿਪ ਰਿਸੈਸ਼ਨ' ਦੇ ਸ਼ਿਕੰਜੇ ਵਿਚ, ਜਿਸ ਦਾ ਨਤੀਜਾ ਭਿਆਨਕ ਵਿਸ਼ਵਵਿਆਪੀ ਮੰਦੀ ਨੂੰ ਆਇਆਂ ਦੋ ਸਾਲ ਤੋਂ ਵਧ ਸਮਾਂ ਹੋ ਗਿਆ ਹੈ ਪਰ ਕੋਈ ਸਿਆਸੀ ਆਗੂ ਜਾਂ ਅਰਥਸ਼ਾਸਤਰੀ ਦਾਅਵੇ ਨਾਲ ਕਹਿਣ ਲਈ ਤਿਆਰ ਨਹੀਂ ਹੈ ਕਿ ਇਹ ਕਦੋਂ ਖਤਮ ਹੋਵੇਗੀ। ਇਧਰ ਕੁਝ ਦਿਨਾਂ ਤੋਂ ਅਮਰੀਕਾ ਵਿਚ 'ਡਬਲ ਡਿਪ ਰਿਸੈਸ਼ਨ' ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਭਾਵ ਮੰਦੀ ਤੋਂ ਉਭਰਨ ਦੇ ਲੱਛਣ ਦਿਖਣ ਤੋਂ ਬਾਅਦ ਫਿਰ ਗਿਰਾਵਟ ਦਾ ਖਤਰਾ ਮੰਡਰਾ ਰਿਹਾ ਹੈ। ਇਸ ਰੁਝਾਨ ਦੇ ਤਕਨੀਕੀ ਪਹਿਲੂਆਂ ਨੂੰ ਦੇਖਣ ਦੀ ਬਜਾਏ ਅਸੀਂ ਮਜ਼ਦੂਰਾਂ ਦੀ ਸਥਿਤੀ ਨੂੰ ਦੇਖੀਏ, ਜਾਂ ਅਤਿ ਮੰਦੀ ਤੋਂ ਸਭ ਤੋਂ ਵਧ ਪੀੜਤ, ਇਹੇ 'ਡਬਲ ਡਿਪ ਰਿਸੈਸ਼ਨ' ਤੋਂ ਬੇਹੱਦ ਘਬਰਾਏ ਹੋਏ ਹਨ। ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਅਰਥਵਿਵਸਥਾ ਮੰਦੀ ਤੋਂ ਬਾਹਰ ਆ ਜਾਏ, ਪਰ ਮਜ਼ਦੂਰ ਉਸ ਦੇ ਮਾੜੇ ਅਸਰਾਂ ਨਾਲ ਸਾਲਾਂ ਤੱਕ ਜੂਝਦਾ ਰਹੇਗਾ। ਇਹ ਖਦਸ਼ਾ ਹਾਲ ਹੀ ਵਿਚ ਨਾਰਵੇ ਦੀ ਰਾਜਧਾਨੀ ਓਸਲੋ ਵਿਚ ਸਮਾਪਤ ਹੋਏ ਕੌਮਾਂਤਰੀ ਮੁਦਰਾ ਕੋਸ਼ ਅਤੇ ਕੌਮਾਂਤਰੀ ਮਜ਼ਦੂਰ ਸੰਗਠਨ ਦੇ ਸਮਾਰੋਹ ਵਿਚ ਜ਼ਾਹਰ ਕੀਤਾ ਗਿਆ।

ਇਨ੍ਹਾਂ ਸੰਗਠਨਾਂ ਨੇ ਸੰਕੇਤ ਦਿੱਤਾ ਹੈ ਕਿ ਅਤਿ ਮੰਦੀ ਦਾ ਅਸਰ ਜ਼ਿਆਦਾ ਸਮੇਂ ਤੱਕ ਰਹੇਗਾ ਅਤੇ ਆਉਣ ਵਾਲੀਆਂ ਪੀੜੀਆਂ ਵੀ ਉਸ ਦੇ ਮਾੜੇ ਨਤੀਜਿਆਂ ਨੂੰ ਭੁਗਤਣਗੀਆਂ। ਇਸ ਨੇ ਦੁਨੀਆ ਭਰ ਵਿਚ 21 ਕਰੋੜ ਲੋਕਾਂ ਨੂੰ ਬੇਰੁਜ਼ਗਾਰ ਬਣਾ ਦਿੱਤਾ ਹੈ। ਏਨੀ ਬੇਰੁਜ਼ਗਾਰੀ ਪਹਿਲਾਂ ਕਦੇ ਨਹੀਂ ਦੇਖੀ ਗਈ। ਅੱਜ ਵਿਸ਼ਵ ਦੀ 80 ਫੀਸਦੀ ਆਬਾਦੀ ਨੂੰ ਸਮਾਜਕ ਸੁਰੱਖਿਆ ਦੇਣ ਵਾਲੀ ਕਾਨੂੰਨੀ ਵਿਵਸਥਾ ਨਹੀਂ ਹੈ। ਇਕ ਅਰਬ 20 ਕਰੋੜ ਲੋਕਾਂ ਭਾਵ ਦੁਨੀਆ ਦੀ 40 ਫੀਸਦੀ ਆਬਾਦੀ ਦੀ ਕਮਾਈ ਅੱਜ ਏਨੀ ਨਹੀਂ ਹੋ ਰਹੀ ਕਿ ਉਹ ਆਪਣੇ ਅਤੇ ਆਪਣੇ ਪਰਿਵਾਰ ਦੇ ਲੋਕਾਂ ਦਾ ਪਾਲਣ ਪੋਸ਼ਣ ਕਰ ਸਕੇ। ਇਨ੍ਹਾਂ ਦੀ ਰੋਜ਼ਾਨਾ ਆਮਦਨ ਦੋ ਡਾਲਰ ਜਾਂ ਉਸ ਤੋਂ ਘੱਟ ਹੈ। ਸਾਲ 2007 ਤੋਂ ਹੁਣ ਤੱਕ ਪੂਰੀ ਦੁਨੀਆ ਵਿਚ ਬੇਰੁਜ਼ਗਾਰਾਂ ਦੀ ਸੰਖਿਆ ਵਿਚ ਤਿੰਨ ਕਰੋੜ ਦਾ ਵਾਧਾ ਹੋਇਆ ਹੈ। ਜੋ ਪ੍ਰਸਥਿਤੀਆਂ ਬਣੀਆਂ ਹਨ, ਉਨ੍ਹਾਂ ਨੂੰ ਦੇਖਦੇ ਹੋਏ ਨਹੀਂ ਲਗਦਾ ਕਿ ਇਹ ਸੰਖਿਆ ਜਲਦੀ ਘਟੇਗੀ। ਇਸ ਬੇਰੁਜ਼ਗਾਰੀ ਦਾ ਸਭ ਤੋਂ ਬੁਰਾ ਅਸਰ ਨੌਜਵਾਨ ਵਰਗ 'ਤੇ ਪਿਆ ਹੈ। ਇਹ ਸੱਚਾਈ ਕੌਮਾਂਤਰੀ ਮਜ਼ਦੂਰ ਸੰਗਠਨ ਵੱਲੋਂ ਓਸਲੋ ਸੰਮੇਲਨ ਦੇ ਠੀਕ ਇਕ ਮਹੀਨੇ ਪਹਿਲਾਂ ਜਾਰੀ 86 ਪੰਨਿਆਂ ਦੀ ਇਕ ਰਿਪੋਰਟ ਵਿਚ ਉਜਾਗਰ ਹੋਈ ਹੈ। ਰਿਪੋਰਟ ਵਿਚ ਜਿਨ੍ਹਾਂ ਨੌਜਵਾਨਾਂ ਦੀ ਗੱਲ ਕੀਤੀ ਗਈ ਹੈ, ਉਹ ਮੋਟੇ ਤੌਰ 'ਤੇ 15 ਸਾਲ ਤੋਂ 24 ਸਾਲ ਦੇ ਹਨ। ਉਹ ਜਦੋਂ ਪੜ੍ਹ ਲਿਖ ਕੇ, ਮੁਹ-ਾਰਤ ਨਾਲ ਭਰਭੂਰ ਹੋ ਕੇ ਵਸਤੂਆਂ ਅਤੇ ਸੇਵਾਵਾਂ ਦੇ ਉਤਪਾਦਨ ਵਿਚ ਆਪਣਾ ਯੋਗਦਾਨ ਕਰਨ ਲਈ ਆਉਂਦੇ ਹਨ, ਤਾਂ ਉਨ੍ਹਾਂ ਦਾ ਉਦੇਸ਼ ਆਪਣੇ ਸਮਾਜ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਂਦੇ ਹੋਏ ਸਨਮਾਨਜਨਕ ਜੀਵਨ ਬਤੀਤ ਕਰਨ ਲਈ ਸਮੁੱਚੀ ਆਮਦਨ ਪ੍ਰਾਪਤ ਕਰਨਾ ਹੁੰਦਾ ਹੈ। ਪਰ ਜਦੋਂ ਉਨ੍ਹਾਂ ਨੂੰ ਪਤਾ ਚਲੇਗਾ ਕਿ ਉਨ੍ਹਾਂ ਦੀ ਯੋਗਤਾ ਮੁਤਾਬਕ ਰੁਜ਼ਗਾਰ ਮੁਹੱਈਆ ਨਹੀਂ ਹੈ, ਤਾਂ ਉਨ੍ਹਾਂ ਨੂੰ ਭਾਰੀ ਨਿਰਾਸ਼ਾ ਹੋਵੇਗੀ। ਉਹ ਨਾ ਸਿਰਫ ਆਪਣੇ ਪਰਿਵਾਰ ਅਤੇ ਸਮਾਜ ਬਲਕਿ ਆਪਣੀ ਨਜ਼ਰ ਵਿਚ ਡਿੱਗ ਜਾਣਗੇ। ਉਨ੍ਹਾਂ ਵਿਚੋਂ ਕੁਝ ਖੁਦਕੁਸ਼ੀ ਕਰ ਲੈਣਗੇ ਜਾਂ ਮਨੋਰੋਗੀ ਬਣ ਜਾਣਗੇ। ਹੋ ਸਕਦਾ ਹੈ ਕਿ ਉਨ੍ਹਾਂ ਵਿਚੋਂ ਕੁਝ ਅਪਰਾਧ ਜਾਂ ਅਤਿਵਾਦ ਦੀ ਦੁਨੀਆ ਵਿਚ ਦਾਖਲ ਹੋ ਜਾਣ। ਇਸ ਰਿਪੋਰਟ ਅਨੁਸਾਰ ਪਿਛਲੇ ਸਾਲ ਦੁਨੀਆ ਭਰ ਵਿਚ 62 ਕਰੋੜ ਕਾਰਜ ਸਮਰਥ ਨੌਜਵਾਨ ਸਨ, ਜਿਨ੍ਹਾਂ ਵਿਚੋਂ ਕਰੀਬ 8 ਕਰੋੜ 10 ਲੱਖ ਭਾਵ 13 ਫੀਸਦੀ ਬੇਰੁਜ਼ਗਾਰ ਸਨ, ਜੋ ਵਿਸ਼ਵੀ ਨੌਜਵਾਨ ਆਬਾਦੀ ਦਾ 13 ਫੀਸਦੀ ਸਨ। ਗੌਰਤਲਬ ਹੈ ਕਿ ਸਾਲ 2007 ਵਿਚ ਇਹ ਦਰ 11.9 ਫੀਸਦੀ ਸੀ। ਕੌਮਾਂਤਰੀ ਮਜ਼ਦੂਰ ਸੰਗਠਨ ਨਾਲ ਜੁੜੇ ਅਰਥਸ਼ਾਸਤਰੀ ਸਟੀਵੇਨ ਕਾਪਸੋਸ ਮੁਤਾਬਕ ਏਨੇ ਵੱਡੇ ਪੈਮਾਨੇ 'ਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਨੁਕਸਾਨਦੇਹ ਹੈ। ਹਾਲਾਂਕਿ ਚਾਲੂ ਸਾਲ ਦੌਰਾਨ ਇਸ ਦਰ ਦੇ ਵਧ ਕੇ 13.1 ਤੋਂ ਉਪਰ ਜਾਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਕਹਿਣ ਦੀ ਲੋੜ ਨਹੀਂ ਕਿ ਅਤਿ ਮੰਦੀ ਦੇ ਇਸ ਦੌਰ ਵਿਚ ਸਭ ਤੋਂ ਵਧ ਮਾਰ ਨੌਜਵਾਨ ਵਰਗ 'ਤੇ ਪਈ ਹੈ। ਜੋ ਨੌਜਵਾਨ ਆਪਣਾ ਰੁਜ਼ਗਾਰ ਬਚਾ ਪਾਏ ਹਨ, ਉਨ੍ਹਾਂ ਦੇ ਕੰਮ ਦੇ ਘੰਟੇ ਵਧਾ ਕੇ ਮਜ਼ਦੂਰੀ ਘੱਟ ਕਰ ਦਿੱਤੀ ਗਈ ਹੈ। ਸਪੇਨ ਅਤੇ ਬਰਤਾਨੀਆ ਸਮੇਤ ਕਈ ਯੂਰਪੀ ਦੇਸ਼ਾਂ ਵਿਚ ਨੌਜਵਾਨ ਬੇਰੁਜ਼ਗਾਰਾਂ ਨੇ ਰੁਜ਼ਗਾਰ ਦੇ ਨਵੇਂ ਮੌਕੇ ਲੱਭਣੇ ਬੰਦ ਕਰ ਦਿੱਤੇ ਹਨ। ਸਭ ਤੋਂ ਬੁਰੀ ਸਥਿਤੀ ਵਿਕਾਸਸ਼ੀਲ ਮੁਲਕਾਂ ਵਿਚ ਹੈ। ਦੱਖਣੀ ਏਸ਼ੀਆ ਵਿਚ ਸਾਲ 2000 ਵਿਚ ਜਿੰਨੇ ਨੌਜਵਾਨ ਮਜ਼ਦੂਰ ਸ਼ਕਤੀ ਵਿਚ ਸ਼ਾਮਲ ਸਨ, ਸਾਲ 2010 ਵਿਚ ਉਨੇ ਨਹੀਂ ਰਹਿ ਗਏ ਹਨ। ਪੁਰਸ਼ਾਂ ਦੇ ਮੁਕਾਬਲੇ ਔਰਤਾਂ ਦੀ ਸਥਿਤੀ ਕਿਤੇ ਜ਼ਿਆਦਾ ਖਰਾਬ ਹੈ। ਉਨ੍ਹਾਂ ਨੂੰ ਰੁਜ਼ਗਾਰ ਪਾਉਣ ਵਿਚ ਵਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਮਹੀਨੇ ਓਸਲੋ ਵਿਚ ਸੰਮੇਲਨ ਵਿਚ ਜਿਸਦਾ ਜ਼ਿਕਰ ਪਹਿਲਾਂ ਕੀਤਾ ਗਿਆ ਹੈ, ਕੌਮਾਂਤਰੀ ਮੁਦਰਾ ਕੋਸ਼ ਦੇ ਮੁਖੀ ਨੇ ਕਿਹਾ ਸੀ ਕਿ ਅਤਿ ਮੰਦੀ ਨੇ ਬੇਰੁਜ਼ਗਾਰੀ ਦੀ ਤਕਲੀਫਦੇਹ ਵਿਰਾਸਤ ਛੱਡੀ ਹੈ ਅਤੇ ਇਹ ਕਰੋੜਾਂ ਲੋਕਾਂ ਦੇ ਜੀਵਨ-ਨਿਰਵਾਹ, ਸੁਰੱਖਿਆ ਅਤੇ ਪ੍ਰਤਿਸ਼ਠਤਾ ਲਈ ਖਤਰਾ ਬਣ ਗਿਆ ਹੈ। ਕੌਮਾਂਤਰੀ ਮਜ਼ਦੂਰ ਸੰਗਠਨ ਨੂੰ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਖੜਾ ਹੋਣਾ ਚਾਹੀਦਾ ਹੈ। ਇਹੀ ਸਮਾਂ ਹੈ ਕਿ ਅਸੀਂ ਇਕਜੁੱਟ ਹੋ ਕੇ ਕਦਮ ਚੁੱਕੀਏ। ਕੌਮਾਂਤਰੀ ਮਜ਼ਦੂਰ ਸੰਗਠਨ ਦੇ ਮੁਖੀ ਦਾ ਕਹਿਣਾ ਸੀ ਕਿ ਜੇਕਰ ਮੰਦੀ ਤੋਂ ਉਭਰਨ ਦੇ ਲੱਛਣ ਦਿੱਖ ਰਹੇ ਹਨ, ਫਿਰ ਵੀ ਵਿਸ਼ਵੀ ਪੱਧਰ 'ਤੇ ਕਰੋੜਾਂ ਲੋਕਾਂ ਅਤੇ ਉਦਮੀਆਂ ਲਈ ਸੰਕਟ ਜਿਉਂ ਦਾ ਤਿਉਂ ਹੈ। ਮਜ਼ਦੂਰ ਸੰਗਠਨ ਅਨੁਸਾਰ ਬੇਰੁਜ਼ਗਾਰ ਨਾ ਸਿਰਫ ਆਪਣੀ ਕਮਾਈ ਤੋਂ ਹੱਥ ਧੋ ਬੈਠਦੇ ਹਨ, ਬਲਕਿ ਉਨ੍ਹਾਂ ਦੀ ਔਸਤ ਉਮਰ ਵੀ ਘਟਦੀ ਹੈ। ਉਨ੍ਹਾਂ ਦੀ ਆਪਣੇ ਪਰਿਵਾਰ ਦੇ ਮੈਂਬਰਾਂ ਸਮੇਤ ਰੋਗਾਂ ਦਾ ਮੁਕਾਬਲਾ ਕਰਨ ਦੀ ਸਮਰਥਾ ਘੱਟ ਹੋ ਜਾਂਦੀ ਹੈ। ਉਨ੍ਹਾਂ ਦੇ ਬਾਲ-ਬੱਚਿਆਂ ਦੀ ਪੜ੍ਹਾਈ-ਲਿਖਾਈ ਵਿਚ ਵਿਘਨ ਪੈਂਦਾ ਹੈ ਜਾਂ ਪੂਰੀ ਤਰ੍ਹਾਂ ਰੁਕਾਵਟ ਆ ਜਾਂਦੀ ਹੈ। ਇਸ ਨੇ ਅਮਰੀਕਾ ਵਿਚ ਹੋਏ ਅਧਿਐਨਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਮੰਦੀ ਖਤਮ ਹੋਣ ਦੇ 15-20 ਸਾਲ ਬਾਅਦ ਵੀ ਕਮਾਈ ਵਿਚ ਔਸਤਨ 20 ਫੀਸਦੀ ਕਮੀ ਰਹਿ ਜਾਂਦੀ ਹੈ। ਛਾਂਟੀ ਦੇ ਅਸਰ ਨੂੰ ਦਿਲ ਦੇ ਰੋਗ ਅਤੇ ਮਨੋਰੋਗਾਂ ਵਿਚ ਵਾਧੇ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਹ ਵੀ ਦੱਸਣਯੋਗ ਹੈ ਕਿ ਸਾਡੇ ਇਥੇ ਕ੍ਰਿਕਟ ਜਾਂ ਬਾਲੀਵੁੱਡ 'ਤੇ ਜਿੰਨਾ ਧਿਆਨ ਦਿੱਤਾ ਜਾਂਦਾ ਹੈ, ਓਨਾ ਬੇਰੁਜ਼ਗਾਰੀ 'ਤੇ ਨਹੀਂ






# ਨੀ ਜ਼ਬਾਨ ਪੰਜਾਬੀਏ-ਤੇਰੇ ਪੁੱਤਾਂ ਤੇਰੀ ਕਬਰ ਵਿਛਾਈ ਵੇ!



ਡਾ. ਹਰਸ਼ਿੰਦਰ ਕੌਰ

ਜਦੋਂ ਮੈਂ ਸੱਤਵੀਂ ਜਮਾਤ ਵਿਚ ਪੜ੍ਹਦੀ ਸੀ ਤਾਂ ਸਾਡੇ ਸਕੂਲ ਦੀ ਪ੍ਰਿੰਸੀਪਲ ਸਵੇਰ ਦੀ ਪ੍ਰਾਰਥਨਾ ਤੋਂ ਬਾਅਦ ਦਸ ਮਿੰਟ ਬਾਈਬਲ ਜ਼ਰੂਰ ਪੜ੍ਹਾਉਂਦੀ ਹੁੰਦੀ ਸੀ। ਇਕ ਦਿਨ ਉਨ੍ਹਾਂ ਕਹਾਣੀ ਸੁਣਾਈ 'ਟਾਵਰ ਔਫ਼ ਬੈਬਲ' ਦੀ। ਮੈਡਮ ਕਹਿਣ ਲੱਗੀ, 'ਇਰਾਕ ਵਿਚ ਕੁਝ ਲੋਕ ਰੱਬ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਬਹੁਤ ਉੱਚੀ ਮੀਨਾਰ ਬਣਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਉਹ ਮੀਨਾਰ ਅਸਮਾਨ ਨੂੰ ਛੂੰਹਦੀ ਮਹਿਸੂਸ ਹੋਣ ਲੱਗੀ ਤਾਂ ਰੱਬ ਨੂੰ ਫ਼ਿਕਰ ਪੈ ਗਿਆ ਕਿ ਹੁਣ ਕੋਈ ਤਰਕੀਬ ਵਰਤਣੀ ਚਾਹੀਦੀ ਹੈ।

ਕਾਫ਼ੀ ਸੋਚ ਵਿਚਾਰ ਤੋਂ ਬਾਅਦ ਰੱਬ ਨੂੰ ਇਕ ਤਰਕੀਬ ਲੱਭੀ ਜਿਸ ਨਾਲ ਕਿਸੇ ਦਾ ਕੋਈ ਨੁਕਸਾਨ ਨਹੀਂ ਸੀ ਹੋਣਾ। ਉਸ ਨੇ ਜਾਦੂ ਨਾਲ ਰਾਤੋਂ ਰਾਤ ਸਭ ਕੰਮ 'ਤੇ ਲੱਗੇ ਬੰਦਿਆਂ ਦੀਆਂ ਬੋਲੀਆਂ ਬਦਲ ਦਿੱਤੀਆਂ। ਨਤੀਜੇ ਵਜੋਂ ਸਵੇਰੇ ਕੰਮ 'ਤੇ ਪਹੁੰਚੇ ਬੰਦਿਆਂ ਦੀ ਹਾਲਤ ਇਹ ਹੋ ਗਈ ਕਿ ਜਦੋਂ ਗ਼ਾਰਾ ਮੰਗਿਆ ਜਾਂਦਾ ਤਾਂ ਫੜਾਉਣ ਵਾਲਾ ਪੱਥਰ ਫੜਾ ਦਿੰਦਾ। ਇਕ ਦੂਜੇ ਦੀ ਬੋਲੀ ਦੀ ਸਮਝ ਨਾ ਆਉਣ ਕਰਕੇ ਪਹਿਲਾਂ ਉਹ ਗੁੱਸੇ ਹੋਣ ਲਗ ਪਏ ਤੇ ਫੇਰ ਲੜਾਈ ਕਰਨ ਲੱਗ ਪਏ। ਸੋ ਮੀਨਾਰ ਦਾ ਕੰਮ ਰੁੱਕ ਗਿਆ। ਪਰ ਸੰਸਾਰ ਵਿਚ ਅਲੱਗ ਅਲੱਗ ਕਿਸਮ ਦੀਆਂ ਬੋਲੀਆਂ ਹੋਂਦ ਵਿਚ ਆ ਗਈਆਂ।

ਪੜ੍ਹਾਉਣ ਤੋਂ ਬਾਅਦ ਮੈਡਮ ਕਹਿਣ ਲੱਗੇ, 'ਤੁਸੀਂ ਬੋਲੋ ਮੈਂ ਸਮਝ ਜਾਂਦੀ ਹਾਂ। ਮੈਂ ਬੋਲਾਂ ਤਾਂ ਤੁਸੀਂ ਸਮਝ ਜਾਂਦੇ ਹੋ। ਪਰ ਇਕ ਭਾਸ਼ਾ ਹੈ ਜੋ ਬਿਨਾਂ ਬੋਲਿਆਂ ਸਮਝ ਆ ਜਾਂਦੀ ਹੈ ਤੇ ਉਹ ਹੈ ਪਿਆਰ ਦੀ। ਹੁਣ ਤੁਸੀਂ ਸਮਝ ਹੀ ਚੁੱਕੇ ਹੋਵੋਗੇ ਕਿ ਜਦੋਂ ਵੀ ਇਕ ਦੂਜੇ ਦੀ ਭਾਸ਼ਾ ਸਮਝ ਨਾ ਆ ਰਹੀ ਹੋਵੇ ਤਾਂ ਲੜਾਈ ਕਰਨ ਦੀ ਬਜਾਏ ਪਿਆਰ ਅਤੇ ਮਿਲਵਰਤਨ ਰੱਖੋ ਤਾਂ ਰੱਬ 'ਤੇ ਵੀ ਜਿੱਤ ਪ੍ਰਾਪਤ ਕਰ ਸਕਦੇ ਹੋ।'

ਇਸ ਕਹਾਣੀ ਵਿਚਲਾ ਬੋਲੀ ਬਾਰੇ ਗੂੜ ਗਿਆਨ ਮੈਨੂੰ ਉਦੋਂ ਉੱਕਾ ਹੀ ਸਮਝ ਨਹੀਂ ਸੀ ਆਇਆ। ਫੇਰ, ਇਸਲਾਮ ਦੀ ਨੀਂਹ ਪੱਕਿਆਂ ਕਰਨ ਵਾਲਾ ਹਜ਼ਰਤ ਮੁਹੰਮਦ ਦਾ ਇਤਿਹਾਸ ਪੜ੍ਹਿਆ। ਲਿਖਿਆ ਸੀ ਕਿ ਕਿਵੇਂ ਉਨ੍ਹਾਂ ਨੂੰ ਮੰਨਣ ਵਾਲੇ ਈਰਾਨ ਤੇ ਯੂਨਾਨ ਵਰਗੀਆਂ ਭਾਰੀਆਂ ਤਹਿਜ਼ੀਬਾਂ 'ਤੇ ਵੀ ਛਾ ਗਏ ਸਨ। ਡੇਢ ਸੌ ਸਾਲ ਦੇ ਅੰਦਰ ਅੰਦਰ ਈਰਾਨ, ਚੀਨ, ਹਿੰਦੁਸਤਾਨ, ਮੱਧ ਏਸ਼ੀਆ, ਸਪੇਨ, ਅਫ਼ਰੀਕਾ ਤੇ ਫ਼ਰਾਂਸ ਦੇ ਬਾਰਡਰ ਤੱਕ ਫ਼ਤਹਿ ਪ੍ਰਾਪਤ ਕਰਨ ਤੋਂ ਬਾਅਦ ਹਜ਼ਰਤ ਉਮਰ ਨੂੰ ਪੁੱਛਿਆ ਗਿਆ ਕਿ ਫ਼ਤਹਿ ਕੀਤੇ ਸ਼ਹਿਰਾਂ ਦੀ ਬੋਲੀ ਵੱਖਰੀ ਹੈ ਤਾਂ ਕੀ ਇਥੇ ਅਰਬੀ ਜਾਰੀ ਕਰ ਦੇਣੀ ਚਾਹੀਦੀ ਹੈ? ਜਵਾਬ ਵਿਚ ਉਨ੍ਹਾਂ ਕਿਹਾ, ਬੋਲੀ ਤਾਂ ਨਹੀਂ ਪਰ ਲਿਪੀ ਆਪਣੀ ਜਾਰੀ ਕਰ ਦਿਓ। ਨਤੀਜੇ ਵਜੋਂ ਇਨ੍ਹਾਂ ਮੁਲਕਾਂ ਦੀ ਆਪਣੀ ਪਿਛਲੀ ਤਹਿਜ਼ੀਬ ਨਾਲ ਲਿਪੀ ਬਦਲਣ ਕਾਰਨ ਨਾਤਾ ਟੁੱਟ ਗਿਆ। ਇਸ ਇਤਿਹਾਸ ਵਿਚੋਂ ਏਨਾ ਕੁ ਨਿਚੋੜ ਤਾਂ ਮੈਨੂੰ ਸਮਝ ਲਗ ਗਿਆ ਸੀ ਕਿ ਆਪਣੀ ਤਹਿਜ਼ੀਬ ਨਾਲੋਂ ਨਾਤਾ ਤੋੜਨ ਲਈ ਮਾਂ ਬੋਲੀ ਤੋਂ ਟੁੱਟਣਾ ਹੀ ਬਥੇਰਾ ਹੁੰਦਾ ਹੈ।

ਫੇਰ ਮੈਨੂੰ ਬੱਚੇ ਦੀ ਮਾਨਸਿਕਤਾ ਬਾਰੇ ਪੜ੍ਹਨ ਦਾ ਮੌਕਾ ਮਿਲਿਆ। ਮਾਂ ਬੋਲੀ ਦਾ ਬੱਚੇ ਦੇ ਵਧਦੇ ਦਿਮਾਗ਼ ਉਤੇ ਪੈਂਦੇ ਅਸਰ ਬਾਰੇ ਕੀਤੀਆਂ ਅਨੇਕ ਖੋਜਾਂ ਪੜ੍ਹਨ ਦਾ ਵੀ ਮੌਕਾ ਮਿਲਿਆ। ਇਨ੍ਹਾਂ ਸਾਰੀਆਂ ਚੀਜ਼ਾਂ ਨੇ ਵੀ ਮੈਨੂੰ ਏਨਾ ਵਿਚਲਿਤ ਨਹੀਂ ਸੀ ਕਿਤਾ ਜਿੰਨਾ ਕਿ ਭਾਸ਼ਾ ਵਿਗਿਆਨੀਆਂ ਵਲੋਂ ਕੀਤੀ ਖੋਜ ਦਾ ਸਿੱਟਾ ਪੜ੍ਹ ਕੇ ਮੈਂ ਹੋ ਗਈ।

ਭਾਸ਼ਾ ਵਿਗਿਆਨੀਆਂ ਨੇ ਅਮਰੀਕਾ, ਅਫ਼ਰੀਕਾ, ਆਸਟਰੇਲੀਆ ਤੇ ਏਸ਼ੀਆ ਵਿਚਲੀਆਂ ਕੁਝ ਭਾਸ਼ਾਵਾਂ ਦੀ ਮੌਤ ਦਾ ਐਲਾਨ ਕਰ ਦਿਤਾ ਹੈ ਤੇ ਕਾਫ਼ੀ ਹੋਰ ਭਾਸ਼ਾਵਾਂ ਦੇ ਦਰਦਨਾਕ ਅੰਤ ਬਾਰੇ ਅਗਾਹ ਵੀ ਕਰ ਦਿੱਤਾ ਹੈ।

1922 ਵਿਚ 'ਕਰੌਸ' ਨੇ ਆਪਣੀ ਖੋਜ ਦੇ ਆਧਰ 'ਤੇ ਇਹ ਦੱਸਿਆ ਕਿ 6800 ਦੇ ਕਰੀਬ ਭਾਸ਼ਾਵਾਂ ਦੁਨੀਆਂ ਭਰ ਵਿਚ ਐਸ ਵੇਲੇ ਬੋਲੀਆਂ ਜਾ ਰਹੀਆਂ ਹਨ ਪਰ ਇਨ੍ਹਾਂ ਵਿੱਚੋਂ ਲਗਭਗ ਅੱਧੀਆਂ (ਪੰਜਾਹ ਪ੍ਰਤੀਸ਼ਤ) ਐਸੀਆਂ ਹਨ ਜਿਹੜੀਆਂ ਖ਼ਤਮ ਹੋਣ ਦੇ ਕਿਨਾਰੇ ਹਨ। ਉਸ ਖੋਜੀ ਨੇ ਇਹ ਵੀ ਦਸਿਆ ਕਿ ਇਹ ਖ਼ਾਤਮਾ ਏਨੀ ਤੇਜ਼ੀ ਨਾਲ ਹੋ ਰਿਹਾ ਹੈ ਕਿ ਅੰਦਾਜ਼ਨ ਹਰ ਪੰਦਰੀਂ ਦਿਨੀਂ ਇਕ ਬੋਲੀ ਖ਼ਤਮ ਹੋਈ ਜਾ ਰਹੀ ਹੈ।

ਇਸ ਖੋਜ ਦਾ ਜਿਹੜਾ ਸਭ ਤੋਂ ਖ਼ਤਰਨਾਕ ਹਿੱਸਾ ਸੀ, ਉਹ ਸੀ 'ਕਰੌਸ' ਦਾ ਕਹਿਣਾ ਕਿ ਚਾਲੀ ਪ੍ਰਤੀਸ਼ਤ ਹੋਰ ਬੋਲੀਆਂ ਅਗਲੇ ਪੰਜਾਹ ਸਾਲਾਂ ਵਿਚ ਖ਼ਤਮ ਹੋ ਜਾਣਗੀਆਂ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਸੰਸਾਰ ਵਿਚ ਬੋਲੀਆਂ ਜਾ ਪੰਜਾਹ ਜਮਾਂ ਚਾਲੀ ਯਾਨੀ ਨੱਬੇ ਪ੍ਰਤੀਸ਼ਤ ਬੋਲੀਆਂ ਖ਼ਤਮ ਹੋਣ ਦੇ ਕਿਨਾਰੇ ਹਨ। ਇਹ ਤਾਂ ਸਪਸ਼ੱਟ ਹੋ ਹੀ ਗਿਆ ਕਿ ਅਸੀਂ ਸਿਰਫ਼ ਛੇ ਸੌ ਬੋਲੀਆਂ (ਯਾਨੀ ਦਸ ਪ੍ਰਤੀਸ਼ਤ) ਦੇ ਸਹਾਰੇ ਹੀ ਇਕ ਦੂਜੇ ਨਾਲ ਵਾਬਸਤਾ ਰੱਖ ਸਕਾਂਗੇ।

ਇਸ ਖੋਜ ਦੇ ਨਤੀਜੇ ਤੋਂ ਦੁਨੀਆਂ ਭਰ ਵਿਚ ਹਲਚਲ ਮਚ ਗਈ ਤੇ ਹੋਰ ਵੀ ਕਈ ਭਾਸ਼ਾ ਵਿਗਿਆਨੀ ਇਸ ਖੋਜ ਵਿਚ ਰੁੱਝ ਗਏ। ਇਹੀ ਸਿੱਟਾ ਹੁਣ ਸੱਭ ਦੇ ਸਾਹਮਣੇ ਸੀ।

ਦਰਅਸਲ 1492 ਵਿਚ ਹੀ ਅਮਰੀਕਾ ਵਿਚ ਬੋਲੀਆਂ ਜਾ ਰਹੀਆਂ ਜ਼ਬਾਨਾਂ ਵਿਚੋਂ ਸੈਂਕੜੇ ਖ਼ਤਮ ਹੋਣ ਦੇ ਨੇੜੇ ਸਨ ਤੇ ਅੱਜ ਦੀ ਤਰੀਕ ਵਿਚ ਉਹ ਸਾਰੀਆਂ ਬੋਲੀਆਂ ਆਪਣੀ ਸੱਭਿਅਤਾ ਦੇ ਹਰ ਇਕ ਅੰਸ਼ ਸਮੇਤ ਲੋਪ ਹੋ ਚੁੱਕੀਆਂ ਹਨ। ਜਿਹੜੀਆਂ ਵੀ ਜ਼ਬਾਨਾਂ ਵੀਹਵੀਂ ਸਦੀ ਤੱਕ ਘਿਸੜਦੀਆਂ ਪਹੁੰਚੀਆਂ, ਉਨ੍ਹਾਂ ਵਿਚੋਂ ਬਹੁਤੀਆਂ ਦੀਆਂ ਲਿਪੀਆਂ ਬਦਲ ਚੁੱਕੀਆਂ ਸਨ ਤੇ ਕੁਝ ਕੁ ਨੇ ਆਖ਼ਰੀ ਸਾਹ ਵੀਹਵੀ ਸਦੀ ਵਿਚ ਲੈ ਵੀ ਲਏ। ਜਿਵੇਂ, ਵਿਸਕੌਨਸਿਨ ਵਿਚ ਮੋਹੀਕਨ, ਕੈਰੋਲੀਨਾ ਵਿਚ ਕੋਟਾਬਾ, ਕੈਲੀਫ਼ੋਰਨੀਆਂ ਵਿਚ ਯਾਹੀ, ਮੈਸੱਚੈੱਟਸ ਵਿਚ ਮਸ਼ਪੀ ਆਦਿ।

1995 ਵਿਚ 'ਕਰੌਸ' ਨੇ ਅਮਰੀਕਾ ਵਿਚ ਅੰਗਰੇਜ਼ੀ ਤੋਂ ਸਿਵਾ ਬੋਲੀਆਂ ਜਾ ਰਹੀਆਂ ਅਲੱਗ ਅਲੱਗ ਭਾਸ਼ਾਵਾਂ ਉਤੇ ਕੀਤੀ ਖੋਜ ਦਾ ਸਿੱਟਾ ਫੇਰ ਸਾਰੀ ਦੁਨੀਆ ਸਾਹਮਣੇ ਰੱਖ ਦਿਤਾ। ਉਸ ਵੇਲੇ ਦੀਆਂ 175 ਜ਼ਬਾਨਾਂ ਵਿਚੋਂ 155 ਬੋਲੀਆਂ ਖ਼ਾਤਮੇ ਵਲ ਤੁਰ ਪਈਆਂ ਸਨ, ਯਾਂਨੀ 89 ਫ਼ੀ ਸਦੀ ਜ਼ਬਾਨਾਂ ਦਾ ਖ਼ਾਤਮਾ ਤੇ ਏਨੀਆਂ ਹੀ ਸਭਿਅਤਾਵਾਂ ਦਾ ਅੰਤ। ਓਕਲਾਹੋਮਾ ਵਿਚਲੀਆਂ ਬੋਲੀਆਂ ਜਾ ਰਹੀਆਂ ਜ਼ਬਾਨਾਂ ਵਿਚੋਂ ਸਿਰਫ਼ ਦੋ ਜ਼ਬਾਨਾਂ ਹੀ ਬਚ ਸਕੀਆਂ ਹਨ ਜਿਹੜੀਆਂ ਬੱਚੇ ਬੋਲ ਰਹੇ ਹਨ ਜਦ ਕਿ ਕੈਲੀਫ਼ੋਰਨੀਆਂ ਵਿਚਲੀਆਂ ਪੰਜਾਹ ਅਲੱਗ ਅਲੱਗ ਜ਼ਬਾਨਾਂ ਦੀ ਕਬਰ ਖ਼ੁਦ ਚੁੱਕੀ ਹੈ।

ਵਾਸ਼ਿੰਗਟਨ ਵਿਚਲੇ ਅਲੱਗ ਅਲੱਗ ਮੁਲਕਾਂ ਤੋਂ ਆ ਕੇ ਵੱਸੇ ਲੋਕਾਂ ਵਿਚਲੀਆਂ ਸੋਲਾਂ ਹਿੰਦੁਸਤਾਨੀ ਭਾਸ਼ਾਵਾਂ ਵੀ ਮੁਕੰਮਲ ਤੌਰ 'ਤੇ ਨਸ਼ਟ ਹੋਣ ਲੱਗੀਆਂ ਹਨ। ਅਲਾ-ਸਕਾ ਵਿਚਲੀਆਂ ਵੀਹ ਜ਼ਬਾਨਾਂ ਵਿਚੋਂ ਵੀ ਅਗਲੀ ਪੁਸ਼ਤ ਤੱਕ ਪਹੁੰਚਣ ਵਾਲੀ ਜ਼ਬਾਨ ਸਿਰਫ਼ ਅੰਗਰੇਜ਼ੀ ਹੀ ਬਚੀ ਹੈ।

1995 ਵਿਚ ਹੀ ਕਰੌਸ ਨੇ ਹੋਰ ਭਾਸ਼ਾ ਵਿਗਿਆਨੀਆਂ ਨਾਲ ਰੱਲ ਕੇ ਬਚੀਆਂ ਜ਼ਬਾਨਾਂ ਬਾਰੇ ਵੀ ਆਪਣਾ ਅੰਤਮ ਸਿੱਟਾ ਦੁਨੀਆ ਦੇ ਸਾਹਮਣੇ ਰੱਖ ਦਿੱਤਾ ਕਿ ਅਮਰੀਕਾ ਵਿਚਲੀਆਂ ਚਾਲੂ ਜ਼ਬਾਨਾਂ ਵਿਚੋਂ 45 ਤਾਂ ਸੰਨ 2000 ਵਿਚ ਖ਼ਤਮ ਹੋ ਜਾਣਗੀਆਂ, 125 ਜ਼ਬਾਨਾਂ ਸੰਨ 2025 ਵਿਚ ਤੇ 155 ਜ਼ਬਾਨਾਂ 2050 ਸੰਨ ਵਿਚ ਖ਼ਤਮ ਹੋ ਜਾਣਗੀਆਂ। ਜਿਹੜੀਆਂ 20 ਜ਼ਬਾਨਾਂ ਬਚਣਗੀਆਂ ਉਹ ਅਗਲੇ ਦਸ ਕੁ ਸਾਲਾਂ ਵਿਚ ਦਫ਼ਨ ਹੋ ਜਾਣਗੀਆਂ।

ਇਸ ਸਿੱਟੇ ਦੇ ਨਾਲ ਨਾਲ ਸਾਰੇ ਭਾਸ਼ਾ ਵਿਗਿਆਨੀਆਂ ਨੇ ਕਿਸੇ ਵੀ ਜ਼ਬਾਨ ਤੇ ਉਸ ਨਾਲ ਜੁੜੇ ਸੱਭਿਆਚਾਰ ਦੇ ਖ਼ਾਤਮੇ ਦੇ ਕਾਰਨ ਵੀ ਸਪੱਸ਼ਟ ਕਰ ਦਿੱਤੇ।

ਸਭ ਤੋਂ ਵੱਡਾ ਕਾਰਨ ਸੀ ਬੱਚਿਆਂ ਤਕ ਉਸ ਜ਼ਬਾਨ ਦਾ ਨਾ ਪਹੁੰਚਣਾ। ਜਦੋਂ ਵੀ ਮਾਪੇ ਕਿਸੇ ਦੂਸਰੀ ਜ਼ਬਾਨ ਨੂੰ ਅਪਣਾ ਲੈਂਦੇ ਹਨ ਤੇ ਆਪਣੇ ਬੱਚਿਆਂ ਨੂੰ ਵੀ ਮਾਂ ਬੋਲੀ ਛੱਡ ਕੇ ਦੂਸਰੀ ਜ਼ਬਾਨ ਸਿੱਖਣ ਨੂੰ ਤਰਜੀਹ ਦਿੰਦੇ ਹਨ ਤਾਂ ਹੌਲੀ ਹੌਲੀ ਬੋਲੀ ਦੀ ਲਿਪੀ ਬਦਲਣ ਦੇ ਨਾਲ ਨਾਲ ਬੋਲੀ ਦੀ ਜੜ੍ਹ ਉਸ ਦੀ ਸੱਭਿਅਤਾ ਸਮੇਤ ਖ਼ਤਮ ਹੋਣ ਦੇ ਆਸਾਰ ਸ਼ੁਰੂ ਹੋ ਜਾਂਦੇ ਹਨ ਤੇ ਅਗਲੇ ਲਗਭਗ ਪੰਜਾਹ ਕੁ ਸਾਲਾਂ ਵਿਚ ਬੋਲੀ ਖ਼ਤਮ ਹੋ ਜਾਂਦੀ ਹੈ। 1993 ਵਿਚ ਅਮਰੀਕਾ ਦੇ ਸੈਂਸਸ ਬਿਊਰੋ ਨੇ ਜਾਰੀ ਕੀਤੀ ਰੀਪੋਰਟ ਵਿਚ ਵੀ ਸਪੱਸ਼ਟ ਕੀਤਾ ਕਿ ਅਮਰੀਕਾ ਵਿਚਲੇ ਹਿੰਦੁਸਤਾਨੀ ਖ਼ਾਸਕਰ ਪੰਜਾਬੀਆਂ ਵਿਚੋਂ ਸਿਰਫ਼ ਸੌ ਕੁ ਘਰ ਹੀ ਅਜਿਹੇ ਹਨ ਜਿਨ੍ਹਾਂ ਦੇ ਘਰ ਵਿਚ ਮਾਂ ਬੋਲੀ ਦੀ ਵਰਤੋਂ ਜਾਰੀ ਸੀ। ਬਾਕੀ ਸਭ ਘਰਾਂ ਵਿਚ ਬੱਚਿਆਂ ਨਾਲ ਬੋਲਣ ਵੇਲੇ ਸਿਰਫ਼ ਅੰਗਰੇਜ਼ੀ ਦੀ ਵਰਤੋਂ ਕੀਤੀ ਜਾਂਦੀ ਸੀ। ਯਾਨੀ ਅਮਰੀਕਾ ਵਿਚ ਬਾਹਰੋਂ ਆਏ ਭਾਰਤੀ ਆਪਣੀ ਬੋਲੀ ਪੂਰੀ ਤਰ੍ਹਾਂ ਤਿਆਗ ਕੇ ਅੰਗਰੇਜ਼ੀ ਜ਼ਬਾਨ ਨੂੰ ਅਪਣਾ ਰਹੇ ਸਨ। ਸਿੱਟੇ ਵਜੋਂ ਭਾਰਤੀ ਮੂਲ ਦੇ ਅਮਰੀਕਾ ਵਿਚ ਵੱਸੇ ਬੱਚੇ ਜਿਹੜੀ ਆਪਣੀ ਬੋਲੀ ਪੂਰੀ ਤਰ੍ਹਾਂ ਤਿਆਗ ਰਹੇ ਸਨ, ਵਿਚ 7.2 ਪ੍ਰਤੀਸ਼ਤ ਤੋਂ ਵਾਧਾ ਹੋ ਕੇ ਦਸ ਸਾਲਾਂ ਵਿਚ (1990 ਸੰਨ ਤਕ) 28.4 ਪ੍ਰਤੀਸ਼ਤ ਤਕ ਪਹੁੰਚ ਗਿਆ ਸੀ ਜੋ ਹੁਣ ਲਗਭਗ ਸੌ ਪ੍ਰਤੀਸ਼ਤ ਪਹੁੰਚਣ ਦੇ ਨੇੜੇ ਹੈ।

ਵਿਲਸਨ ਨੇ 1992 ਵਿਚ ਕੀਤੀ ਖੋਜ ਵਿਚ ਇਹ ਸਾਬਤ ਕੀਤਾ ਕਿ ਧਰਤੀ ਉਪਰਲੀ ਵਨਸਪਤੀ ਅਤੇ ਜਾਨਵਰਾਂ ਦੀਆਂ ਅੰਦਾਜ਼ਨ ਦਸ ਲੱਖ ਕਿਸਮਾਂ ਵਿਚੋਂ ਹਰ ਸਾਲ ਇਕ ਕਿਸਮ ਖ਼ਤਮ ਹੋ ਰਹੀ ਹੈ ਕਿਉਂਕਿ ਉਨ੍ਹਾਂ ਦਾ ਆਲਾਵ ਦੁਆਲ ਬਦਲ ਰਿਹਾ ਹੈ ਤੇ ਹਵਾ ਵਿਚਲਾ ਪ੍ਰਦੂਸ਼ਣ ਇਸ ਦਾ ਇਕ ਕਾਰਨ ਹੋ ਸਕਦਾ ਹੈ।

ਕੁਝ ਏਸੇ ਤਰ੍ਹਾਂ ਦਾ ਹੀ ਅਸਰ ਜ਼ਬਾਨ ਦੇ ਖ਼ਾਤਮੇ ਵੇਲੇ ਉਸ ਨਾਲ ਜੁੜੀ ਸਭਿਅਤਾ 'ਤੇ ਵੀ ਪੈਂਦਾ ਹੈ। ਜਿਵੇਂ ਹੀ ਥਾਂ ਤੇ ਮਾਹੌਲ ਬਦਲਿਆ, ਪਹਿਰਾਵਾ ਤੇ ਰਿਵਾਜ ਵੀ ਬਦਲੇ। ਆਪਣੇ ਕੰਮਕਾਰ ਨੂੰ ਚਲਾਉਣ, ਕਾਨੂੰਨ ਨੂੰ ਅਪਣਾਉਣ ਤੇ ਸਮਝਣ ਲਈ ਬੋਲੀ ਦਾ ਬਦਲਣਾ ਵੀ ਲਾਜ਼ਮੀ ਹੋ ਜਾਂਦਾ ਹੈ।

ਇਸ ਤਰ੍ਹਾਂ ਦੇ ਜ਼ਬਾਨ ਦੇ ਬਦਲਾਵ ਨੂੰ 'ਲੈਂਗੁਏਜ ਸ਼ਿਫ਼ਟ' ਕਿਹਾ ਜਾਂਦਾ ਹੈ। ਜੇ ਛੋਟੇ ਪੱਥਰ 'ਤੇ ਹੋਏ ਤਾਂ ਬਹੁਤਾ ਨੁਕਸਾਨ ਨਹੀਂ ਹੁੰਦਾ ਪਰ ਜੇ ਵੱਡੀ ਪੱਧਰ 'ਤੇ ਹੋ ਜਾਏ ਤਾਂ ਜ਼ਬਾਨ ਦੀ ਮੌਤ ਦਾ ਏਲਾਨ ਹੁੰਦਾ ਹੈ ਤੇ ਨਾਲ ਹੀ ਉਸ ਨਾਲ ਜੁੜੀ ਸੱਭਿਅਤਾ ਦਾ।

ਜੇ ਸੌਖੇ ਅਰਥਾਂ ਵਿਚ ਸਮਝੀਏ ਤਾਂ ਅਗਲੇ ਸੌ ਸਾਲ ਬਾਅਦ ਹਿੰਦੁਸਤਾਨ ਵਿਚਲੇ ਅੰਗਰੇਜ਼ (ਪੰਜਾਬੀ ਤਾਂ ਭਾਸ਼ਾ ਵਿਗਿਆਨੀਆਂ ਅਨੁਸਾਰ ਰਹਿਣੇ ਹੀ ਨਹੀਂ) ਜਾਂ ਅਫ਼ਰੀਕਾ ਵਿਚਲੇ ਅੰਗਰੇਜ਼ ਅਮਰੀਕਾ ਵਿਚ ਰਹਿਣ ਨੂੰ ਹੀ ਪਹਿਲ ਦੇਣਗੇ। ਏਨੀ ਭਾਰੀ ਪੱਧਰ ਤੇ ਹਿਲਜੁਲ ਠੀਕ ਨਹੀਂ ਰਹਿੰਦੀ ਤੇ ਲੜਾਈ ਨੂੰ ਜਨਮ ਦਿੰਦੀ ਹੈ।

ਕਿਸੇ ਵੀ ਭਾਸ਼ਾ 'ਤੇ ਆਤਮਘਾਤੀ ਹਮਲਾ ਉਦੋਂ ਹੁੰਦਾ ਹੈ ਜਦੋਂ ਮਾਪੇ ਆਪਣੀ ਭਾਸ਼ਾ ਨੂੰ ਨੀਵਾਂ ਸਮਝਣ ਲਗ ਪੈਣ ਤੇ ਆਪਣੇ ਬੱਚਿਆਂ ਨਾਲ ਉਸ ਨੂੰ ਬੋਲਣਾ ਨਾ ਚਾਹੁਣ। ਜਦੋਂ ਬੱਚੇ ਮਾਂ ਬੋਲੀ ਵਿਚ ਬੋਲਣਾ ਹੀਣ ਸਮਝਣ ਤੇ ਦੋਸਤਾਂ ਨਾਲ ਹੋਰ ਭਾਸ਼ਾ ਬੋਲਣ ਜਾਂ ਜ਼ਿੰਦਗੀ ਵਿਚ ਅਗਾਂਹ ਵਧਣ ਲਈ ਦੂਜੀ ਭਾਸ਼ਾ ਅਪਣਾਉਣ ਤੇ ਦੂਜੀ ਭਾਸ਼ਾ ਵਿਚ ਹੀ ਨੌਕਰੀ ਨੂੰ ਤਰਜੀਹ ਦੇਣ, ਤਾਂ ਉਸ ਭਾਸ਼ਾ ਦੀ ਉਮਰ ਥੋੜੀ ਰਹਿ ਜਾਂਦੀ ਹੈ। ਤੀਜੀ ਪੁਸ਼ਤ ਤਕ ਪਹੁੰਚਦੇ ਪਹੁੰਚਦੇ ਭਾਸ਼ਾ ਤੇ ਉਸ ਨਾਲ ਜੁੜੀ ਸੱਭਿਅਤਾ ਦਾ ਵੀ ਕਤਲ ਹੋ ਜਾਂਦਾ ਹੈ। ਇਸ ਨੂੰ 'ਲੈਂਗੁਏਜ ਮਰਡਰ' ਕਿਹਾ ਜਾਂਦਾ ਹੈ। ਇਸ ਨਾਲ ਇਕ ਜਿਨਸ ਦਾ ਖ਼ਾਤਮਾ, ਉਸ ਨਾਲ ਜੁੜੇ ਲਾਇਕ ਦਿਮਾਗ਼ ਤੇ ਉਨ੍ਹਾਂ ਰਾਹੀਂ ਰਚਿਤ ਸਾਹਿਤ, ਉਸ ਨਾਲ ਜੁੜੀ ਸੱਭਿਅਤਾ ਦੇ ਚੰਗੇ ਅੰਸ਼ ਤੇ ਉਸ ਸੱਭਿਅਤਾ ਵਿਚਲੇ ਤਿਉਹਾਰ ਤੇ ਉਨ੍ਹਾਂ ਦਾ ਪਿਛੋਕੜ, ਸਭ ਦਾ ਕਤਲ ਹੋ ਜਾਂਦਾ ਹੈ।

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਸਿਰਫ਼ ਉਸ ਭਾਸ਼ਾ ਦਾ ਕਤਲ ਹੁੰਦਾ ਹੈ ਜਿਹੜੇ ਦੂਜੀ ਭਾਸ਼ਾ ਵਾਲਿਆਂ ਤੋਂ ਆਪਣੇ ਆਪ ਨੂੰ ਨੀਵਾਂ ਸਮਝਦੇ ਹੋਣ ਕਿਉਂਕਿ ਦੂਜੀ ਭਾਸ਼ਾ ਵਾਲੇ ਕਦੇ ਵੀ ਅਜਿਹੇ ਲੋਕਾਂ ਨੂੰ ਆਪਣੇ ਵਿਚ ਰਲਣ ਨਹੀਂ ਦਿੰਦੇ । ਇਸ ਤਰ੍ਹਾਂ ਦੇ ਲੋਕਾਂ ਨੂੰ ਦੂਜੀ ਭਾਸ਼ਾ ਵਾਲੇ ਨੀਵਾਂ ਸਮਝਦੇ ਹੋਏ ਕਾਨੂੰਨ ਦੇ ਦਾਇਰੇ ਵਿਚ ਰੋਲ ਕੇ ਜਾਂ ਦਬਾ ਕੇ ਹੌਲੀ-ਹੌਲੀ ਖ਼ਤਮ ਕਰ ਦਿੰਦੇ ਹਨ ਤਾਂ ਜੋ ਉਨ੍ਹਾਂ ਦੇ ਕੰਮ ਕਾਰ 'ਤੇ ਹਮਲਾ ਨਾ ਹੋ ਸਕੇ।

ਜਿਹੜੇ ਆਪਣੀ ਭਾਸ਼ਾ ਤੇ ਸੱਭਿਆਚਾਰ ਤੋਂ ਟੱਟ ਚੁੱਕੇ ਹੋਣ , ਉਨ੍ਹਾਂ ਦਾ ਪਿਛੋਕੜ ਉਨ੍ਹਾਂ ਦੀ ਸਹਾਇਤਾ ਲਈ ਕਿਤੇ ਪਹੁੰਚ ਹੀ ਨਹੀਂ ਸਕਦਾ ਤੇ ਉਹ ਸੌਖੇ ਹੀ ਦੂਜੀ ਭਾਸ਼ਾ ਵਾਲਿਆਂ ਥੱਲੇ ਦੱਬ ਜਾਂਦੇ ਹਨ। ਇਸ ਦੇ ਉਲਟ ਜੇ ਕੋਈ ਇਨਸਾਨ ਆਪਣੀ ਭਾਸ਼ਾ ਦਾ ਮਾਹਿਰ ਬਣ ਕੇ ਦੂਜੀ ਭਾਸ਼ਾ ਵਾਲੇ ਦੇਸ ਵਿਚ ਪਹੁੰਚਦਾ ਹੈ ਤਾਂ ਲੋਕ ਉਸ ਨੂੰ ਜ਼ਹੀਨ ਮੰਨ ਕੇ ਉਸ ਅੱਗੇ ਸਿਰ ਝੁਕਾਉਂਦੇ ਹਨ ਤੇ ਮਾਣ ਨਾਲ ਆਪਣੇ ਦੇਸ਼ ਵਿਚ ਸੱਦਾ ਦਿੰਦੇ ਹਨ।

ਕਰੌਫੋਰਡ ਨੇ 1995 ਵਿਚ ਬੜੇ ਸਾਫ਼ ਸ਼ਬਦਾਂ ਵਿਚ ਹਿੰਦੁਸਤਾਨੀਆਂ ਦੇ ਮੂੰਹ 'ਤੇ ਚਪੇੜ ਮਾਰੀ ਕਿ 'ਸਿਰਫ਼ ਅੰਗਰੇਜ਼ੀ ' ਪਾਲਿਸੀ ਨਾਲ ਹਿੰਦੁਸਤਾਨੀ ਹੁਕਮ-ਰਾਨ ਤੇ ਹਿੰਦੁਸਤਾਨੀ ਮਾਪੇ ਫ਼ਖ਼ਰ ਮਹਿਸੂਸ ਕਰਨ ਲੱਗ ਪਏ ਹਨ ਜਿਸ ਨਾਲ ਉਨ੍ਹਾਂ ਦੀ ਸੱਭਿਅਤਾ ਦੇ ਕਾਫ਼ੀ ਅੰਸ਼ ਮਰ ਚੱਕੇ ਹਨ ਜਿਹੜੇ ਉਨ੍ਹਾਂ ਦੇ ਤਿਉਹਾਰਾਂ ਵਿਚ ਆਉਂਦੇ ਬਦਲਾਵ ਦਸ ਰਹੇ ਹਨ। ਇਸ ਨਾਲ ਉਨ੍ਹਾਂ ਨੂੰ ਉੱਕਾ ਹੀ ਕੋਈ ਫ਼ਾਇਦਾ ਨਹੀਂ ਹੋਣ ਲੱਗਾ। ਹਿੰਦੁਸਤਾਨੀਆਂ ਦੇ ਮਨਾਂ ਦੀ ਡੂੰਘਿਆਈ ਵਿਚ ਤਾਂ ਇਹ ਫਸਿਆ ਪਿਆ ਹੈ ਕਿ ਉਹ ਨੀਵੇਂ ਹਨ ਕਿਉਂਕਿ ਉਨ੍ਹਾਂ ਦੀ ਮਾਂ ਬੋਲੀ ਨੀਵੀਂ ਹੈ।

ਇਸ ਨੀਤੀ ਨੂੰ ਅਪਨਾਉਣ ਲਈ ਪੰਜਾਬੀ ਸਭ ਤੋਂ ਅੱਗੇ ਹਨ ਜੋ ਅੰਗਰੇਜ਼ੀ ਸਿਖ ਕੇ ਗੋਰਿਆਂ ਦੇ ਘਰਾਂ ਵਿਚ ਝਾੜੂ ਪੋਚੇ ਲਾਉਣ ਲਈ ਵੀ ਤਿਆਰ ਹਨ ਪਰ ਆਪਣੀ ਬੋਲੀ ਤੇ ਸੱਭਿਅਤਾ ਉੱਤੇ ਫ਼ਖ਼ਰ ਕਰਨ ਨੂੰ ਤਿਆਰ ਨਹੀਂ। ਪੰਜਾਬੀ ਹੁਕਮਰਾਮ ਅੰਗਰੇਜ਼ਾਂ ਵਿਚ ਰਲ ਕੇ ਉੱਥੋਂ ਦੇ ਆਮ ਆਦਮੀ ਤੋਂ ਵੀ ਬੱਤਰ ਰਹਿ ਜਾਂਦੇ ਹਨ ਤੇ ਇੱਥੇ ਪੂਰਾ ਰਾਜ ਕਰਨ ਨੂੰ ਤਿਆਰ ਹਨ ਪਰ ਪੰਜਾਬੀ ਜ਼ੁਬਾਨ ਨੂੰ ਕੋਨੇ ਵਿਚ ਧੱਕ ਕੇ।

ਬੋਲੀ ਦਾ ਨਾਸ ਮਾਰਨ ਵਿਚ ਸਭ ਤੋਂ ਵੱਡਾ ਹੱਥ ਹੁੰਦਾ ਹੈ ਸਕੂਲਾਂ ਦਾ । ਖੋਜ਼ੀਆਂ ਨੇ ਜ਼ਬਾਨਾਂ ਦੇ ਖ਼ਾਤਮੇ ਦੇ ਕਾਰਣਾਂ ਵਿਚੋਂ ਇਹ ਵੀ ਇਕ ਵੱਡਾ ਕਾਰਨ ਮੰਨਿਆ ਹੈ , ਖਾਸਕਰ, ਪ੍ਰੀਨਰਸਰੀ ਸਕੂਲਾਂ ਵਿਚ ਵਰਤੀ ਜਾਂ ਰਹੀ ਹੈ ਮਾਂ ਬੋਲੀ ਤੋਂ ਸਿਵਾ ਕੋਈ ਹੋਰ ਜ਼ਬਾਨ । ਦੂਜੀ ਵੱਡੀ ਮਾਰ ਬੋਰਡਿੰਗ ਸਕੂਲਾਂ ਵਿਚਲੀ ਬੋਲੀ ਜਾ ਰਹੀ ਅੰਗਰੇਜ਼ੀ ਜ਼ਬਾਨ ਤੇ ਉਸ ਨੂੰ ਨਾ ਬੋਲਣ 'ਤੇ ਲੱਗੇ ਜ਼ੁਰਮਾਨੇ ਕਾਰਣ ਵੀ ਕਈ ਮਾਂ ਬੋਲੀਆਂ ਨਸ਼ਟ ਹੋ ਜਾ ਰਹੀਆਂ ਹਨ। ਇਹ ਤਾਂ ਹੁੰਦੀ ਹੈ ਛੋਟੇ ਬੱਚਿਆਂ ਦੇ ਦਿਲਾਂ ਉੱਤੇ ਛਾਪ ਕਿ ਉਨ੍ਹਾਂ ਦੀ ਮਾਂ ਬੋਲੀ ਹੀਣ ਹੈ ਤੇ ਦੂਜੀ ਬੋਲੀ ਦੇ ਠੋਸਣ ਕਾਰਣ ਉਸ ਵਿਚ ਖੁੱਭੇ ਤੁਰੀ ਜਾਂਦੇ ਹਨ। ਜੇ ਇਸ ਦੌਰਾਨ ਬੱਚੇ ਨਾਲ ਘਰ ਵਿਚ ਮਾਂ ਬੋਲੀ ਤੇ ਜ਼ੋਰ ਜਾਰੀ ਰਹੇ ਤਾਂ ਬੱਚੇ ਦਾ ਕੁਝ ਕੁ ਵਾਸਤਾ ਮਾਂ ਬੋਲੀ ਨਾਲ ਬਣਿਆ ਰਹਿੰਦਾ ਹੈ। ਪਰ, ਘਰ ਵੀ ਓਪਰੀ ਬੋਲੀ ਹੀ ਵਰਤੀ ਜਾਵੇ ਤਾਂ ਬੱਚਾ ਆਪਣੀ ਸੱਭਿਅਤਾ ਤੋਂ ਪੂਰੀ ਤਰ੍ਹਾਂ ਟੱਟ ਜਾਂਦਾ ਹੈ।

ਦੂਜੀ ਚੀਜ਼ ਜਿਹੜੀ ਜ਼ਬਾਨ ਦੇ ਖ਼ਾਤਮੇ ਦਾ ਐਲਾਨ ਕਰਦੀ ਹੈ ਜਾਂ 'ਲੈਂਗੁਏਜ ਸ਼ਿਫਟ' ਤੇ ਮਜਬੂਰ ਕਰਦੀ ਹੈ, ਉਹ ਹੈ ਬੱਚੇ ਦਾ ਅਗਾਂਹ ਵਧੂ ਭੱਵਿਖ । ਮਾਪੇ ਜਿਹੜੀ ਜ਼ਬਾਨ ਵਿਚ ਬੱਚੇ ਦਾ ਵਧੀਆਂ ਰੁਜ਼ਗਾਰ ਜਾਂ ਕਿੱਤਾ ਵੇਖਦੇ ਹਨ ਜਾਂ ਜ਼ੁਬਾਨ ਦੀ ਨਵੇਂ ਜ਼ਮਾਨੇ ਵਿਚ ਉੱਚਾਈ ਤੱਕ ਪਹੁੰਚ ਦੇਖਦੇ ਹਨ ਤਾਂ ਉਹ ਆਪਣੇ ਆਪ ਹੀ ਇਸ ਵੱਲ ਖਿੱਚ ਜਾਂਦੇ ਹਨ ਤੇ ਆਪਣੇ ਬੱਚੇ ਦੇ ਭੱਵਿਖ ਬਾਰੇ ਸੋਚਦੇ ਹੋਏ ਉਸ ਨੂੰ ਮਾਂ ਬੋਲੀ ਤੋਂ ਪਰ੍ਹਾਂ ਧੱਕ ਦਿੰਦੇ ਹਨ।

ਜਿਹੜੀ ਤੀਜੀ ਜ਼ਰੂਰੀ ਚੀਜ਼ ਕਿਸੇ ਵੀ ਬੋਲੀ ਦੇ ਬਚਾਓ ਲਈ ਚਾਹੀਦੀ ਹੈ ਉਹ ਹੈ ਸਰਕਾਰੀ ਪੱਧਰ 'ਤੇ ਉਸ ਦੀ ਵਰਤੋਂ ਤੇ ਉਸ ਬੋਲੀ ਵਿਚ ਅਗਾਂਹ ਵਧੂ ਇੰਡਸਟਰੀ ਜਿਵੇਂ ਕੰਪਿਊਟਰ ਵਿਚਲੇ ਰੁਜ਼ਗਾਰ , ਪੈਸੇ ਦਾ ਅਦਾਨ ਪ੍ਰਦਾਨ ਤੇ ਬੈਂਕਾਂ ਵਿਚ ਉਸ ਦੀ ਲਿਖਤੀ ਰੂਪ ਵਿਚ ਵਰਤੋਂ ਯਾਨੀ ਹਸਤਾਖ਼ਰ ਆਦਿ।

ਆਖ਼ਰੀ ਜ਼ਰੂਰੀ ਚੀਜ਼ ਹੈ ਮਾਂ ਬੋਲੀ ਵਿਚ ਡਾਕਟਰੀ , ਇੰਜੀਨੀਅਰੀ ਜਾਂ ਹੋਰ ਵੀ ਅਜਿਹੇ ਕਿੱਤਿਆਂ ਵਿਚ ਮਾਹਰ ਹੋਣ ਲਈ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ।

ਪੂਰੀ ਦੁਨੀਆਂ ਨਾਲ ਸੰਪਰਕ ਰੱਖਣ ਲਈ ਅਤੇ ਆਪਣੀ ਨਵੀਂ ਖੋਜ ਨੂੰ ਦੁਨੀਆਂ ਭਰ ਵਿਚ ਪਹੁੰਚਾਉਣ ਲਈ ਅੰਗਰੇਜ਼ੀ ਜਾਂ ਕੋਈ ਵੀ ਹੋਰ ਜ਼ਬਾਨ ਸਿੱਖਣੀ ਕੋਈ ਮਾੜੀ ਗੱਲ ਨਹੀਂ ਬਸ਼ਰਤੇ ਕਿ ਮਾਂ ਬੋਲੀ ਨੂੰ ਮਿੱਝ ਕੇ ਅਜਿਹਾ ਨਾ ਕੀਤਾ ਜਾਏ। ਦੂਸਰੀ ਜ਼ਬਾਨ ਸਿੱਖਣ ਦਾ ਇਹ ਉੱਕਾ ਹੀ ਮਤਲਬ ਨਹੀਂ ਹੁੰਦਾ ਕਿ ਆਪਣੀ ਸੱਭਿਅਤਾ ਦਾ ਖ਼ਾਤਮਾ ਕਰਨਾ ਜ਼ਰੂਰੀ ਹੈ ਬਲਕਿ ਦੂਸਰੇ ਜ਼ਬਾਨ ਵਾਲਿਆਂ ਵਿਚ ਅਲੱਗ ਪਛਾਣ ਰੱਖਣ ਵਾਸਤੇ ਆਪਣੀ ਸੱਭਿਅਤਾ ਨਾਲ ਜੁੜੇ ਰਹਿਣਾ ਜ਼ਰੂਰੀ ਹੈ ਅਤੇ ਆਪਣੇ ਆਪ ਨੂੰ ਭੀੜ ਵਿਚ ਗੁੰਮ ਜਾਣ ਤੋਂ ਬਚਾਉਣ ਲਈ ਮਾਂ ਬੋਲੀ ਦੀ ਪਕੜ ਜ਼ਰੂਰੀ ਹੈ। ਟੀ. ਵੀ. ਤੇ ਵੀਡੀਓ ਦਾ ਮਾਧਿਅਮ ਆਮ ਲੋਕਾਂ ਨੂੰ ਬੋਲੀ ਨਾਲੋਂ ਦੂਰ ਕਰਨ ਦਾ ਸਾਧਨ ਵੀ ਬਣ ਸਕਦਾ ਹੈ।

ਜੇ ਕੋਈ ਪੰਜਾਬੀ ਇਸ ਤੋਂ ਚਿੰਤਤ ਹੈ ਤਾਂ ਉਹ ਇਹ ਬਾਖ਼ੂਬੀ ਸਮਝ ਸਕਦਾ ਹੈ ਕਿ ਜੇ 2050 ਤਕ ਅਮਰੀਕਾ ਵਿਚ ਪੰਜਾਬੀ ਜ਼ਬਾਨ ਦਾ ਅੰਤ ਨਿਸ਼ਚਿਤ ਹੈ ਤਾਂ ਜਿਹੜੇ ਵੀ ਅੰਸ਼ ਕਿਸੇ ਜ਼ਬਾਨ ਦੇ ਅੰਤ ਦਾ ਐਲਾਨ ਕਰਦੇ ਹਨ , ਉਹ ਸਾਰੇ ਅੰਸ਼ ਪੰਜਾਬ ਅੰਦਰ ਵੀ ਭਰੇ ਪਏ ਹਨ: ਅਰਥਾਤ, ਪ੍ਰੀ-ਨਰਸਰੀ ਵਿਚ ਗਲੀ-ਗਲੀ ਖੁੱਲੇ ਅੰਗਰੇਜ਼ੀ ਮਾਧਿਅਮ ਸਕੂਲ , ਹਰ ਰੁਜ਼ਗਾਰ ਤੇ ਵਧੀਆ ਕਿੱਤਾ ਅੰਗਰੇਜ਼ੀ ਵਿਚ , ਮੈਡੀਕਲ ਤੇ ਇੰਜੀਨੀਅਰੀ ਪੜ੍ਹਾਈ ਅੰਗਰੇਜ਼ੀ ਵਿਚ, ਸਰਕਾਰੀ ਪੱਧਰ 'ਤੇ ਪੰਜਾਬੀ ਦੀ ਦੁਰਵਰਤੋਂ ਤੇ ਉਸਦਾ ਲਾਗੂ ਨਾ ਹੋਣਾ, ਖ਼ਾਸ ਕਰ ਆਈ. ਏ. ਐਸ. ਅਧਿਕਾਰੀਆਂ ਵਲੋਂ ਪੰਜਾਬੀ ਜ਼ਬਾਨ ਦੀ ਦੱਬ ਕੇ ਨਿਖੇਧੀ ਤੇ ਇਸ ਨੂੰ ਲਾਗੂ ਕਰਨ ਵਿਚ ਹਰ ਪੱਧਰ 'ਤੇ ਅੜਚਨ, ਪੰਜਾਬੀ ਬੋਲਣ ਵਾਲੇ ਨੂੰ ਨੀਵਾਂ ਤੇ ਅਨਪੜ੍ਹ ਸਮਝਣਾ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਬੋਲੀ ਨੂੰ ਉਤਸ਼ਾਹਿਤ ਨਾ ਕਰਨਾ।

ਕਿਸੇ ਵੀ ਜ਼ਬਾਨ ਵਿਚ ਨਵੇਂ ਸਿਰਿਓ ਜਾਨ ਫੂਕਣ ਲਈ ਉਸ ਜ਼ਬਾਨ ਵਿਚ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਈ ਜ਼ਰੂਰੀ ਹੈ, ਸਕੂਲ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਉਸ ਜ਼ਬਾਨ ਵਿਚ ਮਹਾਰਤ ਹੋਣੀ ਜ਼ਰੂਰੀ ਹੈ , ਉੱਚ ਪੱਧਰੀ ਸੰਗੀਤ ਹੋਣਾ ਚਾਹੀਦਾ ਹੈ, ਜ਼ੁਬਾਨ ਕਿੱਤਾ ਮੁਹੱਈਆ ਕਰਵਾਉਣ ਦੇ ਕਾਬਲ ਹੋਣੀ ਚਾਹੀਦੀ ਹੈ ਯਾਨੀ ਸਰਕਾਰੀ ਅਮਲਾ ਇਹ ਜ਼ਬਾਨ ਪੂਰੀ ਤਰ੍ਹਾਂ ਲਾਗੂ ਕਰੇ ਤੇ ਅਗਲੇਰੀ ਪੜ੍ਹਾਈ ਲਈ ਇਸ ਜ਼ਬਾਨ ਵਿਚ ਉਚੇਰਾ ਤੇ ਖੋਜ ਭਰਪੂਰ ਸਾਹਿਤ ਹੋਣਾ ਬਹੁਤ ਜ਼ਰੂਰੀ ਹੈ। ਇਸ ਕੰਮ ਲਈ ਮਾਂ ਬੋਲੀ ਦੀਆਂ ਬਾਰੀਕੀਆਂ ਜਾਣਨ ਵਾਲੇ ਬਜ਼ੁਰਗ ਮਾਹਿਰਾਂ ਦੀ ਕਮੇਟੀ ਗਠਨ ਕਰ ਕੇ ਉਨ੍ਹਾਂ ਤੋਂ ਰਾਏ ਲੈਣੀ ਬਹੁਤ ਹੋ ਜ਼ਰੂਰੀ ਹੁੰਦੀ ਹੈ । ਇਸ ਲਈ ਸਰਕਾਰ ਵਲੋਂ ਖੁੱਲ੍ਹੀ ਗਰਾਂਟ ਮਿਲਣੀ ਚਾਹੀਦੀ ਹੈ।

ਜੇ ਹੁਣ ਵੀ ਕੋਈ ਪੰਜਾਬ ਦੀ ਧਰਤੀ ਤੇ ਪੰਜਾਬ ਦਾ ਪੁੱਤਰ ਆਪਣੀ ਮਾਂ ਬੋਲੀ ਦੀ ਵਿਛ ਰਹੀ ਕਬਰ 'ਤੇ ਚਿੰਤਾ ਗ੍ਰਸਤ ਨਹੀਂ ਹੋਇਆ ਤਾਂ ਮੈਂ ਐਲਾਨ ਕਰਦੀ ਹਾਂ ਕਿ ਕੋਈ ਰਾਣੀ ਦੀ ਝਾਂਸੀ ਬਣ ਕੇ ਪੰਜਾਬੀ ਬੋਲੀ ਨੂੰ ਆਪਣੀ ਛਾਤੀ ਨਾਲ ਲਗਾ ਕੇ ਪੰਜਾਬੀ ਦੀ ਧੀ ਜ਼ਰੂਰ ਨਿਤਰੇਗੀ ਮੈਦਾਨੇ ਜੰਗ ਵਿਚ, ਫਿਰੰਗੀਆਂ ਦੇ ਵਿਛਾਏ ਅੰਗਰੇਜ਼ੀ ਦੇ ਜਾਲ ਵਿਚੋਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਸਫ਼ਲਤਾ ਨਾਲ ਕੱਢ ਕੇ ਲਿਜਾਣ ਲਈ!

ਬਚਪਨ ਦੀਆਂ ਯਾਦਾਂ

# ਭੂਤਾਂ ਨੂੰ ਵਾਜਾਂ ਮਾਰਦਾ ਮੇਰਾ ਪਿਤਾ

ਸੁਰਿੰਦਰ ਅਤੈ ਸਿੰਘ

ਛੋਟੇ ਹੁੰਦਿਆਂ ਭੂਤਾਂ- ਪ੍ਰੇਤਾਂ , ਛਲੇਡਿਆਂ ਮੜ੍ਹੀਆਂ ਤੇ ਪਰਛਾਵਿਆਂ ਦੀਆਂ ਗੱਲਾਂ ਸੁਣ- ਸੁਣ ਕੇ ਸਾਰੇ ਬੱਚਿਆਂ ਵਾਂਗ ਮੈਂ ਵੀ ਸਹਿਮ ਜਾਂਦੀ ਸਾਂ। ਮੜ੍ਹੀਆਂ ਲਾਗੋਂ ਲੰਘਣ ਲੱਗਿਆ ਡਰ ਲੱਗਿਆ ਕਰਨਾ। ਨੇਰ੍ਹੇ ਹੋਏ ਬਾਹਰਲੇ ਦਰਵਾਜ਼ੇ ਨੂੰ ਖੋਲ੍ਹਣ ਜਾਂ ਬੰਦ ਕਰਨ ਜਾਣ ਤੋਂ ਨਾਂਹ-ਨੁੱਕਰ ਕਰਨੀ। ਦਿਨੇ ਦੁਪਹਿਰੇ ਹਵੇਲੀਆਂ, ਹਨੇਰੀਆਂ ਕੋਠੜੀਆਂ ਅਤੇ ਸੁੰਨੀਆਂ ਥਾਵਾਂ ਤੋਂ ਡਰ ਲੱਗਣਾ ।

ਕਈ ਵਾਰੀ ਕਿਸੇ ਕਿਸੇ ਭੈਣ ਭਰਾ ਨੇ ਰਾਤ ਨੂੰ ਕੱਲਿਆਂ ਪਿਸ਼ਾਬ ਕਰਨ ਨਾ ਜਾਣਾ । ਘਰ ਦੇ ਕਿਸੇ ਜੀ ਨੂੰ ਕਹਿਣਾ ਮੇਰੇ ਨਾਲ ਚੱਲੋ। ਖ਼ਾਸ ਕਰ ਸਿਆਲ ਦੀਆਂ ਹਨੇਰੀਆਂ ਰਾਤਾਂ ਨੂੰ, ਜਦੋਂ ਆਸ-ਪਾਸ ਦੇ ਸਾਰੇ ਲੋਕ ਘਰਾਂ ਦੀਆਂ ਅੰਦਰਾਂ 'ਚ ' ਰਜਾਈਆਂ ਲੈ ਕੇ ਪੈ ਜਾਂਦੇ ਤਾਂ ਬੱਚਿਆਂ ਨੂੰ ਵਿਹੜੇ 'ਚ ਜਾਣਾ ਬਹੁਤ ਔਖਾ ਲੱਗਦਾ ।

ਪਿੰਡ ਵਿਚ ਕਿਸੇ ਜੀਅ ਨੇ ਜਦੋਂ ਮਰ ਜਾਣ ਤਾਂ ਉਹ ਰੋਣ-ਧੋਣ , ਪਿੱਟ-ਸਿਆਪਾ ਤੇ ਦੁਹੱਥੜਾਂ, ਲੇਰਾਂ ਬਾਲ ਮਨਾਂ 'ਤੇ ਬੜਾ ਬੁਰਾ ਅਸਰ ਪਾਉਂਦੀਆਂ। ਮੋਏ ਵਿਅਕਤੀ ਦਾ ਚਿਹਰਾ ਵੇਖ ਤਾਂ ਲੈਣਾ, ਮਗਰੋਂ ਉਹ ਵਿਸਾਰਿਆਂ ਨਾਂ ਜਾਣਾ । ਮੜ੍ਹੀਆ ' ਚ ਬਲਦੀ ਹੋਈ ਚਿਤਾ, ਰਾਤ ਨੂੰ ਸੌਣ ਲੱਗਿਆਂ, ਐਨ ਅੱਖਾਂ ਦੇ ਸਾਹਮਣੇ ਆਉਣੋਂ ਕਿਵੇਂ ਹਟੇ। ਮਰੇ ਹੋਏ ਵਿਅਕਤੀ ਦਾ ਖ਼ਿਆਲ ਦਿਲ ਦਿਮਾਗ਼ ' ਚ ਹਲਚਲ ਮਚਾਈ ਰੱਖਦਾ।

ਮੇਰੇ ਪਿਤਾ ਇਕ ਦਿਨ ਘਰ ਆਏ ਹੋਏ ਸਨ। ਉਹ ਸਰਕਾਰੀ ਮੁਲਾਜ਼ਮ ਸਨ ਤੇ ਹਫ਼ਤੇ-ਦਸੀਂ ਦਿਨੀਂ ਹੀ ਘਰ ਆਉਂਦੇ ਸਨ। ਮੈਂ ਬਾਹਰਲੇ ਦਰਵਾਜ਼ੇ ਵੱਲ ਜਾਣ ਤੋਂ ਡਰ ਰਹੀ ਸਾਂ। ਉਹ ਪੁੱਛ ਰਹੇ ਸਨ, ਡਰ ਕਾਹਦਾ। ਮਾਂ ਮੇਰੀ ਹਮਾਇਤ ਤੇ ਆ ਗਈ ਕਿ ਉਹ ਆਪਣਾ ਲੰਬੜਾਂ ਦਾ ਤਰਸੇਮ ਗੁਜ਼ਰਿਆ ਹੈ ਨਾ ਤੇ ਨਾ ਤੇ ਇਹਨੂੰ ਡਰ ਲੱਗਦਾ । ਅਜੇ ਤਰਸੇਮ ਦਾ ਚੇਤਾ ਭੁੱਲਿਆ ਨਹੀਂ ਤੇ ਹੁਣ ਹਰੀ ਸਿੰਹੁ ਗੁਜ਼ਰ ਗਿਆ ਬਾਹਰਲਿਆਂ ਦਾ। ਮੇਰੇ ਪਿਤਾ ਕਹਿੰਦੇ, ''ਹੱਦ ਹੋ ਗਈ ਮੇਰੀ ਧੀ ਉਹਨਾਂ ਸ਼ੈਆਂ ਤੋਂ ਡਰਦੀ ਹੈ ਜਿਹੜੀਆਂ ਆਪ ਡਰਦੀਆਂ ਮਾਰੀਆਂ ਲੁੱਕਦੀਆਂ ਫਿਰਦੀਆਂ।''

''ਓ ਬਈ , ਭੂਤ ਤਾਂ ਖ਼ੁਦ ਵਿਚਾਰੇ ਬੰਦੇ ਤੋਂ ਡਰਦੇ ਨਜ਼ਰ ਨਹੀਂ ਆਉਂਦੇ। ਲੈ ਆਖੋ ਤਰਸੇਮ ਨੂੰ ਕਿ ਮੇਰੇ ਸਾਹ-ਮਣੇ ਆਵੇ। ਕਿਉਂ ਭਈ ਹਰੀ ਸਿੰਘ, ਆਉ, ਮੇਰੇ ਸਾਹਮਣੇ ਆਉ। ਆ ਬਈ ਸੇਮਿਆਂ ਤੂੰ ਵੀ ਜੁਆਨਾਂ। ਭੂਤ ਕੋਈ ਹੋਵੇ ਤਾਂ ਆਵੇ ।'' ਮੈਨੂੰ ਹੌਸਲਾ ਹੋ ਗਿਆ। ਪਰ ਮੇਰੀ ਮਾਂ ਕੋਲ ਖਲੋਤੀ ਵਾਗਰੂ-ਵਾਗਰੂ ਕਰਦੀ ਰਹੀ।

ਮੇਰੇ ਪਿਤਾ ਦੀ ਸੋਚ ਨਰੋਈ ਸੀ। ਮਿਹਨਤ ਵਿੱਚ ਵਿਸ਼ਵਾਸ ਰੱਖਦੇ ਸਨ। ਨਾ ਫਾਲਤੂ ਵਹਿਮ ਕਰਦੇ ਸਨ। ਨਾ ਹੀ ਬਹੁਤੇ ਮੱਥੇ ਰਗੜਦੇ ਸਨ। ਸੁੱਖਣ ਤੋਂ ਵੀ ਗੁਰੇਜ਼ ਕਰਦੇ ਸਨ।

ਦੂਸਰੇ ਪਾਸੇ ਮੇਰੀ ਮਾਂ ਭਰਮਾਂ ਦੀ ਮਾਰੀ ਸੀ। ਸਾਡੇ ਲਈ ਅਰਦਾਸਾਂ ਕਰਦੀ, ਮੱਥੇ ਰਗੜਦੀ। ਸਾਡੇ ਤੋਂ ਨੌ ਸ਼ਗਨ ਮਨਾਉਂਦੀ। ਵਿਚਾਰਾਂ ਕਰਦੀ। ਸਾਡੇ ਪੇਪਰ ਵਾਲੇ ਦਿਨ ਅੱਗੋਂ ਪਾਣੀ ਦਾ ਭਰਿਆ ਭਾਂਡਾ ਲੈ ਕੇ ਮਿਲਦੀ। ਸਾਡੇ ਮੂੰਹਾਂ ਨੂੰ ਦਹੀਂ ਲਾਉਂਦੀ ਜਾਂ ਖਿਚੜੀ।

ਇਕ ਵਾਰੀ ਮੇਰੇ ਪਿਤਾ ਆਏ ਹੋਏ ਸਨ। ਵੀਰ ਦਾ ਪੇਪਰ ਸੀ। ਵੀਰ ਪੜ੍ਹਦਾ ਤਾਂ ਕਦੇ ਕਿਸੇ ਵੇਖਿਆ ਨਹੀਂ ਸੀ। ਬਲਕਿ ਉਹਦੇ ਕੋਲ ਤਾਂ ਕਦੇ ਕੋਈ ਕਿਤਾਬ ਵੀ ਨਹੀਂ ਹੁੰਦੀ ਸੀ। ਕਾਲਜ 'ਚ ਉਹ ਫੈਲਸੂਫ਼ੀਆਂ ਕਰਨ ਹੀ ਜਾਂਦਾ ਸੀ। ਮਾਂ ਮੇਰੀ ਉਹਦੇ ਖਾਣ ਲਈ ਦਹੀ ਦੀ ਕੌਲੀ ਲੈ ਕੇ ਖੜ੍ਹੀ ਸੀ। ਪਿਤਾ ਕਹਿੰਦੇ, ''ਜਿੰਨੇ ਮਰਜ਼ੀ ਸ਼ਗਨ ਮਨਾ ਲੈ, ਪਾਸ ਤਾਂ ਇਹਨੇ ਹੋਣਾ ਨਹੀਂ।'' ਮੇਰੀ ਮਾਂ ਹਿਰਖ ਗਈ,''ਹੈਂ ਵਾਗਰੂ ਆਖੋ। ਪਾਸ ਕਿਉਂ ਨਹੀਂ ਹੋਣਾ ਸੁੱਖੀਂ- ਸਾਂਦੀ।'' ਮੇਰੇ ਪਿਤਾ ਕਹਿੰਦੇ, '' ਰੱਬ ਹੁਣ ਕੀ ਕਰ ਲਊ। ਰੱਬ ਉਹਦੀ ਹੀ ਮਦਦ ਕਰਦਾ ਜਿਹੜੀ ਆਪਣੀ ਮਦਦ ਆਪ ਕਰੇ।'' ਕਦੇ ਕਦੇ ਸੋਚਦੀ ਹਾਂ ਜੇ ਮੇਰੇ ਬੀਜੀ ਦੀ ਸੋਚ ਵੀ ਲਿੱਸੀ- ਕਾਣੀ ਜਿਹੀ ਨਾ ਹੁੰਦੀ ਤਾਂ ਮੈਂ ਮਾਨਸਿਕ ਤੌਰ ਤੇ ਵਧੇਰੇ ਤਕੜੀ ਹੋਣਾ ਸੀ।

# ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਵੱਲੋਂ 28ਵਾਂ ਸਭਿਆਚਾਰਕ ਸਮਾਗਮ





ਪੰਜਾਬੀ ਕਲਰਲ ਐਸੋਸੀਏਸ਼ਨ ਆਫ਼ ਅਲਬਰਟਾ ਵੱਲੋਂ ਸਥਾਨਿਕ ਜੁਬਲੀ ਆਡੀਟੋਰੀਅਮ ਵਿਖੇ ਕਰਵਾਏ ਗਏ 28ਵੇਂ ਸਲਾਨਾ ਸਭਿਆਚਾਰਕ ਸਮਾਗਮ ਦੀਆਂ ਝੱਲਕੀਆਂ।

ਐਡਮਿੰਟਨ (ਨ.ਦ.ਬ)- ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਵੱਲੋਂ 28ਵਾਂ ਸਭਿਆਚਾਰਕ ਸਮਾਗਮ ਸਥਾਨਿਕ ਜੁਬਲੀ ਆਡੀਟੋਰੀਅਮ ਵਿਖੇ ਕਰਵਾਇਆ ਗਿਆ। ਕਰੀਬ 4 ਘੰਟੇ ਚੱਲੇ ਇਸ ਸਮਾਗਮ 'ਚ ਵੱਖੋ-ਵੱਖ ਟੀਮਾਂ ਦੇ 250 ਪ੍ਰਤੀਯੋਗੀਆਂ ਨੇ ਭੰਗੜੇ ਤੇ ਗਿੱਧੇ ਦੀ ਪੇਸ਼ਕਾਰੀ ਕੀਤੀ । ਸਮਾਗਮ 'ਚ ਹਿੱਸਾ ਲੈ ਰਹੇ ਪ੍ਰਤੀਯੋਗੀਆਂ ਦੀ ਹੌਸਲਾ-ਅਫ਼ਜ਼ਾਈ ਲਈ ਮਾਪੇ ਤੇ ਰਿਸ਼ਤੇਦਾਰ ਹਾਜ਼ਰ ਸਨ। ਪਰਿਵਾਰਾਂ ਸਮੇਤ ਪਹੁੰਚੇ ਦਰਸ਼ਕਾਂ ਵੱਲੋਂ ਹਰੇਕ ਪ੍ਰਦਰਸ਼ਨ ਤੋਂ ਬਾਅਦ ਤਾੜੀਆਂ ਨਾਲ ਸਮਾਗਮ ਦੀ ਰੌਣਕ 'ਚ ਹੋਰ ਵਾਧਾ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਲੜਕੀਆਂ ਦੀ ਟੀਮ ਵੱਲੋਂ ਭੰਗੜੇ ਦੀ ਪੇਸ਼ਕਾਰੀ ਨਾਲ ਕੀਤੀ ਗਈ। ਇਸ ਮੌਕੇ ਬੋਲਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਗੁਰਚਰਨ ਬਰਾੜ ਨੇ ਜਿਥੇ ਹਾਜ਼ਰ ਮਹਿਮਾਨਾਂ ਤੇ ਦਰਸ਼ਕਾਂ ਨੂੰ ਜੀ ਆਇਆ ਕਿਹਾ ਉਥੇ ਹੀ ਐਸੋ. ਵੱਲੋਂ ਸਮੇਂ-ਸਮੇਂ 'ਤੇ ਕੀਤੇ ਜਾਂਦੇ ਉਪਰਾਲੇ ਸੰਖੇਪ 'ਚ ਦਰਸ਼ਕਾਂ ਨਾਲ ਸਾਂਝੇ ਕੀਤੇ।

ਸਟੇਜ ਸੱਕਤਰ ਦੀ ਭੂਮਿਕਾ ਨਿਭਾਉਂਦਿਆਂ ਹਰਜੀਤ ਸੰਧੂ ਵੱਲੋਂ ਆਏ ਮਹਿਮਾਨਾਂ ਬਾਰੇ ਜਾਣੂ ਕਰਵਾਇਆ ਗਿਆ। ਉਪਰੰਤ ਲਾਟ ਭਿੰਡਰ ਵੱਲੋਂ ਐਸੋ. ਦੇ ਵਿਛੜ ਚੁੱਕੇ ਮੈਂਬਰ ਸਵ. ਜੋਗਿੰਦਰ ਕੰਧੋਲਾ ਅਤੇ ਪਾਲ ਸੋਹੀ ਦੇ ਜੀਵਨ ਬਾਰੇ ਸੰਖੇਪ ਝਾਤ ਪਾਉਂਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫ਼ੁੱਲ ਭੇਂਟ ਕੀਤੇ ਗਏ। ਸਮਾਗਮ ਦੇ ਅੱਧ 'ਚ ਸ੍ਰੀ ਗੁਰਦਿਆਲ ਸਿੰਘ ਫੁਲ ਦਾ ਲਿਖਿਆ ਨਾਟਕ 'ਇਹ ਲਹੂ ਕਿਸਦਾ ਹੈ ?' ਦੀ ਪੇਸ਼ਕਾਰੀ ਨੂੰ ਦਰਸ਼ਕਾਂ ਨੇ ਖ਼ੂਬ ਸਰਾਹਿਆ। ਇਸੇ ਦੌਰਾਨ ਐਸੋ. ਵੱਲੋਂ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੇ ਸ਼ੁਰੂ ਕੀਤੇ ਗਏ ਉਪਰਾਲੇ ਤਹਿਤ ਪੰਜਾਬੀ ਸਿੱਖਣ ਵਾਲੇ ਬੱਚਿਆਂ ਨੂੰ ਸੰਸਥਾ ਦੇ ਉਕਤ ਮੈਂਬਰਾਂ ਤੋਂ ਇਲਾਵਾ ਸੁਖਦੇਵ ਧਨੋਆ, ਪਰਮਿੰਦਰ ਧਾਲੀਵਾਲ, ਬਖ਼ਸ਼ ਸੰਘਾ, ਨੀਨਾ ਸ਼ਰਮਾ, ਤਜਿੰਦਰ ਬਰਾੜ, ਰਾਜ ਸਿੱਧੂ, ਗਰਸੇਵਕ ਮਾਨ, ਮਨਪ੍ਰੀਤ ਭਠਲ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਕੁੜੀਆਂ ਵੱਲੋਂ ਆਪਣੇ ਲੋਕ ਨਾਚ ਗਿੱਧੇ ਦੀ ਪੇਸ਼ਕਾਰੀ ਨੂੰ ਛੱਡ ਕੇ (ਇੱਕ ਦੋ ਟੀਮਾਂ ਤੋਂ ਬਿਨਾਂ) ਮਰਦ ਮੁੱਖੀ ਗੀਤਾਂ 'ਤੇ ਹੀ ਭੰਗੜੇ ਦੀ ਭਰਮਾਰ ਰਹੀ। ਸਮਾਗਮ 'ਚ ਚੱਲ ਰਹੇ ਗੀਤਾਂ ਨੇ ਇਕ ਵਾਰ ਤਾਂ ਸਾਡੇ ਅਮੀਰ ਵਿਰਸੇ ਵਿਚੋਂ ਸੱਭਿਅਕ, ਸੰਜੀਦਾ ਅਤੇ ਉਸਾਰੂ ਗੀਤ ਖ਼ਤਮ ਹੋਣ ਅਤੇ ਪੰਜਾਬੀ ਸਭਿਆਚਾਰ ਵਿਚ ਗਿੱਧੇ ਭੰਗੜੇ ਦੇ ਵੱਧ ਰਹੇ ਸ਼ੋਰ ਸ਼ਰਾਬੇ ਦੀ ਫ਼ਿਕਰਮੰਦੀ ਨੂੰ ਉਭਾਰਿਆ। ਇਸ ਸਮਾਗਮ 'ਚ ਹੋਰਨਾਂ ਤੋਂ ਇਲਾਵਾ ਐਡਮਿੰਟਨ ਦੇ ਮੇਅਰ ਸਟੀਫ਼ਨ ਮੈਂਡਲ, ਐਮ.ਐਨ.ਏ. ਪੀਟਰ ਸੰਧੂ, ਐਮ.ਪੀ. ਟਿੰਮ ਉਪਲ, ਐਮ.ਐਲ.ਏ. ਨਰੇਸ਼ ਭਾਰਦਵਾਜ, ਕੌਂਸਲਰ ਅਮਰਜੀਤ ਸੋਹੀ, ਮੇਪਲ ਲੀਫ਼ ਰਾਈਟਰਜ਼ ਫ਼ਾਂਊਂਡੇਸ਼ਨ ਦੇ ਡਾ. ਪੀ.ਆਰ. ਕਾਲੀਆ, ਪੰਜਾਬੀ ਆਰਟ ਐਸੋਸੀਏਸ਼ਨ ਵਲੋਂ ਜੋਗਿੰਦਰ ਰੰਧਾਵਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ ਵਲੋਂ ਬਲਦੇਵ ਗਰੇਵਾਲ ਵੀ ਹਾਜ਼ਰ ਸਨ।




Open
Decisive
Fair
Re-elect
Stephen
Mandel
for a greater Edmonton
MandelforMayor.org


ਖੁਲ੍ਹ-ਦਿਲਾ, ਨਿਰਪੱਖ, ਮੌਕੇ ਤੇ ਫ਼ੈਸਲਾ ਲੈਣ ਦੇ ਸਮਰੱਥ
ਸਟੀਫਨ ਮੈਂਡਲ
ਆਪਣੀ ਵੋਟ ਦੇ ਹੱਕ
ਦਾ ਇਸਤੇਮਾਲ ਜ਼ਰੂਰ ਕਰੋ
ਇੱਕ ਵਾਰੀ ਫਿਰ ਚੁਣੋ
ਸਟੀਫਨ ਮੈਂਡਲ
Mandel for Mayor.org

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ








## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: 780-465-6900
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ,
ਮੈਡੀ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ
ਅਤੇ ਜਸਵੀਰ ਦਿਉਲ।

ਕੈਲਗਰੀ: 403-775-2100
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼
ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

**Ph. 780-996-2873**

Millbourne Road
# Medical Clinic
WALK-INS WELCOME



Dr. B. Jassar

**Dr. Vijay Thapar** (M.D., CCFP)*
Family Physician
By Appointment Only

**Dr. B. Jassar** (M.D., Ph. D, CCFP)*
Family Physician
Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6
**Tel: 780-462-4229 Fax: 780-462-3315** *Professional Corporation



## Kamal Video & Photography

- *Wedding*
- *Birthday*
- *Graduations*
- *Portraits*
- *Concerts*

Rav or Kamal
Tel: 780.466.8019
Cell: 780.952.8017
Cell: 780.903.8019

# WESTFORK Interiors

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889

# Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories



**French Doors**

Cascade with Zinc Bars — Deco Frosted Clear — Heritage V-Groove Fully Sandblasted — Heritage V-Groove Clear — Montana Clear Slab — Pantry Slab

**Interior Doors**

2-Panel Curved Top — 3-Panel MDF Shaker-Slab — 3-Panel Shaker-Mission — 6-Panel Oak-Slab — Stratos-Slab

**Fibreglass Exterior Door**

ALEXANDRIA Moulding
## Moulding
Available in MDF, Oak & Maple

| Baseboards | Casings | Crowns | Chair Rails | Architrave |
|---|---|---|---|---|
| 094 Base 5/8" x 4" MDF Primed BDL-6 | 092 Casing 5/8" x 2-1/2" MDF Primed BDL-6 | 47 Crown 9/16" x 4-1/4" MDF Primed BDL-6 | 297 Chair Rail 11/16" x 3" MDF Primed BDL-5 | 5010 Architrave 1-1/4" x 4-3/16" MDF Primed BDL-4 |
| 095 Base 5/8" x 5" MDF Primed BDL-6 | 093 Casing 5/8" x 3-1/4" MDF Primed BDL-6 | 47D Crown 9/16" x 4-3/16" Ultralite BDL-8 | | |
| 238 Base 1/2" x 5" MDF Primed BDL-1 | 338 Casing 5/8" x 3" MDF Primed BDL-6 | 51 Crown 5/8" x 3-1/4" MDF Primed BDL-6 | | |
| 387 Casing 9/16" x 3-1/4" MDF Primed BDL-6 | 386 Base 9/16" x 3-1/4" MDF Primed BDL-6 | 512 Crown 9/16" x 5-1/4" MDF Primed BDL-4 | | |
| 405 Base 1/2" x 4" MDF Primed BDL-10 | 403 Casing 5/8" x 3" MDF Primed BDL-6 | 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4 | | |
| 412 Base 5/8" x 4-1/4" MDF Primed BDL-6 | 411 Casing 11/16" x 3" MDF Primed BDL-6 | | | |
| 425 Base 1/2" x 4" MDF Primed BDL-10 | 423 Casing 5/8" x 3" MDF Primed BDL-6 | | | |
| 545 Base 9/16" x 5" Ultralite Primed BDL - 5 5/8 x 5" MDF Primed BDL-4 | 535 Casing 1/16" x 3-1/2" Ultralite BDL - 5 11/16"x3-1/2" MDF Primed BDL-6 | | | |
| 3140 Base 3/8" x 3-1/4" MDF Primed BDL-10 | 8263 Base 9/16" x 6-1/2" Ultralite BDL-4 | | | |
| 356 Casing MDF 356 Casing Oak 356 Casing Maple | 908 Casing 9/16" x 3-1/4" Ultralite BDL-7 | | | |
| | 8063 Casing 11/16" x 3-1/4" Ultralite BDL-8 | | | |

**New Stock!**



24" White Medallion

24" Coloured Medallion



**Bath Fixtures**

Pearl — Lux — Ax — A

**Door Locks**

WEISER LOCK

Ask about our finishing packages!

* Interior and Exterior
* Prehung Units
* Locks and Hardware
* French Doors
* Bi-folds
* Mouldings
* MDF Sheet: Oak & Maple
* Plywood
* Bullnose Shelf
* Adhesives
* DAP
* Shims
* Brad Nails
* Fireplace Mantels
* Accessories

Alberta Location: 9129-35 Avenue, Edmonton, AB T6E 5Y1
Phone: 780-432-7700 Fax: 780-432-7710

**We Supply and install Building Materials!**

**www.fancy-doors.com**

ADVANCED Roofing Systems Ltd.
RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits, Fascia • 2 Ply Membranes (SBS) • Cedar Shakes • New & Re-Roof Specialists • Condominums Welcome • Steep Roofs Welcome • Licaenced & Insured • Pine Shake Replacement • Roof Top Snow removel • FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



GILL Olson (MANAGER)

HARRY'S EXCAVATING
Ph 780-918-2252
Specialist in : Digging Basements & All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



C.J. Auto & Transmission Repair Ltd. & Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।
Stucco is a versatile, beautiful, durable and fire resistant cladding.



All kind of Stucco
Acrylic & Rain Screen
Harinder Dhaliwal
(780) 297-9165

Advance Driving School
Learn to be Collision Free



Misha Sooch DRIVER EDUCATION COUNCILLOR
* Lady Instructor Available * Defensive Training Classes
* Available to Restore Demerits * Free Pick up & Drop off Service
ਵਧੀਆ ਡਰਾਈਵਿੰਗ ਟ੍ਰੇਨਿੰਗ ਲਈ ਹਮੇਸ਼ਾ ਯਾਦ ਰੱਖੋ
ਐਡਵਾਂਸ ਡਰਾਈਵਿੰਗ ਸਕੂਲ

| | | |
|---|---|---|
| #202-3456 91 St. South Side, Edmonton | 16105-Stony Plain Rd.West End, Edmonton | 10211-100 Ave Fort Saskatchewan |

Contact: (780) 660 4090
Sherwood Park, AB, Canada, T8C1H3 www.advancedrivingschool.ca

Advance Limos Ltd.
Phone: 780 236 5000, Fax: 780 922 2705
www.advancelimos.ca

The Services we Provide
- Airport Service-Flat Rate
- Weddings Ceremony
- Anniversaries
- Birthday Parties
- Dinner & Theatre Ceremony
- Night On The Town
- Graduation Ceremonies
- Concerts & Sports Events
- Promos & Religious Programs
- & Other Functions

Contact Aman Sooch
Book Your LIMO Now & Enjoy the Luxurious Ride
(780) 236 5000




BIG BO'S
FURINTURE, APPLIANCE, BLINDS
ਤੁਸੀਂ ਸਾਡੇ ਕੋਲੋ ਵਧੀਆ ਫਰਨੀਚਰ, ਅਪਲਾਇੰਸਸ ਅਤੇ ਬਲਾਇੰਡਜ਼ ਖਰੀਦ ਸਕਦੇ ਹੋ।
Reg. Price $4399 Now on Sale $2099
Entire bedroom at low Price!
Sectional Only $799
Leather Match Sectional only $2999
Sesional Starting at $ 799
Sofa or love only seat $ 399
5 Piece Dinning Room $ 1899
5 Seats Dinning Room Includes Table & 4 chair $ 297
$499
$399
$249
BIG BO'S
4220 99 Street NW, Edmonton, Alberta
(780) 430-4346
TENT SALE
Store Hours : Monday-Wednesday 10 am-6pm Thursday-Friday 10am-6pm Saturday 10am-6pm Sunday 12pm-5pm


Creative Doors & Mouldings Ltd.
"Your Complete Finishing Store"
* Interior * Prehung Units
* Locks & Hardware * French Doors
* Bi-Folds * Mouldings * Accessories
* Railing
Call: Bill Sekhon
Phone: (780) 438-2224
Cell: (780) 232-1816
Fax: (780) 438-4422
9838-60 Avenue Edmonton, AB T6E 0C5

# ਬੱਚਿਆਂ ਦੀ ਬੇਹਤਰੀ ਲਈ ਰਲ-ਮਿਲ ਕੇ ਕੰਮ ਕਰੀਏ


ਕੌਲੀਨ ਮਕਲੌ ਕਲਿੰਕ

ਸਕੂਲ ਦਾ ਪਹਿਲਾ ਮਹੀਨਾ ਆਇਆ ਤੇ ਚਲਾ ਵੀ ਗਿਆ। ਅਜੇ ਕੱਲ੍ਹ ਦੀ ਗੱਲ ਹੈ ਕਿ ਅਖ਼ਬਾਰ ਦੇ ਸਤੰਬਰ ਅੰਕ ਦੇ ਲੇਖ ਖਾਤਰ ਸ਼ਬਦ ਲੱਭਣ ਲਈ ਮੈਨੂੰ ਹੱਥਾਂ ਪੈਰਾਂ ਦੀ ਪਈ ਹੋਈ ਸੀ-ਤੇ ਹੁਣ ਅਕਤੂਬਰ ਵੀ ਆ ਗਿਆ। ਪਰਸੀ ਪੇਜ ਵਿਖੇ ਅਸੀਂ ਸਾਰਾ ਮਹੀਨਾ ਬੱਚਿਆਂ ਨੂੰ ਉਨ੍ਹਾਂ ਦੇ ਨਿਤਾ ਪ੍ਰਤੀ ਦੇ ਕੰਮਾਂ ਵਿਚ ਵਾਪਸ ਸਥਾਪਤ ਕਰਨ ਲਈ ਰੁੱਝੇ ਰਹੇ ਸੀ। ਸਤੰਬਰ ਦੇ ਅੱਧ ਵਿਚ ਦਸ ਗਰੇਡ ਦੇ ਸਾਰੇ ਵਿਦਿਆਰਥੀਆਂ ਨੇ 'ਲੈਂਗੂਏਜ ਗਰੇਡ' ਪ੍ਰੀਖਿਆ ਦਿੱਤੀ। ਪ੍ਰੀਖਿਆ ਵਿਚ ਮਿਆਰੀ ਸ਼ਬਦਾਵਲੀ ਦੇ 45 ਸ਼ਬਦ ਅਤੇ ਸਹੀ ਤੇ ਸ਼ੁੱਧ ਪੜ੍ਹਨਾ ਸ਼ਾਮਲ ਸੀ। ਦਸ ਵਿਦਿਆਰਥੀਆਂ ਵਿਚੋਂ ਬਹੁਤੇ ਗਰੇਡ ਲੈਵਲ ਹਾਸਲ ਨਹੀਂ ਕਰ ਰਹੇ-ਜਿਸਦਾ ਅਰਥ ਹੈ, ਉਨ੍ਹਾਂ ਦੀ ਪੜ੍ਹਨ ਨਿਪੁੰਨਤਾ ਉਨ੍ਹਾਂ ਦੀ ਸਫ਼ਲਤਾ ਦੇ ਰਾਹ ਦੀ ਰੁਕਵਾਟ ਬਣੇਗੀ ਜਦੋਂ ਤੱਕ ਉਹ ਅੰਗਰੇਜ਼ੀ ਦੀਆਂ ਵੱਧ ਤੋਂ ਵੱਧ ਪੁਸਤਕਾਂ ਪੜ੍ਹਨ ਦਾ ਸੁਚੇਤ ਯਤਨ ਨਹੀਂ ਕਰਦੇ। ਇਸ ਪ੍ਰੀਖਿਆ ਦਾ ਮੁਲੰਕਣ ਹੁਣ ਸਕੂਲ ਜ਼ੋਨ ਵਿਚ ਹੁੰਦਾ ਹੈ। ਕ੍ਰਿਪਾ ਕਰਕੇ ਸਕੂਲ ਨੂੰ ਫੋਨ ਕਰੋ ਜੇਕਰ ਤੁਸੀਂ ਸਹਾਇਤਾ ਚਾਹੁੰਦੇ ਹੋ ਜਾਂ ਹਿਸਾਬ-ਕਿਤਾਬ ਰੱਖਣਾ ਪਸੰਦ ਕਰਦੇ ਹੋ। ਅਸੀਂ ਸਾਰੇ ਵਿਦਿਆਰਥੀਆਂ ਤੋਂ ਮੰਗ ਕਰ ਰਹੇ ਹਾਂ ਕਿ ਉਹ ਹਰ ਰਾਤ ਘੱਟੋ-ਘੱਟ 30 ਮਿੰਟ ਪੜ੍ਹਨ ਅਤੇ ਇਸ ਪ੍ਰੋਗਰਾਮ ਦਾ ਨਾਂ ਰੱਖਣ- 'ਟਰਨਿੰਗ ਦਾ ਪੇਜ ਔਨ ਰਿਕਾਰਡਿੰਗ' ਅਸੀਂ ਬੱਚਿਆਂ ਨੂੰ ਉਨ੍ਹਾਂ ਦੀ ਮਰਜ਼ੀ ਦੀ ਕਿਤਾਬ ਲੱਭਣ ਲਈ ਲਾਇਬਰੇਰੀ ਲਿਜਾ ਚੁੱਕੇ ਹਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਕਹਿ ਰਹੇ ਹਾਂ ਕਿ ਉਹ ਘਰ ਵਿਚ ਆਪਣੇ ਬੱਚਿਆਂ ਦੀ ਪੜ੍ਹਾਈ ਵਿਚ ਅਗਵਾਈ ਕਰਨ। ਕੋਈ ਘਰ ਦਾ ਕੰਮ ਨਹੀਂ? ਉਨ੍ਹਾਂ ਨੂੰ ਆਪਣੀਆਂ ਪੁਸਤਕਾਂ ਪੜ੍ਹਨ ਦਿਓ!! ਇਸ ਹਫ਼ਤੇ ਅੰਗਰੇਜ਼ੀ ਦੀਆਂ ਕਲਾਸਾਂ ਲਈ ਰਜਿਸਟਰਡ ਸਾਰੇ ਵਿਦਿਆਰਥੀ ਇਕ ਰਜਿਸਟਰੇਸ਼ਨ ਫਾਰਮ ਐਡਮਿੰਟਨ ਲਾਇਬਰੇਰੀ ਤੋਂ ਮੁਫ਼ਤ ਲਾਇਬਰੇਰੀ ਕਾਰਡ ਹਾਸਲ ਕਰਨ ਲਈ ਲੈਣਗੇ, ਨਾਲ ਹੀ, ਸਾਡੇ ਕੋਲ ਸਾਡੀ 'ਮੋਬਾਈਲ ਲਾਇਬਰੇਰੀ' ਵਿਚ ਬਹੁਤ ਸਾਰੀਆਂ ਨਵੀਂਵਾਂ-ਪੁਰਾਣੀਆਂ ਪੁਸਤਕਾਂ ਹਨ, ਜਿਹੜੀਆਂ ਅੰਗਰੇਜ਼ੀ ਕਲਾਸਾਂ ਵਿਚ ਵੰਡੀਆਂ ਜਾ ਰਹੀਆਂ ਹਨ। ਸਾਡੀ ਵਾਲੀਬਾਲ ਟੀਮ ਖੇਡਾਂ ਵਿਚ ਰੁੱਝੀ ਹੋਈ ਹੈ, ਸਾਡੀ ਫੁੱਟਬਾਲ ਟੀਮ ਅਭਿਆਸ ਵਿਚ ਰੁੱਝੀ ਹੋਈ ਹੈ, ਸੰਗੀਤ ਦੀਆਂ ਕਲਾਸਾਂ ਵੀ ਆਪਣੇ ਸੰਗੀਤ ਨਾਲ ਹਾਲ ਭਰ ਰਹੀਆਂ ਹਨ। ਪੇਜ ਟੀ.ਵੀ. ਚੱਲ ਰਿਹਾ ਹੈ ਤੇ ਹਰ ਮਹੀਨੇ ਚੱਲਦਾ ਰਿਹਾ ਹੈ-ਇਸ ਤਰ੍ਹਾਂ ਬਹੁਤ ਕੁਝ ਹੋ ਰਿਹਾ ਹੈ। ਸਾਡਾ ਸਕੂਲ ਜਿਉਂਦਾ ਤੇ ਧੜਕਦਾ ਹੈ, ਅਸੀਂ 16 ਸਤੰਬਰ ਨੂੰ ਟੀਚਰ ਨਾਈਟ ਇਕੱਤਰਤਾ ਕਰ ਚੁੱਕੇ ਹਾਂ ਅਤੇ ਮਾਪੇ ਅਧਿਆਪਕ ਗੱਲਬਾਤ ਕਰਵਾਉਣ ਜਾ ਰਹੇ ਹਾਂ ਜਿਹੜੀ ਵੀਰਵਾਰ ਨੂੰ ਹੋਵੇਗੀ। 4 ਨਵੰਬਰ ਸਕੂਲ ਜ਼ੋਨ ਦਾ ਇਕ ਹੋਰ ਅਸਰਦਾਇਕ ਸਰੋਤ, ਜਿਸ ਦਾ ਧਿਆਨ ਰੱਖਣ ਲਈ ਅਸੀਂ ਮਾਪਿਆਂ ਨੂੰ ਕਹਿ ਰਹੇ ਹਾਂ। ਹਰ ਮਹੀਨੇ ਦੇ ਅੰਤ ਤੱਕ ਸਾਰੇ ਗਰੇਡ ਸਕੂਲ ਪੱਧਰ ਤੱਕ ਸਾਰੇ ਗਰੇਡ ਮੁਕੰਮਲ ਕਰ ਲਏ ਜਾਂਦੇ ਹਨ-ਇਸ ਤਰ੍ਹਾਂ ਤੁਸੀਂ ਦੇਖ ਸਕਦੇ ਹੋ ਕਿ ਹਰ ਕਲਾਸ ਵਿਚੋਂ ਤੁਹਾਡੇ ਬੱਚੇ ਨੇ ਕਿੰਨੇ ਅੰਕ ਹਾਸਲ ਕੀਤੇ ਹਨ। ਨਾਲ ਹੀ, ਜਿੰਨੀ ਛੇਤੀ ਹੋ ਸਕੇ ਆਪਣੇ ਬੱਚੇ ਨੂੰ 8.45 ਵਜੇ ਸਕੂਲ ਪਹੁੰਚਣ ਲਈ ਘਰੋਂ ਤੋਰੋ। ਇਹ ਉਨ੍ਹਾਂ ਨੂੰ ਆਪਣਾ ਲਾਕਰ ਤਿਆਰ ਕਰਨ ਤੇ ਆਪਣੀਆਂ ਪਹਿਲੀਆਂ ਕਲਾਸਾਂ ਵਿਚ ਬਿਨਾਂ ਦੇਰੀ ਤੋਂ ਪਹੁੰਚਣ ਲਈ ਕਾਫੀ ਸਮਾਂ ਦੇਵੇਗਾ। ਅਸੀਂ ਅਜੇ ਵੀ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਨੂੰ 9 ਵਜੇ ਜਾਂ ਇਸ ਤੋਂ ਪਿਛੋਂ ਛੱਡਦੇ ਦੇਖੇ ਹਨ-ਜਿਹੜਾ ਸਮਾਂ ਦਿਨ ਦੀ ਆਖਰੀ ਘੰਟੀ ਵੱਜਣ ਤੋਂ ਮਗਰੋਂ ਦਾ ਹੁੰਦਾ ਹੈ। ਸਾਨੂੰ ਤੁਹਾਡੀ ਸਹਾਇਤਾ ਤੇ ਹੌਸਲਾ ਹਫਜਾਈ ਦੀ ਲੋੜ ਹੈ। ਇਹ ਯਕੀਨੀ ਬਣਾਉਣ ਲਈ ਕਿ ਸਾਡੇ ਵਿਦਿਆਰਥੀ ਆਪਣੀ ਸਿੱਖਿਆ ਲਈ ਜ਼ਿੰਮੇਵਾਰ ਹਨ। ਮੇਰੀਆਂ ਆਪਣੀਆਂ ਕਲਾਸਾਂ ਲਈ, ਮੇਰੇ ਕੋਲ ਇਸ ਸਮੈਸਟਰ ਲਈ ਜ਼ਬਰਦਸਤ ਵਿਦਿਆਰਥੀਆਂ ਦੀ ਇਕ ਟੋਲੀ ਹੈ। ਅਸੀਂ ਸਾਹਿਤ ਨੂੰ ਇਕੱਠਿਆਂ ਸਿੱਖਣ ਲਈ ਬਹੁਤ ਸਮਾਂ ਰੱਖ ਰਹੇ ਹਾਂ। ਮੈਂ ਹਰ ਰੋਜ਼ ਉਨ੍ਹਾਂ ਦੇ ਵਿਚਾਰ ਸੁਣਦੀ ਤੇ ਦੇਖਦੀ ਹਾਂ ਕਿ ਉਨ੍ਹਾਂ ਦੀਆਂ ਲਿਖਣ ਯੋਗਤਾਵਾਂ ਕੀ ਪ੍ਰਗਤੀ ਕਰ ਰਹੀਆਂ ਹਨ। ਮੈਂ ਉਨ੍ਹਾਂ ਨੂੰ ਚੁੱਪਚਾਪ ਆਪਣੀ ਮਰਜ਼ੀ ਦੀਆਂ ਪੁਸਤਕਾਂ ਪੜ੍ਹਦਿਆਂ ਦੇਖਣਾ ਪਸੰਦ ਕਰਦੀ ਹਾਂ- ਇਹ ਨੌਜਵਾਨ ਬਾਲਗਾਂ ਨੂੰ ਚੰਗੀਆਂ ਪੁਸਤਕਾਂ ਪੜ੍ਹਨ ਦਾ ਅਨੰਦ ਮਾਣਦਿਆਂ ਦੇਖਣ ਵਰਗੀ ਗੱਲ ਹੀ ਹੈ।

ਕਿਰਪਾ ਕਰਕੇ ਮੈਨੂੰ ਸਕੂਲ ਵਿਚ ਈ-ਮੇਲ ਜਾਂ ਫੋਨ ਕਰਨ ਤੋਂ ਨਾ ਝਿਜਕੋ। ਜੇਕਰ ਤੁਹਾਡੇ ਕੋਲ ਆਪਣੇ ਵਿਦਿਆਰਥੀ ਸਬੰਧੀ ਕੋਈ ਸਵਾਲ ਜਾਂ ਚਿੰਤਾ ਹੈ। ਅਸੀਂ ਵੱਡਾ ਭਾਈਚਾਰਾ ਹਾਂ-ਆਓ ਆਪਣੇ ਬੱਚਿਆਂ ਦੀ ਬਿਹਤਰੀ ਲਈ ਰ.ਲ ਮਿਲ ਕੇ ਕੰਮ ਕਰੀਏ।

# ਉਦਯੋਗਿਕ ਤਰੱਕੀ ਨੇ ਗੰਧਲਾ ਕੀਤਾ ਐਥਾਬਸਕਾ ਦਾ ਪਾਣੀ



ਐਡਮਿੰਟਨ (ਨ.ਦ.ਬ.) ਕੋਈ ਸਮਾਂ ਸੀ ਜਦੋਂ ਐਥਾਬਸਕਾ ਝੀਲ ਦਾ ਪਾਣੀ ਏਨਾ ਸ਼ੁੱਧ ਹੁੰਦਾ ਸੀ ਕਿ ਲੋਕ ਇਸ ਨੂੰ ਘਰ ਵਿਚ ਪੀਣ ਲਈ ਵੀ ਵਰਤ ਸਕਦੇ ਸਨ। ਪਾਣੀ ਏਨਾ ਸਫਾ ਤੇ ਨੀਲਾ ਸੀ ਕਿ ਝਾਤੀ ਮਾਰਿਆਂ ਝੀਲ ਦੀ ਹੇਠਲੀ ਤਹਿ ਵੀ ਵਿਖਾਈ ਦਿੰਦੀ ਸੀ ਪਰ ਬੀਤੇ 60 ਸਾਲਾਂ ਦੌਰਾਨ ਬਹੁਤ ਕੁਝ ਤਬਦੀਲ ਹੋ ਗਿਆ। ਪੀਸ ਦਰਿਆ 'ਤੇ ਬੰਨ੍ਹ ਬਣ ਗਿਆ ਜਿਸ ਨੇ ਐਥਾਬਸਕਾ ਵੱਲ ਆਉਂਦੇ ਪਾਣੀ ਨੂੰ ਸੀਮਤ ਕਰ ਦਿੱਤਾ ਤੇ ਕਿਨਾਰੇ 'ਤੇ ਆਇਲ ਸੈਂਡਜ਼ ਬਣਨੀ ਸ਼ੁਰੂ ਹੋ ਗਈ। ਐਥਬਸਕਾ ਦੀ ਸ਼ਕਲੋ-ਸੂਰਤ ਹੀ ਬਦਲ ਗਈ। ਹੁਣ ਇਹ ਕਾਲੇ ਰੰਗ ਦੀ ਵਿਖਾਈ ਦਿੰਦੀ ਹੈ ਤੇ ਬੇਹੱਦ ਗੰਦੀ ਵੀ ਹੋ ਗਈ ਹੈ। ਇਸ ਦੀ ਸਤਾ 'ਤੇ ਤੇਲ ਤੈਰਦਾ ਵੇਖਿਆ ਜਾ ਸਕਦਾ ਹੈ। ਇਸ ਦਾ ਪਾਣੀ ਪੀਣ ਬਾਰੇ ਤੁਸੀਂ ਸੋਚ ਵੀ ਨਹੀਂ ਸਕਦੇ।

ਝੀਲ ਦੇ ਨਜ਼ਦੀਕ ਰਹਿਣ ਵਾਲੇ ਲੋਕ ਕਿਸੇ ਵੇਲੇ ਇਸ ਵਿਚੋਂ ਮੱਛੀਆਂ ਫੜ ਕੇ ਖਾਇਆ ਕਰਦੇ ਸਨ ਪਰ ਹੁਣ ਹਾਲਤ ਇਹ ਹੈ ਕਿ ਮੱਛੀਆਂ ਵਿਚ ਭਾਰੀ ਮਾਤਰਾ ਵਿਚ ਮਰਕਰੀ ਹੁੰਦੀ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਬੇਸ਼ੱਕ ਝੀਲ ਤੋਂ ਮੱਛੀਆਂ ਅਤੇ ਹੋਰ ਵਾਈਲਡ ਫੂਡ ਫੜ ਕੇ ਖਾਣਾ ਲੋਕਾਂ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਹੈ ਪਰ ਬਹੁਤ ਜਲਦੀ ਉਨ੍ਹਾਂ ਨੂੰ ਇਹ ਸ਼ੌਕ ਪੂਰੀ ਤਰ੍ਹਾਂ ਛੱਡਣਾ ਪਏਗਾ।

ਉਧਰ ਫੋਰਟ ਚਿਪੇਵਿਨ ਦੇ ਨਿਵਾਸੀ ਉਚ ਕੈਂਸਰ ਦਰ ਨਾਲ ਵੀ ਜੂਝ ਰਹੇ ਹਨ। ਲੋੜੋਂ ਵੱਧ ਉਦਯੋਗਿਕ ਇਕਾਈਆਂ ਤੋਂ ਪੈਦਾ ਹੋ ਰਹੇ ਪ੍ਰਦੂਸ਼ਣ ਅਤੇ ਪਾਣੀ ਵਿਚ ਘੁਲ ਰਹੇ ਰਸਾਇਣਕ ਜ਼ਹਿਰ ਕਾਰਨ ਇਲਾਕਾ ਨਿਵਾਸੀਆਂ ਨੂੰ ਕਈ ਤਰ੍ਹਾਂ ਦੀਆਂ ਗੰਭੀਰ ਬਿਮਾਰੀਆਂ ਲਗ ਰਹੀਆਂ ਹਨ ਅਤੇ ਕੈਂਸਰ ਦੀ ਦਰ ਦਿਨੋ ਦਿਨ ਵੱਧ ਰਹੀ ਹੈ। ਸਾਲ 2009 ਵਿਚ ਐਲਬਰਟਾ ਕੈਂਸਰ ਬੋਰਡ ਨੇ ਕੈਂਸਰ ਨਾਲ ਸਬੰਧਤ ਮਾਮਲਿਆਂ ਵਿਚ 30 ਫੀਸਦੀ ਦਾ ਵਾਧਾ ਦਰਜ ਕੀਤਾ ਸੀ। ਅਜਿਹਾ ਮੁੱਖ ਤੌਰ 'ਤੇ ਪਾਣੀ ਵਿਚ ਮੌਜੂਦ ਜ਼ਹਿਰੀਲੇ ਰਸਾਇਣਾਂ ਕਾਰਨ ਹੋ ਰਿਹਾ ਹੈ। ਫੈਡਰਲ ਫਿਸ਼ਰੀਜ਼ ਐਕਟ ਤਹਿਤ ਅਜਿਹੇ ਪਾਣੀ ਵਿਚ ਜ਼ਹਿਰੀਲੇ ਰਸਾਇਣ ਛੱਡਣਾ ਗੈਰ ਕਾਨੂੰਨੀ ਹੈ ਜਿਸ ਵਿਚ ਮੱਛੀਆਂ ਪੈਦਾ ਅਤੇ ਰਹਿੰਦੀਆਂ ਹੋਣ ਪਰ ਆਇਲ ਸੈਂਡਜ਼ ਇੰਡਸਟਰੀ ਨੂੰ ਇਸ ਐਕਟ ਦੀ ਸ਼ਾਇਦ ਕੋਈ ਪ੍ਰਵਾਹ ਨਹੀਂ। ਐਥਾਬਸਕਾ ਦਰਿਆ ਵਿਚ ਜਮ੍ਹਾ ਹੋ ਰਹੇ ਪ੍ਰਦੂਸ਼ਤ ਤੱਤਾਂ ਕਾਰਨ ਨਾ ਸਿਰਫ ਪਾਣੀ ਜ਼ਹਿਰੀਲਾ ਹੋ ਰਿਹਾ ਹੈ, ਸਗੋਂ ਇਹ ਤੱਤ ਬਰਫ਼ ਦੇ ਪਿਘਲੇ ਪਾਣੀ ਵਿਚ ਵੀ ਰਚ ਬਸ ਰਹੇ ਹਨ ਜੋ ਜਾ ਕੇ ਨਦੀਆਂ ਨਾਲਿਆਂ ਵਿਚ ਮਿਲ ਜਾਂਦਾ ਹੈ।

ਪ੍ਰਭਾਵਤ ਭਾਈਚਾਰਾ ਚਾਹੁੰਦਾ ਹੈ ਕਿ ਸਰਕਾਰ ਸਖ਼ਤੀ ਨਾਲ ਜਾਂਚ ਕਰੇ ਤੇ ਪਤਾ ਲਾਏ ਕਿ ਇਸ ਇਲਾਕੇ ਦੇ ਲੋਕਾਂ ਵਿਚ ਵੱਖ ਵੱਖ ਤਰ੍ਹਾਂ ਦੇ ਕੈਂਸਰ ਕੇਸ ਕਿਉਂ ਵੱਧ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਕ ਵਾਰੀ ਜਦੋਂ ਸਾਰਾ ਪਾਣੀ ਦੂਸ਼ਿਤ ਹੋ ਜਾਵੇਗਾ ਤਾਂ ਸਾਨੂੰ ਸਮਝ ਆਵੇਗੀ ਕਿ ਪਾਣੀ ਦੀ ਕੀਮਤ ਤੇਲ ਨਾਲੋਂ ਕਿਤੇ ਵੱਧ ਹੈ ਤੇ ਅਸੀਂ ਪਾਣੀ ਦੀ ਥਾਂ ਤੇਲ ਪੀ ਕੇ ਜ਼ਿੰਦਾ ਨਹੀਂ ਰਹਿ ਸਕਦੇ।


Elite Driving School

Learn to drive with experienced, caring & friendly instructor
Lessons available in English, Hindi, Punjabi & Urdu

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca



# ਨਾਨਕ ਜੀ ਦੇ ਪਦ ਚਿੰਨਾਂ 'ਤੇ



ਮਨਮੋਹਨ ਬਾਵਾ

1954 ਦੇ ਅਗਸਤ ਦਾ ਮਹੀਨਾ, ਮੈਂ ਆਪਣੇ ਦਫ਼ਤਰੋਂ ਸੱਤ ਅੱਠ ਦਿਨ ਦੀ ਛੁੱਟੀ ਲੈ ਕੇ ਅਤੇ ਆਪਣੇ ਸਫ਼ਰੀ ਸਮਾਨ ਵਾਲਾ ਪਿੱਠੂ ਚੁੱਕ ਕੇ ਹਰਦਵਾਰ ਤੋਂ 25-26 ਕਿਲੋਮੀਟਰ ਅੱਗੇ ਰਿਸ਼ੀਕੇਸ਼ ਪਹੁੰਚ ਜਾਂਦਾ ਹਾਂ। ਰਿਸ਼ੀਕੇਸ਼ ਤੋਂ ਪੰਜ ਕੁ ਕਿਲੋਮੀਟਰ ਅੱਗੇ ਲਛਮਣ ਝੂਲਾ ਹੈ। ਮੈਂ ਗੰਗਾ ਨਦੀ ਨੂੰ ਲਛਮਣ ਝੂਲੇ ਰਾਹੀਂ ਪਾਰ ਕਰ ਕੇ ਗੰਗਾ ਦੇ ਦੂਸਰੇ ਪਾਸੇ ਪਹੁੰਚ ਜਾਂਦਾ ਹਾਂ। ਲਛਮਣ ਝੂਲੇ ਦੇ ਇਸ ਪਾਸੇ ਗੰਗਾ ਦੇ ਨਾਲ ਦਰਿਆ ਦੇ ਵਹਾਅ ਦੇ ਵਿਪਰੀਤ ਬਦਰੀਨਾਥ ਜਾਣ ਲਈ ਪੈਦਲ ਦਾ ਰਸਤਾ ਨਜ਼ਰ ਆ ਰਿਹਾ ਹੈ। ਆਕਾਸ਼ 'ਚ ਹਲਕੀ-ਹਲਕੀ ਬਦਲਵਾਈ। ਚਾਹ ਦੀ ਇਕ ਦੁਕਾਨ 'ਤੇ ਰਾਜਸਥਾਨ, ਮੱਧ ਪ੍ਰਦੇਸ਼ ਦੇ ਆਦਮੀ-ਤੀਵੀਆਂ ਕਸੋਰੇ ਹੱਥ 'ਚ ਫੜੀ ਗਰਮ ਗਰਮ ਚਾਹ ਪੀ ਰਹੇ ਹਨ। ਇਹ ਉਨੀਂ-ਵੀਹ ਜਣਿਆਂ ਦੀ ਜੁੰਡਲੀ ਹੈ। ਤੀਵੀਆਂ ਨੇ ਰੰਗ ਬਰੰਗੇ ਘੱਗਰੇ ਪਾਏ ਹੋਏ ਅਤੇ ਆਦਮੀਆਂ ਦੇ ਕੱਪੜੇ ਵੀ ਰਾਜਸਥਾਨੀ ਪੇਂਡੂਆਂ ਵਾਲੇ, ਸਿਰ 'ਤੇ ਧਾਰੀਆਂ-ਬੂਟਿਆਂ ਵਾਲੀਆਂ ਪੱਗਾਂ ਵਲੀਆਂ ਹੋਈਆਂ। ਇਕ ਆਦਮੀ ਜਿਸ ਨੇ ਘਸੀ ਜਹੀ ਪੈਂਟ ਕਮੀਜ਼ ਪਾਈ ਹੋਈ, ਉਨ੍ਹਾਂ ਦਾ ਲੀਡਰ ਲੱਗ ਰਿਹਾ ਹੈ।

ਮੈਂ ਵੀ ਚਾਹ ਪੀਂਦਿਆਂ ਉਸ ਬਿਸ਼ਨ ਰਾਮ ਨਾਲ ਗੱਲਾਂ ਕਰਨ ਲੱਗਦਾ ਹਾਂ। ਪਤਾ ਲੱਗਾ ਕਿ ਇਹ ਸਾਰੇ ਪੈਦਲ ਦੇ ਰਸਤੇ ਬਦਰੀਨਾਥ ਦੀ ਯਾਤਰਾ 'ਤੇ ਜਾ ਰਹੇ ਹਨ। ਦਰਅਸਲ ਮੈਂ ਵੀ ਇਸੇ ਮਕਸਦ ਨਾਲ ਉਨ੍ਹਾਂ ਕੋਲ ਆ ਕੇ ਬੈਠਿਆ ਅਤੇ ਬਿਸ਼ਨ ਰਾਮ ਨਾਲ ਗੱਲਾਂ ਕਰਨ ਲੱਗਾ ਸਾਂ। ਮੇਰਾ ਇਰਾਦਾ ਵੀ ਪੈਦਲ ਦੇ ਰਸਤਿਓਂ ਉਸ ਪਾਸੇ ਜਾਣ ਦਾ ਹੈ। ਉਸ ਵੇਲੇ ਤੱਕ ਰਿਸ਼ੀਕੇਸ਼ ਬਦਰੀਨਾਥ ਸੜਕ ਪੂਰੀ ਤਰ੍ਹਾਂ ਨਹੀਂ ਸੀ ਬਣੀ। ਰਸਤੇ 'ਚ ਕਈ ਪੁਲ ਵੀ ਅੱਧ ਬਣੇ ਜਾਂ ਟੁੱਟੇ ਹੋਏ ਸਨ।

ਕੁਝ ਦੇਰ ਬਾਅਦ ਮੈਂ ਉਨ੍ਹਾਂ ਨਾਲ ਗੰਗਾ ਦੇ ਕੰਡੇ ਕੰਡੇ ਉੱਪਰ ਵੱਲ ਜਾ ਰਹੀ ਪਗਡੰਡੀ 'ਤੇ ਤੁਰ ਪੈਂਦਾ ਹਾਂ ਜਿਸ 'ਤੇ ਪਿਛਲੇ ਸੱਤ-ਅੱਠ ਸੌ ਵਰ੍ਹਿਆਂ ਤੋਂ ਯਾਤਰੀ ਆਪਣੇ ਪੈਰਾਂ ਦੀ ਛਾਪ ਛੱਡਦੇ ਗਏ ਹਨ। ਸ਼ੰਕਰਾਚਾਰੀਆ ਨੇ ਬਦਰੀਨਾਥ ਅਤੇ ਇਸ ਪਾਸੇ ਦੇ ਹੋਰ ਕਈ ਤੀਰਥ ਸਥਾਨਾਂ ਦੀ ਸਥਾਪਨਾ ਅੱਜ ਤੋਂ ਤਕਰੀਬਨ 1200 ਵਰ੍ਹੇ ਪਹਿਲਾਂ ਕੀਤੀ ਦੱਸੀ ਜਾਂਦੀ ਹੈ। ਪਰ ਖੋਜੀਆਂ/ਵਿਦਵਾਨਾਂ ਦਾ ਮੰਨਣਾ ਹੈ ਕਿ ਬਦਰੀਨਾਥ ਪਹਿਲਾਂ ਇਕ ਬੋਧ ਮੰਦਰ ਹੁੰਦਾ ਸੀ। ਇਸ ਦਾ ਭਾਵ ਇਹ ਸੀ ਕਿ ਹਿੰਦੂ ਧਰਮ ਨੂੰ ਪੁਨਰ ਜਨਮ ਦੇਣ ਵਾਲੇ ਸ਼ੰਕਰਾਚਾਰੀਆ ਬੋਧ ਭਿਖੂਆਂ ਦੀਆਂ ਪੈੜਾਂ 'ਤੇ ਚੱਲਦਿਆਂ ਉੱਥੇ ਪਹੁੰਚ ਸਨ।

ਪੁਰਾਣੇ ਸਮਿਆਂ ਤੋਂ ਲੈ ਕੇ ਸੰਨ 1954 ਤੱਕ ਇਸ ਰਸਤੇ ਦੇ ਪੜਾਵਾਂ 'ਤੇ ਛੇ-ਛੇ, ਅੱਠ-ਅੱਠ ਕਿਲੋਮੀਟਰ ਦੀ ਦੂਰੀ 'ਤੇ 'ਚੱਟੀਆਂ' ਬਣੀਆਂ ਹੋਈਆਂ ਸਨ। ਚੱਟੀਆਂ ਦਾ ਭਾਵ ਛੋਟੀਆਂ ਛੋਟੀਆਂ, ਗੁਜ਼ਾਰੇ ਲਾਇਕ ਧਰਮਸ਼ਾਲਾਵਾਂ। ਲਛਮਣ ਝੂਲੇ ਤੋਂ ਬਾਅਦ ਗਰੁੜ ਚੱਟੀ, ਫੇਰ ਫੂਲ ਚੱਟੀ, ਮੋਹਨ ਚੱਟੀ, ਰਘੂ ਚੱਟੀ, ਰੇਤ ਚੱਟੀ ਆਦਿ। ਸਾਰਾ ਦਿਨ ਚਲਦੇ ਰਹਿਣ ਤੋਂ ਅਸੀਂ ਕਿਸੇ ਚੱਟੀ 'ਤੇ ਆ ਰੁਕਦੇ। ਇੱਟਾਂ ਦੇ ਚੁੱਲ੍ਹਿਆਂ 'ਚ ਅੱਗਾਂ ਬਲਦੀਆਂ, ਮੋਟੀਆਂ ਮੋਟੀਆਂ ਰੋਟੀਆਂ ਸੇਕੀਆਂ ਜਾਂਦੀਆਂ, ਖਿਚੜੀਆਂ ਰਿੱਝਦੀਆਂ ਅਤੇ ਖ਼ੂਬ ਸਾਰੀਆਂ ਲਾਲ ਮਿਰਚਾਂ ਜਾਂ ਮਿਰਚਾਂ ਦੀ ਚਟਨੀ ਨਾਲ ਖਾ ਲਈਆਂ ਜਾਂਦੀਆਂ। ਪਹਿਲਾਂ ਪਹਿਲ ਇਹ ਜੁੰਡਲੀ ਮੈਨੂੰ ਪਰਾਇਆ ਜਿਹਾ ਆਦਮੀ ਸਮਝ ਕੇ ਵਿਵਹਾਰ ਕਰਦੀ। ਪਰ ਦੋ ਕੁ ਦਿਨ ਬਾਅਦ ਹੀ ਮੈਂ ਉਨ੍ਹਾਂ ਦੀ ਜੁੰਡਲੀ ਦਾ ਭਾਗ ਹੀ ਬਣ ਗਿਆ-ਖ਼ਾਸ ਕਰ ਕੇ ਇਸ ਕਾਰਨ ਲਈ ਵੀ ਕਿ ਮੈਂ ਬਿਸ਼ਨ ਰਾਮ ਦੇ ਸ਼ਹਿਰ 'ਅਲਵਰ' ਕਈ ਵਾਰ ਜਾ ਚੁੱਕਿਆ ਸਾਂ। ਉਨ੍ਹਾਂ ਖਰਵੇਂ ਪਰ ਸਿੱਧੇ ਸਾਦੇ ਲੋਕਾਂ ਨਾਲ ਇਸ ਤਰ੍ਹਾਂ ਯਾਤਰਾ ਕਰਦਿਆਂ, ਗੱਲਾਂ ਕਰਨਾ, ਉੱਠਣਾ ਬੈਠਣਾ, ਖਾਣਾ ਸੌਣਾ ਇਕ ਬਹੁਤ ਵੱਖਰਾ/ਅਨੋਖਾ ਅਨੁਭਵ ਸੀ।

ਪੰਜਵੇਂ ਦਿਨ ਅਸੀਂ ਦੇਵ ਪ੍ਰਿਆਗ ਪਹੁੰਚ ਜਾਂਦੇ ਹਾਂ। ਇਥੇ ਬਦਰੀਨਾਥ ਵੱਲੋਂ ਆ ਰਹੀ ਅਲਕਨੰਦਾ ਨਦੀ ਅਤੇ ਰੰਗੋਤਰੀ ਤੋਂ ਆ ਰਹੀ ਭਗੀਰਥੀ ਨਦੀ ਆ ਕੇ ਮਿਲਦੀਆਂ ਅਤੇ ਇਸ ਤੋਂ ਬਾਅਦ ਹੀ ਇਸ ਨਦੀ ਨੂੰ ਰੰਗਾ ਕਿਹਾ ਜਾਂਦਾ ਹੈ। ਇੱਥੇ ਅਸੀਂ ਇਕ ਬਹੁਤ ਪੁਰਾਣੀ ਧਰਮਸ਼ਾਲਾ 'ਚ ਰੁਕਦੇ ਹਾਂ। ਮੈਂ ਇਥੋਂ ਵਾਪਸ ਜਾਣਾ ਹੈ। ਮੇਰੀ ਇਸ ਯਾਤਰਾ ਦੇ ਰਾਜਸਥਾਨੀ ਸਾਥੀ ਅੱਗੇ ਵੱਲ ਤੁਰ ਪੈਂਦੇ ਹਨ ਅਤੇ ਮੈਂ ਇਕ ਦਿਨ ਆਰਾਮ ਕਰਨ ਲਈ ਉੱਥੇ ਰੁਕਿਆ ਰਹਿੰਦਾ ਹਾਂ।

ਸ਼ਾਮੀ ਜਦ ਮੈਂ ਦੇਵ ਪ੍ਰਿਆਗ ਦੀ ਸੈਰ ਕਰਨ ਤੋਂ ਬਾਅਦ ਵਾਪਸ ਪਰਤਦਾ ਹਾਂ ਤਾਂ ਥੋੜ੍ਹੀ ਦੇਰ ਬਾਅਦ ਇਕ ਪਾਂਡਾ ਆਪਣੇ ਹੱਥ 'ਚ ਇਕ ਬਹੀ ਚੁੱਕੀ ਆ ਜਾਂਦਾ ਹੈ। ਇਹ ਪਾਂਡਾ ਦਿਨ ਵੇਲੇ ਮੇਰੇ ਸੈਰ ਕਰਦਿਆਂ ਮੈਨੂੰ ਮਿਲਿਆ ਵੀ ਸੀ। ਉਹ ਆ ਕੇ ਮੈਨੂੰ ਮੇਰੇ ਪਿੰਡ ਗੋਤ ਆਦਿ ਬਾਰੇ ਪੁੱਛਣ ਲੱਗਦਾ ਹੈ। ਮੈਂ ਕਹਿੰਦਾਂ ਹਾਂ ਕਿ ਮੈਂ ਪਾਂਡਿਆਂ-ਸ਼ਾਂਡਿਆਂ 'ਚ ਵਿਸ਼ਵਾਸ ਨਹੀਂ ਰੱਖਦਾ ਅਤੇ ਉਹ ਆਪਣਾ ਤੇ ਮੇਰਾ ਸਮਾਂ ਐਵੇਂ ਬਰਬਾਦ ਨਾ ਕਰੇ।

'ਮੈਂ ਕਿਸੇ ਲਾਲਚ, ਦੱਖਣਾ ਖ਼ਾਤਰ ਨਹੀਂ ਆਇਆ। ਮੈਂ ਆਪਣੇ 'ਰਕਾਰਡ' ਨੂੰ 'ਅੱਪਡੇਟ' ਕਰਨ ਆਇਆ ਹਾਂ।' ਉਸ ਦੇ ਬੋਲਾਂ 'ਚ ਸ਼ਰਾਫ਼ਤ ਅਤੇ ਇਮਾਨਦਾਰੀ ਝਲਕ ਰਹੀ ਸੀ।

ਗੱਲਾਂ ਕਰਦਿਆਂ ਹਨੇਰਾ ਪਸਰ ਜਾਂਦਾ ਹੈ। ਮੈਂ ਧਰਮਸ਼ਾਲਾ ਦੇ ਖੁੱਲ੍ਹੇ ਵਿਹੜੇ 'ਚ ਇਕ ਪ੍ਰਾਚੀਨ ਜਿਹੇ ਤਖ਼ਤਪੋਸ਼ 'ਤੇ ਬੈਠਿਆ ਹੋਇਆ ਸਾਂ। ਕਮਰੇ ਅੰਦਰ ਜਾ ਕੇ ਪਾਂਡਾ ਲਾਲਟੈਣ ਲੈ ਆਇਆ, ਬੱਤੀ ਉੱਪਰ ਕੀਤੀ ਅਤੇ ਬੋਝੇ 'ਚੋਂ ਮਾਚਸ ਕੱਢ ਕੇ ਲਾਲਟੈਣ ਜਗਾ ਦੇਂਦਾ ਹੈ। ਮੇਰੇ 'ਵੈਰੋਵਾਲ ਬਾਵਿਆ' ਦੱਸਣ ਤੇ ਉਸ ਨੇ ਬਹੀ ਖੋਲ੍ਹ ਕੇ ਵੈਰੋਵਾਲ ਬਾਵਿਆ ਵਾਲਾ ਵਰਕਾ ਖੋਲ੍ਹਿਆ ਅਤੇ ਪਿਛਲੇ ਦੋ ਸੌ ਸਾਲ ਦੌਰਾਨ ਇਸ ਪਾਸਿਓਂ ਸਾਡੇ ਪਰਿਵਾਰ 'ਚੋਂ ਕੌਣ ਕੌਣ ਲੰਘਿਆ? ਦੱਸਣ ਲੱਗਦਾ ਹੈ। ਅਖੀਰ 'ਚ ਉਸ ਦੱਸਿਆ ਕਿ 'ਅੱਜ' ਤੋਂ ਪੰਜਾਹ ਕੁ ਵਰ੍ਹੇ ਪਹਿਲਾਂ ਬਾਵਾ ਹਰਕਿਸ਼ਨ ਸਿੰਘ ਨਾਮ ਦਾ ਆਦਮੀ ਇਥੋਂ ਹੋ ਕੇ ਲੰਘਿਆ ਸੀ।

'ਉਹ ਕਿਹੜੇ ਰਸਤਿਓਂ ਆਇਆ?' ਮੈਂ ਪੁੱਛਦਾ ਹਾਂ।

' ਉਹ ਬਦਰੀਨਾਥ ਵੱਲੋਂ ਆਇਆ ਸੀ।'

'ਬਦਰੀਨਾਥ ਕਿਹੜੇ ਰਸਤਿਓਂ?'

'ਉਹ ਕੈਲਾਸ਼-ਮਾਨਸਰੋਵਰ ਵੱਲੋਂ ਆਏ ਸਨ।'

ਮੈਂ ਕੁਝ ਹੈਰਾਨ ਹੁੰਦਿਆਂ ਪੁੱਛਦਾ ਹਾਂ, 'ਪਰ ਮਾਨਸਰੋਵਰ ਕਿਸ ਪਾਸਿਓਂ ਅਤੇ ਕਿਵੇਂ ਪਹੁੰਚੇ?'

'ਇਸ ਬਾਰੇ ਮੇਰੀ ਬਹੀ 'ਚ ਕੁਝ ਨਹੀਂ ਲਿਖਿਆ ਹੋਇਆ। ਸੰਭਵ ਹੈ ਕਿ ਉਹ ਤਿੱਬਤ ਦੀ ਰਾਜਧਾਨੀ 'ਲ੍ਹਾਸਾ' ਵਲੋਂ ਆਏ ਹੋਣ?'

ਉਸਦੇ ਚਲੇ ਜਾਣ ਤੋਂ ਬਾਅਦ ਮੈਂ ਡੂੰਘੀਆਂ ਸੋਚਾਂ 'ਚ ਪੈ ਜਾਂਦਾ ਹਾਂ ਨਾਲ ਹੀ ਆਪਣੇ ਉਸ ਪੂਰਵਜ਼ ਦੇ ਯਾਤਰਾ ਵਰਨਣ ਤੋਂ ਮਨ 'ਚ ਪ੍ਰੇਰਣਾ ਵੀ ਉਪਜਣ ਲੱਗਦੀ ਏ। ਇਸ ਤਰ੍ਹਾਂ ਦੀਆਂ ਪਰਬਤ ਯਾਤਰਾਵਾਂ ਕਰਨ ਬਾਰੇ।

ਅਗਲੇ ਕੁਝ ਸਾਲਾਂ ਵਿਚਕਾਰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ/ਯਾਤਰਾਵਾਂ ਬਾਰੇ ਮੈਨੂੰ ਪਤਾ ਲੱਗਾ ਕਿ ਗੁਰੂ ਜੀ ਦੋ ਜਾਂ ਤਿੰਨ ਵਾਰੀ ਤਿੱਬਤ ਦੀ ਰਾਜਧਾਨੀ ਲ੍ਹਾਸਾ ਗਏ ਸਨ। ਜ਼ਰੂਰ ਮੇਰੇ ਉਹ ਬਜ਼ੁਰਗ ਗੁਰੂ ਜੀ ਦੇ ਪਦ ਚਿੰਨਾਂ 'ਤੇ ਚੱਲਦਿਆਂ ਹੀ ਲ੍ਹਾਸਾ ਤੋਂ ਮਾਨਸਰੋਵਰ ਅਤੇ ਫੇਰ ਮਾਨਾ ਘਾਟੀ ਤੋਂ ਹੁੰਦਿਆਂ ਹੋਇਆਂ ਬਦਰੀਨਾਥ ਪਹੁੰਚੇ ਹੋਣਗੇ। ਇਸ ਤੋਂ ਬਾਅਦ ਮੈਂ ਆਪਣੀਆਂ ਯਾਤਰਾਵਾਂ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਪਦ ਚਿੰਨਾਂ 'ਤੇ ਤੁਰਦਿਆਂ ਉਨ੍ਹਾਂ ਸਥਾਨਾਂ/ਬੋਧ ਵਿਹਾਰਾਂ/ਗੁਰਦਵਾਰਿਆਂ ਦੇ ਦਰਸ਼ਨ ਕਰਨਾ ਆਪਣੀਆਂ ਯਾਤਰਾਵਾਂ ਦਾ ਹਿੱਸਾ ਬਣਾ ਲਿਆ। ਇਸ ਤਰ੍ਹਾਂ ਸੱਭ ਤੋਂ ਪਹਿਲਾਂ ਮੈਂ ਨੇਪਾਲ ਦੀ ਰਾਜਧਾਨੀ ਕਾਠਮੰਡੂ 'ਚ ਉਦਾਸੀਆਂ ਦੇ ਗੁਰਦਵਾਰੇ 'ਚ ਜਾ ਕੇ ਲੰਗਰ ਛਕਿਆ, ਜਿਸ ਸਥਾਨ ਨੂੰ ਗੁਰੂ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ ਸੀ। ਫੇਰ ਕੁੱਝ ਵਰ੍ਹਿਆ ਬਾਅਦ ਜਦੋਂ ਮੈਂ ਸਿਕਮ ਗਿਆ ਤਾਂ ਪਤਾ ਲੱਗਾ ਕਿ ਗੁਰੂ ਜੀ ਸਿੱਕਮ ਵੀ ਆਏ ਅਤੇ ਚੁੰਗਥਾਂਰਾ-ਲਾਚੂੰਰਾ ਹੁੰਦਿਆਂ ਹੋਇਆਂ ਅਤੇ ਉਚੇ ਪਾਣੀ ਦਰਿਆ ਨੂੰ ਪਾਰ ਕਰਦਿਆਂ ਚੋਟੀਆਂ ਵਿਚਕਾਰ ਘਿਰੇ ਇਕ ਸਰੋਵਰ ਦੇ ਕੰਡੇ ਆਪਣਾ ਡੇਰਾ ਜਮਾਇਆ ਸੀ। ਉਨ੍ਹਾਂ ਦੇ ਨਾਮ 'ਤੇ 'ਗੁਰੂਦੋਂਗਮਾਰ' ਨਾਂਅ ਦਾ ਗੁਰਦਵਾਰਾ ਬਣਿਆ ਹੋਇਆ ਹੈ। ਇਹ ਗੁਰਦਵਾਰਾ ਹਿੰਦੁਸਤਾਨੀ ਫ਼ੌਜੀਆਂ ਨੇ ਬਣਾਇਆ ਕਿਉਂਕਿ ਇਸ ਤੋਂ ਅੱਗੇ ਇਕ 18000 ਫੁੱਟ ਉਚੇ ਦਰੇ ਨੂੰ ਪਾਰ ਕਰਨ ਤੋਂ ਬਾਅਦ ਤਿੱਬਤ (ਚੀਨ) ਸ਼ੁਰੂ ਹੋ ਜਾਂਦਾ ਹੈ। ਮੈਨੂੰ ਨਹੀਂ ਪਤਾ ਕਿ ਗੁਰੂ ਜੀ ਇਸ ਦੱਰੇ ਨੂੰ ਪਾਰ ਕਰ ਕੇ ਲ੍ਹਾਸਾ ਗਏ ਜਾਂ ਨਹੀਂ। ਪਰ ਮੇਰਾ ਅਨੁਮਾਨ ਹੈ ਕਿ ਜ਼ਰੂਰ ਗਏ ਹੋਣਗੇ।

ਜਦੋਂ ਮੈਂ ਸਿਕਮ ਦੀ ਰਾਜਧਾਂਲੀ ਗੰਗਟੋਕ ਪਹੁੰਚਿਆ, ਅੱਜ ਤੋਂ 26 ਵਰ੍ਹੇ ਪਹਿਲਾਂ ਤਾਂ ਇਸ ਪਾਸੇ ਬਾਹਰੋਂ ਆਏ ਸਿਵਲੀਅਨ ਨੂੰ ਜਾਣ ਦੀ ਆਗਿਆ ਨਹੀਂ ਸੀ। ਕੁਝ ਰਸਤੇ ਤੱਕ ਸਿਰਫ਼ ਮਿਲਟਰੀ ਦੀਆਂ ਗੱਡੀਆਂ ਚੱਲਦੀਆਂ ਸਨ। ਲੋਕਲ ਲੋਕ ਬੇਸ਼ੱਕ ਜਾ ਸਕਦੇ ਸਨ ਅਤੇ ਇਨ੍ਹਾਂ ਲਈ ਹਰ ਰੋਜ਼ ਇਕ ਬਸ ਸਰਵਿਸ ਸੀ। ਮੇਰੇ ਨਾਲ ਮੇਰਾ ਇਕ ਸਾਥੀ (ਅਸ਼ੋਕ) ਵੀ ਸੀ। ਅਸੀਂ ਕਿਸੇ ਨਾ ਕਿਸੇ ਤਰ੍ਹਾਂ ਉਸ ਪਾਸੇ ਜਾਣ ਦਾ ਸਪੈਸ਼ਲ ਪਰਮਿਟ ਲੈਣ 'ਚ ਸਫ਼ਲ ਹੋ ਗਏ। ਪਰ ਜਦੋਂ ਜਾਣ ਲੱਗੇ ਤਾਂ ਪਤਾ ਲੱਗਾ ਕਿ ਦੋ ਤਿੰਨ ਦਿਨ ਤੱਕ ਮਿਲਟਰੀ ਦੀ 'ਕਾਨਵਾਈ' ਕਾਰਨ ਕੋਈ ਪ੍ਰਾਈਵੇਟ ਬਸ ਉਧਰ ਨਹੀਂ ਜਾਵੇਗੀ। ਇਹ ਵੀ ਪਤਾ ਲੱਗਾ ਕਿ ਉਹ ਸਿੱਖ ਰੈਜਮੇਂਟ ਦੀ ਕਾਨਵਾਈ ਹੈ। ਅਸੀਂ ਕਿਸੇ ਨਾ ਕਿਸੇ ਤਰ੍ਹਾਂ ਉਸ ਸੜਕ ਤੱਕ ਪਹੁੰਚ ਗਏ ਅਤੇ ਇਕ ਮਿਲਟਰੀ ਦੀ ਟਰੱਕ 'ਚ ਲਿਫ਼ਟ ਲੈ ਕੇ ਲਾਚੁੰਗ ਪਹੁੰਚਣ 'ਚ ਸਫ਼ਲ ਹੋ ਗਏ। ਪਰ ਗੁਰੂਗੋਂਦਮਾਰ ਨਹੀਂ ਪਹੁੰਚ ਸਕੇ। ਹੁਣ ਉਥੇ ਜਾਣ ਦਾ ਪ੍ਰੋਗਰਾਮ ਜ਼ਰੂਰ ਬਣਾ ਰਿਹਾ ਹਾਂ।

ਭਾਰਤ ਤੋਂ ਲ੍ਹਾਸਾ ਜਾਣ ਦੇ ਸਭ ਤੋਂ ਆਸਾਨ ਦੋ ਰਸਤੇ ਹਨ। ਇਕ ਹੈ ਅਰਨਾਂਚਲ ਦੇ ਸ਼ਹਿਰ ਤਾਵਾਂਗ ਹੋ ਕੇ ਅਤੇ ਦੂਸਰਾ ਲੇਹ ਲੱਦਾਖ ਤੋਂ 'ਦੁਮਚਕ' ਤੋਂ ਹੋ ਕੇ। ਜਦ ਮੈਂ ਤਵਾਂਗ ਦੇ ਬੋਧ ਵਿਹਾਰ 'ਚ ਪਹੁੰਚਿਆ ਤਾਂ ਪਤਾ ਲੱਗਾ ਕਿ ਗੁਰੂ ਜੀ ਇਕ ਵਾਰੀ ਇੱਥੇ ਆ ਚੁੱਕੇ ਸਨ। ਇਸ ਦਾ ਭਾਵ ਇਹ ਹੈ ਕਿ ਗੁਰੂ ਜੀ ਇਸ ਪਾਸਿਓਂ ਹੋ ਕੇ ਵੀ ਲ੍ਹਾਸਾ ਗਏ ਹੋਣਗੇ। ਉਸ ਤੋਂ ਅਗਲੇ ਸਾਲ ਮੈਂ ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਬਾਰੇ ਸੁਰਿੰਦਰ ਸਿੰਘ ਕੋਹਲੀ ਦੀ ਕਿਤਾਬ ਪੜ੍ਹੀ। ਉਸ ਨੇ ਗੁਰੂ ਜੀ ਦਾ ਪੋਨਾਖਾ ਅਤੇ ਫੋਦਰਾਗ ਪਹੁੰਚਣ ਦਾ ਜ਼ਿਕਰ ਕੀਤਾ ਹੈ। ਪਰ ਮੈਨੂੰ ਇਸ ਬਾਰੇ ਕੋਈ ਸਬੂਤ ਨਹੀਂ ਮਿਲਿਆ।

ਗੁਰੂ ਜੀ ਮੱਕਾ ਮਦੀਨੇ ਵੀ ਗਏ ਸਨ। ਪਰ ਗੁਜਰਾਤ ਦੀ ਕਿਹੜੀ ਬੰਦਰਗਾਹ ਤੋਂ ਹੋ ਕੇ ਗਏ ਸਨ? ਇਸ ਬਾਰੇ ਕੋਹਲੀ ਨੇ ਜਾਂ ਹੋਰ ਕਿਸੇ ਲੇਖਕ ਦੇ ਅਨੁਮਾਨ ਅਨੁਸਾਰ ਨਕਸ਼ਿਆਂ ਨੂੰ ਵਾਚਦਿਆਂ ਅਤੇ ਆਪਣੇ ਮਨ ਮਸਤਕ 'ਚ ਉੱਕਰੇ ਗੁਰੂ ਜੀ ਦੇ ਪਦ ਚਿੰਨਾਂ 'ਤੇ ਤੁਰਦਿਆਂ ਕੱਛ ਦੇ ਸ਼ਹਿਰ ਭੁੱਜ ਹੁੰਦਿਆਂ ਹੋਇਆਂ ਲਖਪਤ ਪਹੁੰਚ ਜਾਂਦਾ ਹਾਂ। ਇੱਥੇ ਗੁਰੂ ਜੀ ਜਿਸ ਵਿਅਕਤੀ ਦੇ ਘਰ ਰਹਿੰਦੇ ਸਨ, ਉਸ (ਗੁਰੂ ਜੀ ਦੇ ਸੇਵਕ) ਨੇ, ਜਾਂ ਉਸ ਦੇ ਪਰਵਾਰ ਨੇ ਉਹ ਪੂਰੇ ਦਾ ਪੂਰਾ ਮਕਾਨ ਸਿੱਖ ਸੰਗਤਾਂ ਦੇ ਹਵਾਲੇ ਕਰ ਦਿੱਤਾ। ਹੁਣ ਉਹ ਪੁਰਾਣੀ (550 ਸਾਲ ਪੁਰਾਣੀ) ਕੋਠੀ ਹੀ ਗੁਰਦਵਾਰਾ ਹੈ। ਗੁਰੂ ਸਾਹਿਬ ਦੀਆਂ ਖੜਾਵਾਂ ਵੀ ਇੱਥੇ ਪਈਆਂ ਹਨ। ਦੋ ਤਿੰਨ ਸੌ ਵਰ੍ਹਿਆਂ ਪਹਿਲਾਂ ਇਹ ਗੁਜਰਾਤ ਦੀ ਇਕ ਬਹੁਤ ਵੱਡੀ ਬੰਦਰਗਾਹ ਹੋਇਆ ਕਰਦੀ ਸੀ। ਇੱਥੇ ਜਹਾਜ਼ਾਂ ਤੋਂ ਉਤਰਦੇ ਮਾਲ ਦੀ ਕਰ/ਚੁੰਗੀ ਇਕ ਲੱਖ ਰੁਪਇਆ ਪ੍ਰਤੀ ਦਿਨ ਹੁੰਦੀ ਸੀ। ਮੇਰਾ ਅਨੁਮਾਨ ਹੈ ਕਿ ਗੁਰੂ ਜੀ ਇਥੋਂ ਹੀ ਹਾਜ਼ੀਆਂ ਦੇ ਆਪਣੇ ਜਹਾਜ਼ 'ਚ ਲੈ ਜਾਣ ਤੋਂ ਮਨ੍ਹਾ ਕਰਨ ਤੋਂ ਬਾਅਦ ਕਿਸੇ ਮਛਵਾਰੇ ਦੀ ਬਾਦਬਾਨੀ ਕਿਸ਼ਤੀ 'ਚ ਬੈਠ ਕੇ ਮੱਕੇ ਮਦੀਨੇ ਪਹੁੰਚੇ ਹੋਣਗੇ।

ਜੇ ਮਨ 'ਚ ਹੋਵੇ ਤਾਂ ਬੰਦਾ ਕਦੀ ਨਾ ਕਦੀ ਉਸ ਰਾਹ 'ਤੇ ਤੁਰ ਹੀ ਪੈਂਦਾ ਹੈ ਜਾਂ ਕੁਦਰਤ ਆਪਣੇ ਆਪ ਹੀ ਉਨ੍ਹਾਂ ਰਾਹਾਂ 'ਤੇ ਤੋਰ ਦੇਂਦੀ ਹੈ। ਜਦੋਂ ਮੈਂ ਸੜਕ ਦੇ ਰਸਤਿਓਂ ਇੰਡੀਆ ਤੋਂ ਇੰਗਲੈਂਡ ਜਾਂਦਿਆਂ ਬਗਦਾਦ ਪਹੁੰਚਿਆ ਤਾਂ ਕਿਸਮਤ ਮੈਨੂੰ ਬਹਿਲੋਲ ਫ਼ਕੀਰ ਦੇ ਉਸ ਡੇਰੇ 'ਤੇ ਲੈ ਗਈ ਜਿੱਥੇ ਗੁਜੂ ਜੀ ਉਸ ਸੂਫ਼ੀ ਫ਼ਕੀਰ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ ਸਨ। ਇਕ ਦਿਨ ਮੈਂ ਆਪਣੇ ਸਾਥੀਆਂ ਨਾਲ ਬਗਦਾਦ ਤੋਂ ਬੈਬਲੋਨੀਆ ਵੇਖਣ ਤੁਰ ਪਿਆ। ਬੈਬਲੋਨੀਆ ਪਾਚੀਨ ਈਰਾਕ ਦੀ (ਮੈਸੋਪੋਟਾਮੀਆਂ) ਪੰਜ ਹਜ਼ਾਰ ਸਾਲ ਪੁਰਾਣੀ ਸਭਿਅਤਾ ਦਾ ਕੇਂਦਰ ਰਿਹਾ ਹੈ। ਸਕੰਦਰ ਦੀ ਮੌਤ ਵੀ ਇੱਥੇ ਹੀ ਹੋਈ ਸੀ। ਜਦੋਂ ਅਸੀਂ ਤੁਰੇ ਤਾਂ ਉਸ ਵੇਲੇ ਮੈਨੂੰ ਪਤਾ ਨਹੀਂ ਸੀ ਪਰ ਕੁਝ ਵਰ੍ਹਿਆਂ ਬਾਅਦ ਨਕਸ਼ਿਆਂ, ਪੁਸਤਕਾਂ 'ਚ ਵੇਖਿਆ ਕਿ ਮੱਕੇ ਮਦੀਨੇ ਤੋਂ ਬਗਦਾਦ ਆਉਂਦਿਆਂ ਗੁਰੂ ਨਾਨਕ ਦੇਵ ਜੀ ਇਸੇ ਰਸਤਿਓਂ ਲੰਘੇ ਹੋਣਗੇ।

ਸਾਡਾ ਬਾਬਾ ਗੁਰੂ ਨਾਨਕ ਕਿੱਡਾ ਵੱਡਾ ਟਰੈਕਰ/ਪਰਬਤ ਸੈਲਾਨੀ ਸੀ ਅਤੇ ਕਿਨ੍ਹਾਂ ਕਿਨ੍ਹਾਂ ਦੁਸ਼ਵਾਰ ਰਾਹਾਂ 'ਤੇ ਆਪਣੇ ਪਦ ਚਿੰਨ੍ਹ ਛੱਡਦਾ ਗਿਆ, ਅਨੁਮਾਨ ਲਾਉਂਦਿਆਂ ਮੈਂ ਰੈਰਾਨ ਰਹਿ ਜਾਂਦਾ ਹਾਂ, ਗੁਰੂ ਜੀ ਦੀਆਂ ਯਾਤਰਾਵਾਂ ਬਾਰੇ ਖੋਜ ਕਰਨ ਵਾਲਿਆਂ ਨੇ ਲਿਖਿਆ ਹੈ ਕਿ ਬਗਦਾਦ ਤੋਂ ਬਾਅਦ ਖ਼ਾਸਗਾਰ ਅਤੇ ਸਿੰਕਿਆਂਗ ਤੋਂ ਹੁੰਦਿਆਂ ਹੋਇਆਂ ਉਹ ਲੇਹ ਲੱਦਾਖ ਪਹੁੰਚੇ ਸਨ। ਪੰਜ ਛੇ ਵਰ੍ਹਿਆਂ ਪਹਿਲਾਂ ਇਹ ਵੇਖਣ ਲਈ ਕਿ ਗੁਰੂ ਜੀ ਕਿਹੜੇ ਰਸਤਿਓਂ ਆਏ ਹੋਣਗੇ, ਮੈਂ ਲੇਹ ਲੱਦਾਖ ਪਹੁੰਚ ਗਿਆ। ਪਤਾ ਲੱਗਾ ਕਿ ਉਸ ਪਾਸਿਓਂ ਲੇਹ ਪਹੁੰਚਣ ਲਈ ਦੋ ਮੁੱਖ ਰਾਹ ਹਨ। ਇਕ ਜ਼ਰਾ ਲੰਮਾ ਰਾਹ ਅਤੇ ਦੂਸਰਾ ਕੁਝ ਛੋਟਾ ਰਸਤਾ। ਕਿਉਂਕਿ ਮੱਧ ਏਸ਼ੀਆ, ਕਾਗਾਰ ਆਦਿ ਤੋਂ ਚੱਲਣ ਵਾਲੇ ਕਾਫ਼ਲੇ ਆਮ ਕਰ ਕੇ ਪਹਿਲਾਂ 5520 ਮੀਟਰ (18275 ਫੁੱਟ) ਉੱਚੇ ਕਾਮਕੋਰਮ ਦਰੇ ਨੂੰ ਪਾਰ ਕਰਦੇ ਸਨ ਅਤੇ ਫੇਰ 'ਸਾਸੇਰ ਦਰੇ' ਤੋਂ ਹੁੰਦਿਆਂ ਹੋਇਆਂ 5578 ਮੀਟਰ (18300 ਫੁੱਟ) ਉੱਚੇ ਖਾਰਦੁੰਗ ਲਾ (ਦੱਰੇ) ਤੋਂ ਹੁੰਦਿਆਂ ਹੋਇਆਂ ਲੇਹ ਪਹੁੰਚਦੇ ਸਨ। ਇਸ ਰਸਤੇ ਦਾ ਕੁਝ ਭਾਗ ਸੀਆਚਿਨ ਗਲੇਸ਼ੀਅਰ ਕਾਰਨ ਮਸ਼ਹੂਰ ਹੋ ਗਿਆ। ਇਹ ਪਿਛਲੇ ਕਈ ਵਰ੍ਹਿਆਂ ਤੋਂ ਹਿੰਦੁਸਤਾਨ ਪਾਕਿਸਤਾਨ ਦੀਆਂ ਫ਼ੌਜਾਂ ਦਾ ਮੈਦਾਨ ਏ ਜੰਗ ਬਣਿਆ ਹੋਇਆ ਹੈ। ਲੇਹ ਪਹੁੰਚ ਕੇ ਮੈਂ ਖਾਰਦੁੰਗਲਾ ਪਾਰ ਕਰਦਾ ਅਤੇ ਜਿਥੋਂ ਤੱਕ, ਧਮਨੀ 'ਸਸੋਮਾਂ' ਤੱਕ ਪਹੁੰਚ ਜਾਂਦਾ ਹਾਂ। ਸਵੀਲੀਅਨ ਨੂੰ ਇਸ ਤੋਂ ਅੱਗੇ ਜਾਣ ਦੀ ਆਗਿਆ ਨਹੀਂ। ਇਹ ਵੀ ਸੋਚਣੋਂ ਨਾ ਰਹਿ ਸਕਿਆ ਕਿ ਅੱਜ ਤੋਂ ਪੰਜ ਕੁ ਸੌ ਵਰ੍ਹੇ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਪੈਰਾਂ ਨੂੰ ਇਸ ਧਰਤੀ ਨੇ ਚੁੰਮਿਆ ਹੋਵੇਗਾ। ਇੱਥੇ ਇਹ ਵੀ ਦੱਸਣਾ ਗ਼ੈਰ ਜ਼ਰੂਰੀ ਨਾ ਹੋਵੇ ਕਿ ਇਸ ਤਰ੍ਹਾਂ ਦੇ ਦੁਸ਼ਵਾਰ ਰਸਤਿਆਂ 'ਤੇ ਗੁਰੂ ਜੀ ਵਪਾਰੀ ਕਾਫ਼ਲਿਆਂ ਨਾਲ ਮਿਲ ਕੇ ਚਲਦੇ ਹੋਣਗੇ। ਪਰਾਣੇ ਸਮਿਆਂ 'ਚ ਇਹ ਹਿੰਦੋਸਤਾਨ ਅਤੇ ਮੱਧ ਏਸ਼ੀਆ ਦੇ ਦੇਸ਼ਾਂ ਵਿਚਕਾਰ ਵਪਾਰੀ ਕਾਫ਼ਲਿਆਂ ਦਾ ਰਾਹ ਸੀ।



ਗੁਰੂ ਨਾਨਕ ਦੇਵ ਜੀ ਦੇ ਪਦ ਚਿੰਨਾ 'ਤੇ ਸਾਰੀ ਉਮਰ ਚਲਦੇ ਰਹਿਣ ਤੋਂ ਬਾਅਦ ਵੀ ਹਰ ਸਥਾਨ ਨੂੰ ਛੋਹ ਸਕਣਾ ਅਸੰਭਵ ਹੈ। ਉਨ੍ਹਾਂ ਦੀਆਂ ਯਾਤਰਾਵਾਂ ਦੇ ਪਦ ਚਿੰਨਾਂ ਦੇ ਇਲਾਵਾ ਗੁਰੂ ਜੀ ਆਪਣੇ ਵਿਚਾਰਾਂ ਦੀਆਂ ਪੈੜਾਂ ਛੱਡ ਗਏ ਹਨ ਜੋ ਬਹੁਤ ਕੀਮਤੀ ਹਨ।

## ਜਸਵਿੰਦਰ ਸਿੰਘ ਦੀ ਸ਼ਾਹਕਾਰ ਕਹਾਣੀ

# ਘਰ ਦਾ ਜੀਅ

### ਦਲਿਤ ਹੋਂਦ-ਹੋਣੀ ਦੇ ਸੰਤਾਪ

ਘਰ ਦਾ ਜੀਅ ਬਹੁਤ ਨੇੜਿਓਂ ਅਨੁਭਵੇ ਅਹਿਸਾਸੇ ਸਰਾਜਦੀਨ ਨਾਂ ਦੇ ਮਜ਼ਬੀ ਨੌਜਵਾਨ ਦੀ ਜ਼ਿੰਦਗੀ ਦੁਆਲੇ ਸਿਰਜੀ ਕਹਾਣੀ ਹੈ। ਬਹੁ-ਅਰਥੀ ਤੇ ਕਟਾਖ਼ਸ਼ਮਈ ਇਹ ਸਿਰਲੇਖ ਸਾਡੀ ਪ੍ਰਾਚੀਨ ਰਹਿਤਲ ਦੇ ਉਸ ਸਮਕਾਲੀ ਅਸਲੇ ਦੇ ਦਰਦਨਾਕ ਸੱਚ, ਲੁੱਪਤ ਮਨੋਰਥਾਂ ਦੇ ਭੈੜੇ ਅੰਤਰ-ਭੇੜ ਤੇ ਕਿਰਤੀ ਬੰਦੇ ਦੀ ਲੁੱਟ ਦੀ ਅਮਾਨਵੀ-ਤ੍ਰਾਸਦਿਕ ਜੀਵਨ ਸਥਿਤੀ ਦਾ ਬਿਰਤਾਂਤ ਹੈ।



ਇਸ ਪੇਂਡੂ ਜੀਵਨ-ਸ਼ੈਲੀ ਦੇ ਮੰਨ ਜਾਂਦੇ ਮੋਹਾਂ ਸਾਝਾਂ ਦੇ ਅੰਦਰਵਾਰ ਤੇ ਪਰਤ-ਦਰ-ਪਰਤ ਰੱਹਸ-ਸੱਚ ਖੋਲ੍ਹਣ ਦੇ ਹੀਲੇ ਵਿਚ ਇਸਨੂੰ ਪੇਂਡੂ ਧਨੀ ਕਿਸਾਨੀ ਤੇ ਮਜ਼ਬੀ ਦਲਿਤ ਜੀਵਨ ਦੇ ਯਥਾਰਥਕ ਤੇ ਮਨੋ-ਇਛਤ ਧਰਾਤਲਾਂ ਦੀ ਦੋਹਰੀ ਪੁੱਠ ਦੇ ਕੇ ਉਸਾਰਿਆ ਗਿਆ ਹੈ। ਲੰਬੜਦਾਰ, ਜਥੇਦਾਰ ਤੇ ਜੈਲਦਾਰ ਸਾਡੇ ਏਸ ਅਖੌਤੀ ਵਧੀਆ ਦਸੇ ਜਾਂਦੇ ਪੇਂਡੂ ਜੀਵਨ ਵਿਚਲੀ ਤਕੜੀ, ਅਮੀਰ ਸ਼੍ਰੇਣੀ ਦੀ ਪ੍ਰਤੀਕ ਧਿਰ ਹੈ; ਆਪਣੀ ਧੌਂਸ, ਮਾਰਾਂ, ਧੱਕਿਆਂ, ਗੁੱਪਤ ਤੇ ਸਾਜ਼ਿਸ਼ੀ ਮਨੋਰਥਾਂ, ਜੁਗਤਾਂ ਸਮੇਤ ! ਅਮਾਨਵੀਕ੍ਰਿਤ ਹੋ ਚੁੱਕੀ ਤਾਕਤਵਰ ਧਿਰ ; ਜੋ ਹਰ ਦੂਜੇ ਦਾ ਜੀਣਾ ਮੁਹਾਲ ਕਰੀ ਜਾਂਦੀ ਹੈ। ਏਹਨਾਂ ਸੱਚਾਂ ਤੇ ਇਹਨਾਂ ਦੁਆਲੇ ਫੈਲਾਏ ਰਹੱਸਾਂ, ਓਹਲਿਆਂ, ਜਾਲਾਂ ਦੀ ਬਹੁਤ ਦਿਲ ਕੰਬਾਊ ਦਾਸਤਾਨ ਹੈ।

**ਲੇਖਕ**

### ਸਥਾਪਤ ਬਿੰਬ ਨੂੰ ਨਵਾਂ ਵਿਸਥਾਰ

ਜਸਵਿੰਦਰ ਸਿੰਘ ਦਾ ਨਾਂ ਪ੍ਰਬੁੱਧ ਪੰਜਾਬੀ ਸਾਹਿਤ ਚਿੰਤਕਾਂ ਵਿਚ ਸ਼ੁਮਾਰ ਹੁੰਦਾ ਹੈ। ਉਸ ਨੇ ਮੱਧਕਾਲੀ ਤੇ ਆਧੁਨਿਕ ਸਾਹਿਤ ਦੀ ਹਰ ਵੰਨਗੀ ਦਾ ਨਿੱਠ ਕੇ ਅਧਿਐਨ ਕੀਤਾ ਹੈ। ਇਸ ਅਧਿਐਨ ਤੇ ਅਧਾਰਤ ਉਸਦੀਆਂ ਕਈ ਅਲੋਚਨਾਤਮਿਕ ਤੇ ਸੰਪਾਦਿਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਕਹਾਣੀ ਰਚਨਾ ਰਾਹੀਂ ਉਸ ਨੇ 'ਆਲੋਚਕ' ਵਜੋਂ ਸਥਾਪਤ ਆਪਣੇ ਬਿੰਬ ਨੂੰ ਇਕ ਨਵਾਂ ਵਿਸਥਾਰ ਦਿੱਤਾ ਹੈ। 'ਖੂਹ ਖਾਤੇ ' ਤੇ 'ਘਰ ਦਾ ਜੀਅ' ਉਸ ਦੇ ਚਰਚਿਤ ਕਹਾਣੀ ਸੰਗ੍ਰਹਿ ਹਨ। 'ਘਰ ਦਾ ਜੀਅ' ਜਸਵਿੰਦਰ ਸਿੰਘ ਦੀ ਸ਼ਾਹਕਾਰ ਕਹਾਣੀ ਹੈ। ਇਸ ਕਹਾਣੀ ਦਾ ਮੁੱਖ ਪਾਤਰ 'ਸਰਾਜ' ਕਹਾਣੀਕਾਰ ਦੀ ਅਧਧਾਰਣ ਪਾਤਰ ਸਿਰਜਣ ਪ੍ਰਤਿਭਾ ਦਾ ਜਿਉਂਦਾ ਜਾਗਦਾ ਸਬੂਤ ਹੈ। ਇਸ ਪਾਤਰ ਵਿਚੋਂ ਹੁਕਮਰਾਨ ਵਰਗਾ ਦੁਆਰਾ ਨਿੰਜੀ ਸਵਾਰਥਾਂ ਦੀ ਪੂਰਤੀ ਲਈ ਵਰਗਲਾਈ ਹੋਈ ਮਾਸੂਮ ਲੋਕਾਈ ਦਾ ਬਿੰਬ ਸਹਿਜੇਂ ਹੀ ਰੂਪਮਾਨ ਹੋ ਜਾਂਦਾ ਹੈ। ਅਜਿਹਾ ਪਾਤਰ ਕਿਸੇ ਸਮੇਂ ਰੂਸੀ ਨਾਵਲਕਾਰ ਇਵਾਨ ਤੁਰਗਨੇਵ ਨੇ ਆਪਣੇ ਛੋਟੇ ਜਿਹੇ ਨਾਵਲ 'ਮੱਮੂ' ਵਿਚ ਸਿਰਜਿਆ ਸੀ।

**ਸੰਪਾਦਕ**

ਸਵੇਰੇ ਸਾਝਰੇ ਠੱਠੀ ਦੀ ਤੰਗ ਵਿੰਗ ਤੜਿੰਗੀ ਗਲੀ 'ਚ ਬੰਨੀਆਂ ਕੱਟੀਆਂ ਵੱਛੀਆਂ ਦੀਆਂ ਗੰਦੀਆਂ ਬੂਥੀਆਂ ਤੇ ਪਿਸ਼ਾਬ ਨਾਲ ਲਬਰੇਜ਼ ਪੂਛਾਂ ਤੋਂ ਬਚਦੀ ਬਚਾਉਂਦੀ ਸਰਦਾਰਨੀ ਤੇਜ਼ ਕੌਰ ਕਰਮੇ ਦੇ ਘਰ ਵਲ ਨੂੰ ਛੂਹਲੇ ਕਦਮੀਂ ਤੁਰੀ ਜਾ ਰਹੀ ਸੀ। ਗਾਮੇ ਕਿਆਂ ਦੇ ਘਰੇ ਮਿਰਚਾਂ ਤੋੜਨ ਦਾ ਸੁਨੇਹਾ ਲਾ ਕੇ ਹੁਣ ਉਹ ਕਰਮੇ ਘਰੇ ਸਰਾਜਦੀਨ ਨੂੰ ਤਾਕੀਦ ਕਰਨ ਜਾ ਰਹੀ ਸੀ। ਸਉਣ ਦੀ ਝੜੀ ਪਿਛੋਂ ਕੜਾਕੇ ਦੇ ਕਲ੍ਹ ਲਗੇ ਦਿਨ ਕਰ ਕੇ ਠੱਠੀ ਦੀ ਨੱਕ ਸਾੜਵੀਂ ਸੜਾਂਦ ਤੋਂ ਹੋਰ ਬਚਣ ਲਈ ਸਰਦਾਰਨੀ ਨੇ ਨੱਕ ਅੱਗੇ ਤਾਇਨਾਤ ਚੁੰਨੀ ਨੂੰ ਉਂਗਲਾਂ ਸਮੇਤ ਨਾਸਾਂ ਵਿਚ ਹੋਰ ਤੂਸੜਿਆ। ਸੱਜੇ ਹਥ ਨਾਲ ਸਲਵਾਰ ਦੇ ਪਹੁੰਚਿਆਂ ਨੂੰ ਪਿਸ਼ਾਬ ਭਰੇ ਗੰਦੇ ਚਲਿਆਂ ਤੋਂ ਬਚਾਉਂਦੀ ਉਹ ਅੰਦਰਲੀ ਹਵਾੜ ਕਢਦੀ ਰਹੀ, 'ਏਨਾਂ ਮੱਛਰੀਆਂ ਕਮਜਾਤਣਾਂ ਦੀ ਹਵਾ ਵੀ ਖ਼ਰਾਬ ਹੋਈ ਪਈ ਆ। ਜੇ ਏਹ ਹਰਾਮੀ ਸਰਾਜ ਮਿਰਚਾਂ ਤੋੜਨ ਨਾ ਅਪੜੇ ਤਾਂ ਆਨੇ ਬਹਾਨੇ ਖਿਸਕ ਜਾਣਗੀਆਂ.. .. ਹਰਾਂਬੜਾਂ!.. .. ਕੰਮ ਨੂੰ ਤਾਂ ਏਸ ਕੁਜਾਤ ਦਾ ਵਢਿਆ ਰੂਹ ਨੀ ਕਰਦਾ ਤੇ ਉਧਰ ਜੋਧੇ ਦਾ ਬਾਪੂ.. ਏਹਨੂੰ ਤੇ ਗੁਰਦਵਾਰੇ ਕਥਾ ਝਾੜਨ ਲਈ ਰੱਖੋ.. ਤੇ ਜਾਂ ਬੱਸ ਜ਼ਮੀਨ ਖਰੀਦਣ! ਸਭ ਮੇਰੇ ਹੱਡਾਂ ਦਾ ਖੌਅ.. ਬਹੁਤਾ ਕਲਪੋ ਤਾਂ ਪੁੱਤ ਨੂੰ ਕਹੂ.. 'ਰਣਜੋਧ ਸਿੰਘ.. ਕਰੀਂ ਕਲ੍ਹ ਨੂੰ.., ਆਪ ਵਿਹਲਾ ਹੋ ਜੂ, ਅੱਗੋਂ ਜੋਧਾ.. ਨੌਕਰ ਨੂੰ ਹੁਕਮ ਚਾੜ੍ਹ ਦੂ.. ਭਲਾ ਏਹ ਜਾਤ ਨੌਕਰਾਂ ਦੇ ਕਹੇ.. ਏਹ ਨਖਾਫ਼ਣੀਆਂ ਮਿਰਚਾਂ ਬੀਜਣ ਨੀ ਦੇਣੀਆਂ ਅਗਲੇ ਵਰ੍ਹੇ.. ਪਰ ਬੰਦਾ ਕਰੇ ਕੀ., ਹਾੜੀ ਦੀ ਹੋਰ ਫ਼ਸਲ ਜੈਖਾਣੀ ਕੇਹੜੀ ਆ, ਜੋ ਚਾਰ ਪੈਸੇ ਛੱਡੇ.. ਏਹ ਤਾਂ ਫੇ ਵੀ ਮਰ ਖੱਪ..।'

ਮਨ ਦੀਆਂ ਤਲਖ਼ੀਆਂ ਲਾਲਚਾਂ ਦੀ ਉਧੇੜ ਬੁਣ 'ਚ ਤੇਜ਼ ਕੌਰ ਗਲੀ 'ਚੋਂ ਕਰਮੇ ਦੇ ਬਿਨ ਕੰਧੋਂ ਬਿਨਾਂ ਫਾਟਕੋਂ ਵਿਹੜੇ ਵਲ ਮੁੜੀ ਤਾਂ ਉਸਦੀ ਨਜ਼ਰ ਅਲਾਣੀ ਟੁੱਟੀ ਫੁੱਟੀ ਮੁੰਜ ਦੀ ਮੰਜੀ 'ਤੇ ਬੈਠੇ ਨਿਰਣੇ ਕਾਲਜੇ ਹੁੱਕੇ ਨੂੰ ਚੰਬੜੇ ਕਰਮੇ 'ਤੇ ਪਈ, 'ਹੇਖਾਂ ਸਰਦਾਰਾ ਤਖ਼ਤ 'ਤੇ ਚੜ੍ਹਿਆ ਬੈਠਾਂ, ਚੁੰਘਣ ਡਿਐਂ ਕੁਛ ਲਗਦੇ ਨੂੰ.. ਹੈ ਏਹਨਾਂ ਨੂੰ ਕੋਈ ਫ਼ਿਕਰ..।'

ਏਨੇ ਸਾਝਰੇ ਘਰ ਆਈ ਸਰਦਾਰਨੀ ਨੂੰ ਵੇਖ ਕਰਮੇ ਨੇ ਹੌਲੀ ਜਹੇ ਹੁੱਕੇ ਦੀ ਨਲੀ ਸੱਜੇ ਹੱਥ ਨਾਲ ਪਰੇ ਨੂੰ ਖਸਕਾਈ ਤੇ ਹੀਂਅ ਤੇ ਖੱਬੇ ਹੱਥ ਤੇ ਖੁਸਦੇ ਜਿਸਮ ਦਾ ਵਜ਼ਨ ਤੋਲਦਾ ਤੋਲਦਾ, ਕੁਝ ਖੜਾ ਹੁੰਦਾ, ਆਜ਼ਜੀ ਨਾਲ 'ਸਾ ਸਰੀ ਕਾਲ' ਬੁਲਾਉਣ ਲੱਗਾ।

ਵਿਹੜੇ 'ਤੇ ਤੇਜ਼ ਨਜ਼ਰ ਘੁੰਮਾਉਂਦਿਆਂ, ਪਰੇ ਮੰਜੇ 'ਤੇ ਸੁੱਤੇ ਪਏ ਸਰਾਜ ਨੂੰ ਤਾੜਦਿਆਂ, ਬੜੇ ਤੇਹੁ ਤੇ ਤਪਾਕ ਨਾਲ ਸਰਦਾਰਨੀ ਕਰਮੇ ਨੂੰ ਨਹੋਰੇ ਨਾਲ ਕਹਿਣ ਲੱਗੀ, 'ਤੂੰ ਤਾਂ ਸਿਆਣੈਂ ਕਰਮਿਆਂ.. ਏਹਨੂੰ ਸਮਝਾਇਆ ਕਰ ਬੁਧ ਵਲੇਟ ਨੂੰ। ਕਲ੍ਹ ਮੈਂ ਨੌਕਰ ਭੇਜਿਆ, ਏਹ ਬਹੁੜਿਆ ਈ ਨਹੀਂ.. ਚਾਰ ਪੰਜ ਦਿਨ ਊਂ ਝੜੀ ਲਗੀ ਰਹੀ.. ਮਿਰਚਾਂ ਕਿਥੇ ਟੁਟਣੀਆਂ ਸੀ.. ਹੁਣ ਸਾਰਾ ਖੇਤ ਲਾਲੋ ਲਾਲ ਹੋਇਆ ਪਿਐ.. ਸਾਰੇ ਇਕ ਦੂਜੇ ਤੋਂ ਮੂਹਰੇ ਵਾਰੀ ਭੰਨ ਭੱਜੇ ਫਿਰਦੇ ਆ.. ਕੋਈ ਸ਼ਰਮ ਹੈ ਨਾ ਹਯਾ.. ਵਾਰੀ ਸਿਰ ਮਰ ਲੌ.. ਪਰ ਕਾਹਨੂੰ! ਹਾਬੜੀ ਫਿਰਦੀ ਐ ਜਟਵੈੜ ਹਲਕੇ ਕੁੱਤੇ ਆਂਗੂ..' ਕਰਮੇ ਨੂੰ ਦੁਖੜੇ ਸੁਣਾਉਂਦੀ, ਸਮਝੌਤੀਆਂ ਦਿੰਦੀ ਤੇਜ਼ ਕੌਰ ਪੋਲੇ ਪੈਰੀਂ ਸਰਾਜ ਵੱਲ ਗਈ, 'ਸਰਾਜ! ਵੇ ਸਰਾਜ!! ਉਠ ਮੇਰਾ ਸ਼ੇਰ! ਆਹ ਵੇਲਾ ਸੌਣ ਦਾ.. ਨਿਕੰਮਿਆ.. ਚਲ ਛੇਤੀ ਕਰ, ਝੱਬਦੇ ਖੇਤ ਪਹੁੰਚ.. ਮੈਂ ਚਾਹ ਘਲਾਉਂਨੀ ਆਂ.. ਵੇਖੀਂ ਹੋਰਬੇ ਨਾ ਟਿਬਜੀਂ, ਕੁਝ ਲਗਦਿਆ..ਉਠ!'

ਦੋਸ਼ੀਆਂ ਹਾਰ ਆਪਦੇ ਵਿਹੜੇ ਵਿਚ ਖੜੇ ਕਰਮੇ ਨੇ ਸਰਾਜ ਵਲੋਂ ਸਫ਼ਾਈ ਦੇਣੀ ਸੂਰੂ ਕੀਤੀ, ' ਕਾਹਨੂੰ ਸਰਦਾਰਨੀ! ਟਿਵਣਾਂ ਕਿਥੇ ਏਹਨੇ.. ਥੋਡਾ ਤਾਂ ਊਈਂ ਬੜਾ ਤੇਹ ਕਰਦੈ.. ਕਲ੍ਹ ਤਾਂ ਏਦਾਹ ਸਰੀਰ ਭਖਦਾ ਜਿਆ ਰਿਹਾ.. ਪਿਆ ਈ ਰਿਹਾ ਸਾਰਾ ਦਿਨ.. ਅਜ ਆ ਜੂ.. ਪੱਕਾ,' ਫੇਰ ਸਰਾਜ ਨੂੰ ਹਲੂਣਦਿਆਂ, 'ਓ ਸਰਾਜ! ਸਰਾਜ ਓਏ! ਚਲ ਉਠ! ਵੇਖ ਤੇਰੀ ਚਾਚੀ ਜਥੇਦਾਰਨੀ ਆਈ ਖੜੀ ਆ.. ਕੰਜਰਦਿਆ.. ਕਾਨੂੰ ਉਲ੍ਹਾਮੇਂ ਦਵਾਉਨਾ.. ਉਠ!'

ਸਰਦਾਰਨੀ ਨੇ ਉਠਾਉਣ ਤੇ ਪੱਕ ਕਰਨ ਲਈ ਆਪਣੇ ਭਤੀਜੇ ਤੋਂ ਸਿਲ੍ਹੇ ਮੈਲ੍ਹੇ ਖੇਸ ਨੂੰ ਸੱਜੇ ਹੱਥ ਦੇ ਅੰਗੂਠੇ ਨਾਲ ਦੀ ਉਂਗਲ ਨਾਲ ਇਉਂ ਚੌਕਸੀ ਭਰੀ ਦੂਰੀ ਨਾਲ ਮੂੰਹ ਤੋਂ ਸਰਕਾਅ ਪਰੇ ਕੀਤਾ, ਜਿਉਂ ਇਹ ਸੇਕ ਛੱਡਦਾ ਹੋਵੇ।

ਕਰਮੇ ਦੀ ਛੋਟੀ ਨੂੰਹ ਚੁੱਲ੍ਹੇ ਮੂਹਰੇ ਪਤੀਲੀ ਵਿਚ ਪਾਣੀ ਧਰ ਅੱਗ ਬਾਲਣ ਲਈ ਭੂਕਨੇ 'ਚੋਂ ਫੂਕਾਂ ਮਾਰ ਰਹੀ ਸੀ ਤੇ ਧੂੰਏਂ ਦੇ ਬੱਦਲ ਵਿਹੜਾ ਭਰੀ ਜਾ ਰਹੇ ਸਨ। ਹੁੱਕੇ ਦੀ ਮੁਸ਼ਕ ਤੇ ਧੂੰਏਂ ਨੇ ਸਰਦਾਰਨੀ ਦੇ ਸਿਰ ਨੂੰ ਪਹਿਲਾਂ ਹੀ ਚੜ੍ਹ ਰਹੀ ਸੜਾਂਦ ਤੇ ਬਦਬੂ ਨਾਲ ਹਾਲੋਂ ਬੇਹਾਲ ਕਰ ਛਡਿਆ ਸੀ। ਉਤੋਂ ਹੱਸਦੀ ਤੇ ਮੋਹ ਵਿਖਾਉਂਦੀ, ਕਰਮੇ ਨੂੰ ਹੋਰ ਪੱਕ ਕਰਦੀ, ਉਹ ਅੰਦਰੋਂ ਡਾਢ੍ਹੀ ਔਖੀ ਘਰ ਮੁੜ੍ਹੀ।

'ਹੇਖਾਂ! ਢੇਡਾਂ ਕਿਸੇ ਥਾਂ ਦੀਆਂ। ਰੱਬਾ ਤੇਰਾ ਸ਼ੁਕਰ ਆ.. ਭੁੱਖੀ ਨੰਗੀ ਏ ਝੜੰਮ.. ਤਦ ਵੀ ਕੇਹੜੀ ਮਾਨ ਆ.. ਜੇ ਕਿਤੇ ਰੱਜੀ ਪੁੱਜੀ ਹੁੰਦੀ ਜੀਣ ਦਿੰਦੀ ਕਿਸੇ ਨੂੰ..ਤੇ ਹੋਰ ਵੀ ਮਨੋ ਮਨੀ ਕਈ ਤਰ੍ਹਾਂ ਦੇ 'ਰੱਬ ਦੇ ਸ਼ੁਕਰ' ਕਰਦੀ ਸਰਦਾਰਨੀ ਤੇਜ਼ ਕੌਰ ਨੇ ਆਪਣੇ ਵੱਡੇ ਲੋਹੇ ਦੇ ਗੇਟ ਵਿਚਲੀ ਨਿੱਕੀ ਖਿੜਕੀ ਨੂੰ ਟੱਪਿਆ ਤੇ ਡਿਉੜੀ ਵਿਚ ਪਹੁੰਚ ਲੰਮਾ ਸਾਰਾ ਸੁੱਖ ਦਾ ਸਾਹ ਲਿਆ।

ਲਾਣੇ ਵਾਲੇ ਘਰਾਂ ਦੀ ਕੋਈ ਕੋਈ ਚੋਣੀ ਖੇਤ ਪਹੁੰਚਣ ਲੱਗੀ। ਰਹਿੰਦੀਆਂ ਨੇ ਰੋਟੀ ਟੁੱਕ ਪਕਾਅ ਕੇ ਆਈ ਜਾਣਾ ਸੀ। ਜਦੋਂ ਸਰਾਜ ਪਹੁੰਚਿਆ, ਅਗੇਤੀਆਂ ਆਈਆਂ ਚੋਣੀਆਂ ਆਪਣੀਆਂ ਧਰੀਆਂ ਪਾਲਾਂ ਖੇਤ ਦੇ ਅੱਧ ਤੀਕ ਤੋੜ ਚੁਕੀਆਂ ਸਨ। ਸਰਦਾਰਨੀ ਨੇ ਆਪਣੀ ਦੋ ਕੁ ਬਾਲਟੀਆਂ ਪਾਈ ਹੋਈ ਬੋਰੀ ਸਰਾਜ ਹਵਾਲੇ ਕਰਦਿਆਂ ਸਵਾਗਤ ਕੀਤਾ ਤੇ ਨਾਲ ਈ ਮਲਕੜੇ ਜਹੇ ਚਾਹ ਦਾ ਡੋਲੂ ਸਰਾਜ ਨੂੰ ਥਮਾਉਂਦਿਆਂ ਮੋਹ ਜਤਾਇਆ, 'ਛੇਤੀ ਪੀ ਲੈ ਠੰਢੀ ਨਾ ਹੋ ਜੇ, ਏਨਾ ਚਰੋਕਣਾ ਆਇਆਂ.. ਆਹੀ ਬੋਰੀ ਲੈ ਲਾ ਤੂੰ ਸਰਾਜ, ਮੈਂ ਹੋਰ ਲਾ ਲੂੰ.. ਤੂੰ ਤਾਂ ਘਰ ਦਾ ਬੰਦੈਂ..।'

'ਹਾਰੋ ਕੁੜੇ! ਘਰ ਵਾਲਾ ਤਾਂ ਸੁਣਿਆ ਸੀ.. ਆਹ ਘਰ ਦਾ ਬੰਦਾ.. ਜਥੇਦਾਰਨੀ ਨਵੀਆਂ ਸ਼ਕੀਰੀਆਂ ਗੰਢੀ ਫਿਰਦੀ ਐ,' ਹੰਸੋ ਨੇ ਟੋਣਾ ਲਾਇਆ।

ਸਰਦਾਰਨੀ ਨੇ ਚੁਰ ਚੁਰ ਕਰਦੀਆਂ ਤਾੜੀਆਂ ਤਾਂ ਉਚੀ ਦੇਣੀ ਹੋਕਰਾ ਮਾਰਿਆ, 'ਨੀ ਗਿਆਨੋ, ਕੁੜੇ ਹੰਸੋ.. ਸਵੇਰੇ ਸਵੇਰੇ ਕਿਹੜੀ ਰਮੈਣ ਛੋਹਲੀ ਕੁਛ ਲਗਦੀਉ.. ਟਕਾਅ ਰੱਖੋ..ਛੋਹਲੇ ਛੋਹਲੇ ਮਾਰੋ ਹੱਥ.. ਫੇਰ ਢੇਰੀਆਂ ਤੋਂ ਝਗੜੋਗੀਆਂ..।'

ਸਰਾਜ ਖੇਤ ਦੀ ਵੱਟ ਕੋਲੋਂ ਨਵੀਂ ਪਾਲ ਧਰਨ ਲਗਾ ਤਾਂ ਹੰਸੋ ਨੇ ਬੁਲਾਵਾ ਦਿਤਾ, 'ਵੇ ਸਰਾਜੜਿਆ! ਅੱਗੇ ਆ ਜਾ.. ਧਰਲੀਆਂ ਥੀ ਤੇਰੀਆਂ ਵੀ ਪਾਲਾਂ.. ਆਹ ਗਿਆਨੋ ਤਾਂ ਸਵੇਰ ਦੀ.. ਕਿੱਥੇ ਕੱਲਾ ਜਮਕਦਾ ਰਹੇਂਗਾ?.. ਆ ਜਾ (ਹੌਲੀ ਜਹੇ) ਮੇਰਾ ਪੁੱਤ। ਸਾਥੋ ਸਾਥ ਤੁਰੇ ਚਲਾਂਗੇ.. ਤੇ ਸਰਾਜ ਸਰਦਾਰਨੀ ਵਲ ਵੇਖਦਾ ਬਾਲਟੀ ਚੁੱਕੀ ਦੂਜੀਆਂ ਚੋਣੀਆਂ ਵਿਚਕਾਰ ਜਾ ਸਜਿਆ। ਸਰਦਾਰਨੀ ਤੋਂ ਹਾਸਾ ਠੱਲਿਆ ਨਾ ਗਿਆ, 'ਇਸੇ ਲਈ ਤਾਂ ਹਰਾਮਣਾਂ ਰੱਸੇ ਤੁੜਾਉਂਦੀਆਂ ਨੇ।'

ਛੇਕੜਲੇ ਸਾਉਣ ਦੇ ਮੀਂਹ ਪਿਛਲੇ ਚੁਮਾਸੇ ਦਾ ਖਿੜਿਆ ਦਿਨ ਸੀ।

ਸਾਫ਼ ਅਸਮਾਨ ਵਿਚੋਂ ਸੂਰਜ ਚੜ੍ਹਦਿਆਂ ਈ ਅੱਗ ਵਰ੍ਹਾਉਣ ਲੱਗਾ। ਸਿਲ੍ਹੀ ਧਰਤੀ ਦੀ ਹਵਾੜ 'ਤੇ ਹੁੰਮਸ ਨੇ ਸਭ ਨੂੰ ਮੁੜਕੋਂ ਮੁੜਕੀ ਕਰ ਦਿਤਾ। ਚੋਣੀਆਂ ਸਿਰਾਂ ਤੇ ਚੁੰਨੀਆਂ ਦੇ ਮੜਾਸੇ ਮਾਰੀ, ਸਿਰ ਸੁੱਟੀ ਹੱਥ ਲੂੰਹਦੀਆਂ ਮਿਰਚਾਂ ਨੂੰ ਤੋੜ ਤੋੜ ਬਾਲਟੀਆਂ 'ਚ ਸੁਟੀ ਜਾਂਦੀਆਂ। ਭਰੀਆਂ ਬਾਲਟੀਆਂ ਨੂੰ ਬੋਰੀਆਂ ਟੋਕਰਿਆਂ ਵਿਚ ਉਲੱਦ ਆਉਂਦੀਆਂ। ਚੁੰਨੀਆਂ ਨਾਲ ਤਤੀਰੀਆਂ ਹਾਰ ਵਗਦੇ ਮੁੜਕੇ ਨੂੰ ਮੂੰਹ ਤੇ ਧੌਣ ਤੋਂ ਪੂੰਝ ਲੈਂਦੀਆਂ-ਪਰ ਮੁੜਕਾ ਸਿਰ ਤੋਂ ਵਹਿੰਦਾ ਪੈਰਾਂ ਤੀਕ ਚੋਂਦਾ ਰਹਿੰਦਾ ਤੇ ਕੱਪੜੇ ਭਿਉਂ ਰੱਖਦਾ-ਸਾਰੇ ਅੰਗ ਤਰ ਬਤਰ ਕਰੀ ਰਖਦਾ। ਜਦ ਕਦੇ ਸੜੀ ਗਲੀ ਮਿਰਚ ਵਾਲਾ ਹੱਥ ਨੱਕ ਮੂੰਹ 'ਤੇ ਲੱਗ ਜਾਂਦਾ ਤਾਂ ਚਮੜੀ ਚੋਂ ਲੂੰਹਵੀਂ ਟੀਸ ਉਠ ਪੈਂਦੀ। ਉਹ ਥਾਂ ਖੁਰਕ ਖੁਰਕ ਲਾਲ ਹੋ ਜਾਂਦੀ, ਧੱਫੜ ਪੈ ਜਾਂਦੇ। ਮਿਰਚਾਂ ਤੋੜਨ ਦਾ ਏਹੀ ਪੁਆੜਾ ਸੀ। ਮਿਰਚਾਂ ਤੋੜਨਾ ਤਾਂ ਜਾਨ ਦਾ ਖੌਅ ਹੁੰਦੈ। ਉਤੋਂ ਸਾਉਣ ਭਾਦੋਂ ਦੀ ਲੂੰਸਵੀਂ ਧੁੱਪ, ਥੱਲਿਉਂ ਮਿੱਟੀ ਦੀ ਭੜਾਸ ਤੇ ਜ਼ਖ਼ਮਾਂ 'ਤੇ ਲੂਣ ਕਾਹਨੂੰ ਮਿਰਚਾਂ ਦੇ ਲੜਨ ਦੀ ਜ਼ਹਿਮਤ। ਪਾਣੀ ਪੀ ਪੀ ਚੋਣੀਆਂ ਵਕਤ ਟਪਾਉਂਦੀਆਂ, ਹਾਲੋਂ ਬੇਹਾਲ ਹੋਈਆਂ ਰਹਿੰਦੀਆਂ। ਕਈਆਂ ਦੇ ਨਿੱਕੇ ਜੁਆਕ ਖੇਤ ਬੰਨੇ ਲਾਈ ਡੇਕ ਜਾਂ ਟਾਹਲੀ ਥੱਲੇ ਸੁੱਤੇ ਰਹਿੰਦੇ, ਲਿੱਟਦੇ ਲਿਬੜਦੇ, ਰੋਂਦੇ ਰਹਿੰਦੇ ਤੇ ਥੋੜ੍ਹਾ ਵੱਡਾ ਪੂਰ ਮਾਵਾਂ ਤੇ ਛਾਵਾਂ ਵਿਚਾਲੇ ਡੰਡੀਆਂ ਕੱਛਦਾ ਰਹਿੰਦਾ, ਸਨੇਹੇ ਦਿੰਦਾ ਝਿੜਕਾਂ ਛੱਕਦਾ ਰਹਿੰਦਾ। ਗਲੀਆਂ ਮਿਰਚਾਂ ਨਾਲ ਪੈਰ ਸਾੜਦਾ ਗਾਲਦਾ ਰਹਿੰਦਾ ਤੇ ਮਿਰਚਾਂ ਦੀ ਲੂੰ ਨੂੰ ਖੁਰਕ ਖੁਰਕ ਦੂਰ ਕਰਦਾ ਮੂੰਹ ਹੱਥ ਵਲੂੰਧਰਦਾ ਰਹਿੰਦਾ।

ਮੁਟਿਆਰਾਂ ਕੋਈ ਨਾ ਕੋਈ ਵਾਰਤਾ ਛੇੜੀ ਰਖਦੀਆਂ.. ਮਖੌਲਾਂ ਕਲੋਲਾਂ ਝੋੜੇ ਕਰਦੀਆਂ ਦਿਨ ਟਪਾ ਲੈਂਦੀਆਂ। ਮਿਆਣੀਆਂ ਜੀਆ-ਜੰਤ ਵਾਲੀਆਂ ਮਿਰਚਾਂ ਤੋੜਨਾ ਵਿਚੇ ਛੱਡ, ਕਦੇ ਜੁਆਕ ਨੂੰ ਛਾਵੇਂ ਜਾਂ ਦੁੱਧ ਚੁੰਘਾਉਣ ਦਮ ਮਾਰਨ ਲਗਦੀਆਂ ਤੇ ਵਿਚੇ ਘਰੇ ਰੋਟੀ ਪਾਣੀ ਦੇ ਇੰਤਜ਼ਾਮ ਨੂੰ ਚੱਕਰ ਮਾਰਦੀਆਂ। ਸਰਦਾਰਨੀ ਬਾਜ਼ ਅੱਖ ਨਾਲ ਸਭ ਦਾ ਖ਼ਿਆਲ ਰੱਖਦੀ। 'ਏਹਨਾ ਦਾ ਕੀ ਐ-ਜ਼ਮਾਨਾ ਕਿਥੇ ਐ ਕਿਸੇ 'ਤੇ ਭਰੋਸੇ ਦਾ। ਘਰ ਨੂੰ ਰੋਟੀ ਚਾਹ ਬਣਾਉਣ/ਲੈਣ ਜਾਂਦੀ ਕੋਈ ਭਾਂਡਿਆਂ 'ਚ ਮਿਰਚਾਂ ਈ ਨਾ ਭਰ ਲਿਜਾਵੇ। ਹੋਰ ਨੀ ਮੱਕੀ 'ਚ ਉਰੇ ਪਰੇ ਰੱਖ, ਨੇਰ੍ਹੇ ਸਵੇਰੇ ਚੱਕ ਲਿਜਾਵੇ। ਹੋਰ ਨੀ ਤਾਂ ਦੂਜੇ ਦੀ ਬੋਰੀ ਟੋਕਰੇ ਨੂੰ ਈ ਸੰਨ੍ਹਾ ਲਾ ਲਵੇ।' ਮਜ਼ਹਬਣਾਂ ਤਾਂ ਕੀ, ਉਹ ਤਾਂ ਆਂਢਣਾਂ ਗਵਾਂਢਣਾਂ ਦਾ ਵੀ ਵਸਾਹ ਨਾ ਖਾਂਦੀ।

ਸਰਦਾਰਨੀ ਦੀ ਨਿੱਕੀ ਗੇਜੋ ਉਰਫ਼ ਗੁਰਮੇਜ਼ ਕੌਰ ਛਾਹ ਵੇਲਾ ਲੈ ਕੇ ਆਈ। ਗਾਮੇ ਦੀ ਹੰਸੋ ਨੇ ਟੀਰੀ ਟੀਰੀ ਝਾਕਦਿਆਂ ਪਹਿਲਾਂ ਗੇਜੋ ਦਾ ਪੂਰਾ ਮੇਚਾ ਲਿਆ। ਐਨ ਐਕਸਰੇ ਕੀਤਾ ਅੰਦਰੋਂ ਬਾਹਰੋਂ.. ਤੇ ਫੇਰ ਨਾਈਆਂ ਦੀ ਪਾਲੋ ਵੱਲ ਨੂੰ ਸਿਰ ਝੁਕਾਉਂਦੀ ਧੀਮੇ ਜਹੇ ਫੁਸਫਸਾਈ, 'ਆਹ ਗੋਜੋ ਵੀ ਅਜਕਲ ਮੋਢਿਆਂ ਤੋਂ ਦੀ ਥੁੱਕਦੀ ਆ ਕੁੜੇ.. ਏਹ ਵੀ ਲੱਟੂ ਆ.. ਐਸ ਰਾਂਝੇ 'ਤੇ। ਉਸ ਰੋਟੀ ਖਾਣ ਤੁਰੇ ਜਾਂਦੇ ਸਰਾਜ ਨੂੰ ਜ਼ਿਬਾਹ ਕਰ ਦੇਣ ਵਾਲੀ ਨਜ਼ਰ ਨਾਲ ਤੱਕਿਆ। ਉਸੇ ਸਾਹ ਉਚੀ ਦੇਣੀ ਸਰਦਾਰਨੀ ਲੂੰ ਸੁਣਾ ਕੇ ਕਹਿਣ ਲਗੀ, 'ਭਲਾ ਜੇ ਸਰਦਾਰਨੀ, ਸਭ ਨੂੰ ਖੁਆ ਦਵੇਂ ਰੋਟੀ.. ਦੂਣਾ ਨਿਬੜ ਜੇ।'

ਤੇਜ ਕੌਰ ਏਦੂੰ ਵੀ ਵੱਡਾ ਸਕੂਲ ਪਾਸ ਸੀ। ਉਹਨੂੰ ਪਤਾ ਸੀ ਕਦੋਂ ਠੋਕ ਕੇ ਜਵਾਬ ਦੇਣੈਂ ਤੇ ਕਦੋਂ ਜੀਭ ਮਲਣੀ ਆ।

ਗੇਜੋ ਬਾਲਟੀ ਚੁੱਕ ਕੇ ਪਾਲਾਂ ਵੱਲ ਨੂੰ ਤੁਰਨ ਲੱਗੀ ਤਾਂ ਸਰਦਾਰਨੀ ਨੇ ਵਰਜਿਆ। ਵੇਲੇ ਸਿਰ ਦੁਪਹਿਰ ਵੇਲਾ ਘੱਲਣ ਦੀ ਤਾਕੀਦ ਕੀਤੀ। ਜੋਧੇ ਦੀ ਦਿਤੀ ਚੇਤਾਵਨੀ ਉਸ ਚੇਤੇ ਸੀ। 'ਏਸ ਕੁਤੀੜ ਜਾਤ ਦਾ ਕੀ ਆ-ਪਿਛੋਂ ਕੀਹਨੇ ਪੁੱਛਣਾ.. ਤੇ ਰੱਬ ਨਾ ਕਰੇ..' ਅਗੇ ਚਿਤਾਰਨੇ ਟਾਲਾ ਲਾ ਉਹ ਚੋਣੀਆਂ ਵਲ ਹੋ ਤੁਰੀ।

ਸੂਰਜ ਸਿਰਾਂ ਉਪਰ ਆ ਚੜ੍ਹਿਆ। ਕਾਂ ਅੱਖ ਨਿਕਲਣ ਲੱਗੀ। ਸਰਾਜ ਭਰੀ ਬਾਲਟੀ ਬੋਰੀ 'ਚ ਉਲੱਦ, ਬਾਲਟੀ ਬੋਰੀ ਕੋਲ ਰੱਖ ਬਾਹਰ ਬੈਠਣ ਜਾਂ ਕੁਝ ਹੋਰ ਕਰਨ ਮੱਕੀ ਦੇ ਖੇਤ ਕੰਨੀ ਤੁਰ ਪਿਆ। ਮੀਂਹ ਚੰਗੇ ਪੈਣ ਕਰ ਕੇ ਮੱਕੀ ਲੰਮੀਆਂ ਹਰੀਆਂ ਕਚੂਰ ਲਗਰਾਂ ਛੱਡ ਤੁਰੀ ਸੀ। ਮੱਕੀ ਅਜੇ ਨਿਸਰੀ ਤਾਂ ਨਹੀਂ ਸੀ, ਪਰ ਬੰਦੇ ਦੇ ਸਿਰ ਤੋਂ ਤਾਂਹ ਹੋ ਗਈ ਸੀ। ਬੰਨਿਆਂ ਤੇ ਬਾਜਰੇ ਤੇ ਚਰੀ ਦੀ ਓਰੀ ਸੰਘਣੀ ਤੇ ਉਚੀ ਹੋ ਮੱਕੀ ਦੇ ਖੇਤ ਨੂੰ ਘੇਰੀ ਬੈਠੀ ਸੀ। ਸਰਾਜ ਪਹਿਲਾਂ ਮੱਕੀ ਤੋਂ ਮਿਰਚਾਂ ਦੀ ਸਾਂਝੀ ਵੱਟ ਤੇ ਤੁਰਦਾ ਗਿਆ ਤੇ ਕਾਫ਼ੀ ਦੂਰ ਜਾ ਕੇ ਦੂਜੇ ਪਾਸੇ ਮੱਕੀ ਦੇ ਖੇਤ ਵਿਚ ਵੜ ਗਿਆ। ਲਿਸ਼ਕਵੀਂ ਲੂਸਵੀਂ ਧੁੱਪ ਦੀ ਮਾਰ ਤੋਂ ਬਚਦੀਆਂ ਸਭੇ ਚੋਣੀਆਂ ਸਿਰ ਸੁੱਟੀ ਮਿਰਚਾਂ ਦੁਆਲੇ ਹੋਈਆਂ ਪਈਆਂ ਸਨ। ਮੁੜਕਾ ਪੂੰਝਦਿਆਂ ਅਚਾਨਕ ਹੰਸੋ ਨੇ ਵੇਖਿਆ.. ਪਾਲ ਵਿਚ ਸਰਾਜ ਨਹੀਂ ਸੀ ਤੇ ਉਸ ਨੇ ਤੋਤੇ ਅੱਖ ਘੁੰਮਾਈ। ਗਿਆਨੋ ਵੀ ਗ਼ਾਇਬ ਸੀ। ਉਸ ਲੱਗੀ ਅਚਵੀ ਵਿਚ ਬਿਨ ਬੋਲੇ ਆ ਪਾਸ ਨਜ਼ਰ ਦੁੜਾਈ। ਜੁਆਕ ਛਾਵੇਂ ਸੁੱਤੇ ਪਰਚੇ ਗਏ ਸਨ। ਸਭੇ ਤੁੜਾਵੀਆਂ ਧੁੱਪ ਲੂਸੇ ਚਿਹਰੇ ਨਿਵਾਈ ਅੱਧ ਬੈਠੀਆਂ ਮਿਰਚਾਂ ਤੋੜਨ ਵਿਚ ਰੁਝੀਆਂ ਪਈਆਂ ਸਨ। ਹੰਸੋ ਕਿਸੇ ਅੰਦਰਲੇ ਵੇਗ ਵਿਚ ਆਈ, ਅੱਧ ਭਰੀ ਬਾਲਟੀ ਲੈ ਉਠ ਤੁਰੀ। ਵੱਟ ਕੋਲ ਜਾ ਕੇ ਉਸ ਬਾਲਟੀ ਖ਼ਾਲੀ ਕੀਤੀ। ਨੇੜਲੀ ਬੋਰੀ ਵਿਚੋਂ ਦੋ ਬਾਲਟੀਆਂ ਭਰ ਆਪਣੀ ਬੋਰੀ ਵਿਚ ਉਲੱਦ ਉਹਨੀਂ ਪੈਰੀਂ ਮੁੜ ਆਈ। ਪਾਲ 'ਚ ਸਿਰ ਘਸੋਅ ਮਿਰਚਾਂ ਤੋੜਨ ਲਗੀ।

ਪੰਦਰਾਂ ਵੀਹਾਂ ਮਿੰਟਾਂ ਪਿਛੋਂ ਸਰਾਜ ਪਰਨਾਨੁਮਾ ਪੱਗ ਸੂਤ ਕਰਦਾ, ਮੁੜਕੇ ਨਾਲ ਨੁਚੜਦਾ, ਮੱਕੀ ਦੇ ਖੇਤੋਂ ਬਾਹਰ ਨਿਕਲਿਆ। ਆਪਦੀ ਬੋਰੀ ਕੋਲ ਅਪੜ ਉਹ ਬਾਲੀਟੀ ਚੁੱਕਣ ਲਈ ਝੁਕਿਆ ਤੇ 'ਅਸਲ ਮਾਜਰਾ' ਭਾਂਪ ਰੌਲਾ ਪਾਉਣ ਲਗਾ। ਏਨੇ ਨੂੰ ਗਿਆਨੋ ਵੀ ਦੂਜੇ ਪਾਸਿਉਂ ਮਿਰਚਾਂ ਦੀ ਵੱਟੇ ਆਣ ਚੜ੍ਹੀ। ਉਸਦੀਆਂ ਅੱਖਾਂ ਵਿਚ ਲੂਸਵੀਂ ਧੁੱਪ ਤੇ ਅਕਾਹੀ ਮਿਹਨਤ ਦੀ ਥਾਂ ਦਹਿਕਦਾ ਸਰੂਰ ਸੀ। ਅੱਖਾਂ 'ਚ ਹੁਸਨ ਦੀ ਖੁਮਾਰੀ। ਬੁਲ੍ਹਾਂ ਤੇ ਮਖਮਰੂ ਹਾਸੀ। 'ਏਸ ਸਰਾਜ ਨੂੰ ਐਵੇਂ ਜਹਾਨ ਕੰਵਲਾ ਰੰਵਲਾ ਕਹਿੰਦੈ, ਏਸ ਵਿਚ ਤਾਂ ਕੋਈ ਅਗੰਮੀ ਨੂਰ ਐ, ਲੋਹੜੇ ਦੀ ਜਾਨ-ਮੈਂ ਮਰਜਾਂ.. ਏਹ ਤਾਂ ਜਵੀਂ ਬਲਾ ਐ..' ਤੇ ਆਪਣੀ ਫ਼ਤਹਿ ਦੀ ਖ਼ੁਸ਼ੀ ਨਾਲ ਅਲਸਾਈ ਚੀਕ ਚਿਹਾੜੇ ਤੋਂ ਮੂਲੋਂ

MILLCREEK CLEANERS

We Specialize In:
- Designer Labels
- Wedding Gowns
- Fancy Clothing
- Punjabi Suits
- Downfills, Silks, Wools
- Laundered Shirts
- Alterations

4022 – 50 Street
By Pizza Hut and Marry Browns
780-450-0627
Over 30 Years Combined Experience
Monday - Friday: 7:30am – 6:30pm
Saturday: 9:00 am – 5:00pm

more specials at www.millcreekcleaners.com

Get $10 of free drycleaning
with a minimum of $50.00 of drycleaning
please present this coupon when you drop off your clothing
only one coupon valid per visit

Get $5 of free drycleaning
with a minimum of $25.00 of drycleaning
please present this coupon when you drop off your clothing
only one coupon valid per visit

ਅਟੰਕ ਉਹ ਆਪਦੇ ਰੱਤੇ ਵੇਗ ਵਿਚ ਚੁਪ ਚੁਪੀਤੀ ਆ ਪਾਲ ਵਿਚ ਬੈਠ ਗਈ।

ਸਰਾਜ ਦੀ ਖੱਪ ਸੁਣ ਸਰਦਾਰਨੀ ਟਾਹਲੀ ਛਾਵੇਂ ਮੱਥੇ ਤੇ ਹੱਥ ਰਖੀ, ਚੁੰਨੀ ਸੰਵਾਰਦੀ ਅੱਭੜਵਾਹੇ ਚੋਣੀਆਂ ਵੱਲ ਹੋ ਤੁਰੀ ਤੇ ਸ਼ਰਾਰਤ ਨੂੰ ਭਾਂਪਦੀ ਉਹ ਸਭ ਨੂੰ ਸ਼ਲੋਕ ਸੁਣਾਉਣ ਲੱਗੀ।

'ਨ ਕੌਣ ਗਈ ਹਰਾਮਣ। ਬੋਰੇ ਕੋਲ.. ਖਸਮਾਂ ਪਿੱਟੀ.. ਹੈ ਥੋਨੂੰ ਹਯਾ ਕੋਈ। ਲੋਹੜਾ ਆ ਗਿਐ ਸਿਖਰ ਦੁਪਹਿਰੇ ਡਾਕੇ ਮਾਰਦੀਉਂ.. ਥੋਡਾ ਰਹੇ ਕੱਖ ਨਾ'' , ਪਤਾ ਨੀ ਤੇਜ ਕੌਰ 'ਕਿਸ ਡਾਕੇ' ਨੂੰ ਨੌਲ ਰਹੀ ਸੀ। ਸਭੇ ਚੋਣੀਆਂ ਸਿਰ ਸੁਟੀ ਮਿਰਚਾਂ ਦਵਾਲੇ ਹੋਈਆਂ ਰਹੀਆਂ, ਮਾਨੋ ਕੁਝ ਹੋਇਆ ਹੀ ਨਾ ਹੋਵੇ। ਨਾ ਕਿਸੇ ਸਿਰ ਚੁਕਿਆ.. ਨਾ ਕੋਈ ਕੂਈ।

ਸਰਾਜ ਬਾਲਟੀ ਸੁੱਟ , ਪਿੰਡ ਵੱਲ ਨੂੰ ਹੋ ਤੁਰਿਆ।

''ਨੀ ਫੁੱਟੋ ਕੁਝ.. ਸੱਪ ਸੁੰਘ ਗਿਆ ਸਭ ਨੂੰ । ਉਸ ਵਿਚਾਰੇ ਦੀਆਂ ਸਾਰੀਆਂ ਮਿਰਚਾਂ.. ਕੋਈ ਨਾ ਥੋਡੇ 'ਚੋਂ ਕੱਢੂੰ.. ਵੇ ਸਰਾਜ! ਕਾਹਨੂੰ ਵਿਟਰਦੈਂ ਵੇ ਏਹਨਾਂ ਹਰਾਂਬੜਾ ਕਰਕੇ. ਮੁੜ ਮੇਰਾ ਸ਼ੇਰ! ਏਹਨਾਂ ਨਿਜਹੋਈਆਂ ਨੂੰ ਮੈਂ ਕਰੂੰ ਸਿੱਧਾ.. ਵੇਖਦਾ ਰਹੀ ਤੂੰ.. ਕੋਈ ਨਾ. ਮੈਂ ਆਪ ਪੂਰਾ ਕਰੂੰ.. ਤੇਰਾ ਘਾਟਾ.. ਆ ਜਾ ਮੈਂ ਤੁੜਾਉਣੀ ਆਂ ਤੇਰੇ ਨਾਲ.. ਰਹਿੰਦਾ ਸ਼ਾਮੀ ਕਰ ਦੂੰ ਪੂਰਾ.. ਪਵੇ ਰੱਬ ਦੀ ਮਾਰ .. ਚਲ ਮੁੜ ..,'' ਉਸ ਅਗਲਵਾਂਢੀ ਹੋ ਸਰਾਜ ਨੂੰ ਪਲੋਸ-ਪੁਚਕਾਰ ਮੁੜ ਪਾਲ ਵਿਚ ਲਿਆ ਬਿਠਾਇਆ।

ਸੂਰਜ ਦੇ ਗੋਡੀ ਲਾਉਣ ਤੋਂ ਥੋੜ੍ਹਾ ਪਹਿਲਾਂ ਸਭੇ ਚੋਣੀਆਂ ਆਪੋ ਆਪਣੇ ਬੋਰੇ ਟੋਕਰੇ ਇੰਜ਼ਣ ਦੇ ਬੋਰ ਨੇੜੇ ਲਿਆ ਢੋਏ। ਥਾਊਂ ਥਾਈਂ ਅੱਡ ਅੱਡ ਰੱਖ ਲਏ। ਧੁੱਪ ਲੂਸੇ ਮੂੰਹਾਂ ਤੇ ਧੌਣਾਂ ਤੇ ਚਲ੍ਹੇ ਤੋਂ ਪਾਣੀ ਦੇ ਛਿੱਟੇ ਮਾਰੇ। ਮੁੜਕੇ ਨਾਲ ਗੱਚ ਮੁਸ਼ਕ ਮਾਰਦੀਆਂ ਚੰਨੀਆਂ ਨਾਲ ਰਗੜੇ । ਢੇਰੀਆਂ ਲਈ ਥਾਂ ਛੱਡ ਆਸ-ਪਾਸ ਬੋਰੀਆਂ, ਬਾਲਟੀਆਂ ਮੂਧੀਆਂ ਮਾਰ ਜਾਂ ਥੱਲੇ ਪੱਲਥਾ ਮਾਰ ਬਹਿੰਦੀਆਂ ਗਈਆਂ। ਸਰਦਾਰਨੀ ਤੇਜ ਕੌਰ ਵਾਰੋ -ਵਾਰੀ ਹਰੇਕ ਚੋਣੀ ਦੀਆਂ ਮਿਰਚਾਂ ਦਾ ਢੇਰ ਲਵਾਉਂਦੀ, ਚੁਣ -ਚੁਣ ਮਿਣ -ਮਿਣ ਗਿਣ-ਗਿਣ ਗਿਆਰਾਂ ਢੇਰੀਆਂ ਬਣਾਊਂਦੀ। ਕਿਸੇ ਤੋਂ ਭੋਰਾ ਲਾਹ ਤੇ ਕਿਸੇ ਤੇ ਰੱਖ ਸਾਵੀਆਂ ਕਰਦੀ ਤੇ ਪਾਰਖੂ ਅੱਖ ਨਾਲ ਪੱਕ ਕਰ ਚੋਣੀ ਨੂੰ ਮਰਜ਼ੀ ਦੀ ਢੇਰੀ ਚੁੱਕਣ ਦਾ ਹੁਕਮ ਦਿੰਦੀ। ਜਦੋਂ ਤੁੜਾਵੀ ਨਾਪ -ਤੋਲ ਕੇ ਢੇਰੀ ਚੱਕਦੀ ਤਾਂ ਉਹ ਨਾਲ ਦੀਆਂ ਢੇਰੀਆਂ ' ਚੋ ਵੀ ਅੰਗੂਠੇ ਤੇ ਉਂਗਲਾਂ ਖਿਲਾਰ ਕੇ ਹੂੰਝਾ ਫੇਰਦੀ। ਤੇਜ ਕੌਰ ਮਿਠੀ-ਮਿਠੀ ਝਾੜ ਝੰਬ ਕਰਦੀ, ''ਨੀ ਸ਼ਰਮ ਕਰ ਜੈਵੱਢੇ ਦੀਏ .. ਆਪਣੀ ਢੇਰੀਉ ਚੱਕ.. ਦੂਜੀਆਂ ਤੇ ਹੱਥ ਨਾ ਫੇਰ .. ਠਹਿਰ ਦਸਾਂ ਤੈਨੂੰ..''

ਵਿਚੋਂ ਕੋਈ ਚੋਣੀ ਤੁੜਕਦੀ,''ਸਰਦਾਰਨੀਏ! ਏਹਨੂੰ 'ਜਾਦਾ ਈ ਝੈੱਸ ਆ, ਦੂਜਿਆਂ ਤੇ ਹੱਥ ਫੇਰਨ ਦਾ , ਸਿੰਗ ਚੋਪੜ ਏਹਦੇ ਜ਼ਰਾ..''

''ਨੀ ਤੂੰ ਟਿਕਦੀ ਨੀ.. ਤੇਰੇ ਈ ਨਾ ਚੋਪੜਾਂ ਪਹਿਲਾਂ ..'' ਮੁਸਕਣੀਏ ਹੱਸਦੀ ਜਥੇਦਾਰਨੀ ਉਸੇ ਨੂੰ ਤਾੜਦੀ। ਏਨੀ ਕੁ ਚਲਾਕੀ ਨੂੰ 'ਹਊਂ-ਪਰੇ' ਕਰਨਾ ਸਰਦਾਰਨੀ ਜਾਣਦੀ ਸੀ। ਮਿਰਚਾਂ ਤੁੜਾਉਣੀਆਂ ਕੇਹੜਾ ਸੌਖੀਆਂ ਸਨ।

''ਲੈ ਸਰਦਾਰਨੀ ਵੇਖ ਲਾ, ਫੇ ਨਾ ਕਹੀਂ.. ਤੋੜੇ 'ਚ ਕੀ ਲਕੋ ਲਿਆ?'' ਹੰਸੋ ਨੇ ਖਾਲੀ ਤੋੜਾ ਉਚਾ ਕਰਕੇ ਝਾੜਦਿਆਂ ਨਾਲ ਬੈਠੀਆਂ ਤੇ ਮਿਰਚਾਂ ਦੀ ਭੂਰ ਵਰਸਾਈ। ''ਆਪਾਂ ਤਾਂ ਆਪਦੇ ਕੀਤੇ ਤੇ ਖੁਸ਼ ਆਂ,'' ਤੇ ਨਾਲ ਦੀ ਨਾਲ ਸਰਾਜ ਨੂੰ ਅੱਖ ਮਾਰਦਿਆਂ ਖਿੜ-ਖਿੜਾ ਕੇ ਹੱਸੀ,''ਆਪੋ ਆਪਣੀ ਕਿਸਮਤ''। ਸਭੇ ਚੋਣੀਆਂ ਮੰਦਾ ਬੋਲਦੀਆਂ ਅੱਖ ਮੂੰਹ ਮੱਲਣ ਲਗੀਆਂ।

ਨੌਕਰ ਨਾਲੋਂ ਨਾਲ ਬੋਰੀਆਂ ਭਰੀ ਜਾ ਰਿਹਾ ਸੀ ਤੇ ਪਹੀ 'ਚ ਮੋੜ ਕੇ ਖੜਾਏ ਗੱਡੇ ਤੇ ਰੱਖੀ ਜਾ ਰਿਹਾ ਸੀ।

ਸਭ ਤੋਂ ਪਿੱਛੋਂ ਸਰਾਜ ਨੇ ਆਪਣੀਆਂ ਮਿਰਚਾਂ ਦਾ ਢੇਰ ਆਇਆ। ਸਾਰੀਆਂ ਇਕ ਦੂਜੀ ਵੱਲ ਕੁਨੱਖੀਆਂ ਸ਼ਰਾਰਤੀ ਲਹਿਜ਼ੇ ' ਚ ਝਾਕੀਆਂ ਤੇ ਨਵਾਂ ਮਾਜਰਾ ਦੇਖਣ ਲਈ ਚੁਕੰਨੀਆਂ ਹੋ ਬੈਠੀਆਂ। ਕਈਆਂ ਨੇ ਇਕੋ ਸਾਹੇ ਕਿਹਾ, ''ਹਾਏ ਮੈਂ ਮਰਜਾਂ.. ਤੂੰ ਏਨੀਆਂ ਤੋੜਲੀਆਂ ਕੱਲੇ ਨੇ..''

''ਹੋਰ ਥੋਡੇ ਘਰੋਂ ਲਿਆਂਦੀਆਂ ਵਾਹ,'' ਸਰਾਜ ਨੇ ਚਾਮਲਦਿਆਂ ਮੂੰਹ ਚਿੜਾਇਆ।

''ਬੂਥਾ ਨਾਂ ਭਨਾ ਲੀਂ.. ਗਿਝ ਈ ਗਿਆ ਤੂੰ..'' ਮਿੰਦਰੀ ਭੜਕੀ। ਉਸ ਦੇ ਹੱਥ ਕੁਝ ਵੀ ਨਹੀਂ ਸੀ ਆਇਆ। ਨਾ ਮਿਰਚਾਂ ਨਾ ਸਰਾਜ।

''ਕਾਹਨੂੰ ਸਿੰਗ ਫਸਾਉਦੀਆਂ ਹੋ ਓ ਹਰਾਂਬੜੋ.. ਠੰਢ ਕਰੋ.. ਪਹਿਲਾਂ ਈ ਗਰਮੀ ਨੇ ਸਤਾਇਆ ਪਿਐ,'' ਤੇਜ ਕੌਰ ਨੇ ਤਰੌਂਕਾ ਮਾਰਿਆ। ''ਕਲ੍ਹ ਏਦਾਂ ਈ ਆ ਜਾਣਾ.. ਆਲਸ ਨੀ ਕਰਨਾ। ਹੱਲਾ! ਲੈ ਚੱਕ ਵੇ ਸਰਾਜ , ਜਿਹੜੀ ਚੱਕਣੀ ਆਂ।

''ਵੇ ਭਾਰੀ ਚੱਕਣੀ ਆਂ ਕਿ ਪਤਲੀ,'' ਮਿੰਦਰੀ ਅਜੇ ਵੀ ਵਿਸ ਘੋਲ ਰਹੀ ਸੀ।

''ਪਤਲੀ ਚੱਕ ਲਾ ਸਿਰਾਜੜਿਆ! ਸੌਖਾ ਰਹੇਗਾ,'' ਹੰਸੋ ਨੇ ਗਿਆਨੋ ਵੱਲ ਜੀਭ ਕੱਢਦਿਆਂ ਬਦਲਾ ਲਿਆ।

''ਥੋਡੇ ਮੂੰਹ 'ਚ ਜ਼ਬਾਨ ਨੀ ਪੈਂਦੀ.. ਕੁੜੇ.. ਲੁਤਰ ਲੁਤਰ ਲਾਈ ਆ.. ਕਦੇ ਵੇਲਾ ਕੁਵੇਲਾ ਤੱਕ ਲਿਆ ਕਰੋ.. ਤਕਾਲਾਂ ਸੁ ਦਾ ਵੇਲਾ ਆ.. ਚੱਲ ਚੱਕ ਸਰਾਜ.. ਕੰਮ ਨਿਬੜੇ ।'' ਮਾਲੀ-ਪਟੜੇ ਦੇ ਘੋਲ ਵਾਂਗ ਸਾਰੀਆਂ ਚੋਣੀਆਂ ਘਰੀਂ ਜਾਣ ਦੀ ਕਾਹਲ ਹੁੰਦਿਆਂ ਵੀ ਮਿਚ ਮਿਚ ਕੇ ਬੈਠੀਆਂ ਸਨ। ਖੌਰੇ ਸਾਰੇ ਦਿਨ ਦੀਆਂ ਥੱਕੀਆਂ ਦਮ ਹਾਰ ਰਹੀਆਂ ਸਨ ਜਾਂ ਸਰਦਾਰਨੀ ਵੱਲੋਂ ਸਰਾਜ ਨੂੰ ਦਿੱਤੇ ਜਾਣ ਵਾਲੇ ਲੁਕਵੇ ਗੱਫੇ ਨੂੰ ਭਾਂਪਣਾ ਚਾਹ ਰਹੀਆਂ ਸਨ।

ਸਰਾਜ ਬਹੁਤ ਚੰਗਾ ਕਾਮਾ ਤਾਂ ਸੀ, ਪਰ ਸ਼ਾਇਦ ਉਹ ਏਨਾ ਚਲਾਕ ਨਹੀਂ ਸੀ ਜਾਂ ਖੌਰੇ ਹੋਰ ਬਾਕੀ , ਬਹੁਤੇ ਜ਼ਿੰਮੇਵਾਰ ਉਸ ਨੂੰ ਵਗਾਰੀ ਰਖਦੇ। ਏਹ ਵੀ ਹੋ ਸਕਦੈ ਸਰਾਜ ਏਨਾ ਹਿਸਾਬੀ ਕਿਤਾਬੀ ਨਹੀਂ ਸੀ। ਬਹੁਤੇ ਜੱਟ ਉਸਨੂੰ ਬਣਦੀ ਮਜ਼ਦੂਰੀ ਦੇਣ ਤੋਂ ਟਾਲ-ਮਟੋਲ ਕਰ ਜਾਂਦੇ। ਦੱਬਕੇ ਤੋਂ ਕੰਮ ਲੈਣਾ ਬੇਹਤਰ ਮੰਨਦੇ। ਸਰਾਜ ਦੀ ਸ਼ਰਾਫ਼ਤ ਉਸ ਦੀ ਦੁਸ਼ਮਣ ਬਣ ਬਹਿੰਦੀ ਪਰ ਕਿਤੇ ਕਿਤੇ 'ਚੰਗੀ' ਵੀ ਰਹਿੰਦੀ। ਉਸਦੇ ਤਿੰਨ ਭਰਾ ਵਿਆਹੇ ਵਰ੍ਹੇ ਸਨ। ਦੋ ਉਸ ਤੋਂ ਵੱਡੇ ਸਾਧੂ ਤੇ ਭਗਤਾ ਤੇ ਤੀਜਾ ਛੋਟਾ ਗੁਰਮੁਖ। ਉਂਝ ਉਹ ਸੱਤ ਭਰਾ ਹੁੰਦੇ ਜਾ ਖੌਰੇ ਹੋਰ ਵੀ.. ਜੇ ਤਿੰਨ ਜਣੇਪੇ ' ਚ ਫੌਤ ਨਾ ਹੋ ਗਏ ਹੰਦੇ ਜਾਂ ਸੱਤਵੇਂ ਨੂੰ ਜੰਮਦੀ ਉਸਦੀ ਬੀਬੀ ਵੀ ਏਸ ਜਹਾਨੋਂ ਨਾ ਤੁਰ ਗਈ ਹੰਦੀ।

ਕਰਮਾ ਸਰਾਜ ਦਾ ਪਿਉ ਆਪਣੀ ਕਬੀਲਦਾਰੀ ਦਾ ਭਾਰਾ ਗੱਡਾ ਬਸ ਧੱਕਦਾ ਧੱਕਦਾ ਰੇਹੜੀ ਈ ਗਿਆ-ਜੇ ਏਸੇ ਨੂੰ ਰੇਹੜਨਾ ਕਹਿੰਦੇ ਨੇ । ਸਰਾਜ ਵਿਆਹਿਆ ਨਾ ਜਾ ਸਕਿਆ। ਲੋਕ ਤਾਂ ਕਹਿੰਦੇ ਆ ਕਿ ਏਨੇ ਸਿੱਧੜ ਨੂੰ ਕੌਣ ਕੁੜੀ ਦੇਂਦਾ। ਪਰ ਜਦੋਂ ਪਿੰਡ ਦੀਆਂ ਮਜ਼ਬਣਾਂ ਕੀ ਤੇ ਜੱਟੀਆਂ ਕੀ, ਦੇ ਮੁਆਸ਼ਕਿਆਂ ਵੱਲ ਵੇਖੀਏ ਤਾਂ ਮਾਮਲਾ ਹੋਰ ਦਾ ਹੋਰ ਈ ਬਣਦਾ ਜਾਪਦੈ। ਊਂ ਕਰਮੇ ਨੂੰ ਸਰਾਜ ਦਾ ਕਵਾਰਾ ਕਹਿ ਲਉ ਜਾਂ ਛੜਾ ਰਹਿਣਾ ਬੜਾ ਰਾਸ ਆਇਆ। ਉਹ ਜੀਹਨੂੰ ਵਿਆਹੁੰਦਾ, ਵਿਆਹੁਣ ਦਾ ਚੋਰ ਈ ਹੁੰਦਾ ਤੇ ਅਗਲਾ ਬਹੂ ਲੈ ਵੱਖਰਾ ਕੋਠਾ ਛੱਤ ਬਹਿੰਦਾ। ਹੋਰ ਵੰਡ ਵੰਡਾਈ ਤਾਂ ਹੋਣੀ ਈ ਸੀ। ਸੌ ਤਰਲੇ ਕਰ ਉਹ ਦੋਵੇਂ ਛੜੇ ਛੜਾਂਗ ਪਿਉ ਪੁੱਤ ਛੋਟੇ ਗੁਰਮੁਖ ਨਾਲ ਟਿਕੇ ਹੋਏ ਹਨ। ਸਰਾਜ ਜੱਟਾਂ ਦੇ ਖੇਤੀ ਜਾਂ ਘਰੀ ਕੰਮ ਕਰਦਾ। ਕਰਮਾ ਉਸ ਦੀਆਂ ਬਣਦੀਆਂ ਦਿਹਾੜੀਆਂ ਦੇ ਪੈਸੇ ਹਿਸਾਬ ਕਰਨੋਂ ਪਹਿਲਾਂ ਈ ਅੱਧੇ ਡੂਢ ਕਰਕੇ ਲਿਆਉਣ ਦੀ ਕਰਦਾ। ਗਰਜਾਂ ਕਰਮੇ ਨੂੰ ਕੁੱਬਾ ਕਰੀ ਰੱਖਦੀਆਂ। ਆਖਰ ਸਰਾਜ ਨੇ ਪੈਸੇ ਕਰਨੇ ਵੀ ਕੀ ਸਨ? ਜਦੋਂ ਸੂਤ ਬੈਠਦਾ, ਉਹ ਸਰਾਜ ਦੇ ਲਿਹਾਜੀ ਜੱਟਾਂ ਕੋਲੋਂ ਤੂੜੀ ਜਾਂ ਪੱਠਿਆਂ ਦੀ ਪੰਡ ਮੰਗ ਲਿਆਉਦਾ।

ਕਰਮੇ ਨੂੰ ਸਰਾਜ ਦੇ ਛੜੇ ਹੋਣ ਦੀ ਮੌਜ ਸੀ। ਜੱਟਾਂ ਨੂੰ ਤੇ ਸੀ ਹੀ , ਜੱਟਾਂ ਦੀਆਂ ਘਰਦੀਆਂ ਨੂੰ ਵੀ ਬਹੁਤ ਸੀ। ਸਰਾਜਦੀਨ ਵਿਚਾਰੇ ਨੂੰ ਕੌਣ ਪੁਛਦਾ ? ਲ਼ਿਫਦੇ ਕਿਸਾਨ ਘਰ, ਜੋ ਪੱਕਾ ਨੌਕਰ ਨਹੀਂ ਸਨ ਰੱਖ ਸਕਦੇ, ਸਰਾਜ ਨੂੰ ਵਡਿਆਈ ਰੱਖਦੇ, ਪਤਿਆਈ ਰੱਖਦੇ। ਅਗਾਊਂ ਸਾਈਆਂ ਫੜਾਈ ਰਖਦੇ। ਵਿਆਹਾਂ, ਅਖੰਡ ਪਾਠਾਂ ਦੀਆਂ, ਗੋਡੀ ਵਾਢੀ ਬਿਜਾਈ ਦੀਆਂ.. ਘਰਾਂ ਦੀ ਲਪਾਈ - ਬਣਵਾਈ ਤੇ ਹੋਰ ਵੀਹ ਤਰ੍ਹਾਂ ਦੀਆਂ ਦਿਸਦੀਆਂ ਅਣਦਿਸਦੀਆਂ । ਤੇ ਸਰਾਜ ਨੇ ਕੰਮ ਤੋਂ ਬਿਨਾ ਹੋਰ ਕਰਨਾ ਵੀ ਕੀ ਸੀ.. ਨਾ ਰੰਨ ਨਾ ਕੰਨ ਸੀ ਉਸਦਾ। ਕਮਾਊ ਕਾਲੇ ਬਲਦ ਜੇਹਾ। ਬੜਾ ਕਮਾਲ ਦਾ ਮੇਲ ਸੀ? ਚਾਲੂ ਲੋਕ ਸਰਾਜ ਦੇ ਭੋਲੇਪਣ ਨੂੰ ਮੂਰਖਤਾ ਦਸਦੇ ਸਨ। ਉਸਦੇ ਸ਼ਰੀਫ਼ ਹੋਣ ਨੂੰ ਸਿਧਰਾ ਮੰਨਦੇ ਸਨ। ਉਸਦੀ 'ਕੰਵਲਾ ਸਰਾਜ' ਅਲ ਪਾਈ ਹੋਈ ਸੀ।

ਤੇ ਹੁਣ ਸਰਾਜ ਦੀ ਜਥੇਦਾਰਾਂ ਦੀ ਥਾਵੇਂ ਜ਼ੈਲਦਾਰਾਂ ਨੂੰ ਲੋੜ ਸੀ-ਕਣਕ ਦੀ ਗੋਡੀ ਲਈ ਤੇ ਦੀਪੇ ਦੇ ਵਿਆਹ ਲਈ। ਮਿਰਚਾਂ ਪੁੱਟ ਲਈਆਂ ਗਈਆਂ। ਮੱਕੀਆਂ ਵੱਢ ਕੇ ਛੱਲੀਆਂ ਕੱਢ ਕੇ ਛੱਤਾਂ ਤੇ ਸੁੱਕਣੇ ਪਾ ਦਿਤੀਆਂ ਗਈਆਂ। ਕਣਕਾਂ ਬੀਜ ਦਿਤੀਆਂ ਗਈਆਂ। ਮੱਠੀ ਮੱਠੀ ਤੋਂ ਥੋੜ੍ਹੀ ਕੜਾਕੇ ਦੀ ਠੰਢ ਪੈਣ ਲਗ ਪਈ ਸੀ। ਕੋਰੀ ਕਣਕ ਨੂੰ ਗੋਡੀ ਤਾਂ ਕਹਿੰਦੇ ਖਾਦ ਤੋਂ ਵਧ ਲਗਦੀ ਆ।

ਜ਼ੈਲਦਾਰ ਹਜ਼ਾਰਾ ਸਿੰਘ ਦਾ ਟੱਬਰ ਊਂ ਭਾਵੇਂ ਹੁਣ ਨਾ ਦਾ ਈ ਜ਼ੈਲਦਾਰ ਵੱਜਦਾ ਸੀ। ਪਰ ਇਹ ਵੀ ਕੇਹੜਾ ਘਟ ਸੀ। ਬਦਲਦੇ ਵਕਤ ਨੇ ਸਰਦਾਰੀਆਂ ਦੇ ਠਾਠ ਤਾਂ ਨਾ ਰਹਿਣ ਦਿਤੇ, ਪਰ ਕਹਿੰਦੇ ਤਕੜੇ ਘਰਾਂ ਦੀ ਘਰੋੜੀ ਈ ਮਾਨ ਨਹੀਂ ਹੰਦੀ। ਹਜ਼ਾਰਾ ਸਿੰਘ ਚਿਟੇ ਕਪੜੇ ਪਾ ਬਣ-ਫੱਬ ਪਰ੍ਹੇ, ਪੰਚਾਇਤਾਂ ਤੇ ਹੋਰ 'ਜ਼ਰੂਰੀ' ਕੰਮਾਂ ਵਿਚ ਮਸਰੂਫ਼ ਰਹਿੰਦਾ ਸੀ। ਪੀਣ ਦਾ ਪੱਜ ਕੇ ਸ਼ੁਕੀਨ ਤੇ ਪੀਂਦਾ ਪਿਆਉਂਦਾ ਉਹ ਇਕ ਦਿਨ ਦਿਲ ਫੇਲ੍ਹ ਹੋਣ ਕਰਕੇ ਅਗੇ ਤੁਰ ਗਿਆ। ਸਭ ਕੁਝ ਹੁਣ ਜਗਦੀਪ ਦੇ ਸਿਰ ਸੀ-ਜਗਦੀਪ , ਜੋ ਜ਼ੈਲਦਾਰ ਦੀਆਂ ਚਾਰ ਧੀਆਂ ਪਿਛੋਂ ਸੌ ਮੰਨਤਾਂ ਮਨੌਤਾਂ ਨਾਲ ਹੋਇਆ ਲਾਡਲਾ ਪੁੱਤਰ ਸੀ। ਕੰਮ ਕਾਰ ਗੁਜ਼ਾਰੇ ਜੋਗਾ ਸੀ। ਊਂ! ਜ਼ੈਲਦਾਰ ਦਾ ਟੱਬਰ ਜਥੇਦਾਰਾਂ ਜਿਨੀਆਂ ਮਾਰਾਂ ਨਈਂ ਸੀ ਮਾਰ ਸਕਿਆ।

ਜਗਦੀਪ ਦਾ ਵਿਆਹ ਧਰਿਆ ਹੋਇਆ ਸੀ। ਕਣਕ ਦੀ ਗੁਡਾਈ ਵੀ ਕਰਨੀ ਸੀ, ਘਰ ਦੀ ਲਿੰਬਾਈ-ਸਫ਼ਾਈ ਵੀ। ਦੀਪੇ ਨੇ ਸਰਾਜ ਨੂੰ ਦੋ ਤਿੰਨ ਵਾਰ ਘਰ ਦੀ ਦਾਰੂ ਪਿਆ ਕੇ ਪਹਿਲਾਂ ਈ ਠਕੋਰ ਲਿਆ ਸੀ। ਏਦੂੰ ਸਸਤਾ ਸੌਦਾ ਹੋਰ ਕੋਈ ਨਹੀਂ ਸੀ ਹੋ ਸਕਦਾ ਦੀਪੇ ਲਈ।

ਤਿੰਨ ਦਿਹਾੜੀਦਾਰ ਬਾਲਮੀਕੀਏ। ਦੀਪੇ ਦਾ ਨੌਕਰ ਸੇਮਾ ਤੇ ਸਰਾਜ ਕੋਰੀ ਕਣਕ ਨੂੰ ਗੁੱਡਣ ਜਾ ਲੱਗੇ। ਕੋਰੀ ਕਣਕ ਸੋਖੀ ਗੁੱਡੀ ਜਾਣ ਕਰਕੇ ਉਹ ਖੇਤ ਕੁ ਰੋਜ਼ ਗੁੱਡ ਲੈਂਦੇ ਸਨ।

ਵਿਖਾਵੇ ਦਾ ਪਾਸਾ ਵੱਟ, ਛਰਲਾ ਮਾਰ, ਭਾਗੂ ਗੱਪੀ ਨੇ ਗਿਣਵੇਂ ਸਿਆੜ ਮੱਲੇ ਤੇ ਸੁੱਕੀ ਕੂਲੀ ਜ਼ਮੀਨ ਵਿਚ ਰੰਬੇ ਨੂੰ ਲੰਮੀ ਬਾਂਹ ਨਾਲ ਪੂਰਾ ਘੁਸੇੜਿਆਂ ਸਰਾਜ ਨੂੰ ਛੇੜਿਆ , ''ਵੇਖੋ ਉਏ ਮਜਨੂਆਂ..'' ਔਹ ਤੇਰਾ ਦੀਪੂ ਸਰਦਾਰ ਚਾਹ ਤਾਂ ਨੀ ਲਈ ਆਉਂਦਾ। ਔਹ ਮੂਸਲਾਂ ਤੋਂ ਪਰੇ..'' ਸਰਾਜ ਆਪਣੇ ਧਿਆਨ ਸਿਆੜਾਂ ਵਿਚ ਰੰਬਾ ਫੇਰੀ ਗਿਆ। ਪਾਖਰ ਨੇ ਪਿੰਡ ਵੱਲ ਨੂੰ ਮੁੜ ਕੇ ਵੇਖਿਆ, ਜਦ ਕੁਝ ਵੀ ਨਜ਼ਰੀਂ ਨਾ ਪਿਆ ਤਾਂ ਔਖਾ ਭਾਰਾ ਉਭਾਰਿਆ,''ਆਉਂਦਾ ਦੀਪਾ ਤੇਰੇ ਲਈ ਚਾਹਟਾ ਲਈ.. ਆਪਾਂ ਬੰਦੇ ਆਂ ਕੋਈ..। ਮੇਮਿਆ। ਯਾਰ ਭੱਜ ਕੇ ਤੂੰਈਉਂ ਫੜ ਲਿਆ,'' ਅੰਦਰ ਚਮਕੀ ਭੁੱਖ ਤੋਂ ਆਤਰ ਪਾਖਰ ਨੇ ਸਵਾਲ ਪਾਇਆ। ਜੇ ਦੇਰ ਹੋ ਜੇ ਆਂਦਰਾਂ ਪਟਾਕੇ ਪਾਉਣ ਲਗ ਪੈਂਦੀਆਂ ਨੇ।

ਸੇਮ ਅਜੇ ਵੱਟ ਵੀ ਨਹੀਂ ਸੀ ਟਪਿਆ ਕਿ ਭਾਗੂ ਗੱਪੀ ਨੇ ਸਰਾਜ ਨੂੰ ਟਾਂਚ ਮਾਰੀ,''ਹਾਂ ਬਈ ਰਾਂਝਿਆਂ ! ਸੁਣਾ ਆਪਣੀ ਹੀਰ ਦੀ ਕੋਈ ਤੱਤੀ ਤੱਤੀ।''

ਸਰਾਜ ਬਰੂ ਲੜੀ ਮੱਝ ਵਾਂਗ ਭਾਗ ਵੱਲ ਕੌੜਾ ਕੌੜਾ ਝਾਕਿਆ।

ਪਾਖਰ ਨੇ ਤੋੜਾ ਝਾੜਿਆ,''ਏਉਂ ਸਾਡਾ ਰਾਂਝਾ ਕੋਈ ਹਸਾਬ ਰਖਦੇ.. ਤੂੰ ਨਾਂ ਲੈ ਕੇ ਪੁਛ ਕੇਹੜੀ ਹੀਰ ਦਾ ਹਾਲ ਪੁਛਦੈ।''

''ਬਈ ਬੰਦਾ ਲੇਖ ਲਖਾ ਕੇ ਆਵੇ ਤਾਂ ਕੰਜਰ ਦੇ ਸਰਾਜ ਅਰਗੇ.. ਹੈਂ ਨਾ.. ਆਹ ਜ਼ੈਲਦਾਰਨੀ।'' ਭਾਗੂ ਨੇ ਓਕੜੂ ਹੋ ਕੇ ਪਿੰਡ ਵੰਨੀ ਤਾੜਿਆ,'ਕਿਤੇ ਦੀਪਾ ਸੂੰਹ ਈ ਸੌਰੀ ਦਾ ਨਾ-ਆ ਖੜਿਆ ਹੋਵੇ.. ਜਾਹ ਜਾਣੀਏ ਹੋ ਜੇ,' ਫੇਰ ਨਿਸਚਿੰਤ ਹੋ ਕੇ , ''ਵੇਖੀਂ ਆ, ਜ਼ੈਲਦਾਰਨੀ, 'ਮੇਰਾ ਸਰਾਜਦੀਨ।' 'ਮੇਰਾ ਸਰਾਜਦੀਨ!' ਕਰਦੀ ਮੇਹਲਦੀ ਫਿਰੂ , ਕੁੜੀਆਂ ਨੂੰ ਕਹੂ, 'ਨੀ ਥੋਡਾ ਵੀਰ ਆ..,' ਓਧਰ ਜਥੇਦਾਰਨੀ ਏਹਦਾ ਵਸਾਹ ਕੇਹੜਾ ਖਾਂਦੀ ਆ.. ਘਰੋਂ ਸੱਦ ਸੱਦ ਲਿਆਊ.. ਤੇ ਉਹਦੀ ਗੇਜੋ.. 'ਕੰਜਰਦਿਆ! ਕੀ ਕਸਤੂਰੀ ਆ ਤੇਰੇ ਕੋਲ ਉਏ.. ਰੱਬ ਨੇ ਦਿਤੀਆਂ ਗਾਜਰਾਂ ਵਿਚੇ ਰੰਬਾ ਰੱਖ,'' ਤੇ ਰੰਬੇ ਨੂੰ ਅਚਾਨਕ ਦਿਸੀ ਠੀਕਰੀ ਤੇ ਮਾਰ ਕੇ ਗਿਲੀ ਮਿੱਟੀ ਝਾੜਦਿਆਂ ਭਾਗੂ ਚਾਂਬੜਦਾ ਗਿਆ। ਭਾਗੂ ਕਾ ਸਾਰਾ ਖਾਨਦਾਨ ਗੱਪੀਆਂ ਦਾ ਈ ਵੱਜਦਾ ਸੀ.. ਮਜ਼ਾਲ ਆ ਕੋਈ ਗੱਲ ਭੁੰਜੇ ਪੈਣ ਦੇਣ। ਸਾਰੇ ਪਿੰਡ ਦੀਆਂ ਕੀ ਇਲਾਕੇ ਦੀਆਂ ਖੁਫੀਆਂ ਰਿਪੋਰਟਾਂ ਇਹਨਾਂ ਨੂੰ ਜ਼ਬਾਨੀ ਯਾਦ ਹੁੰਦੀਆਂ। ਜੀਹਦੀ ਮਰਜ਼ੀ ਫਾਇਲ ਖੁਲਾ ਲਉ।

ਗਾਮਾ ਪਤਾ ਨੀ ਚਾਹ ਰੋਟੀ ਉਡੀਕਦਾ ਸੀ, ਖੌਰੇ ਪਤਾ ਨੀ ਕੋਈ ਹੋਰ ਉਧੇੜ ਬੁਣ ਕਰ ਰਿਹਾ ਸੀ, ਜੋ ਹਾਲੇ ਤੀਕ ਚੁੱਪ ਸੀ। ਉਹ ਵੀ ਟਾਂਚਾਂ ਵਿਚ ਆ ਸ਼ਾਮਿਲ ਹੋਇਆ,''ਏਹ ਕਾਹਨੂੰ ਦਸੂੰ ਥੋਨੂ ਆਪਣੇ 'ਕੌਤਕ' ਏਹਦੀਆਂ ਪੰਜੇ ਉਂਗਲਾਂ ਘੇ ਚ.. '' ਉਹੀ ਗਾਮਾ ਜੀਹਦੀ ਗਿਆਨੋ ਸਰਾਜ ਦਾ ਵਸਾਹ ਨੀ ਸੀ ਖਾਂਦੀ।

''ਉਏ ਚੌਰਿਆ! ਕਦੇ ਸਰਦਾਰਨੀ ਤੇ ਹੱਥ-ਹੁਥ ਵੀ ਫੇਰਿਆ ਕਿ ਐਵੇਂ ਸੁਕੇ ਹੱਡ ਤੁੜਾਈ ਜਾਨੈਂ,'' ਭਾਗੂ ਨੇ ਆਰ ਲਾਈ।

''ਕਾਹਤੋਂ ਗੰਦ ਬਕਦੈਂ,ਚਾਚਾ!'' ਸਰਾਜ ਔਖਾ ਭਾਰਾ ਹੋਣ ਲੱਗਾ।

''ਤੇ ਹੋਰ ਕੰਜਰਦਿਆ, ਅੱਧੀ ਅੱਧੀ ਰਾਤ ਤਾਈਂ ਧੂਫ ਬੱਤੀ ਕਰਦਾ ਰਹਿੰਨੇ ਏਧਰ.. ,'' ਪਾਖਰ ਨੇ ਭਾਗੂ ਦੀ ਵਾਰੀ ਲਾਹੀ।

''ਵਿਆਹ ਤੇ ਸੌ ਕੰਮ ਹੁੰਦੇ ਆ ਪੜਦੇ ਦੇ..ਕਾਹਤੋਂ ਮੁੰਡੇ ਨੂੰ.. ,'' ਗਾਮੇ ਨੇ ਲੂਤਰੀ ਛੱਡੀ।

ਪਿਛੋਂ ਪੈਰਾਂ ਦੀ ਬਿੜਕ ਆਈ ਤਾਂ ਭਾਗੂ ਨੇ ਉਚੀ 'ਵਾਜ਼' ਚ ਥਾਈਂ ਪਲਟੀ ਮਾਰੀ,''ਓ ਸਰਾਜ! ਯਾਰ ਬਣਕੇ ਦੂਜਾ ਸੁਣਾ ਉਏ.. ਉਹ ਗੌਣ.. ਭੈਣ ਦੇਣੀ ਚਾਹ ਬਿਨਾ ਖੁਸ਼ਕੀ ਵਰਤੀ ਪਈ ਆ।

''ਏਹਦੇ ਢਿਡ ' ਚ .. ਗਾਊ ਕੀ,''

ਠਹਿਰੋ ਬਾਈ! ਠਹਿਰੋ, ਹੋਰ ਗੌਣ ਪਾਣੀ ਚਾਹ ਪੀ ਕੇ , ਥੋੜ੍ਹਾ ਗਲਾ ਤਰ ਕਰ ਲੀਏ ਆਪਣੇ ਯਮਲੇ ਦਾ,'' ਸੇਮ ਨੇੜੇ ਆਉਂਦੀਆਂ ਗੌਣ ਸੁਣਨੋਂ ਵਾਂਝੇ ਰਹਿ ਜਾਣ ਦੇ ਹੇਰਵੇ ਨੂੰ ਜਤਾਉਂਦਿਆਂ ਕਹਿ ਉਠਿਆ।

ਸਭਨਾਂ ਨੇ ਰੰਬੇ ਥਾਂਏ ਰੱਖ ਦਿੱਤੇ। ਮਿੱਟੀ ਲਿਬੜੇ ਹੱਥ ਢਾਕਾਂ ਪਿਛੇ ਲੱਗਿਆਂ ਝੱਗਿਆਂ ਨਾਲ ਮਲਦੇ ਮਲਦੇ ਉਠੇ। ਖੁੱਚਾਂ ਦੀਆਂ ਸੂਤੀਆਂ ਨਾੜਾਂ ਦੇ ਦੁਖਦੇ ਦੁਖਦੇ ਸਿਧੇ ਹੋਣ ਤੇ ਡੋਲਦੇ ਪੈਰੀਂ ਸੁੱਕੀ ਆਡ ਕੋਲ ਆ ਪਲੇਥੇ ਮਾਰ ਬੈਠਦੇ ਗਏ। ਗੋਡਿਆਂ ' ਚੋਂ ਧੂੰਏਂ ਵਾਂਗ ਮਿੱਠਾ-ਮਿੱਠਾ ਦਰਦੀਲਾ ਸੇਕ ਉਠਦਾ ਰਿਹਾ।

''ਸੇਮਿਆ, ਪਾਣੀ ਦਾ ਡੋਲੂ ਭਰੀ ਲਿਔਂਦਾ.. ਕੁਝ ਪੀ ਲੈਂਦੇ.. ਨਾਲੇ ਹੱਥ ਸੁੱਚੇ ਕਰ ਲੈਂਦੇ,'' ਪਾਖਰ ਨੇ ਬੁੱਲਾਂ 'ਤੇ ਜੀਭ ਫੇਰਦਿਆਂ ਤੇ ਹੱਥਾਂ ਨੂੰ ਚੰਬੜੀ ਗਿੱਲੀ ਮਿੱਟੀ ਉਂਗਲਾਂ ਤਲੀਆਂ ਤੋਂ ਮਲ ਮਲ ਝਾੜਦਿਆਂ ਆਖਿਆ।

''ਤੂੰ ਬਹਿ ਜਾ.. ਵਡਿਆ ਬਾਮ੍ਹਣਾ.. ਕਰਾਵਾਂ ਹੱਥ ਸੁੱਚੇ.. ਸਰਾਜ ਮਾਰ ਉਏ ਧਾਰ ਪਰੇ ਨੂੰ ਮੂੰਹ ਕਰਕੇ ਏਹਦੇ ਹੱਥਾਂ 'ਤੇ.. ਕਰ ਜਰਾ ਏਹਨੂੰ ਸੁੱਚਾ..'' ਭਾਗੂ ਦੋਵੇਂ ਮੈਲੇ ਹੱਥ ਜੋੜੀ ਸੇਮ ਤੋਂ ਰੋਟੀਆਂ ਫੜਨ ਲਈ ਕਾਹਲਾ ਪੈਂਦਾ ਬੁੜ੍ਹਕਿਆ। ਕਿੰਨਾ ਚਿਰ ਹਾਸੜ ਮਚੀ ਰਹੀ। ਸਾਰੇ ਚਹਿਕ ਪਏ ਸਨ, ਪਤਾ ਨਈਂ ਸੁੱਚੇ ਹੱਥਾਂ ਦੀ ਤੁਖਣਾ ਤੋਂ.. ਪਤਾ ਨਈਂ ਗਰਮ ਗਰਮ ਚਾਹ ਤੇ ਲੂਣ ਭੁੱਕੀਆਂ ਮੱਕੀ ਦੀਆਂ ਰੋਟੀਆਂ ਦੀ ਮਹਿਕ ਤੋਂ।

''ਲੈ ਬਈ.. ਸੁਹਣਿਉ.. ਮਾਰੋ ਜ਼ਰਾ ਹੱਥ ਛੋਹਲਾ ਛੋਹਲਾ.. ਚਾਹ ਰੋਟੀ ਦਾ ਮੂਲ ਤਾਂ ਮੁੜੇ.. ਸਿਆਲੂ ਦਿਨ ਆ.. ਹੁਣੇ ਸੂਰਜ ਨੇ ਗੋਡੀ ਮਾਰ ਜਾਣੀ ਆਂ,'' ਗਾਮੇ ਨੇ ਦਾਨਾ ਬਣਦਿਆਂ ਐਵੇਂ ਈ ਅੱਗਾ ਵਲਿਆ।

''ਉਠ ਸਰਾਜ.. ਲੰਡੀ ਦਿਆ.. ਦੇਹ ਥੰਮੀ ਏਹ ਸਹੁਰੇ ਦੇ ਥੱਲੇ,'' ਸੇਮ ਚਾਹ ਪੀ ਪਿਆ ਕੇ ਸਾਵਾਂ ਹੋਣ ਨੂੰ ਅਹੁਲਿਆ।

''ਮਾਰ ਗੋਲੀ ਸੂਰਜ ਨੂੰ.. ਤੂੰ ਸਰਾਜ ਸਿਆਂ, ਸੁਣਾ ਕਾਟੋ ਫੁੱਲਾਂ 'ਤੇ ਆ,'' ਪਾਖਰ ਨੇ ਟੁੱਟੀ ਲੜੀ ਮੁੜ ਛੋਹਣੀ ਚਾਹੀ।

''ਕਾਟੋ ! ਕਿਹੜੀ ਕਾਟੋ? ਕਿਹਨਾਂ ਦੀ ਕਾਟੋ?'' ਭਾਗ ਨੇ ਚਸਕਾ ਲਿਆ।

''ਓ ਦਫਾ ਕਰੋ ਕਾਟੋ ਨੂੰ ,'' ਸੇਮ ਨੇ ਕਿਸੇ ਅੰਦਰਲੇ ਭੇਤ ਤੋਂ ਤ੍ਰਹਿੰਦਿਆਂ ਗੱਲ ਪਲਟੀ,''ਤੂੰ ਗੌਣ ਸੁਣਾ ਮੇਰਾ ਆੜੀ .. ਸੁਣਾਂ ਕੋਈ ਚੋਂਦਾ ਚੋਂਦਾ..।'

'' ਸੇਮਿਆ ਪੁੱਤਰ! ਚੋਂਦਾ ਈ ਆਵੇ ਕਿ ਤੇਰੇ ਕੋ ਆ ਕੇ ਚੋਵੇ,'' ਭਾਗੂ ਨੇ ਆਪਣੀ ਵਤਰ ਵਾਹੀ। ਏਨਾ ਹਾਸੜ ਮਚਿਆ ਕਿ ਬੰਨੇ 'ਤੇ ਖੜੀ ਟਾਹਲੀ ਤੋਂ ਤੋਤਿਆਂ ਦੀ ਡਾਰ ਉਡੀ ਤੇ ਉਤਰ ਰਹੀ ਠੰਢ ਨੂੰ ਚੀਰਦੀ ਦੂਰ ਝਿੜੀ 'ਚ ਅੰਬਾਂ 'ਚ ਜਾ ਛਿਪਨ ਹੋਈ। ਏਸ ਹਾਸੜ ਨਾਲ ਜਾਣੋ ਸੂਰਜ,

Helping you to make Informed Decisions
KULVIR GILL
ਕੁਲਵੀਰ ਗਿੱਲ
Registered Home Inspector
ਗਰੇਟਰ ਟਰੋਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
(416) 839-3436 (B) (905) 479-5807 (H)
GHI
Gill Home Inspection Ltd.
Commercial & Residential
OAHI
Ontario association of Certified Home Inspectors

ਅਸਮਾਨ, ਖੇਤ, ਮਿੱਟੀ, ਹਰੀਆਂ ਕਚੂਰ ਨਿੱਕੀਆਂ ਨਿੱਕੀਆਂ ਕਣਕਾਂ ਤੇ ਮਿੱਟੀ ਨਾਲ ਲਿਬੜੇ ਰੰਬੇ ਕਦੀਮੀ ਮਹਿਕ ਵਿਚ ਸਰਸ਼ਾਰ ਹੁੰਦੇ ਗਏ। ਸਵੇਰ ਦੇ ਗੋਡੀ ਕਰਦੇ ਕਾਮਿਆਂ ਦੇ ਪੀੜੇ ਨਪੀੜੇ ਢਿੱਡ, ਕੱਸੀਆਂ ਖੁੱਚਾਂ, ਮੁੜ੍ਹ ਮੁੜ੍ਹ ਜੁੜੇ ਜਾਮ ਹੋਏ ਗੋਡੇ ਤੇ ਲਗਾਤਾਰ ਰੰਬਾ ਚਲਾਉਂਦੇ ਦੁਖਦੇ ਥੱਕੇ ਹਾਰੇ ਹੱਥ ਟਹਿਕ ਉਠੇ। ਭਾਗੂ ਨੇ ਸਰਾਜ ਨੂੰ ਗਲੀਂ-ਬਾਤੀਂ ਤੇਹੁ ਨਾਲ ਪਲੋਸਿਆ ਪਿਆਰਿਆ.. ਤੇ ਸਰਾਜ ਦੀ ਲੰਮੀ ਹੇਕ ਦੂਰ ਤੀਕ ਪਸਰੇ ਕਣਕਾਂ ਦੇ, ਕਮਾਦਾਂ ਦੇ ਹਰੇ ਖੇਤਾਂ ਤੋਂ ਦੀ ਮੇਹਲਦੀ-ਫੈਲਰਦੀ ਗਈ।

ਸੱਚੀ ਮੁਚੀਂ ਸਭਨਾਂ ਨੂੰ "ਤੇਰੇ ਟਿਲੇ ਤੋਂ ਆ ਸੂਰਤ ਦੀਂਹਦੀ ਆ ਹੀਰ ਦੀ..'' ਆਪੋ ਆਪਣੀਆਂ ਗੁੰਮੀਆਂ ਗਵਾਚੀਆਂ ਹੀਰਾਂ ਖੇਤਾਂ ਦੇ ਬੰਨਿਆਂ ਤੇ ਕਲੋਲਾਂ ਕਰਦੀਆਂ ਦਿਸੀਆਂ। ਰੰਬੇ ਆਪ ਮੁਹਾਰੇ ਕਣਕ ਗੁਡਦੇ ਰਹੇ। ਵਿਹਲੇ ਖੱਬੇ ਹੱਥ ਆਪਣੇ ਈ ਵਜੂਦ 'ਚ ਬਾਥੂ, ਖੱਬਲ, ਜਵੀ ਸਭਨਾਂ ਦੇ ਕੱਟੇ ਵੱਢੇ ਨਿਕੇ ਨਿਕੇ ਬੂਟਿਆਂ ਨੂੰ ਫੜਦੇ ਛੰਡਦੇ, ਤਲਾਸ਼ਦੇ ਪਿਛੇ ਨਿਕੀਆਂ ਨਿਕੀਆਂ ਢੇਰੀਆਂ 'ਚ ਕੱਠਾ ਕਰਦੇ ਰਹੇ। ਪੰਜੇ ਕਾਮੇ ਪਾਲ ਬੰਨ੍ਹੀ ਨ੍ਰਿਤ ਤਾਲ ਕਰਦੇ ਕਿਸੇ ਅਗੰਮੀ ਵੇਗ 'ਚ ਅਗੇ ਵਧਦੇ ਗਏ। ਖੇਤ ਦੀ ਵੱਟ ਆਉਣ 'ਤੇ ਗੌਣ ਦੀ ਲੜੀ ਟੁੱਟੀ ਤਾਂ ਪਾਖਰ ਨੇ ਭਰਵੀਂ ਸ਼ਾਬਾਸ਼ ਦਿਤੀ ਪਰ ਨਾਲੇ ਹੋਰ ਟੋਣਾ ਲਾਇਆ।

'ਤੂੰ ਟਿਕਦੈਂ, ਵੱਡਾ ਭਗਤਾਂ ਦਾ.. ਵੇਖ ਕਿੰਨਾ ਭਿਜ ਕੇ ਗਾਇਆ ਮੁੰਡੇ ਨੇ,'ਭਾਗੂ ਨੇ ਸਰਾਜ ਦਾ ਮੋਢਾ ਥਪਥਪਾਇਆ। ਖੁੱਚਾਂ ਦੇ ਵਲ ਵਿੰਗ ਕਢਦੇ ਉਹ ਸਭੇ ਅੱਗੜ ਪਿੱਛੜ ਨਵੇਂ ਸਿਆੜ ਧਰਨ ਲਈ ਤੁਰੇ ਆਉਂਦੇ ਖਾਮੋਸ਼ ਹੁੰਦੇ ਗਏ। ਪਰ ਜਿਉਂ ਈ ਗੋਡੀ ਲਈ ਨਵੀਂ ਪਰਾਤ ਧਰੀ ਤਾਂ ਮੁੜ ਚਾਂਭੜਾਂ ਪਾਉਣ ਲੱਗੇ।

'ਚੱਲ ਹੁਣ ਲਾ ਦੇ ਧਾਰਮਕ.. ਆਪਣਾ ਕੇਹੜਾ ਬਾਮ੍ਹਣ ਰੁਸ ਗਿਐ..'
ਭਾਗੂ ਨੇ ਤੁਣਕਾ ਲਾਇਆ। ਗੌਣ ਸੁਣਨ ਦੀ ਲੱਲਕ ਸਭ ਨੂੰ ਸੀ। ਸਰਾਜ ਵੀ ਸੁਭਾਅ ਮੂਜਬ ਗੌਣ ਦੇ ਰੌਂਅ 'ਚ ਸੀ। ਉਸ ਕਹਿੰਦੇ ਸਾਰ, ਕੁਲਦੀਪ ਮਾਣਕ ਦੀ ਕਲੀ ਚੁੱਕੀ, 'ਮਾਂ ਹੁੰਦੀ ਏ ਮਾਂ.. ਓਏ ਕਰਮਾਂ ਵਾਲਿਓ,' ਖਵਰੇ ਮਾਂ ਮਹਿਟਰ ਨੂੰ ਆਪਣੀਈਉਂ ਮਾਂ ਚੇਤੇ ਆ ਖਲੋਈ। ਪਰ ਗਾਮੇ ਨੇ ਵਿਚੇ ਆਪਣੀ ਧਾਰਮਕ ਸਿਆਣਪ ਝਾੜੀ, ' ਮਾਂ ਦਿਆ ਖਸਮਾ, ਤੈਨੂੰ ਧਾਰਮਕ ਗੌਣ ਕਿਆ ਸੀ.. ਆਹ ਤੂੰ ਮਾਂ ਨੂੰ ਲੈ ਬੈਠੈਂ,' ਗਾਮੇ ਨੇ ਆਪਣਾ ਗਰੜ ਗਿਆਨ ਘੋਟਦਿਆਂ ਗੁੜ ਗੋਬਰ ਘੋਲਿਆ, 'ਧਾਰਮਕ ਸੁਣਾ.. ਧਾਰਮਕ.. ਚਲ ਉਹੀ ਸੁਣਾ ਦੇ, 'ਸਤਿਗੁਰ ਨਾਨਕ ਆ ਜਾ, ਸੰਗਤ ਪਈ ਪੁਕਾਰਦੀ,' ਫੇਰ ਏਹ ਭਾਂਪਦਿਆਂ ਸਰਾਜ ਨਰਾਜ਼ ਨਾ ਹੋ ਜਾਏ, 'ਸੁਣਾ ਮੇਰਾ ਪੁਤ.. ਰੱਖ ਕੇਰਾਂ ਸੂਈ ਬਾਬਾ ਨਾਨਕ..।'

ਨਾਂਹ ਕਰਨੀ ਵਿਚਾਰੇ ਸਰਾਜ ਲੇ ਸਿੱਖੀ ਨੀ ਸੀ। ਏਸੇ ਭਲਮਾਣਸੀ ਕਰ ਕੇ ਤਾਂ ਸਭੇ ਉਸ 'ਤੇ ਸਵਾਰ ਹੋਏ ਰਹਿੰਦੇ।

ਗੌਣ ਪਾਣੀ ਨਾਲ ਡੰਝ ਲਾਹ ਮੁੜ ਸਭੇ ਇਕ ਦੂਜੇ ਲੂੰ ਝਹੇਡਾਂ ਕਰਨ ਡਹਿ ਪਏ। ਸਰਾਜ ਹੋਵੇ ਤਾਂ ਮੁੜ ਘਿੜ ਟੋਣਾ ਉਹਦੇ ਵੱਲ ਈ ਲਗਦਾ। ਸੱਭੇ ਖਿੜੇ ਖਿੜੇ ਰਹਿੰਦੇ। ਸਭ ਦਾ ਵਕਤ ਹੱਸਦਿਆਂ ਖਿੜਦਿਆਂ ਲੰਘ ਜਾਂਦਾ ਤੇ ਕੰਮ ਵੀ ਚੰਗਾ ਨਿਬੜ ਜਾਂਦਾ।

'ਬਾਈ ਤਰਸੇਮ ਸਿੰਆਂ, ਗੱਲ ਸੁਣ ਕੰਨ ਧਰਕੇ,' ਭਾਗੂ ਨੇ ਸੇਮ ਨੂੰ ਸਿੰਘ ਸਜਾ ਫੂਕ ਦਿੰਦਿਆਂ ਹੋਰ ਗੱਲ ਤੋਰੀ, 'ਕੋਈ ਹੋਰ ਜਾਏ ਚਾਹੇ ਨਾ, ਸਰਾਜ ਨੂੰ ਦੀਪੇ ਦੀ ਬਰਾਤੇ ਜ਼ਰੂਰ ਬਰ ਜ਼ਰੂਰ ਲਜਾਣੈਂ, ਸਮਝਿਐ.. ਸਾਡੇ ਵਲੋਂ ਵੀ ਕਹਿ ਦਈਂ ਕੇਰਾਂ ਸਰਦਾਰ ਨੂੰ,' ਭਾਗੂ ਨੇ ਸਰਾਜ ਨੂੰ ਖ਼ੁਸ਼ ਕਰਨ ਲਈ ਲੜੀ ਛੋਹੀ।

'ਲੈ ਸਰਦਾਰ ਏਹਨੂੰ ਛੱਡ ਕੇ ਬਰਾਤ ਕਿਵੇਂ ਲੈਜੂ.. ਮੇਰੇ ਸਾਮ੍ਹਣੇ ਤਾਂ ਕਿਹਾ ਉਹਨੇ ਸਵਾ ਲੈ ਝੱਗਾ ਚਾਦਰ ਨਵੇਂ.. ਬਈ ਫੇ ਨਾ ਕਹੀਂ.. ਪਰ ਟੌਹਰ ਪੂਰਾ ਕਢਣਾ ਪਊ ਜ਼ੈਲਦਾਰਾਂ ਮੂਜਬ..' ਸੇਮਾ ਅੱਗਾ ਵਲ ਖੜਿਆ।

'ਸੁਣ ਉਏ ਮਾਂ ਦਿਆ ਢੱਕਣਾ, ਐਵੇਂ ਨਾ ਬਖੇੜਾ ਪਾ ਬੈਠੀਂ.. ਅਖੇ ਜੇ ਜ਼ੈਲਦਾਰਨੀ ਚੱਲੂ ਤਾਂ ਮੈਂ ਚੱਲੂ..,' ਗਾਮੇ ਨੇ ਸਰਾਜ ਵਿਚੋਂ ਦੀ ਕੱਢੀ।

'ਨਾ ਹੁਣ ਤਾਂ ਸਰਦੇ ਜੱਟਾਂ ਦੇ ਤੀਵੀਆਂ ਬਰਾਤੇ ਜਾਣ ਲਗਪੀਆਂ.. ਜ਼ੈਲਦਾਰਨੀ ਕੀ, ਸਾਰਾ ਈ ਮੇਲ ਜਾਊ.. ਕਈ ਰੋਕ ਨੀ ਹੁਣ..,' ਭਾਗੂ ਨੇ ਦੋਹਰ ਪਾਈ।

'ਜੇ ਕੰਜਰਦਿਆ ਪੁਲਸ ਵੀ ਰੋਕੇ ਤਾਂ ਵੀ ਜਾਣੈਂ ਬਰਾਤੇ.. ਯਾਰੀ ਪੁਗਾਉਣੀ ਆ,' ਸੇਮੇ ਤੋਂ ਪੁਲਿਸ ਦਾ ਨਾਂ ਸੁਣਦਿਆਂ ਸਾਰ ਸਰਾਜ ਨੇ ਰੰਬਾ ਰੋਕ ਓਕੜੂ ਉਕੜੂ ਆਸ ਪਾਸ ਤਾੜਿਆ। ਭਾਗੂ ਨੇ ਸਰਾਜ ਦੀ ਪੁਲਿਸ ਪਰੇਸ਼ਾਨੀ ਭਾਂਪੀ ਤਾਂ ਹੱਸਦਾ ਹੱਸਦਾ ਪੁੱਛਣ ਲੱਗਾ, 'ਉਏ ਸਰਾਜ! ਪਰੂੰ ਤੈਨੂੰ ਪੁਲਿਸ ਲੈਣ ਆਈ ਸੀ ਓਏ! ਕੀ ਮਾਮਲਾ ਸੀ? ਕਹਿੰਦੇ ਜਥੇਦਾਰਾਂ ਦੇ ਯੋਧੇ ਨੇ ਰੱਬਟ ਲਖਾਤੀ ਸੀ.. ਅਖੇ ਸਾਡੀ..,' ਸਭ ਹਿਣਹਿਣਾ ਕੇ ਹੱਸੇ। ਸਰਾਜ ਡੌਰ ਭੌਰ ਅੱਗੇ ਪਿਛੇ ਝਾਕਣ ਲੱਗਾ।

'ਓ ਕਾਹਨੂੰ, ਰੱਬਟ ਕਾਹਨੂੰ ਲਖਾਈ.. ਮਾਮਲਾ ਹੋਰ ਈ ਸੀ..,' ਗਾਮਾ ਚਸਕਾ ਲੈਣ ਲੱਗਾ। 'ਮਾਮਲਾ ਕਾਹਦਾ ਸੀ.. ਏਹ ਕੰਜਰਦਾ ਬਚਪਨੋ ਡਰਦੈ ਸਪਾਹੀਆਂ ਤੋਂ.. ਖੌਰੇ ਸੰਤਾਲੀ ਵੇਲਿਉਂ.. ਜਾਂ ਖੌਰੇ.. ਮਖਿਆ ਸਾਲ ਕੁ ਦਾ ਹੋਣੈ.. ਸੰਤਾਲੀ ਦੇ ਫਸਾਦਾਂ ਵੇਲੇ.. ਕਿਉਂ ਸਰਾਜ?'

ਭਾਗੂ ਸਰਾਜ ਦੇ ਬਦਲੇ ਤੇਵਰ ਵੇਖ ਕਹਾਣੀਆਂ ਪਾਉਣ ਲੱਗਾ, 'ਸੰਤਾਲੀ ਤੋਂ ਪਹਿਲਾਂ ਜੰਮਿਆ, ਤਦੇ ਪੇ ਨੇ ਰਖਤਾ 'ਸਰਾਜਦੀਨ' ਜੇ ਆਜ਼ਾਦੀ ਪਿਛੋਂ ਜੰਮਦਾ ਤਾਂ ਛੋਟੇ ਭਰਾ ਗੁਰਮੁਖ ਸੂੰਹ ਵਾਂਗ ਏਹ ਵੀ 'ਸਿੰਘ' ਹੁੰਦਾ। ਊਂ ਕਰਮੇ ਦੀ ਨੀਤੀ ਕਮਾਲ ਆ। ਵੱਡਾ ਸਾਧੂ ਰਾਮ, ਫੇ ਭਗਤ ਰਾਮ, ਪਿਛੋਂ ਜੰਮਿਆ ਸਰਾਜਦੀਨ ਤੇ ਅਗਲਾ ਗੁਰਮੁਖ ਸੂੰਹ..ਪੂਰੇ ਮੁਲਖ ਦੀਆਂ ਜਾਤਾਂ ਕਰਤੀਆਂ ਮਜ਼ਬੀਆਂ ਦੇ ਘਰੇ ਕੱਠੀਆਂ, ਲਉ ਪੱਟ ਲਉ..।'

'ਉਂ ਸਰਾਜ ਵਿਚਾਰਾ ਨਾਂ ਦਾ ਈ ਚੋਰ ਆ, ਏਦੂੰ ਵੱਧ ਏਹਨੂੰ 'ਸਲਾਮ ਦਾ ਊੜਾ ਐੜਾ ਨੀ ਔਂਦਾ', ਪਾਖਰ ਨੇ ਆਪਣੀ ਸਿਆਣਪ ਘੋਟੀ, 'ਮਸੀਤੇ ਤਾਂ ਸਿੱਖਾਂ ਨੇ ਹੱਲਿਆਂ ਵੇਲੇ ਈ ਗੁਰਦਵਾਰਾ ਸਜ਼ਾ ਲਿਆ..।'

'ਤੂੰ ਕਿਧਰ ਜਾ ਵੜਿਉਂ ਮਸੀਤੀਂ..' ਗਾਮੇ ਨੇ ਗੰਭੀਰ ਮੋੜ ਕੱਟਦੀ ਵਾਰਤਾ ਨੂੰ ਪੈਂਦੀ ਸੱਟੇ ਮੋੜਾ ਮਾਰਿਆ, 'ਭਾਗੂ ਤੂੰ ਤਾਂ ਪੁਲਿਸ ਰੱਬਟ ਦੱਸਣ ਲੱਗਾ ਸੀ..!'

'ਕਾਹਦੀ ਪੁਲਿਸ ਰੱਬਟ ਉਏ! ਉਹ ਤਾਂ ਹਰਾਮਦੇ ਤਿੰਨ ਸਪਾਹੀ.. ਚੜ੍ਹੇ ਆਉਂਦੇ ਸੀ ਸੈਂਕਲੀ, ਵੱਡੇ ਪਹੇ ਪਹੇ ਮਹਿਤਪੁਰ ਵਲੋਂ.. ਚਲੇ ਹੁਣੇ ਆ ਮੰਡ ਕੰਨੀ 'ਗਰਾਹੀ ਨੂੰ ਜਾਂ ਮਾਰ ਮੂਰ ਦਿਤਾ ਹੋਊ ਕੋਈ ਰਾਆਂ ਨੇ ਲੜ ਭਿੜ ਕੇ.. ਭੱਠੀਆਂ ਫੜਨ ਵੀ ਚੜ੍ਹੇ ਰਹਿੰਦੇ ਆ ਰੋਜ਼ ਕੁੱਤੇ ਦੇ ਹੱਡ.. ਦੇਖਿਆ ਨੀ ਕਿੰਨੀ ਮਹਿੰਗੀ ਹੋ ਗਈ ਆ ਦਾਰੂ.. ਹਾਂ ਸੱਚ.. ਏਹ,' ਉਸ ਸਰਾਜ ਕੰਨੀ ਸਿਰ ਦੀ ਸੈਨਤ ਮਾਰਦਿਆਂ ਗੱਲ ਘੁੰਮਾਈ, 'ਕੱਛ 'ਚ ਰੰਬਾ ਪੱਲੀ ਨੱਪੀ, ਢਲਦੇ ਦਿਨ ਤੁਰਿਆ ਜਾਂਦਾ ਸੀ ਘਾਹ ਖੋਤਣ। ਭੂਤਨਿਆਂ ਦੇ ਸ਼ੀਰੇ ਨੂੰ ਕੀ ਸੁਝੀ ਪਤੰਦਰ ਨੂੰ.. ਏਹਦੇ ਕੋਲੇ ਆ ਕੇ ਸੈਕਲ ਤੋਂ ਥੱਲੇ ਲੱਤ ਟਿਕਾਉਂਦਿਆਂ, ਕੰਨ 'ਚ ਕਹਿਣ ਲੱਗਾ, 'ਉਹ ਸਰਾਜ! ਸਪਾਹੀ ਤੈਨੂੰ ਭਾਲਦੇ ਫਿਰਦੇ ਆ, ਪੁਛਦੇ ਸੀ ਮੈਨੂੰ.. ਮੈਂ ਤੋਰ ਤੇ ਹੋਰ ਪਾਸੇ, ਵੇਖ ਲਿਆ ਸੀ ਮੈਂ ਤੈਨੂੰ..ਝਕਾਨੀ ਦੇ ਦੱਸਣ ਆਇਆਂ.. ਔਹ ਤੁਰੇ ਜਾਂਦੇ ਆ ਸੈਕਲਾਂ 'ਤੇ, 'ਏਨੀ ਚਵਾਤੀ ਲਾ ਉਹ ਤਾਂ ਰਾਹੇ ਪਿਆ, ਤੇ ਏਹੁ.. ਏਹਨੇ ਕੰਜਰ ਦੇ ਨੇ ਨਾ ਅੱਗਾ ਵੇਖਿਆ ਨਾ ਪਿੱਛਾ.. ਰੰਬਾ ਪੱਲੀ ਕੱਛੇ ਘੁਟਦਿਆਂ ਸਰਪੱਟ ਦੌੜਿਆ.. ਸਣੇ ਪਲੀ ਦੇ ਜਾ ਘੁਸੜਿਆ ਓ ਕੀ ਨਾਂ ਆ.. ਓ ਸਾਲੇ ਭੁੱਖੜ..ਹਾਂ.. ਮਾਂ.. ਮਾਤ੍ਹੜਾਂ ਦੇ ਕੁੱਪ 'ਚ.. ਮਘੋਰਾ ਤਾਂ ਛੋਟਾ ਈ ਸੀ.. ਏਹ ਧੁਸ ਦੇ ਕੇ ਵੜ ਗਿਆ..ਦੜਿਆ ਰਿਹਾ.. ਪਤਾ ਨੀ ਕਿੰਨਾ ਚਿਰ.. ਮਾਤ੍ਹੜਾਂ ਦਾ ਦੇਬਾ ਗਿਆ ਤੂੜੀ ਲੈਣ.. ਮਘੋਰਾ ਖੁਲ੍ਹਾ ਵੇਖ ਕੇ ਉਹ ਚਤੰਨ ਹੋ ਗਿਆ.. ਜਦੋਂ ਝਾਕਿਆ ਅੰਦਰ ਤਾਂ ਏਹ ਖਿਲਰੀਆਂ ਬੂੰਦਰੀਆਂ ਤੇ ਮੂੰਹ ਸਿਰ ਤੂੜੀ ਨਾਲ ਅਟਿਆ, ਕੁੰਗੜਿਆ ਬੈਠਾ ਵੇਖਿਆ.. ਉਹਨੇ ਲਛੋਂ ਫੜ ਘੜੀਸ ਬਾਹਰ ਲਿਆ ਸੁਟਿਆ.. ਤੇ ਫੇ ਆ ਦੇਖਿਆ ਨਾ ਤਾਅ.. ਦੇਹ ਜਿਧਰ ਪੈਂਦੀ ਆ.. ਠੁੱਡੇ ਮਾਰ ਮਾਰ.. ਘਸੁੰਨ ਮਾਰ ਮਾਰ, ਨਾਲੇ ਕਹੀ ਜਾਏ 'ਦਸ ਦਿਨ ਹੋਏ ਅਜੇ ਕੁਪ ਨੂੰ ਹੱਥ ਲਾਇਆਂ'.. ਅੱਧਾ ਰਹਿ ਗਿਆ.. ਤੇਰੀ ਦਿੱਤਾ..,' ਸਾਰੇ ਰੰਬੇ ਰੱਖ ਕੇ ਚਿਤੜਾਂ ਭਾਰ ਥਾਏਂ ਪਾਲਾਂ 'ਚ ਕਣਕ ਤੇ ਬੈਠਦੇ ਹੱਸਣ ਲੱਗੇ।

ਸੇਮਾ ਚਸਕਾ ਲੈਂਦਾ ਬੋਲਿਆ, 'ਸੱਚੀ'।
'ਤੇ ਹੋਰ ਝੂਠੀ।' ਭਾਗੂ ਨੇ ਆਪਣੇ ਗੱਪੀ ਹੋਣ ਦਾ ਪੂਰਾ ਮਾਣ ਰੱਖਦਿਆਂ ਜਵਾਬ ਦਿਤਾ। 'ਸ਼ੀਰਾ ਏਹਨੂੰ ਕੁੱਟੀ ਜਾਏ ਤੇ ਏਹ ਦੁਹਾਈ ਪਾਈ ਜਾਏ, ਫਾਹੀਂ ਓਏ.. ਫਾਹੀਂ ਓਏ.. ਛਡਾਵੀਂ ਓਏ.. ਛਡਾਵੀਂ ਓਏ, ਚੀਕੇ ਚਿਲਾਵੇ। ਜਦੋਂ ਦੋਨੋਂ ਥੱਕ ਹਾਰ ਗਏ.. ਤਾਂ ਗੱਲ ਆਪੇ ਨਿਬੜੀ..।'

ਸਰਾਜ ਨੇ ਫਸੇ ਜਨੌਰ ਵਾਂਗ ਧੌਣ ਨੂੰ ਝਟਕਾ ਮਾਰਿਆ। ਰੰਬੇ ਜ਼ੋਰ ਨਾ ਜ਼ਮੀਨ ਤੇ ਮਾਰ ਮਿਟੀ ਝਾੜੀ ਤੇ ਮਨੋ ਮਨੀ ਗਾਮੇ ਨੂੰ ਕੋਸਿਆ। ਸਾਰੇ ਕੁਝ ਚਿਰ ਮੁਸਕੜੀਏ ਹੱਸਦੇ, ਕਦੇ ਕੁੱਪ, ਕਦੇ ਸਿਪਾਹੀਆਂ ਨੂੰ ਕਿਆਸਦੇ ਰਹੇ। ਪਤਾ ਨਹੀਂ ਗਾਮੇ ਦੀ ਸੂਈ ਕਿਥੇ ਅਟਕੀ ਹੋਈ ਸੀ। ਲੰਮੀ ਚੁੱਪ ਤੋਂ ਬਾਅਦ ਪਤਾ ਨਹੀਂ ਕੇਹੜੀ ਅੰਦਰਲੀ ਤਾਂਘ ਤੋਂ ਪੁਛਣ ਲੱਗਾ, 'ਉਂ ਭਾਗੂ! ਏਹ ਕਰਮਾ ਹਿੰਦੂ ਆ ਕਿ ਮੁਸਲਾ! ਸਿੱਖ ਤਾਂ ਜਾਪਦਾ ਨੀ,' ਸਰਾਜ ਦੀ ਥਾਂ ਉਸ ਨੇ ਭਾਗ ਤੋਂ ਕਾਹਤੋਂ ਪੁਛਿਆ, ਏਹ ਵੀ ਕੋਈ ਰਾਜ਼ ਸੀ ਜਾਂ..।

ਪਰ ਭਾਗੂ ਕਿਤੇ ਹੋਰ ਈ ਪਹੁੰਚ ਖਲੋਤਾ ਸੀ, 'ਕਿਉਂ ਤੈਂ ਵਿਚੋਲਾ ਬਣਨੈਂ ਸਰਾਜ ਦਾ.., ਉਸ ਵਿਆਹ ਦੀ ਉਮਰੋਂ ਲੰਘ ਚੁਕੇ ਸਰਾਜ ਨੂੰ ਅੱਖ ਮਾਰੀ, "ਤੂੰ ਜੋ ਮਰਜ਼ੀ ਕਹਿ ਦੀਂ ਗਵਾਹੀ ਮੈਂ ਭਰਦੂੰ.. ਤੇ ਡੇਰ ਪਤਾ ਨੀਂ ਕਿਉਂ ਪਿੰਡ ਕੰਨੀ ਝਾਕਦਿਆਂ ਉਦਾਸ ਲਹਿਜ਼ੇ 'ਚ ਹੌਲੀ ਜਿਹੀ ਭਰੇ ਗਲੇ 'ਚੋਂ ਬੋਲਿਆ, 'ਆਪਣੀਆਂ ਕਾਹਦੀਆਂ ਜਾਤਾਂ ਗਾਮਾ ਸਿੰਆ..' ਉਹ ਪਤਾ ਨਈਂ ਜਾਣ ਕੇ, ਪਤਾ ਨੀ ਕਿਸ ਦਰਦ 'ਚੋਂ ਵਰਿਆਮ ਚੰਦ ਨੂੰ ਵਰਿਆਮ ਸਿੰਆ ਕਹਿ ਕੇ ਮੁਖ਼ਾਤਬ ਹੋਇਆ। ਸੂਰਜ ਢਲਦਾ ਢਲਦਾ ਢੱਲ ਗਿਆ।

ਜਗਦੀਪ ਸਿੰਘ ਦੇ ਵਿਆਹ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਤੇ ਸਨ। ਕਣਕ ਗੋਡਣ ਪਿਛੋਂ ਸਰਾਜ ਜ਼ੈਲਦਾਰਨੀ ਦੇ ਘਰ ਲੂੰ ਲਿਸ਼ਕਾਉਣ ਵਿਚ ਜੁਟਿਆ ਹੋਇਆ ਸੀ। ਸਾਰੀਆਂ ਛੱਤਾਂ ਤੇ ਲੇਪ ਦਿੱਤਾ ਤਾਂ ਸਾਰਾ ਘਾਣ ਸਰਾਜ ਨੇ ਰਲਾਇਆ। ਆਟੇ ਵਾਂਗ ਗੁੰਨਿਆ, ਮਜਾਲ ਕੋਈ ਗਿਲਟੀ ਰਹਿ ਜਾਏ। ਸਾਰਾ ਪੌੜੀ ਥਾਣੀਂ ਛੱਤਾਂ ਤੇ ਢੋਇਆ। ਚੁਲ੍ਹੇ ਚੌਂਕੇ ਤੇ ਪੋਚਾ ਫਿਰਵਾਇਆ ਤੇ ਵੇਹੜੇ ਵਿਚ ਗੋਹਾ। ਘਰ ਖੁਸਰੇ ਦੀ ਅੱਡੀ ਵਾਂਗ ਲਿਸਕਦਾ ਪਿਆ ਸੀ। ਜਦੋਂ ਸਾਰੀਆਂ ਕਾਮੀਆਂ ਤੀਵੀਆਂ ਤੁਰ ਜਾਂਦੀਆਂ ਤਾਂ ਸਰਾਜ ਸਭੋ ਖਿਲਾਰੇ ਸਾਂਭਦਾ, ਖੌ ਪੀਏ ਤਕ ਲਗਾ ਰਹਿੰਦਾ। ਕਦੇ ਕਦਾਈਂ ਸ਼ਾਮੀਂ ਰੋਟੀ ਤੋਂ ਪਹਿਲਾਂ ਦੀਪਾ ਸਰਾਜ ਨੂੰ ਇਕ ਦੋ ਪੈੱਗ ਪਿਲਾ ਦਿੰਦਾ।

ਮੱਘਰ ਦੇ ਬਾਈਵੇ ਦਾ ਸਾਹਾ ਤਾਂ ਉਤੇ ਚੜ੍ਹਿਆ ਆਉਂਦਾ ਸੀ। ਤੇ ਕੰਮ ਕਾਰਾਂ ਦੇ ਢੇਰਾਂ ਦੇ ਢੇਰ ਪਏ ਸਨ। ਤੇ ਸਰਾਜ ਸੀ ਕਿ ਕੋਹਲੂ ਦੇ ਬੈਲ ਵਾਂਗ ਜੁਟਿਆ ਰਹਿੰਦਾ। ਜ਼ੈਲਦਾਰਨੀ ਮੌਕਾ ਤਕਾਅ ਕੇ ਉਹਨੂੰ ਪਤਿਆ ਛੱਡਦੀ, 'ਮੇਰੇ ਸਰਾਜ ਤੋਂ ਬਿਨਾਂ ਸਾਰੀਆਂ ਦਲਿੱਦਰ ਦੀਆਂ ਪੰਡਾਂ ਆ.. ਜੇ ਤੂੰ ਨਾ ਹੋਵੇ ਤੇ ਪਰਲੋ ਆ ਜੇ, ਤੇ ਸਰਾਜ ਨੂੰ ਲਗਦਾ ਜਿਵੇਂ ਸੱਚੀਉਂ ਉਸ ਨੇ ਧਰਤ ਅਸਮਾਨ, ਚੰਨ ਸੂਰਜ ਸਾਂਭ ਰੱਖੇ ਹੋਣ, ਨਹੀਂ ਤਾਂ ਖੌਰੇ ਕਦੋਂ ਦੀ ਪਰਲੋ ਆ ਗਈ ਹੁੰਦੀ।

ਵਿਆਹ ਤੋਂ ਤਿੰਨ ਦਿਨ ਪਹਿਲਾਂ ਹਲਵਾਈ ਨੇ ਆਣ ਭੱਠੀਆਂ ਭਖਾਈਆਂ ਤਾਂ ਸਰਾਜ ਦੀ ਡਿਊਟੀ ਉਹਦੇ ਸਰਾਹਣੇ.. ਉਹ ਪਰਾਤ ਵਿਚ ਖੰਡ ਲਿਆ ਰਿਹਾ.. ਲੱਡੂਆਂ ਦਾ ਟੋਕਰਾ ਦਲਾਨੇ ਲਿਜਾ ਰਿਹਾ.. ਲਕੜਾਂ ਪਾੜ ਰਿਹਾ.. ਘਿਉ ਦੇ ਪੀਪੇ ਖੋਲ੍ਹ ਰਿਹਾ. ਬਾਕੀ ਪਿੰਡ ਨੂੰ ਅਖੰਡ ਪਾਠ ਦੇ ਭੋਗ ਤੇ ਰੋਟੀ ਦਾ ਸੱਦਾ ਦਿੰਦਾ ਰਿਹਾ। ਵਿਆਹ ਤੋਂ ਦੋ ਦਿਨ ਪਹਿਲਾਂ ਸਵੇਰੇ ਮੇਲ ਆਉਣਾ ਸ਼ੁਰੂ ਹੋਇਆ ਤਾਂ ਸੇਮ ਨੂੰ ਲੈ ਉਸ ਪੂਰੇ ਚਾਲੀ ਮੰਜੇ ਬਿਸਤਰੇ ਕੱਠੇ ਕੀਤੇ। ਸਾਰੇ ਘਰ ਦੇ ਜੀਅ 'ਸਰਾਜ ਆਈਂ ਵੇ'.. ਸਰਾਜ ਆਵੀਂ ਵੇ..।' ਕਿਧਰੇ ਜ਼ੈਲਦਾਰਨੀ ਖੜੀ ਖੜੋਤੀ ਅਜੇ ਨਵਾਂ ਹੁਕਮ ਚਾੜ੍ਹ ਈ ਰਹੀ ਹੁੰਦੀ ਤਾਂ ਦੀਪਾ ਆ ਧਮਕਦਾ.. ਕੁੜੀਆਂ ਅੱਡ 'ਵੀਰਾ' 'ਵੀਰਾ' ਕਹਿੰਦੀਆਂ ਉਸ ਨੂੰ 'ਜ਼ੁੰਮੇਵਾਰੀ' ਬਖ਼ਸ਼ਦੀਆਂ ਤੇ ਜਵਾਈ ਭਾਈ ਆਪਣਾ ਗਾਂਡਾ ਤੋਪਾ ਭਰਾਉਂਦੇ। ਸਾਰੇ ਪ੍ਰਾਹੁਣੇ ਉਸੇ ਨੂੰ ਜਾਣਦੇ ਸਨ ਤੇ ਹਰੇਕ ਉਤੀ ਬੁੱਤੀ ਲਈ ਹਾਕਾਂ ਮਾਰਦੇ, ਲੱਭਦੇ ਫਿਰਦੇ।

ਦੁਪਹਿਰ ਕੁ ਵੇਲੇ ਅਖੰਡ ਪਾਠ ਦੇ ਭੋਗ ਤੋਂ ਵਿਹਲੇ ਹੋਣ ਪਿਛੋਂ ਸਪੀਕਰ ਡਿਉੜੀ ਨੇੜੇ ਮੰਜਿਆਂ ਉਤੇ ਲਿਆ ਟਿਕਾਇਆ ਗਿਆ ਤਾਂ ਸਰਾਜ ਦੇ ਚਾਅ ਝੱਲੇ ਨਹੀਂ ਸਨ ਜਾਂਦੇ। ਸਪੀਕਰ ਵਾਲੇ ਭਾਈ ਨਾਲ ਉਹਦੀ ਪੁਰਾਣੀ ਆੜੀ ਸੀ। ਉਹ ਘਰ ਦੇ ਕੰਮਾਂ ਨੂੰ ਨਿਪਟਾਉਂਦਾ .. ਫਟਾ-ਫਟ ਵਿਹਲਾ ਹੋ ਤਵਿਆਂ ਵਾਲੀ ਮਸ਼ੀਨ ਕੋਲੇ ਆ ਬੈਠਦਾ। ਹੁਣ ਉਹ ਹਲਵਾਈ ਕੰਨੀ ਬਹੁਤਾ ਗੇੜਾ ਨਹੀਂ ਸੀ ਮਾਰਦਾ। ਆਉਂਦਾ ਜਾਂਦਾ ਸਪੀਕਰ ਵਾਲੇ ਦੀ ਸੇਵਾ ਕਰਦਾ ਤੇ ਤਵਿਆਂ ਦੀ ਫ਼ਰਮਾਹਿਸ਼ ਕਰਦਾ ਰਹਿੰਦਾ। ਕਦੇ 'ਮਾਰ ਜਗੀਰੋ ਫੇਰਾ', ਤੇ ਕਦੇ 'ਮਾਂ ਹੁੰਦੀ ਏ..'। ਮੇਲ ਨਾਲ ਘਰ ਭਰਿਆ ਪਿਆ ਸੀ.. ਸਾਰੇ ਪਾਸੇ ਚਹਿਲ ਪਹਿਲ ਤੇ ਸ਼ੋਰ ਸ਼ਰਾਬੇ ਵਿਚ ਹਾਸੇ ਤਰਦੇ ਪਏ ਸਨ।

ਪ੍ਰਾਹੁਣੇ ਤਾਂ ਭੋਗ ਪਿਛੋਂ ਦੇ ਈ ਡਟੇ ਪਏ ਸਨ ਦਾਰੂ ਪੀਣ। ਮਰੀਅਲ ਧੁੱਪ ਹੋਣ ਕਰ ਕੇ ਉਹ ਵੱਡੇ ਦਲਾਨ ਵਿਚ ਡੇਰਾ ਜਮਾਈ ਬੈਠੇ ਸਨ। ਸਰਾਜ ਨੂੰ ਦੀਪਾ ਕਦੇ ਪਾਣੀ, ਕਦੇ ਭੁਜੀਆ ਤੇ ਕਦੇ ਕੋਈ ਸਬਜ਼ੀ ਲਿਜਾਣ ਲਈ ਕਹਿੰਦਾ। ਵਿਚ ਕਦੇ ਕਾਦਾਈਂ ਛੋਟਾ ਜਿਹਾ ਹਾੜਾ ਵੀ ਲਵਾ ਦਿੰਦਾ, 'ਏਹਦਾ ਕੀ ਪਤਾ ਭੁੱਖੀ ਜਾਤ ਲੇਹੜ ਕੇ ਲਿਟਦੀ ਫਿਰੇ.. ਤੇ ਸਾਰਾ ਕੰਮ ਚੌੜ ਹੁੰਦਾ ਫਿਰੇ।' ਪਰ ਸਰਾਜ ਨੀਮ ਪਿਆਜ਼ ਹੋਇਆ ਚੱਕਰੀ ਵਾਂਗ ਕੰਮੀ ਕਾਰੀਂ ਉਡਿਆ ਫਿਰਦਾ।

ਮੱਘਰ ਦੀ ਠੰਡੀਲੀ ਸ਼ਾਮ ਉਤਰਨ ਲੱਗੀ। ਸਪੀਕਰ ਵਾਲੇ ਨੇ ਸਰਾਜ ਨੂੰ ਆਵਾਜ਼ ਮਾਰੀ, 'ਉਏ ਮੁਹੰਮਦ ਸਦੀਕ ਦਿਆ ਵੇਖੀਂ ਕੇਰਾਂ ਮੈਂ ਛਰਲਾ ਮਾਰ ਆਵਾਂ,' ਉਠਦਿਆਂ ਸਪੀਕਰ ਵਾਲੇ ਨੇ ਖੇਸ ਦੀ ਬੁਕਲ ਖੋਲ੍ਹ ਕੇ ਕੱਸ ਕੇ ਮੁੜ ਮਾਰੀ, 'ਚਾਬੀ ਦੇਈਂ ਬੱਸ, ਲੋੜ ਪਈ ਤਾਂ ਤਵੇ ਦਾ ਪਾਸਾ ਬਦਲ ਦੀਂ ਸੂਹੀ ਮੈਂ ਹੁਣੇ ਬਦਲੀ ਆ ਹੋਰ ਨਾ ਮਕੈਨਕੀ ਘੋਟਣ ਬਹਿ ਜੀਂ, ਮਾਂ ਦਿਆਂ ਗੜਵਿਆ!' ਪੱਗ ਨੂੰ ਸੂਤਵੀਂ ਕਰ ਕੇ ਉਹ ਗੇਟ ਤੋਂ ਬਾਹਰ ਵੱਲ ਹੋ ਤੁਰਿਆ ਤੇ ਸਰਾਜ ਮਸ਼ੀਨ ਅੱਗੇ ਚੌੜ੍ਹਾ ਹੋ ਬੈਠ ਗਿਆ। ਸੂਈਆਂ ਚੁੱਕਣ ਲਈ ਮੱਛਰੀ ਮੰਡੀਰ ਨੂੰ ਉਸ ਘੁਰਕੀ ਦਿਤੀ, 'ਹੇਖਾਂ! ਕਿਵੇਂ ਭੁੱਖ ਵਰਤੀ ਪਈ ਆ ਏਨ੍ਹਾਂ ਨੂੰ, ਚਲੋ ਦੌੜੋ ਇਥੋਂ..' ਉਹ ਉਈਂ ਪੋਲੇ ਉਂਗਲਾਂ ਨਾਲ ਤਵੇ ਚੱਕ ਚੱਕ ਵੇਖਣ, ਪਲਟ ਪਲਟ ਪਛਾਨਣ ਦਾ ਵਖਾਵਾ ਕਰਨ ਵਿਚ ਰੁਝ ਗਿਆ। ਘੜੀ ਮੁੜੀ ਚਾਅ ਨਾਲ ਚਾਬੀ ਨੂੰ ਇਕ ਅੱਧ ਗੇੜਾ ਦਿੰਦਾ ਤੇ ਡਰਦਾ ਡਰਦਾ ਵਿਚਕਾਹੇ ਛੱਡ ਦੇਂਦਾ-'ਨਾ ਜਾਣੀਏ, ਕੁਝ ਹੋਰ ਈ ਹੋਜੇ, ਫੇ-।'

ਤਦੇ ਜ਼ੈਲਦਾਰਨੀ ਆਣ ਧਮਕੀ, 'ਵੇ ਟੁੱਟਪੈਣਿਆਂ, ਆ ਸ਼ਕੀਨੀ ਤੈਨੂੰ ਕਿਥੋਂ ਸੁੱਝੀ ਵੇ। ਹੈ! ਅੰਦਰ ਮੇਲਣਾ ਭੁਖੀਆਂ ਬੈਠੀਆਂ -ਤੇ ਆਹ ਬੈਠਾ ਵਾ ਵੱਡਾ ਚਲ ਉਠ ਤੇ ਮੇਲਣਾਂ ਨੂੰ..'

ਅਜੇ ਜ਼ੈਲਦਾਰਨੀ ਦਾ ਹੁਕਮ ਪੂਰਾ ਹੋਇਆ ਵੀ ਨਹੀਂ ਸੀ, ਦੀਪਾ ਆ ਸਵਾਰ ਹੋਇਆ, 'ਉਏ ਯਮਲੇ ਦਿਆ ਚਰਖਿਆ! ਪਸ਼ੂਆਂ ਨੂੰ ਪੱਠੇ ਨੀ ਪਾਏ। ਤੇ ਏਨ੍ਹਾਂ ਨੂੰ ਅੱਜ ਤਵੇ ਛਕਾਵੇਂਗਾ। ਭੁੱਖੇ ਮਾਰ ਤੇ ਪਤੰਦਰਾ-ਭੁਲੀਂ ਨਾ ਪ੍ਰਾਹੁਣਿਆਂ ਨੂੰ ਰੋਟੀ ਵੀ ਛਕਾਉਦੀ ਈਂ-ਆ ਜ਼ਰਾ ਤੇਰਾ ਮੂੰਹ ਕਰਾਰਾ ਕਰਾਵਾਂ-।'

ਉਂਜ ਸਰਾਜ ਦਾ ਵਿਆਹ ਵਾਲੇ ਘਰੇ ਬੜਾ ਚਿਤ ਲੱਗਦਾ। ਸਾਰੇ ਪਿੰਡ ਵਿਚ ਵਿਆਹ ਕਿਸੇ ਦੇ ਵੀ ਹੋਵੇ। ਮਲਕੜੇ ਜਹੇ ਹਲਵਾਈ ਨਾਲ ਜਾ ਸਕੀਰੀ ਗੰਢਦਾ। ਸਪੀਕਰ ਵਾਲਾ ਤਾਂ ਹੈ ਹੀ ਉਹਦਾ ਖਾਸ ਸੀ। ਉਹ ਆਪੇ ਜਾ ਉਤੀਆਂ ਬੁਤੀਆਂ ਕਰਨ ਲੱਗਦਾ। ਸਭ ਨਾਲ ਰਚ-ਮਿਚ ਕੇ ਰਹਿੰਦਾ। ਪਰ ਏਸ ਘਰ ਦੇ ਸਾਰੇ ਜੀਅ ਤਾਂ ਉਹਦਾ ਤਿਉਹ ਜਿਹਾ ਈ ਬਹੁਤ ਕਰਦੇ ਸਨ। ਚਾਰੇ ਕੁੜੀਆਂ ਦੇ ਵਿਆਹਾਂ ਤੇ ਕਈ ਕਈ ਦਿਨ ਸਰਾਜ ਨੇ ਭੱਜ ਦੌੜ ਕੀਤੀ ਸੀ। ਜ਼ੈਲਦਾਰਨੀ ਤਾਂ ਹੁੱਬ ਕੇ ਕਹਿ ਵੀ ਦਿੰਦੀ, 'ਸਰਾਜ, ਤਾਂ ਏਸ ਘਰ ਦਾ ਜੀਅ ਆ।'

ਪ੍ਰਾਹੁਣੇ ਪੀ ਖਾ ਟੈਟ ਹੋ ਬਿਸਤਰੇ ਮਲ ਬੈਠੇ ਸਨ। ਸਵੇਰੇ ਸੁੱਵਖਤੇ ਜਾਗਣਾ ਸੀ। ਬਰਾਤੇ ਜੋ ਜਾਣਾ ਸੀ। ਸਪੀਕਰ ਵਾਲੇ ਨੇ ਵੀ ਸਾਝਰੇ ਬਰਾਤੀਆਂ ਨੂੰ ਬੁਲਾਵੇ ਦੇਣੇ ਸਨ, ਓਹ ਵੀ ਮਸ਼ੀਨ ਠੱਪ ਕੇ ਸੌਂ ਗਿਆ। ਮੇਲਣਾਂ ਅੰਦਰ ਨਿੱਘੀਆਂ ਹੋ ਬੈਠੀਆਂ ਗਾ ਰਹੀਆਂ ਸਨ। ਵਿਚੇ ਮਿਹਣੇ ਮਸ਼ਕਰੀਆਂ ਤੇ ਨਾਲੋ ਨਾਲ ਹਾਸੜ ਦੇ ਵਾਵਰੋਲੇ ਉਠਦੇ ਰਹਿੰਦੇ। ਸਾਂਭ ਸੰਭਾਲੀ ਪਿਛੋਂ ਸਰਾਜ ਨੂੰ ਦੀਪੇ ਨੇ ਤਾਬੜ ਤੋੜ ਦੋ ਮੋਟੇ ਹਾੜੇ ਛਕਾਏ। ਰੋਟੀ ਖਾ ਜਦ ਸਰਾਜ ਤੁਰਨ ਲਗਿਆ ਤਾਂ ਦੀਪਾ ਕਹਿਣ ਲੱਗਾ, 'ਉਏ ਜਾਂਦਾ ਈ ਪੈ ਜੀਂ..ਹੋਰ ਨਾ ਪਿੰਡ ਦੀ ਗਰਦੌਰੀ ਕਰਦਾ ਫਿਰੀਂ ਅੱਧੀ ਰਾਤੀਂ। ਸਵੱਖਤੇ ਆ ਜੀਂ-ਸਾਰੇ ਮਹੈਣ ਨੂੰ ਚਾਹ ਤੈਂ ਈ ਪਿਆਉਣੀ ਆ, ਮੇਰਾ ਯਾਰ ਆ ਕਰ ਕੇ..।'

ਸਰਾਜ ਦਾ ਮਨ ਕੀਤਾ ਪੱਛੇ, 'ਤੇ ਸਰਦਾਰਾ ਮੈਂ ਤਿਆਰ ਕਦੋਂ ਹੋਊਂ ਬਰਾਤੇ ਜਾਣ ਲਈ।'

ਤਦੇ ਸਰਦਾਰਨੀ ਖੁਰੇ 'ਚੋਂ ਨਿਕਲਦੀ ਸਾਰੇ ਘਰ ਦਾ ਮੁਆਇਨਾ ਕਰਦੀ ਤੁਰੀ ਤੁਰੀ ਜਾਂਦੀ ਪੈਰ ਮਲਦਿਆਂ ਕੋਲੇ ਆ ਰੁਕੀ, 'ਤੇ ਆਹੋ ਘਰੇ ਨਾ ਸੁਤਾ ਰਹੀਂ ਦੁਪੈਰ ਤੀਕ, ਘਰ ਪਿੱਛੋਂ ਤੈਂ ਈ ਸਾਂਭਣੈ.. ਬਾਕੀ ਤਾਂ ਬਰਾਤੇ ਤੁਰ ਜਾਣਗੇ,' ਸਰਾਜ ਦੇ ਸਿਰ ਸੱਤ ਘੜੇ ਠੰਡਾ ਪਾਣੀ ਆਣ ਪਿਆ, 'ਪਿਛੋਂ ਤੈਂ ਈ ਸਾਂਭਣੀਆਂ ਨੇ ਮੇਲਣਾਂ, ਨਾਲ ਪਸ਼ੂ ਡੰਗਰ.. ਹੋਰ ਨੀ ਕੋਈ ਏਨਾ ਜ਼ੁੰਮੇਵਾਰ, ਜੀਹਦੇ ਸਿਰ ਤੇ ਸਾਰਾ ਘਰ ਖੁਲ੍ਹਾ ਛੱਡ ਕੇ ਤੁਰ ਜੀਏ.. ਤੂੰ ਤਾਂ ਘਰ ਦਾ ਜੀਅ ਐਂ.. ਤੇਰੇ ਪਿਛੇ ਹੁੰਦਿਆਂ ਸਾਨੂੰ ਫ਼ਿਕਰ ਨੀ ਹੁੰਦਾ.. ਹਲਾਅ! ਹੁਣ ਜਾਅ ਤੇ ਸਾਝਰੇ ਆ ਜੀਂ.. ਘੌਲ ਨਾ ਕਰੀਂ..' ਕਹਿੰਦੀ



ਜ਼ੈਲਦਾਰਨੀ ਮੇਲਣਾਂ ਵਾਲੇ ਦਲਾਨ ਦਾ ਬੂਹਾ ਟੱਪ ਗਈ।

ਪਰ ਸਰੂਰ ਵਿਚ ਗੁੱਟਕਦੇ ਸਰਾਜ ਦਾ ਮਨ ਮਸੋਸਿਆ ਗਿਆ। ਦੀਪੇ ਨੂੰ ਲੱਗਾ, 'ਬੀਬੀ ਠੀਕ ਨੀ ਕਰ ਕੇ ਗਈ ਏ ਗੱਲ। ਸਵੇਰੇ ਕਹਿ ਦਿੰਦੇ। ਏਹਦਾ ਪਤੰਤਰ ਦਾ ਕੀ ਆ.. ਸਵੇਰੇ ਬਹੁੜੇ ਈ ਨਾ.. ਟਿਵ ਜੇ ਕਿਧਰੇ.. ਜਾਂ ਬਿਮਾਰ ਹੋ ਜੇ ' ਮੌਕਾ ਸਾਂਭਦਿਆਂ ਉਸ ਸਰਾਜ ਦੇ ਨੇੜੇ ਹੋ ਉਹਦੇ ਮੋਢੇ ਤੇ ਪੋਲਾ ਪੋਲਾ ਹੱਥ ਥਪਥਪਾਇਆ," ਐਵੇਂ ਬੀਬੀ ਛੱਡੀ ਜਾਂਦੀ ਆਂ.. ਘਰ ਵੀ ਸਾਂਭ ਹੋ ਜੂ। ਬਥੇਰਾ ਮੇਲ ਆ ਆਪੇ ਸਾਂਭ ਲੂ.. ਪਕੌਣਗੇ.. ਖਾਣਗੇ। ਤੂੰ ਚਲੀਂ ਬਰਾਤੇ.. ਹੱਲਾ! ਲੈ ਚੱਲਣੈ ਤੈਨੂੰ ਮੇਰੇ ਯਾਰ ਜ਼ਰੂਰ .. ਤੜਕੇ ਆ ਜੀਂ। ਬਰਾਤ ਦੇ ਕਪੜੇ ਨਾਲੇ ਚੱਕ ਲਿਆਵੀਂ। ਏਥੇ ਹੀ ਹੋਜੀਂ ਤਿਆਰ.. ਪਰਵਾਹ ਨਾ ਕੇਰਾਂ ਟੁੰਡੀਲਾਟ ਦੀ ਸਰਾਜਦੀਨ। ਚਲ ਜਾਹ, ਸੌਂ ਹੁਣ..।''

ਏਨੀ ਕੁ ਹੱਲਾਸ਼ੇਰੀ ਨਾਲ ਸਰਾਜ ਮੁੜ ਟਹਿਕ ਉਠਿਆ । 'ਫੇ ਵੀ ਦੀਪਾ, ਆਪਣਾ ਆੜੀ ਆ,' ਏਹ ਸੋਚਦਿਆਂ ਨਸ਼ੇ ਦੇ ਸਰੂਰ ਵਿਚ ਉਸ ਤਪਾਕ ਨਾਲ ਬਿਨ-ਖੜਾਕ ਕੀਤਿਆਂ ਡਿਉੜੀ ਦਾ ਗੇਟ ਭੇੜਿਆ। ਗਲੀ ਵਿਚ ਤੁਰਦੇ ਤੁਰਦੇ ਉਸਨੇ ਚੁਫੇਰੇ ਪਸਰੇ ਸਰਦ-ਸੰਘਣੇ ਹਨੇਰੇ ਨੂੰ ਅੱਖਾਂ ਫੈਲਾਅ ਕੇ ਟੋਹਿਆ। ਸਵੇਰੇ ਬਰਾਤੇ ਜਾਣ ਦਾ ਖ਼ਿਆਲ ਆਉਂਦਿਆਂ ਉਹਦਾ ਮਨ ਮਚਲ ਉਠਿਆ । ਦਾਰੂ ਦੇ ਲੋਰ 'ਚ ਐਵੇਂ ਗੁਣਗੁਣਾਉਣ ਲੱਗਾ। ਗਲੀ ' ਚੋਂ ਫਿਰਨੀਏ ਪੈ ਪਿੰਡੋਂ ਬਾਹਰ ਵਾਰ ਘਰੇ ਜਾਣ ਦੀ ਬਜਾਏ ਉਹ ਦੂਸਰੀ ਗਲੀ ਤੋਂ ਪਿੰਡ ਵਿਚਦੇ ਮੋੜ ਵੱਲ ਨੂੰ ਭਉਂ ਗਿਆ। ਕਿਸੇ ਅਗੰਮੀ ਲੋਰ ਵਿਚ ਗੁਣਗੁਣਾਉਂਦਾ ਗੁਣਗੁਣਾਉਂਦਾ ਉਹ ਥੋੜ੍ਹਾ ਉਚੀਂ ਗੌਣ ਲੱਗਿਆ," ਤੇਰੇ ਨੀ ਕਰਾਰਾਂ ਮੈਨੂੰ ਪੱਟਿਆ, ਦਸ ਮੈਂ ਕੀ ਪਿਆਰ ਵਿਚੋਂ ਖੱਟਿਆ..।''

ਗਾਉਂਦਾ ਗਾਉਂਦਾ ਉਹ ਪਿੰਡ ਦੇ ਵਿਚਕਾਰ ਜਿਹੇ ਆ ਗਿਆ। ਉਡਦੇ ਜਾਂਦੇ ਨੂੰ ਉਹਨੂੰ ਪਤਾ ਵੀ ਨਾ ਲੱਗਾ, ਕਦੋਂ ਉਹਦਾ ਪੈਰ ਸਰਪੰਚਾਂ ਦੀ ਗੰਦੀ ਨਾਲੀ ਵਿਚ ਖੜੱਪ ਕਰਕੇ ਆ ਗਿਆ। ਗੋਡਿਆਂ ਦੀ ਲਚਕ ਤੇ ਸੂਤਵੇਂ ਲਿਫਾਅ ਨਾਲ ਉਹ ਡਿਗਣੋਂ ਤਾਂ ਬਚ ਗਿਆ, ਪਰ ਉਹਦਾ ਖੱਬਾ ਛਿੱਤਰ ਗੰਦੇ ਪਾਣੀ ਨਾਲ ਭਰ ਗਿਆ। ਗੌਣ ਇਕੇਰਾ ਤਾਂ ਥਿੜ੍ਹਕ ਗਿਆ.. ਪਰ ਪਤਾ ਨਹੀਂ ਅੰਦਰ ਕਿਹੜੀ ਲਹਿਰ ਉਮੜੀ ਪਈ ਸੀ। ਉਸ ਮੁੜ ਧਾਰਮਕ ਗੌਣ ਛੋਹ ਲਿਆ, "ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਏ.. ,'' ਯਮਲੇ ਜੱਟ ਦੀ ਪੁਕਾਰ ਸਰਾਜ ਅੰਦਰੋਂ ਦਰਦ ਭਰੀ ਹੂਕ ਬਣ ਉਭਰੀ।

ਮਸਤ ਚਾਲ ਤੁਰਦਾ ਉਹ ਰਜਾਈਆਂ ਦਾ ਨਿੱਘ ਮਾਣ ਰਹੇ ਪਿੰਡ ਵਾਲਿਆਂ ਨੂੰ ਬਾਬਾ ਨਾਨਕ ਸੁਣਾਉਂਦਾ ਰਿਹਾ, ਜਿੰਨਾ ਕੁ ਯਾਦ ਸੀ। ਗੌਣ ਮੁਕ ਗਿਆ ਪਰ ਉਹਦੀ ਠੱਠੀ ਅਜੇ ਦੂਰ ਸੀ। ਉਸਨੇ ਇਕ ਹੋਰ ਧਾਰਮਕ ਗੌਣ ਛੋਹ ਲਿਆ। ਏਹਦਾ ਅਜੇ ਉਹਨੇ ਤਵਾ ਤਾਂ ਨਹੀਂ ਸੀ ਸੁਣਿਆ, ਪਰ ਦੀਪੇ ਨੇ ਇਕ ਦਿਨ ਉਹਨੂੰ ਸਿਖਾਇਆ ਸੀ ਪੈੱਗ ਲਵਾਉਂਦਿਆਂ ਤੇ ਉਹਨੂੰ ਏਹ ਬਾਹਲਾ ਹੀ ਚੰਗਾ ਚੰਗਾ ਲੱਗਿਆ ਸੀ। ਉਸਨੇ ਦੇਖਿਆ ਜਥੇਦਾਰਾਂ ਦਾ ਯੋਧਾ ਸੂੰਹ ਮੋਟਰ ਸਾਈਕਲ ਦੀਆਂ ਬੱਤੀਆਂ ਨਾਲ ਡਿਉੜੀ ਦੇ ਦਰਵਾਜ਼ੇ ਨੂੰ ਰੁਸ਼ਨਾਉਂਦਾ ਅੰਦਰ ਵੜਿਆ। ਕਿਸੇ ਅਗੰਮੀ ਸਰੂਰ ਵਿਚ ਭਿੱਜੇ ਨੇ ਆਪਣੀ ਸਾਰੀ ਭੁਖ-ਗਰੀਬੀ ਨੂੰ ਮਸਤ ਪੈਰਾਂ ਹੇਠ ਮਧੋਲਦਿਆਂ, ਰਸ -ਭਿੰਨੀ ਸੁਰ ਚੁਕੀ," ਰਾਜ ਕਰੇਗਾ ਖਾਲਸਾ, ਓਏ ਰਾਜ ਕਰੇਗਾ ਖਾਲਸਾ, ਓਏ ਸਿੰਘੋ ਮੇਰਿਉ! ਰਾਜ ਕਰੇਗਾ ਖਾਲਸਾ, ਜਦ ਬਾਕੀ ਰਹੇ ਨਾ ਕੋਈ..,'' ਅਗਲੀਆਂ ਪੰਕਤੀਆਂ ਉਸਨੂੰ ਚੇਤੇ ਨਾ ਆਈਆਂ, ਖੌਰੇ ਕਿਥੇ ਗੁੰਮ ਗਈਆਂ ਤੇ ਸਰਾਜ ਨੇ ਵਜਦ ਵਿਚ , ਰਾਜ ਕਰੇਗਾ ' ਦੀ ਤੁਕ ਮੁੜ ਦੁਹਰਾਈ ।

ਜਥੇਦਾਰਾਂ ਦੇ ਗੇਟੋਂ ਕਿਸੇ ਨੇ ਛਾਲ ਮਾਰ ਅੱਭੜਵਾਹੇ ਉਸਦੀ ਧੌਣ 'ਤੇ ਧੌਲ ਦੇ ਮਾਰੀ। ਭੋਲੇ ਭਾਅ ਉਡਦੇ ਜਾਂਦੇ ਸਰਾਜ ਕੋਲੋਂ ਸੰਭਲਿਆ ਨਾ ਗਿਆ ਤੇ ਘੁਮੇਟਣੀ ਖਾਂਦਾ ਉਹ ਮੂੰਹ ਪਰਨੇ ਧੂੜ ਭਰੇ ਰਾਹ ਵਿਚ ਜਾ ਘੁਸੜਿਆ। ਅਜੇ ਉਹ ਜਾਣ ਨਹੀਂ ਸੀ ਸਕਿਆ ਕਿ ਕਿਉਂ ਕੀ ਵਾਪਰਿਆ। ਤਦੇ ਜਥੇਦਾਰਾਂ ਦੇ ਰਣਜੋਧ ਸਿੰਘ ਨੇ ਉਸਨੂੰ ਪਏ ਪਏ ਨੂੰ ਠੁਡਿਆਂ ਨਾਲ ਝੰਬ ਸੁਟਿਆ ਤੇ ਮੁੜ ਮਿੱਟੀ ' ਚ ਲੱਥਪੱਥ ਨੂੰ ਘਸੁੰਨਾਂ ਨਾਲ ਤਕੜੀ ਤੌਣੀ ਲਾਈ।

"ਤੇਰੀ ਦਿੱਤਾ ਕਤੀੜ ਦੀ ਭੈਣ ਨੂੰ .. ਹਰਾਮਦਿਆ.. ਤੈਨੂੰ ਸਖਾਵਾਂ ਬਾਣੀ ਦੀ ਬੇਅਦਬੀ.. ,'' ਗੇਟ ਤੇ ਰੌਲਾ ਸੁਣ ਕੇ ਰਣਜੋਧ ਨੂੰ ਬਾਹਰ ਕਾਹਲੀ ਨਾਲ ਨਿਕਲਦੇ ਨੂੰ ਤਕਾਅ ਸਰਦਾਰਨੀ ਤੇਜ ਕੋਰ ਅੱਧ-ਖੁਲ੍ਹੇ ਗੇਟ ਤੀਕ ਆਈ ਤੇ ਸਰਾਜ ਦੀ ਬਹੁੜੀ ਸੁਣ ਅੰਦਰੋਂ ਰੁਕ ਗਈ। ਉਹਦਾ 'ਜੋਧਾ ਸੂੰਹ' ਮਜ਼ਹਬੀ ਲੜਾਈ ਵਿਚ ਮਸ਼ਰੂਫ ਸੀ ਤੇ ਥੱਲੇ ਪਏ ਬਚਾਅ ਲਈ ਹਾਲ ਪਾਹਰਿਆ ਕਰਦੇ ਸਰਾਜ ਮਜ਼ਹਬੀ ਲਈ ਕੋਈ 'ਮਜ਼ਹਬੀ ਭਰਾ' ਨਾ ਬਹੁੜਿਆ। ਤੇਜ ਕੌਰ ਵਾਹਵਾ ਦੇਰ ਪਿਛੋਂ ਢਿਲਾ ਜਿਹਾ ਕਹਿੰਦੀ ਰਹੀ, ' ਚਲ ਜਾਣ ਦੇ ਸੂ.. ਕਾਹਨੂੰ ਹੱਥ ਖ਼ਰਾਬ ਕਰਦੈਂ,'' ਪਰ ਉਸਦਾ ਅੰਦਰਲਾ ਮਨ ਕਹਿ ਰਿਹਾ ਸੀ , ' ਸੇਕ ਜਰਾ ਹੱਡ ਏਸ ਕੁਲੱਗਦੇ ਦੇ.. ਕੋਈ ਡਰ ਬਣੇ ਏਹਦੇ ਮਨ ' ਚ .. ਪਿੰਡ 'ਚ ਬੱਦੂ ਕਰ ਛੱਡਿਆ ਏ ਸਾਡਾ ਘਰ.. ਗੇਜੋ ਵਲੋਂ ਤਾਂ ਡਰ ਕੇ ਰਹੂ ਹਰਾਮੀ।''

"ਉਠ ਔਰੰਗੇ ਦੀ ਲਾਦ.. ਦਸਾਂ ਤੈਨੂੰ ਬੇਅਦਬੀ ਦਾ ਸਵਾਦ.. ਸਾਲਿਆ ਮਜਨੂਆਂ.. ਤੇਰੀ ਮਾਂ ਨੂੰ ਦਿੱਤਾ.. ਆ ਕੱਢਾਂ ਤੇਰੀ ਆਸ਼ਕੀ.. ਭੈਣ ਦੇਣਿਆ ਤੈਨੂੰ ਸਾਨ ਛੱਡਿਆ ਪਿੰਡ 'ਚ ਸਰਕਾਰ ਨੇ.. ਹੈਂ . ਉਠ ਮਾਂ ਦਿਆਂ ਖਸਮਾਂ.. ਉਠ.. ਇਉਂ ਫਿਰੂ ਭੈਣ.. ਜਿਉਂ ਬੱਕਰੀਆਂ ਦੇ ਇਜੜ ' ਚ ਬੋਕ.. ਤੇਰੀ ਮੈਂ ..,'' ਜੋਧ ਸੂੰਹ ਸਰਾਜ ਦੀ ਧੌਣ ਨੂੰ ਸੱਜੇ ਹੱਥ ਵਿਚ ਨਪੀੜ, ਅਜੇ ਉਹਦੇ ਪਏ ਪਏ ਨੂੰ ਹੋਰ ਗੋਡਾ ਫੇਰਨ ਲਈ ਨਿਵਿਆਂ ਹੀ ਸੀ ਕਿ ਕਰੰਟ ਲੱਵਣ ਵਾਂਗ ਉਹ ਭੁੜਕ ਪਰੇ ਚਿਤੜਾਂ ਭਾਰ ਜਾ ਡਿਗਿਆ। ਡਿਗਦਾ ਡਿਗਦਾ ਈ ਉਹ ਪੈਰੀਂ ਖੈੜਦਾ, ਗਾਲਾਂ ਕੱਢਦਾ, ਗੇਟ ਅੰਦਰ ਨੂੰ ਭੱਜ ਤੁਰਿਆ, "ਦਿੰਨਾ ਤੇਰੀ ਮਾਂ.. ਜਾਈਂ ਨਾਂ ਵੱਡਿਆ ਆਸ਼ਕਾ.. ਫੜਾਈਂ ਕੇਰਾਂ ਮੇਰੀ ਤਲਵਾਰ.. ਵੱਢਦਾ ਫਸਤਾ ਏਸ ਕੁੱਤੀ ਜਾਤ ਦਾ..,' ਲਲਕਾਰਦਾ ਭੱਜਿਆ ਜਾਂਦਾ ਰਣਜੋਧ ਸਿੰਘ ਘਰ ਦਾ ਗੇਟ ਟੱਪ ਗਿਆ। ਤੇਜ਼ੀ ਨਾਲ ਤੇਜ ਕੌਰ ਨੇ ਗੇਟ ਢੋਇਆ ਤੇ ਕਾਹਲੀ ਨਾਲ ਅੰਦਰੋਂ ਜਿੰਦਾ ਲਾਉਂਦੀ ਸੋਚਦੀ ਰਹੀ " .. ਕੋਈ ਨਾ.. ਅਜੇ ਮਿਰਚਾਂ ਨੂੰ ਛਿਮਾਹੀ ਪਈ ਆ.. ਊਂ ਵੀ ਏਹ ਸਿਧਰਾ ਈ ਆ। ਰੱਬ ਨੇ ਚਲਾਕ ਨੀ ਬਣਾਇਆ। ਮੁੜ ਪਤਿਆ ਲੂੰ। '' ਅੰਦਰੋਂ ਜੋਧੇ ਦੇ ਦੋ ਤਿੰਨ ਖਿੰਡਵੇਂ ਜਹੇ ਲਲਕਾਰੇ ਬੰਨੇਰਿਉਂ ਉਤਰੇ। ਮੁੜ ਠੰਢ ਵਰਤ ਗਈ।

ਸਰਾਜ ਮਿੱਟੀ ਵਿਚ ਲੱਥ-ਪੱਥ ਲਿਟਿਆ ਪਿਆ ਸੀ। ਪਤਾਲੂਆਂ ਨੂੰ ਛੁਡਾ ਕੇ ਭੱਜੇ ਜੋਧਾ ਸੂੰਹ ਦੇ ਜਾਣ ਪਿੱਛੋਂ ਉਸਨੇ ਆਪਣੀਆਂ ਪਹਿਲਾਂ ਲੱਤਾਂ , ਫੇਰ ਬਾਹਾਂ ਹਿਲਾਈਆਂ। ਫੇਰ ਲੱਤਾਂ ਨੂੰ ਆਹਿਸਤਾ ਜਹੇ ਮੋੜਿਆ ਤੇ ਹਿਕ ਨੇੜੇ ਲਿਆਂਦਾ । ਜ਼ਮੀਨ ਤੇ ਸੱਜੇ ਹੱਥ ਦੀ ਹਥੇਲੀ ਦਾ ਹੋਲੀ ਹੌਲੀ ਦਬਾਅ ਪਾ ਕਰਾਹੁੰਦਾ ਹੂੰਗਦਾ ਖਿਲਰੇ ਅੰਗਾਂ ਨੂੰ ਕੱਠਾ ਕਰਨ ਲੱਗਾ। ਮੁੜ ਲੱਤਾਂ ਨਿਸਲ ਕਰਕੇ ਨਸਾਰ ਕੇ ਹੌਲੀ ਹੌਲੀ ਪਲੱਥਾ ਮਾਰ ਕੇ ਬਹਿੰਦਾ ਹੋਇਆ, ਉਸ ਜਾਣੇ -ਪਛਾਣੇ ਲੋਹੇ ਦੇ ਗੇਟ ਵਲੀਂ ਨਫ਼ਰਤ ਤੇ ਵਿੰਨਵੀਂ ਪੀੜ ਨਾਲ ਤੱਕਿਆ। ਆਸ ਪਾਸ ਸੰਘਣੇ ਹੋ ਆਏ ਹਨੇਰੇ ਤੇ ਹੱਡਲ ਭਾਰੇ ਹੱਥਾਂ ਨਾਲ ਫੜ ਕੇ ਝਟਕਾ ਦੇ ਕੇ ਝਾੜਿਆ। ਘਿਰ ਆਏ ਸਰਦ ਆਸਮਾਨ ਵੱਲ ਨੂੰ ਖਾਲੀ ਅੱਖੀਂ ਤਾੜਦਿਆਂ, ਉਸ ਮਿਟੀ ਨਾਲ ਲਥਪਥ ਖਿਲਰੀਆਂ ਜਟੂਰੀਆਂ ਦਵਾਲੇ ਪੱਗ ਨੂੰ ਵਲੇ-ਟਿਆ। ਦੋਹਾਂ ਹੱਥਾਂ ਨਾਲ ਜ਼ਮੀਨ ਨੂੰ ਨਪਦਿਆਂ ਤੇ ਹੂੰਗਰ ਮਾਰਦਿਆਂ ਉਹ ਮਸੀਂ ਮਸੀਂ ਲੜਖੜਾਉਂਦੀਆਂ ਲੱਤਾਂ ਤੇ ਕੰਬਦਾ ਡਗਮਗਾਉਂਦਾ ਖੜਾ ਹੋਇਆ। ਪੈਰਾਂ ਨਾਲ ਟੋਹ-ਟੂਹਾ ਕੇ ਛਿੱਤਰ ਲੱਭੇ। ਪੈਰੀਂ ਅੜਾਏ। ਬਿਨ ਬੋਲੇ ਧੁੱਦਲ ਰਲੇ, ਲਹੂ ਰਲੇ ਥੁੱਕ ਨੂੰ.. ਗੁੱਸੇ ਨਾਲ ਭਰੇ ਪੀਤੇ ਨੇ ਡਿਉੜੀ ਦੇ ਗੇਟ ਵੱਲ ਵਗਾਹ ਮਾਰਿਆ। ਲਿਬੜੇ ਮੂੰਹ ਤੇ ਲਿਬੜੇ ਹੱਥ ਫੇਰੇ। ਖੱਬੇ ਗੋਡੇ ਤੇ ਜਲੂਣ ਹੋਈ । ਟੇਢਾ ਹੋ ਕੇ ਨਿੰਵ ਕੇ ਸੱਜੇ ਹੱਥ ਨਾਲ ਖੱਬਾ ਗੋਡਾ ਔਖ ਨਾਲ ਟੋਹਿਆ ਤਾਂ ਹੱਥ ਨੂੰ ਕੁਝ ਸਿੱਲਾ ਸਿੱਲਾ ਲੱਗਾ।

ਨਸ਼ੇ ਦੇ ਟੁਟਵੇਂ ਸਰੂਰ ਤੇ ਸੱਟਾਂ ਦੀ ਵਿੰਨਵੀਂ ਟੀਸ ਦੇ ਰਲਵੇਂ ਅਹਿਸਾਸਾਂ ਵਿਚ ਘਿਰੇ ਸਰਾਜ ਨੇ ਧਰਤੀ ਤੇ ਪੈਰ ਗੱਡਦਿਆਂ, ਹਨੇਰੀ ਸਰਦ ਰਾਤ ਵਿਚ ਆਪਣੇ ਪਿੰਡ ਦੀਆਂ ਪਛਾਤੀਆਂ ਥਾਵਾਂ ਨੂੰ ਅੱਖਾਂ ਪਾੜ ਹੋਰੂੰ ਹੋਰੂੰ ਨਿਹਾਰਿਆ। ਮੁੜ ਗੇਟ ਵਲੀਂ ਜ਼ੋਰ ਦੀ ਥੁੱਕਿਆ ਤੇ ਫੇਰ ਪਤਾ ਨਹੀਂ ਕਿਉਂ, ਉਹ ਅੱਗੇ ਆਣੀ ਠੱਠੀ ਵਲੀਂ, ਆਪਦੇ 'ਘਰ' ਵਲੀਂ ਜਾਣ ਦੀ ਬਜਾਏ, ਪਿਛਲ ਪੈਰੀਂ ਜ਼ੈਲਦਾਰਾਂ ਦੇ ਘਰ ਵਲ ਹੋ ਤੁਰਿਆ। ਸ਼ਾਇਦ ਨਸ਼ੇ ਦੀ ਲੋਰ ਵਿਚ ਜਾਂ ਤੋਟ ਵਿਚ .. ਜਾਂ ਖੌਰੇ ਨਸ਼ਾ ਲਹਿ ਈ ਚੁਕਾ ਹੋਵੇ। ਖੌਰੇ ਸੋਚਦਾ ਹੋਵੇ ਦਿਨ ਚੜ੍ਹਨ ਵਾਲਾ ਹੋ ਚਲਿਐ. ਬਰਾਤੋਂ ਖੁੰਝ ਨਾ ਜਾਵਾਂ। ਹੋ ਸਕਦੈ ਕੁਝ ਹੋਰ ਈ ਪੁਛਣ ਚਲਿਆ ਹੋਵੇ.. ਆਖਰ ਉਹ ਕਿਹੜੇ 'ਘਰ ਦਾ ਜੀਅ ' ਸੀ?'

# ਉਹੋ ਤਾਂ ਵੇਲਾ ਕਰ ਲੈ ਯਾਦ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਵਿਆਹ ਤਾਂ ਮੈਂ ਪਤਾ ਨਹੀਂ ਕਿੰਨੇ ਦੇਖੇ ਨੇ ਪਰ ਇਸ ਵਾਰ ਮੇਰੀ ਇੱਛਾ ਸੀ ਕਿ ਵਿਆਹ ਨਾਲ ਜੁੜੇ ਸਾਰੇ ਸ਼ਗਨਾਂ ਦੇ ਗੀਤ ਰਿਕਾਰਡ ਕਰਾਂ। ਇਸ ਲਈ ਮੈਂ ਦੋ ਦਿਨ ਪਹਿਲਾਂ ਹੀ ਪਹੁੰਚ ਗਿਆ। ਪਤਾ ਲੱਗਾ ਕਿ ਗਾਉਣ ਤਾਂ ਕਈ ਦਿਨ ਪਹਿਲਾਂ ਹੀ ਬਿਠਾਏ ਜਾ ਚੁੱਕੇ ਸਨ। ਫਿਰ ਵੀ ਬਹੁਤ ਕੁਝ ਸੀ ਜੋ ਮੇਰੇ ਮਤਲਬ ਦਾ ਸੀ। ਘਰ ਦੇ ਵੱਟਣਾ ਲਾਉਣ ਲਈ ਵਿਹੜੇ ਨੂੰ ਸੱਦਾ ਦੇਣ ਜਾ ਰਹੇ ਸਨ। ਕੁਝ ਚਿਰ ਪਿੱਛੋਂ ਔਰਤਾਂ ਗਾਉਂਦੀਆਂ ਹੋਈਆਂ ਘਰ ਵਿਚ ਦਾਖ਼ਲ ਹੋਈਆਂ।

ਵਧਾਈਆਂ ਲੱਭੋ ਤੈਨੂੰ ਵਧਾਈਆਂ ਲੈ।
ਜਣੇਂਦੇ ਨੂੰ ਬਣੇਂਦੇ ਨੂੰ, ਜੰਮਣ ਘੁੱਟੀ ਦੇਂਦੇ ਨੂੰ
ਦਿਵਾਲੀ ਵਾਲੇ ਦਿਨ ਨੂੰ, ਵਸੋਏ ਵਾਲੀ ਰਾਤ ਨੂੰ।
ਜਿੰਨ ਰੱਖਿਆ ਲੱਭੋ ਨਾਂ, ਵਧਾਈਆਂ ਲੈ।

ਘਰ ਦੀਆਂ ਦੂਸਰੀਆਂ ਔਰਤਾਂ ਦੇ ਨਾਂ ਲੈ ਲੈ ਵਧਾਈਆਂ ਦਿੱਤੀਆਂ ਗਈਆਂ। ਹੁਣ ਵਾਰੀ ਆਈ ਸੂਚਨਾ ਦੇਣ ਲੈਣ ਦੀ। ਉਹ ਵੀ ਗੀਤਾਂ ਵਿਚ। ਮੈਂ ਕਈ ਵਾਰ ਨੋਟ ਕੀਤਾ ਹੈ ਕਿ ਸ਼ਗਨਾਂ ਆਦਿ ਉਪਰ ਗਾਏ ਜਾਣ ਵਾਲੇ ਗੀਤਾਂ ਦੀ ਲੈਅ ਹਮਲਾਵਰ ਕਿਸਮ ਦੀ ਹੁੰਦੀ ਹੈ। ਪਤਾ ਨਹੀਂ ਕਦੋਂ ਇਨ੍ਹਾਂ ਨੇ ਸਿੱਠਣੀਆਂ ਵਿਚ ਤਬਦੀਲ ਹੋ ਜਾਣਾ ਹੁੰਦਾ ਹੈ। ਸੂਚਨਾ ਸੀ,

ਕਿੱਥੋਂ ਦੀਆਂ ਕੁੜੀਆਂ, ਨੀ ਏ, ਕਿੱਥੋਂ ਦੇ ਏ ਲਾਲ ਕੁੜੇ,
ਕੁੜਮੋ ਕੁੜਮੀ ਸੰਗਲੀਆਂ ਪਾਈਆਂ।
ਮੋਹਰੀਚੱਕ ਦੇ ਇਹ ਲਾਲ ਕੁੜੇ, ਭੀਖੋਵਾਲ ਦੀਆਂ ਕੁੜੀਆਂ
ਕੁੜਮੋ ਕੁੜਮੀ ਸੰਗਲੀਆਂ ਪਾਈਆਂ।

ਮਾਈਆਂ ਲਾਉਣ ਲਈ ਆਟੇ ਤੇ ਹਲਦੀ ਦਾ ਚੌਂਕ ਪੂਰਿਆ ਗਿਆ। ਮੌਲੀ ਬੰਧੀ ਇਕ ਫੱਟੀ ਉਪਰ ਧਰੀ ਗਈ। ਮੂੰਹ ਚੜ੍ਹਦੇ ਪਾਸੇ ਰੱਖਿਆ ਗਿਆ। ਇਹ ਹਮੇਸ਼ਾਂ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਸਾਹਮਣੇ 'ਦੇਹਰਾ', (ਦੀਵਾ ਰੱਖਣ ਲਈ ਲੱਕੜੀ ਦਾ ਚੌਖਟਾ) ਰੱਖਿਆ ਗਿਆ। ਮੁੰਡੇ ਦੇ ਉਪਰ ਚਾਰ ਜਣੀਆਂ ਨੇ ਲਾਲ ਚੁੰਨੀ ਤਾਣ ਲਈ। ਮਾਲਵੇ ਵਿਚ ਫੁਲਕਾਰੀ ਤਾਣੀ ਜਾਂਦੀ ਹੈ ਚੌਂਕ ਭਰਦਿਆਂ ਗੀਤ ਜਾਰੀ ਸੀ

ਚੌਂਕ ਭਰੇਂਦੀ ਗੋਰੀ ਕੀ ਕੁਸ਼ ਮੰਗਦੀ।
ਚੌਂਕ ਭਰੇਂਦੀ ਗੋਰੀ ਨੱਥ ਜੋ ਮੰਗਦੀ।
ਨੱਥ ਜੋ ਦੇਵੇ ਤੇਰਾ ਬਾਬਲ ਨੀ ਕੁੜੀਏ।

ਇਹ ਸੰਬੋਧਨ ਲਾੜੇ ਦੀ ਮਾਂ ਲਈ ਸੀ। ਚੂੜਾ, ਸਾਲੂ ਵੀ ਮੰਗਦੀ ਹੈ ਪਰ ਇਹ ਉਸੇ ਬਾਬਲ ਵਲੋਂ ਆਉਣਾ ਹੈ। ਭਰਜਾਈਆਂ ਨੇ ਦਿਉਰ ਨੂੰ ਮਾਈਆਂ ਲਾਉਣਾ ਸ਼ੁਰੂ ਕੀਤਾ। ਚੰਗਾ ਰਗੜਾ ਲੱਗਾ। ਹਾਸਾ ਮਜ਼ਾਕ ਵੀ ਚਲ ਰਿਹਾ ਸੀ ਤੇ ਨਾਲ ਨਾਲ ਗੀਤ ਵੀ।

ਸੱਚ ਦੱਸੀਂ ਮੇਰੇ ਲਾਡ ਲਡੀਕਿਆ,
ਪਹਿਲਾ ਮਾਈਆਂ ਤੈਨੂੰ ਕਿਹਦੇ।
ਸਰਬ ਸੁਹਾਗਣ ਦਾਦੀ ਜੋ ਮੇਰੀ,
ਪਹਿਲਾ ਮਾਈਆਂ ਮੈਨੂੰ ਉਹਦੇ।

ਇਉਂ ਹੀ ਜਿਹੜੀ ਮਾਈਆਂ ਲਾ ਰਹੀ ਸੀ, ਉਹਦਾ-ਉਹਦਾ ਨਾਂ ਲਿਆ ਜਾ ਰਿਹਾ ਸੀ। ਮਾਂ ਨੇ ਮੁੰਡੇ ਦੇ ਮੂੰਹ ਵਿਚ ਘਿਉ ਖੰਡ ਦੀਆਂ ਪੰਜ ਗਰਾਹੀਆਂ ਪਾਈਆਂ। ਇਹ ਸ਼ਗਨ ਸਾਰੇ ਥਾਈਂ ਹੈ। ਪਰ ਇਸ ਨਾਲ ਜੁੜਿਆ ਗੀਤ ਮੇਰੇ ਲਈ ਦੁਰਲੱਭ ਸੀ।

ਕੀ ਖਾਵੇ ਕੀ ਖਾਵੇ ਕਲੀਅਰ,
ਕੀ ਖਾਵੇ ਘਨ ਘੋਰੜੀਏ।
ਘੇ ਖਾਵੇ ਘੇ ਖਾਵੇ ਕਲੀਅਰ,
ਦੁੱਧ ਪੀਵੇ ਘਨ ਘੋਰੜੀਏ।

ਮਾਈਏਂ ਦਾ ਸਭ ਤੋਂ ਦਿਲਚਸਪ ਪਹਿਲੂ ਸੀ, ਪਟੜੀ ਤੇ ਚੌਂਕ ਨੂੰ ਸਮੇਟਣ ਦਾ। ਮਾਂ ਨੇ ਉਪਰੋਂ ਦੀ ਪੰਜ ਵਾਰ ਪਟੜੀ ਟੱਪੀ ਤੇ ਫਿਰ ਉਸ ਨੂੰ ਚੁੱਕ ਲਿਆ। ਔਰਤਾਂ ਨੇ ਇਹ ਮੌਕਾ ਵੀ ਸੰਭਾਲ ਲਿਆ।

ਪਟੜੀ ਟੱਪ ਪਿਆਰੀਏ ਨੀ, ਸੱਤਾਂ ਪੁੱਛਾਂ ਦੀਏ ਮਾਏ।
ਪਟੜੀ ਟੱਪ ਪਿਆਰੀਏ ਨੀ, ਝੁਡੂਏ ਬਾਰੇ ਦੀ ਪੋਤੀ।
ਪਟੜੀ ਟੱਪ ਪਿਆਰੀਏ ਨੀ, ਸੱਤਾਂ ਖਸਮਾਂ ਦੀਏ ਰੰਨੇ।

ਜਾਦੂਈ ਢੰਗ ਨਾਲ ਚੌਂਕੇ ਨੂੰ ਸਾਫ਼ ਕੀਤਾ ਗਿਆ ਤੇ ਗਿੱਲੇ ਹੱਥਾਂ ਦੇ ਪੰਜੇ, ਪੰਜ ਵਾਰ ਕੰਧ ਨਾਲ ਲਾ ਦਿੱਤੇ ਗਏ। ਮਾਈਏਂ ਦੌਰਾਨ ਤੇਲ ਲਾਉਣ ਦਾ ਗੀਤ 'ਇਸ ਵੇਲੇ ਨਾਨਕਿਆਂ ਦੀ ਲੋੜ' ਨਾਨਕਿਆਂ ਨੂੰ ਸਿੱਠਣੀਆਂ ਨਾਲੋਂ ਨਾਲ ਚੱਲ ਰਹੀਆਂ ਸਨ। ਪਟੜੀ ਟੱਪਣ ਤੇ ਸਮੇਟਣ ਦਾ ਸਾਰਾ ਕਾਰਜ ਜਾਦੂ ਨਾਲ ਜਾ ਜੁੜਦਾ ਹੈ। ਇਸੇ ਤਰ੍ਹਾਂ ਜਦੋਂ ਮਉਲੀ ਦਾ ਗਾਨਾ ਬੰਨ੍ਹਿਆ ਗਿਆ ਤਾਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਨਾਲ ਦੀ ਨਾਲ ਮੰਤਰ ਵਰਗੀਆਂ ਪੰਗਤੀਆਂ ਵੀ ਉਚਾਰੀਆਂ ਗਈਆਂ।

ਮੇਰੇ ਪੱਟ ਦਾ ਬੱਧਾਂ, ਸੱਜੇ ਹੱਥ ਦਾ ਬੱਝਾ,
ਮਾਏ ਸਪੁੱਤੀ ਨੇ ਬੰਨ੍ਹਿਆ, ਕੋਈ ਸਤਗੁਰਾਂ ਦੀ ਰੱਖ,
ਕੰਗਣਾ ਬੰਨ੍ਹਿਆ ਹੋ।

ਇਨ੍ਹਾਂ ਪੰਗਤੀਆਂ ਵਿਚ ਸੱਜੇ ਹੱਥ ਨਾਲ ਗਾਨਾ ਬੰਨ੍ਹਣ ਦੀ ਸੂਚਨਾ ਵੀ ਸੀ, ਤੇ ਇਹ ਵਿਸ਼ਵਾਸ ਵੀ ਕਿ ਸਤਿਗੁਰੂ ਇਸ ਰਾਹੀਂ ਲਾੜੇ ਦੀ ਰੱਖਿਆ ਕਰੇਗਾ। ਇਸ ਬਾਰੇ ਮੈਂ ਇਹ ਵੀ ਸੋਚਦਾ ਰਿਹਾ ਹਾਂ ਕਿ ਭੈਣ ਜਦੋਂ ਰੱਖੜੀ ਬੰਨ੍ਹਦੀ ਹੈ ਤਾਂ ਭਰਾ ਦੀ ਰੱਖਿਆ ਲਈ ਤੰਦਾਂ ਬੰਨ੍ਹਦੀ ਹੈ। ਪਰ ਲੱਗਦਾ ਇਹ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਭਰਾ ਨੇ ਭੈਣ ਦੀ ਰੱਖਿਆ ਕਰਨ ਦੇ ਵਾਅਦੇ ਵਿਚ ਇਸ ਨੂੰ ਬਦਲ ਲਿਆ ਹੈ। ਕਿੰਨੀ ਚਲਾਕੀ ਲੁਕੀ ਹੋਈ ਹੈ, ਰੱਖਿਆ ਦਾ ਤੰਦ ਬੰਨ੍ਹਦੀ ਭੈਣ ਨੂੰ ਰੱਖਿਆ ਦੇ ਵਾਅਦੇ ਲਈ ਬਦਲਣ ਵਿਚ।

ਇਸੇ ਤਰ੍ਹਾਂ ਦੀ ਹੈਰਾਨੀ ਮੈਨੂੰ ਹੋਈ ਹੇਠਲੀਆਂ ਪੰਗਤੀਆਂ ਸੁਣਦਿਆਂ-

ਸੈਂਸ ਲਿਖੇਂਦਿਆ ਬਾਹਮਣਾ, ਤੈਨੂੰ ਕੀ ਓ ਲੋੜੀਂਦਾ।
ਚੌਲਾਂ ਦੀਆਂ ਭਰੀਆਂ ਭੜੋਲੀਆਂ, ਸੈਂਸ ਲਿਖਣੇ ਦੀ ਕਰੀਉ।

ਮਾਮੀ ਧਰਤੀ ਤੇ ਅੰਡਾ ਖੱਡਾ ਵਾਹ ਰਹੀ ਸੀ ਤੇ ਨਾਲ ਹੀ ਔਰਤਾਂ ਨਾਲ ਮਿਲ ਕੇ ਇਹ ਪੰਗਤੀਆਂ ਉਚਾਰ ਰਹੀ ਸੀ। ਬਹੁਤ ਦੇਰ ਬਾਅਦ ਜਦੋਂ ਮੈਂ ਬ੍ਰਾਹਮਣਾਂ ਦੇ ਘਰ ਇਕ ਵਿਆਹ ਦੇਖਿਆ ਤਾਂ ਜਾ ਕੇ ਮਨੂੰ ਸਮਝ ਆਇਆ ਕਿ ਇਹ ਤਾਂ ਗ੍ਰਹਿ ਸ਼ਾਂਤ ਕਰਨ ਲਈ ਗੀਤਾਂ ਦਾ ਉਚਾਰਨ ਹੋ ਰਿਹਾ ਸੀ। ਹੇਠਲੇ ਵਰਗਾਂ ਦੇ ਘਰੀਂ ਪੰਡਿਤ ਨਹੀਂ ਆਉਂਦਾ ਇਸੇ ਲਈ ਲੋਕਾਂ ਨੇ ਆਪ ਹੀ ਗ੍ਰਹਿ ਸ਼ਾਂਤ ਕਰਨ ਦਾ ਤਰੀਕਾ ਲੱਭ ਲਿਆ ਸੀ। ਸੈਂਤ ਸ਼ਬਦ ਦਾ ਸੈਂਸ ਬਣ ਗਿਆ ਸੀ। ਅੱਡਾ ਖੱਡਾ ਮਾਲੀ ਵਾਹ ਰਹੀ ਸੀ, ਪਰ ਗੀਤ ਵਿਚ ਬ੍ਰਾਹਮਣ ਨੂੰ ਸੰਬੋਧਿਤ ਹੋਇਆ ਜਾ ਰਿਹਾ ਸੀ। ਜਾਤ-ਪਾਤ ਸਮਾਜ ਤੋਂ ਉਪਜੀ ਇਕ ਅਜੋੜਤਾ ਜਿਸ ਵਲ ਕਿਸੇ ਦਾ ਧਿਆਨ ਨਹੀਂ ਜਾਂਦਾ।

ਜੰਜੇ ਚੜ੍ਹਨ ਤੋਂ ਪਹਿਲਾਂ ਮੁੰਡੇ ਨੂੰ ਦਹੀਂ ਪਾ ਪਾ ਕੇ ਕੇਸਾਂ ਸਮੇਤ ਨਹਾਇਆ ਗਿਆ। ਮੁੰਡੇ ਨੂੰ ਬੈਠਣਾ ਖਾਰੇ ਤੇ ਪਿਆ। ਖਾਰੇ ਤੇ ਹੀ ਕਿਉਂ? ਇਸ ਦਾ ਤਰਕ ਸੰਗਤ ਉੱਤਰ ਮੇਰੇ ਕੋਲ ਨਹੀਂ। ਖਾਰਿਆਂ ਤੋਂ ਉਠਾਇਆ ਮਾਮੇ ਨੇ। ਸ਼ਗਨ ਦੇ ਕੇ। ਗੀਤਾਂ ਦੀ ਧੁਨ ਵਿਚ।

ਖਾਰੇ ਉੱਤੋਂ ਵੇ ਠਾਲੋ ਮੇਰੀ ਨਾਨੀ ਦੇ ਜਾਇਉ।
ਲੱਖ ਰੁਪਈਏ ਦੇ ਦਇਉ ਮੇਰੇ ਨਾਨੀ ਦੇ ਜਾਇਉ।

ਨਹਾ ਕੇ ਮੁੰਡੇ ਨੂੰ ਘਰ ਦੇ ਅੰਦਰ ਨਹੀਂ ਲਿਜ-ਾਇਆ ਗਿਆ। ਘਰ ਦੇ ਬਾਹਰ ਦਰੀ ਉਪਰ ਹੀ ਬਿਠਾ ਕੇ ਗੀਤਾਂ ਦੀਆਂ ਧੁਨਾਂ ਵਿਚ ਪੂਰੀ ਤਿਆਰੀ ਹੋਈ। ਪੂਰਾ ਸਵੇਰ ਦਾ ਵਾਤਾਵਰਨ ਜਾਦੂ ਮਈ ਸੀ। ਕਪੜੇ ਪਹਿਨਾਏ ਜਾ ਰਹੇ ਸਨ। ਪਗੜੀ ਬੰਨ੍ਹੀ ਜਾ ਰਹੀ ਸੀ। ਸਿਹਰਾ ਬੰਨ੍ਹਿਆ ਜਾ ਰਿਹਾ ਸੀ। ਔਰਤਾਂ ਦੇ ਗੀਤਾਂ ਦਾ ਭੰਡਾਰ ਅਮੁਕ ਸੀ।

ਵੀਰਾ ਵੇ ਤੇਰੇ ਦੇਖਣੇ ਨੂੰ ਲੱਖਾਂ ਖੜੇ।
ਲੱਖਾਂ ਖੜੇ ਵੇ ਕਰੋੜਾਂ ਖੜੇ।
ਵੀਰਾ ਵੇ ਤੇਰੇ ਸਿਹਰੇ ਨੂੰ ਸੁੱਚੇ ਜੜੇ।
ਵੀਰਾ ਵੇ ਤੇਰੇ ਦੇਖਣ ਨੂੰ ਲੱਖਾਂ ਖੜੇ।

ਜਿਉਂ ਜਿਉਂ ਰਸਮਾਂ ਦਾ ਸਿਲਸਿਲਾ ਅਗਾਂਹ ਵੱਧ ਰਿਹਾ ਸੀ, ਨਵੇਂ ਤੋਂ ਨਵੇਂ ਗੀਤ ਆ ਰਹੇ ਸਨ। ਮੈਂ ਹੈਰਾਨ ਤਾਂ ਸੀ ਹੀ। ਇਸ ਵਿਚ ਹੋਰ ਵਾਧਾ ਹੋ ਰਿਹਾ ਸੀ। ਇਕ ਹੋਰ ਰਸਮ ਨਾਲ ਮੇਰਾ ਵਾਹ ਪੈ ਰਿਹਾ ਸੀ। ਉਹ ਸੀ 'ਪੱਖਾ ਝੱਲਣ ਦੀ ਰਸਮ' ਸਰਦੀ ਦਾ ਮੌਸਮ ਉਤਰ ਰਿਹਾ ਸੀ। ਮੁੰਡੇ ਦੀ ਭੈਣ ਚੁੰਨੀ ਨਾਲ ਪੱਲਾ ਪੱਖੇ ਵਾਂਗ ਝੁਲਾ ਰਹੀ ਸੀ। ਕੋਲ ਖੜੀਆਂ ਔਰਤਾਂ ਗੀਤਾਂ ਦੀ ਛਹਿਬਰ ਲਾ ਰਹੀਆਂ ਸਨ।

ਸਿਹਰਾ ਪਹਿਨਦੇ ਵੀਰੇ ਨੂੰ ਗਰਮੀ ਆਈ।
ਇਹਨੂੰ ਗਰਮੀ, ਪੱਖਾ ਝੱਲੇ ਨਾਈ।
ਪੱਖਾ ਝੋਲੇ ਨਾਈ, ਪਾਸ ਖਲੋਤੇ ਭਾਈ।
ਪਾਸ ਖਲੋਤੇ ਭਾਈ, ਵੇਲਾਂ ਕਰਦੀ ਮਾਈ।
ਇਹਦਿਆਂ ਹਾਰਾਂ ਨੂੰ ਹਾਰ ਸ਼ਿੰਗਾਰਾਂ ਨੂੰ।

ਏਨੇ ਨੂੰ ਭਾਬੀ ਸੁਰਮਾਂ ਲੈ ਆ ਗਈ। ਭਾਬੀ ਆਪਣੇ ਕੰਮ ਕਰ ਰਹੀ ਸੀ ਲਾਗ ਲੈ ਰਹੀ ਸੀ, ਪਰ ਔਰਤਾਂ ਆਪਣੀ ਅਦਾ ਵਿਚ ਇਸ ਸਭ ਨੂੰ ਲੈਆਤਮਕ ਖੰਗ ਨਾਲ ਜਾਂ ਸਿੱਠ ਰਾਹੀਂ ਦੇਖ ਰਹੀਆਂ ਸਨ।

ਦੇਵਰ ਦਿੱਤੇ ਪੰਜ ਰੁਪਈਏ,
ਪੰਜਾਂ ਦੀ ਨੱਥਣੀ ਘੜਾ ਲੈ ਭਾਬੀਏ,
ਸੁਰਮਾ ਰਾਮ ਦੀ ਰੱਤੀ ਦਾ,
ਪਾ ਦੇ ਭਾਬੀਏ ਸੁਰਮਾ
ਰਾਮ ਦੀ ਰੱਤੀ ਦਾ।
ਭਾਬੀ ਸੁਰਮਾ ਜੋ ਪਾਵੇ
ਦੇਵਰ ਅੱਖੀਆਂ ਮਾਰੇ।

ਘੋੜੀ ਚੜ੍ਹਦਿਆਂ ਭੈਣਾਂ ਨੇ 'ਇੰਜੜਾ' ਫ਼ੜਿਆ ਤੇ ਲਾਗ ਲਿਆ। ਮੇਰੇ ਲਈ ਇੰਜੜਾ ਸ਼ਬਦ ਦੇਰ ਤਕ ਅੜਾਉਣੀ ਬਣਿਆ ਰਿਹਾ। ਬਹੁਤ ਦੇਰ ਬਾਅਦ ਜਦੋਂ ਡਾ. ਸਿਆਮ ਦੇਵ ਪਰਾਸ਼ਰ ਦੀ ਪੁਸਤਕ 'ਸੰਸਕ੍ਰਿਤ ਤਥਾ ਪੰਜਾਬੀ ਕੇ ਸਬੰਧ' ਪੜ੍ਹ ਰਿਹਾ ਸਾਂ ਤਾਂ ਮੈਂ ਸਮਝ ਸਕਿਆ ਕਿ ਆਂਚਲ ਤੋਂ ਹੀ ਬਿਗੜ ਕੇ ਇੰਜੜਾ ਸ਼ਬਦ ਬਣਿਆ ਹੋ ਸਕਦਾ ਹੈ। 'ਬਾਜੇ ਨਗਾਰੇ ਚੜ੍ਹ ਚਲਿਆ ਨੀ ਪੋਤਾ ਕਿਹਦਾ ਕਹੀਏ' ਗੀਤਾਂ ਦੀ ਲੈਅ ਵਿਚ ਜੰਜ ਚੜ੍ਹ ਗਈ।

ਜਦੋਂ ਸ਼ਾਮ ਨੂੰ ਜੰਜ ਲਾੜੀ ਨਾਲ ਪਰਤੀ ਤਾਂ 'ਪਾਣੀ ਵਾਰ ਬੰਨੇ ਦੀਏ ਮਾਏ' ਤਕ ਤਾਂ ਗੀਤਾਂ ਨਾਲ ਮੇਰੀ ਜਾਣ ਪਹਿਚਾਣ ਪਹਿਲਾਂ ਵੀ ਸੀ। ਪਰ ਲਾੜੀ ਨੂੰ ਦਿੱਤੀਆਂ ਸਿਠਣੀਆਂ, ਸਿਰ ਗੁੰਦਾਉਣ, ਕੰਗਣਾ ਖੋਲ੍ਹਣ, ਜਠੇਰੇ ਪੂਜਣ, ਪੰਧੜੇ ਪੂਜਣ ਦੇ ਗੀਤ ਸੱਚ ਮੁੱਚ ਅਮੀਰ ਖ਼ਜ਼ਾਨੇ ਤੋਂ ਘੱਟ ਨਹੀਂ ਸਨ। ਲਾੜੀ ਦੀ ਪੂਰੀ 'ਰੈਗਿੰਗ' ਕੀਤੀ ਗਈ।

ਤੇਰੇ ਮਾਂ ਨੇ ਬਿੱਲੀਆਂ ਖਾਂਧੀਆ,
ਦੇਖ ਲਾੜੀਏ ਕਾਮਦਾ।
ਤੇਰੇ ਪੇ ਨੂੰ ਫੜ ਕੇ ਲਿਆਂਵਦਾ,
ਦੇਖ ਲਾੜੀਏ ਕਾਮਦਾ, ਤੇਰੀ ਮਾਂ ਤੇ ਪੇ ਹਰਾਮਦਾ,
ਮਾਂ ਨੇ ਭੇਜੀ ਭੁੱਖੀ ਗਰਾਹੀਆਂ ਲੈ ਲੈਂਦੀ।

ਇਨ੍ਹਾਂ ਸਾਰੇ ਗੀਤਾਂ ਨੂੰ ਮੈਂ ਟੇਪ ਕਰੀ ਜਾ ਰਿਹਾ ਸੀ। ਇਸ ਲਈ ਮੈਨੂੰ ਹਰ ਗੀਤਵਿਧੀ ਉਪਰ ਨਜ਼ਰ ਰੱਖਣੀ ਪੈ ਰਹੀ ਸੀ। ਸਾਰੀਆਂ ਰਸਮਾਂ ਪੂਰੀਆਂ ਹੋਣ ਦੇ ਨਾਲ ਪ੍ਰਾਹੁਣਿਆਂ ਨੇ ਜਾਣਾ ਸ਼ੁਰੂ ਕਰ ਦਿੱਤਾ। ਪਰ ਨਾਨਕੇ ਵਿਜੇਂ ਗੱਜ ਵੱਜ ਕੇ ਯੁੱਧ ਰਚਾਉਂਦੇ ਆਏ ਸਨ, ਉਵੇਂ ਹੀ ਸਿੱਠਣੀਆਂ ਦਿੰਦੇ ਵਾਪਸ ਜਾ ਰਹੇ ਸਨ।

ਕੋਠੇ ਉਤੇ ਘੁੱਗੀਆਂ ਬਨੇਰੇ ਉਤੇ ਕਾਂ ਲੋਕੋ,
ਅਸੀਂ ਚੱਲੇ ਚੱਲੇ।
ਅਸੀਂ ਚੱਲੇ ਚੱਲੇ, ਅਸੀਂ ਚੱਲੇ ਚੱਲੇ।

ਮੈਨੂੰ ਜਾਪਿਆ ਇਸ ਤੋਂ ਬਾਅਦ ਮੇਰਾ ਉਥੇ ਰਹਿਣਾ ਵੀ ਜਾਇਜ਼ ਨਹੀਂ ਸੀ। ਝੋਲਾ ਭਰੀ, ਸੋਚਾਂ ਦੀ ਪੰਡ ਬੰਨ੍ਹੀ ਮੈਂ ਵੀ ਵਿਦਾ ਲਈ ਪਰ ਉਸ ਵਿਆਹ ਬਾਰੇ ਸੋਚਾਂ ਅਜੇ ਵੀ ਮੁੱਕੀਆਂ ਨਹੀਂ ਹਨ। ਮੁੱਕ ਜਾਂਦੀਆਂ ਤਾਂ ਫਿਰ ਪਾਠਕਾਂ ਨਾਲ ਅੱਜ ਮੈਂ ਇਹ ਸਾਰਾ ਕੁਝ ਸਾਂਝਾ ਨਾ ਕਰ ਰਿਹਾ ਹੁੰਦਾ।

# ਲੋਕ ਸ਼ਾਇਰ ਮਾਸਟਰ ਦਰਸ਼ਨ ਸਿੰਘ ਨੂੰ ਯਾਦ ਕਰਦਿਆਂ

ਡਾ. ਤੇਜਿੰਦਰ ਵਿਰਲੀ

ਪੰਜਾਬ ਦੇ ਜਨਵਾਦੀ ਹਲਕਿਆਂ ਵਿੱਚ ਮਾਸਟਰ ਦਰਸ਼ਨ ਸਿੰਘ ਹੁਰਾਂ ਦੀ ਮੌਤ ਦੀ ਖ਼ਬਰ ਬੜੇ ਦੁੱਖ ਨਾਲ ਸੁਣੀ ਗਈ ਹੈ। ਉਹ ਕਿਰਤੀ, ਕਿਸਾਨਾਂ ਤੇ ਹੱਕਾਂ ਲਈ ਸੰਘਰਸ਼ ਕਰਦੇ ਲੋਕਾਂ ਦੇ ਕਵੀ ਸਨ। ਪਿਛਲੇ ਸਮੇਂ ਤੋਂ ਉਹ ਆਸਟਰੇਲੀਆ ਵਿੱਚ ਰਹਿ ਰਹੇ ਸਨ ਜਿੱਥੇ ਉਨ੍ਹਾਂ ਦੀ ਬੇਵਕਤੀ ਮੌਤ ਹੋ ਗਈ।

ਚੜ੍ਹਦੀ ਜਵਾਨੀ ਨੇ ਹੀ ਮਾਸਟਰ ਦਰਸ਼ਨ ਸਿੰਘ ਨੂੰ ਜ਼ਿੰਦਗੀ ਦੀ ਅਸਲੀਅਤ ਦਾ ਗਿਆਨ ਕਰਵਾ ਦਿੱਤਾ ਤੇ ਉਹ ਮਾਰਕਸਵਾਦ ਵੱਲ ਖਿੱਚੇ ਗਏ। ਉਹ ਕਵਿਤਾ ਨੂੰ ਹਥਿਆਰ ਸਮਝਦੇ ਸਨ। ਉਹ ਅਸਲੋਂ ਹੀ ਮਾਰਕਸਵਾਦੀ ਕਵੀ ਸੀ ਜਿਸ ਦੀ ਕਾਵਿ ਦ੍ਰਿਸ਼ਟੀ ਭਵਿੱਖਮੁਖੀ ਸੀ।। ਮਾਸਟਰ ਦਰਸ਼ਨ ਸਿੰਘ ਨੇ 1980 ਤੋਂ ਆਪਣੇ ਕਾਵਿ ਦਾ ਸਫ਼ਰ ਆਰੰਭ ਕੀਤਾ। ਉਸ ਦੀਆਂ ਤਿੰਨ ਕਿਤਾਬਾਂ ਨੂੰ ਪਾਠਕਾਂ 'ਚ ਭਰਪੂਰ ਹੁੰਗਾਰਾ ਮਿਲਿਆ। ਪਹਿਲੀ ਖ਼ੂਨ-ਆਬ (1988-89) ਵਿੱਚ ਪ੍ਰਕਾਸ਼ਤ ਹੋਈ ਜਿਸ ਦੇ ਦੋ ਐਡੀਸ਼ਨ ਦੋ ਸਾਲਾਂ ਵਿੱਚ ਹੀ ਛਪ ਗਏ। ਦੂਸੀ ਪੁਸਤਕ ' ਪ੍ਰਸੰਗ ਨਵੇਲਾ ' ਨੂੰ ਵੀ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਜਿਹੜੀ ਪਹਿਲੀ ਵਾਰ 1990 ਵਿੱਚ ਪ੍ਰਕਾਸ਼ਤ ਹੋਈ ਸੀ। ਤੀਜੀ ਪੁਸਤਕ ' ਦਾਇਰੇ ' 1992 ਵਿੱਚ ਪ੍ਰਕਾਸ਼ਤ ਹੋਈ ਜਿਸ ਨਾਲ ਉਨ੍ਹਾਂ ਨੇ ਜਿੱਥੇ ਆਪਣੀ ਕਾਵਿ ਪ੍ਰਤਿਭਾ ਦਾ ਲੋਹਾ ਮਨਵਾਇਆ ਉਥੇ ਆਪਣੇ ਤਿੱਖੀ ਇਤਿਹਾਸਕ ਸਮਝ ਨੂੰ ਕਾਵਿ ਰੂਪਾਂਤਰਨ ਕਰਕੇ ਪਾਠਕਾਂ ਆਲੋਚਨਾ ਨੂੰ ਹੈਰਾਨ ਕਰ ਦਿੱਤਾ।

ਜਦੋਂ ਉਹ ਕਾਵਿ ਸਿਰਜਣਾ ਦੇ ਖੇਤਰ ਵਿੱਚ ਨਵੇਂ-ਨਵੇਂ ਆ ਹੀ ਰਹੇ ਸਨ ਪੰਜਾਬ ਦਹਿਸ਼ਤ ਨਾਲ ਕੰਬ ਰਿਹਾ ਸੀ। ਹਰ ਪਾਸੇ ਮੌਤ ਦਾ ਭੈਅ ਸੀ। ਕੋਈ ਡਰਦਾ ਬੋਲਦਾ ਤੱਕ ਨਹੀਂ ਸੀ। ਇਹ ਦੌਰ ਕੁੱਲੀਆਂ ਵਿੱਚ ਜਗਦੇ ਦੀਵਿਆਂ ਨੂੰ ਬੁਝਾ ਰਿਹਾ ਸੀ। ਪੰਜਾਬ ਦੀ ਧਰਤੀ ਉਸ ਵਕਤ ਪੰਜ-ਆਬ ਦੀ ਧਰਤੀ ਨਾ ਰਹਿ ਕੇ ਖ਼ੂਨ ਆਬ ਬਣ ਗਈ ਸੀ। ਉਸ ਸਮੇਂ ਉਹ ਖ਼ਤਰਾ ਨਾਮ ਦੀ ਕਵਿਤਾ ਵਿੱਚ ਲਿਖਦੇ ਹਨ-



ਨਾ ਖ਼ਤਰਾ ਕੋਈ ਪਗੜੀ ਨੂੰ ਨਾ ਖ਼ਤਰਾ  
ਕੋਈ ਟੋਪੀ ਨੂੰ,  
ਨਾ ਖ਼ਤਰਾ ਕੋਈ ਕੇਸਾਂ ਨੂੰ, ਨਾ ਖ਼ਤਰਾ  
ਕੋਈ ਬੋਟੀ ਨੂੰ,  
ਨਾ ਖ਼ਤਰਾ ਅਨ ਪੁਜਾਰੀ ਨੂੰ, ਤੇ  
ਪੰਜਾਬੀਅਤ ਸਾਰੀ ਨੂੰ,  
ਇਨਸਾਨੀ ਸਾਂਝ ਪਿਆਰੀ ਨੂੰ, ਭਾਰਤ ਦੀ  
ਕੁਲ ਮੁਖ਼ਤਾਰੀ ਨੂੰ,  
ਹੈ ਖ਼ਤਰਾ ਭੁੱਖੇ ਢਿੱਡਾਂ ਨੂੰ, ਹੈ ਖ਼ਤਰਾ  
ਨੰਗੇ ਜਿਸਮਾਂ ਨੂੰ,  
ਹੈ ਖ਼ਤਰਾ ਲਹਿਰ ਅਵਾਮੀ ਨੂੰ, ਹੈ ਖ਼ਤਰਾ ਸ਼ਾਨ ਸੁਨਾਮੀ ਨੂੰ

ਆਪਣੀ ਪਹਿਲੀ ਕਾਵਿ ਪੁਸਤਕ ਨਾਲ ਆਪਣੀ ਪਛਾਣ ਬਣਾ ਲੈਣ ਤੋਂ ਬਾਅਦ ਮਾਸਟਰ ਜੀ ਦੀ ਅਗਲੇਰੀ ਕਾਵਿ ਪੁਸਤਕ ਦੋ ਸਾਲਾਂ ਬਾਅਦ ਹੀ ਪ੍ਰਕਾਸ਼ਤ ਹੁੰਦੀ ਹੈ। 'ਪ੍ਰਸੰਗ ਨਵੇਲਾ' ਨਾਮ ਹੀ ਕਾਵਿ ਪੁਸਤਕ ਅਸਲੋਂ ਹੀ ਨਿਵੇਲਾ ਪ੍ਰਸੰਗ ਸ਼ੁਰੂ ਕਰਨ ਦੇ ਸਮਰੱਥ ਸੀ। 'ਕਲਮ ਕਦੇ ਨਿਰਪੱਖ ਨਹੀਂ ਹੁੰਦੀ' ਵਿੱਚ ਉਹ ਅਖੌਤੀ ਨਿਰਪੱਖਤਾ ਵਾਦੀਆਂ ਬਾਰੇ ਲਿਖਦੇ ਹਨ-

ਸਚਾਈ ਵਾਸਤੇ ਜੋ ਵੀ, ਕਲਮ ਸਿਰ ਕਲਮ ਕਰਵਾਏ,  
ਉਹ ਤੇ ਅਮਰ ਹੋ ਜਾਏ।  
ਕਲਮ ਹੈ ਸਮੇਂ ਦਾ ਦਰਪਨ, ਸਮੇਂ ਤੋਂ ਵੱਖ ਨਹੀਂ ਹੁੰਦੀ  
ਕਲਮ ਦਾ ਧੜਾ ਹੁੰਦਾ ਏ, ਕਦੇ ਨਿਰਪੱਖ ਨਹੀਂ ਹੁੰਦੀ

ਮਾਸਟਰ ਦਰਸ਼ਨ ਸਿੰਘ ਨੇ ਜ਼ਿੰਦਗੀ ਦੇ ਉਨ੍ਹਾਂ ਨਿੱਕੇ ਨਿੱਕੇ ਵਰਤਾਰਿਆਂ ਨੂੰ ਕਾਵਿ ਰੂਪਾਂਤਰਨ ਕੀਤਾ ਹੈ ਜਿਹੜੇ ਸਾਡੇ ਰਵਾਇਤੀ ਕਵੀਆਂ ਦੀ ਪਾਰਖੂ ਅੱਖ ਤੋਂ ਓਪਰੇ ਰਹੇ ਜਾਂ ਜਿਨ੍ਹਾਂ ਬਾਰੇ ਕਾਵਿ ਸਿਰਜਣਾ ਕਰਨੀ ਉਨ੍ਹਾਂ ਲਈ ਜ਼ਰੂਰੀ ਨਹੀਂ ਸੀ। ਉਹ ਮਜ਼ਦੂਰ ਦੀ ਆਰਥਿਕਤਾ ਤੇ ਨਿੱਕੀਆਂ ਨਿੱਕੀਆਂ ਰੀਝਾਂ ਬਾਰੇ ਲਿਖਦਾ ਹੈ-

ਮੇਰੀ ਲਡਿਕੀ ਬਾਲੜੀ, ਮੇਲੇ 'ਤੇ ਜਾਵਣ  
ਵਾਸਤੇ  
ਤੱਤੜੀ ਨੇ ਪਾਇਆ ਪਿਟਣਾ, ਵੰਗਾਂ  
ਚੜਾਵਣ ਵਾਸਤੇ  
ਕੀ ਜਾਣਦੀ ਏ ਬਾਲੜੀ, ਅਜੇ ਹੈ ਬਾਰਾਂ ਸਾਲੜੀ  
ਜਾਣੇ ਕੀ ਗੱਲਾਂ ਘਰ ਦੀਆਂ, ਦੋ ਟਿੱਕੀਆਂ ਨਾ ਸਰਦੀਆਂ  
ਏਥੇ ਤਾਂ ਜਾਪਣ ਇਸ ਤਰ੍ਹਾਂ, ਰੁੱਤਾਂ ਵੀ ਹਉਕੇ  
ਭਰਦੀਆਂ  
ਬੇਮੌਤ ਰੀਝਾਂ ਮਰਦੀਆਂ  
ਕੀ ਪਿਆਰ ਕਰੀਏ ਬਾਲ ਨੂੰ, ਕੀ ਚੁੰਮੀਏ ਪੁਚਕਾਰੀਏ

ਮਾਸਟਰ ਦਰਸ਼ਨ ਦੀ ਤੀਜੀ ਪੁਸਤਕ ਦਾਇਰੇ ਜਿਹੜੀ ਉਸ ਦੀ ਕਾਵਿ ਪ੍ਰਤਿਭਾ ਦਾ ਸਿੱਕਾ ਵੱਡੇ ਵੱਡੇ ਆਲੋਚਕਾਂ ਨੂੰ ਮਨਵਾਉਂਦੀ ਸੀ। ਜਿਨ੍ਹਾਂ ਦਿਨਾਂ ਵਿੱਚ ਉਹ 'ਦਾਇਰੇ' ਕਾਵਿ ਸੰਗ੍ਰਹਿ ਦੀ ਸਿਰਜਣਾ ਕਰ ਰਿਹਾ ਸੀ ਉਹ ਸਮਾਂ ਸੰਸਾਰ ਪੱਧਰ 'ਤੇ ਵਾਪਰਦੀਆਂ ਘਟਨਾਵਾਂ ਕਰਕੇ ਆਪਣੇ-ਆਪ ਵਿੱਚ ਮਹੱਤਵ ਦਾ ਲਿਖਾਇਕ ਸੀ। ਅੱਜ ਦੇ ਬਹੁਤੇ ਲੇਖਕਾਂ ਦੀ ਕਲਮ ਅਜੇ ਤੱਕ ਵਿਸ਼ਵੀਕਰਨ ਦਾ ਕੇਂਦਰੀ ਵਿਰੋਧ ਵਜੋਂ ਨਹੀਂ ਚਿਤਰਦੀ ਜਦ ਕਿ ਮਾਸਟਰ ਦਰਸ਼ਨ ਸਿੰਘ ਨੇ 1992 ਵਿੱਚ ਹੀ ਇਸ ਨੂੰ ਕੇਂਦਰੀ ਵਿਰੋਧ ਮੰਨਦਿਆਂ ਇਸ ਦੁਆਲੇ ਪਸਰੇ ਹਾਲਾਤ ਦਾ ਮੁਲਾਂਕਣ ਕੀਤਾ ਤੇ ਉਸ ਨੂੰ ਕਾਵਿ ਦਾ ਕੇਂਦਰੀ ਥੀਮ ਬਣਾਇਆ ਸੀ। ਉਹ "ਨਾਹਰਾ ਅਮਨ ਦਾ'' ਨਾਮ ਦੀ ਕਵਿਤਾ ਵਿੱਚ ਲਿਖਦੇ ਹਨ-

ਲਗਦਾ ਏ ਹੁਣ ਤੇ ਹੋ ਗਿਆ, ਬੇਕਾਰ ਨਾਹਰਾ ਅਮਨ  
ਦਾ,  
ਰਾਖੇ ਅਖੌਤੀ ਅਮਨ ਦੇ, ਨੂੰ ਮੰਡੀਆਂ ਦੀ ਭਾਲ ਹੈ  
ਕੈਸਾ ਪਟਾਰਾ ਅਮਨ ਦਾ, ਵਿੱਚ ਸਾਜ਼ਸ਼ਾਂ ਦਾ ਜਾਲ ਹੈ  
ਪੋਂਦੀ ਭੁਲੇਖਾ ਸੱਚ ਦਾ, ਪਰ ਝੂਠ ਦੀ ਟਕਸਾਲ ਹੈ  
ਇਹ ਸੋਧਵਾਦੀ ਪੈਂਤੜੇ, ਸੰਗ ਸਾਮਰਾਜੀ ਚਾਲ ਹੈ  
ਜੰਗਾਂ ਦੀ ਨੀਤੀ ਵਾਸਤੇ, ਜਿਉਂ ਅਮਨ ਵੀ ਇਕ ਢਾਲ ਹੈ  
ਤੋਪਾਂ ਦਾ ਬਾਲਣ ਬਣ ਰਿਹਾ, ਹਰ ਰੋਜ਼ ਆਟਾ ਦਾਲ ਹੈ  
ਲਹੂ ਦਾ ਵਪਾਰੀ ਹੋ ਰਿਹਾ, ਪਰ ਖ਼ੂਬ ਮਾਲਾ ਮਾਲ ਹੈ

ਕੰਧਾਂ ਉਪਰ ਉਕਰੇ ਸੱਚ ਨੂੰ ਪੜ੍ਹ ਸਮਝਣ ਦੀ ਜਾਚ ਹਰ ਕਿਸੇ ਨੂੰ ਨਹੀਂ ਹੁੰਦੀ। ਇਹ ਜਾਚ ਮਾਸਟਰ ਦਰਸ਼ਨ ਸਿੰਘ ਨੂੰ ਸੀ। ਉਹ ਲਿਖਦੇ ਹਨ-

ਵਾਰਾਂ ਤੋਂ ਦੋ ਕਦਮ ਅਗੇਰੇ, ਵਾਹਰਾਂ ਪੋਂਦੇ ਜਾਣ ਲੁਟੇਰੇ  
ਮੰਡੀ ਦਾ ਪਰਚਮ ਗਰਮ ਹੈ, ਧੋਖੇ ਦਾ ਬਾਜ਼ਾਰ ਗਰਮ ਹੈ  
ਪਛੜੇ ਹੋਰ ਪਛੜਦੇ ਜਾਂਦੇ, ਬਹੁ ਕੌਮੀ ਵਿਉਹਾਰ ਗਰਮ ਹੈ  
ਅਮਨ ਅਮਨ ਪ੍ਰਚਾਰ ਹੋ ਰਿਹੈ, ਪਰ ਜੰਗੀ ਵਿਸਥਾਰ ਹੋ ਰਿਹੈ  
ਚੋਰਾਂ ਖਿੱਤੇ ਵੰਡ ਲਏ ਨੇ, ਡਾਕੂ ਹੁਣ 'ਸਰਦਾਰ' ਹੋ ਰਿਹੈ

ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਮਾਸਟਰ ਦਰਸ਼ਨ ਸਿੰਘ ਆਪਣੀ ਕਾਵਿ ਸਾਧਨਾ ਕਰਕੇ ਆਪਣਾ ਨਾਮ ਅੰਕਿਤ ਕਰ ਗਏ ਹਨ। ਉਹ ਆਪਣੀ ਕਵਿਤਾ ਰਾਹੀਂ ਲੰਮਾ ਸਮਾਂ ਕਿਰਤੀਆਂ ਦੇ ਮਨਾਂ ਅੰਦਰ ਜਿਉਂਦੇ ਰਹਿਣ-ਗੇ। ਆਪਣੇ ਕਾਫਲੇ ਦੇ ਹਰ ਸਾਥੀ ਨੂੰ ਕਾਵਿ ਮਈ ਸ਼ਰਧਾਂਜਲੀ ਦੇਣ ਵਾਲਾ ਉਹ ਜੋਧਾ ਆਪ ਬਿਨਾਂ ਕਿਸੇ ਦੀ ਸ਼ਰਧਾਂਜਲੀ ਦੇ ਤੁਰ ਜਾਵੇਗਾ। ਇਸ ਗੱਲ ਦਾ ਸਦਮਾਂ ਸਦਾ ਹੀ ਉਸਦੇ ਸਾਥੀਆਂ ਨੂੰ ਸਲ੍ਹਦਾ ਰਹੇਗਾ।

---

## ਸੁਖ਼ਨ-ਸਾਜ਼



ਸੁਲੱਖਣ ਸਰਹੱਦੀ

## ਲੋਕ ਸ਼ਾਇਰੀ ਦਾ ਦਰਿਆ ਮਾਸਟਰ ਦਰਸ਼ਨ ਸਿੰਘ

ਮਾਸਟਰ ਦਰਸ਼ਨ ਸਿੰਘ ਲੋਕਾਂ ਦੇ ਦੁੱਖਾਂ ਦਰਦਾਂ ਅਤੇ ਹਾਵਾਂ-ਭਾਵਾਂ ਦਾ ਬੁਲਾਰਾ ਸ਼ਾਇਰ ਸੀ। ਉਸ ਦੀ ਸ਼ਾਇਰੀ ਜ਼ਿੰਦਗੀ ਦੇ ਐਨ ਲਾਗੇ ਲਾਗੇ ਦੀ ਪੇਸ਼ਕਾਰੀ ਹੈ। ਮੈਂ ਪਿਛਲੇ 30 ਸਾਲਾਂ ਤੋਂ ਉਸ ਦੀ ਉਚ ਪਾਏ ਦੀ ਕਵਿਤਾ ਦਾ ਆਨੰਦ ਮਾਣਦਾ ਰਿਹਾ ਹਾਂ। ਦਰਸ਼ਨ ਸਿੰਘ ਹਿਮਾਲਾ ਵਿਚੋਂ ਨਿਕਲਦੇ ਦਰਿਆ ਵਾਂਗ ਨਿਰੰਤਰ ਤੋਰੇ ਤੁਰਨ ਵਾਲਾ ਬੀਬਾ ਜਿਹਾ ਸ਼ਾਇਰ ਸੀ। ਉਹ ਕਵਿਤਾ ਦੇ ਮੈਦਾਨ ਵਿਚ ਭਾਵੇਂ ਮੈਦਾਨੀ ਦਰਿਆ ਸੀ ਪਰ ਉਸ ਦੇ ਵੇਗ ਵਿਚ ਹਿਮਾਲਾ ਦੇ ਤੇਜ ਵੇਗੀ ਰਾਹਾਂ ਦਾ ਸਿਲਸਿਲਾ ਸਦਾ ਸ਼ੁਮਾਰ ਰਹਿੰਦਾ ਸੀ। ਦਰਿਆ ਕਦੇ ਨਾ ਥੱਕਦੇ ਹਨ ਅਤੇ ਨਾ ਕਦੇ ਅੱਕਦੇ ਹਨ। ਏਸੇ ਹੀ ਤਰ੍ਹਾਂ ਮਾਸਟਰ ਦਰਸ਼ਨ ਕਵਿਤਾ ਦਾ ਅਰੁਕ ਦਰਿਆ ਸੀ। ਉਹ ਐਸਾ ਦਰਿਆ ਸੀ ਜੋ ਲੋਕ-ਖੇਤਾਂ ਦੀਆਂ ਆਡਾਂ ਵਿਚ ਵਗਣਾ ਪਸੰਦ ਹੀ ਨਹੀਂ ਫ਼ਖ਼ਰ ਦੇ ਤੌਰ ਉਤੇ ਲੈਂਦਾ ਸੀ। ਮਾਸਟਰ ਦਰਸ਼ਨ ਸਿੰਘ ਜਦ ਕਵਿਤਾ ਲਿਖਦਾ ਸੀ ਤਾਂ ਉਸ ਦੇ ਸਾਹਮਣੇ ਸੰਘਣੇ ਲੋਕ ਸਰੋਕਾਰ ਹੁੰਦੇ ਸਨ। ਉਹ ਕਵਿਤਾ ਨੂੰ ਇਕ ਸ਼ਬਦ ਹਥਿਆਰ ਸਮਝਦਾ ਸੀ ਜਿਸ ਨੂੰ ਵਰਤ ਕੇ ਹਨ੍ਹੇਰਿਆਂ ਦੇ ਖ਼ਿਲਾਫ਼ ਜੰਗ ਲੜੀ ਜਾਂਦੀ ਹੈ। ਉਹ ਕਵਿਤਾ ਦੇ ਆਚਾਰੀਆਂ ਵਾਸਤੇ ਨਹੀਂ ਸੀ ਲਿਖਦਾ ਸਗੋਂ ਉਨ੍ਹਾਂ ਸੂਰਬੀਰਾਂ ਵਾਸਤੇ ਕਾਵਿ ਸਿਰਜਣਾ ਕਰਦਾ ਸੀ ਜੋ ਦਸਮੇਸ਼ੀ ਰਾਹਾਂ ਉਤੇ ਚੱਲ ਕੇ ਔਰੰਗਿਆਂ ਦੇ ਖ਼ਿਲਾਫ਼ ਹੱਕ ਸੱਚ ਦਾ ਜਿਹਾਦ ਕਰ ਰਹੇ ਸਨ। ਮਾਸਟਰ ਦੀ ਕਵਿਤਾ ਵਿਚ ਅੰਤਾਂ ਦੀ ਲੈਅ ਹੁੰਦੀ ਸੀ। ਉਹ ਜਦ ਕਵਿਤਾ ਨੂੰ ਸਿਰਜਦਾ ਸੀ ਤਾਂ ਭਾਵਾਂ ਨੂੰ ਖੰਭ ਉੱਗ ਆਉਂਦੇ ਸਨ। ਉਹ ਪਾਠਕ ਨੂੰ ਉਂਗਲ ਲਾ ਕੇ ਭਾਵਾਂ ਦੇ ਗਗਨਾਂ ਵਿਚ ਲੈ ਜਾਣ ਦੀ ਸਮਰੱਥਾ ਰੱਖਦਾ ਸੀ। ਉਸ ਦੇ ਵਿਚਾਰਾਂ ਵਿਚ ਕਦੇ ਵੀ ਥਿੜਕਣ ਨਾ ਆਈ। ਉਸ ਨੇ ਕਵਿਤਾ ਨੂੰ ਮਾਨਸਿਕ ਦਵੰਧਾਂ ਦੀ ਲਖਾਇਕ ਬਣਾਉਣ ਦੀ ਬਜਾਏ ਇਕ ਅਣਖ ਦਾ ਨਾਅਰਾ ਬਣਾ ਕੇ ਪੇਸ਼ ਕੀਤਾ ਹੈ। ਉਹ ਕਦੇ ਵੀ ਐਸੇ ਰਸਾਲਿਆਂ ਜਾਂ ਅਖ਼ਬਾਰਾਂ ਵਿਚ ਨਹੀਂ ਸੀ ਛਪਦਾ ਜੋ ਲੋਕ ਮਸਲਿਆਂ ਤੋਂ ਟੁੱਟੇ ਹੋਏ ਹੁੰਦੇ ਸਨ। ਉਸ ਦੀਆਂ ਸੈਂਕੜੇ ਕਵਿਤਾਵਾਂ ਪਹਿਲਾਂ 'ਲੋਕ ਲਹਿਰ' ਅਤੇ ਫੇਰ 'ਸੰਗਰਾਮੀ ਲਹਿਰ' ਵਿਚ ਛਪਦੀਆਂ ਰਹੀਆਂ।

ਮਾਸਟਰ ਦਰਸ਼ਨ ਸਿੰਘ ਮੇਰਾ ਸਮਕਾਲੀ ਕਵੀ ਸੀ। ਮੈਂ ਹਰਭਜਨ ਸਿੰਘ ਹੁੰਦਲ ਵਾਂਗ ਲੋਕ ਕਵਿਤਾ ਰਚਣ ਦਾ ਤਹੱਈਆ ਕੀਤਾ ਸੀ। ਢੇਰ ਸਾਰੀ ਕਵਿਤਾ ਮੈਂ ਰਚੀ। ਪਰ ਦਰਸ਼ਨ ਸਿੰਘ ਹਮੇਸ਼ਾ ਮੈਥੋਂ ਅੱਗੇ ਲੰਘ ਜਾਂਦਾ। ਮੇਰੇ ਸਮੇਤ ਕਈ ਲੋਕ ਕਵੀਆਂ ਨੇ ਮਾਸਟਰ ਦੀ ਕਵਿਤਾ ਦੀ ਪੈਰਵੀ ਕਰਨ ਦਾ ਮਨ ਬਣਾਇਆ। ਇਵੇਂ ਲੱਗਦਾ ਹੈ ਜਿਵੇਂ ਉਹ ਕਵਿਤਾ ਦਾ ਕੰਪਿਊਟਰ ਹੋਵੇ ਅਤੇ ਚੁੱਪ ਚਾਪ ਕਾਵਿ ਸਿਰਜਣਾ ਕਰੀ ਜਾਵੇ।

*ਪੇਸ਼ ਹੈ 'ਨਵੀਂ ਦੁਨੀਆ' ਦੇ ਪਾਠਕਾਂ ਲਈ ਉਸ ਦੀ ਵਿਸ਼ਵ ਪ੍ਰਸਿੱਧ ਕਵਿਤਾ-'ਪ੍ਰਸੰਗ ਨਵੇਲਾ'*

## ਮਾਸਟਰ ਦਰਸ਼ਨ ਸਿੰਘ ਦੀ ਕਵਿਤਾ

### ਪ੍ਰਸੰਗ ਨਵੇਲਾ

ਪ੍ਰਸੰਗ ਨਵੇਲਾ ਛੇੜ ਜ਼ਰਾ  
ਕਵੀਆ! ਸੰਤਾਪੇ ਲੋਕਾਂ ਦਾ....

ਔਹ ਅੰਮਾਂ ਕੋਲੇ ਵੀਣ ਰਹੀ  
ਤੇ ਢੋਂਦੀ ਪਈ ਹਮਸ਼ੀਰਾ ਏ  
ਔਹ ਬਾਪੂ ਰੇੜ੍ਹੀ ਧੱਕ ਰਿਹਾ  
ਤੇ ਭੱਠ ਝੋਕਦਾ ਵੀਰਾ ਏ  
ਔਹ ਬਾਲ ਮਜ਼ੂਰੀ ਕਰਦੇ ਜੋ  
ਉਹਨਾਂ ਦੇ ਨੈਣ ਉਨੀਂਦੇ ਨੇ  
ਇਹ ਅੱਠੇ ਪਹਿਰ ਵਿਚਾਰੇ ਜੋ  
ਪਏ ਜਾਗੋ ਮੀਟੇ ਰਹਿੰਦੇ ਨੇ  
ਜੋ ਜੀਣ ਨਿਰਾਲਾ ਜੀਂਦੇ ਨੇ  
ਕਰਦੇ ਨੇ ਕਾਰ ਪਰਾਈ ਜੋ  
ਮਨ-ਇੱਛਾ-ਰਹਿਤ ਹਮੇਸ਼ਾਂ ਹੀ  
ਕਰਦੇ ਨੇ ਵਕਤ-ਟਪਾਈ ਜੋ  
ਹੈ ਸਾਰਾ ਟੱਬਰ ਕਿਰਤੀ ਦਾ  
ਪਿਆ ਲੁੱਟ-ਵੇਲਣੇ ਪੀੜੀ ਦਾ  
ਪੈਰਾਂ ਦੇ ਥੱਲੇ ਮਿੱਧੀ ਦਾ  
ਜੀਂਦਾ ਏ ਜੀਵਨ ਕੀੜੀ ਦਾ  
ਤੱਕ! ਸਬਰ-ਪਿਆਲਾ ਡੁਲ੍ਹਣ 'ਤੇ  
ਆਇਆ ਹੁਣ ਜਾਪੇ ਲੋਕਾਂ ਦਾ...  
ਪ੍ਰਸੰਗ ਨਵੇਲਾ ਛੇੜ ਜ਼ਰਾ  
ਕਵੀਆ! ਸੰਤਾਪੇ ਲੋਕਾਂ ਦਾ

ਤੂੰ ਬਿੰਬ ਗ਼ਮਾਂ ਦੇ ਚਿੱਤਰ ਕੇ  
(ਪਰ ਚਿੱਤਰ ਸਕਨੈਂ ਨਿੱਤਰ ਕੇ)  
ਲਾ ਸਕਨੈਂ ਖੰਭ ਵਿਚਾਰਾਂ ਨੂੰ  
ਵਿਰਸੇ ਵਿਚ ਮਿਲਿਆ ਹੁੰਦਾ ਏ,  
ਅੰਦਾਜ਼ ਜਿਵੇਂ ਫਨਕਾਰਾਂ ਨੂੰ  
ਚਿੱਤਰ ਜੇ ਚਿੱਤਰ ਸਕਨਾ ਏ,  
ਗ਼ਮ ਮੋਨ ਖੜੇ ਤੰਗ-ਦਸਤਾਂ ਦੇ  
ਖਾਮੋਸ਼ ਮਨਾਂ ਵਿਚ ਪੱਥਰਾਏ  
ਜੁੱਗਾਂ ਤੋਂ ਫਾਕਾ ਮਸਤਾਂ ਦੇ  
ਸ਼ਬਦਾਂ ਵਿਚ ਘੋਲ ਹਕੀਕਤ ਨੂੰ  
ਤੂੰ ਬੋਲੇ ਕੰਨੀਂ ਪਾ ਸਕਨੈਂ  
ਦੇ ਜੀਭ ਸਰੋਦੀ ਸ਼ਬਦਾਂ ਦੀ  
ਗੂੰਗੇ ਨੂੰ ਬੋਲਣ ਲਾ ਸਕਨੈਂ  
ਇਕ ਪੈਗ ਜੋਸ਼ੀਲੇ ਸ਼ਬਦਾਂ ਦਾ  
ਦੇ ਦੇਵੇਂ ਜੇ ਦਿਲਗੀਰਾਂ ਨੂੰ  
ਪਈ ਲੋਹੇ ਲਾਖੇ ਕਰ ਸਕਨੈਂ

ਠੰਡੇ ਬੇਜਾਨ ਸਰੀਰਾਂ ਨੂੰ  
ਪਿੰਡੇ ਤੇ ਪਈਆਂ ਲਾਸ਼ਾਂ ਨੂੰ  
ਤੂੰ ਰੋਹ ਦੇ ਬਾਣ ਬਣਾ ਸਕਨੈਂ  
ਗਰਮਾ ਕੇ ਖ਼ੂਨ ਦਿਲਾਂ ਅੰਦਰ  
ਗੁੱਸੇ ਦੇ ਲਾਂਬੂ ਲਾ ਸਕਨੈਂ  
ਤੂੰ ਸਾਰ ਸਮੇਂ ਦਾ ਸਹਿਜੇ ਹੀ  
ਇਕ ਰਮਜ਼ ਨਾਲ ਸਮਝਾ ਸਕਨੈਂ  
ਕੌੜੇ ਤੇ ਫਿਕੇ ਸੱਚਾਂ ਨੂੰ  
ਤੂੰ ਜਾਇਕੇਦਾਰ ਬਣਾ ਸਕਨੈਂ  
ਇਹ ਕਲਾ ਅਮੁੱਲੀ ਵੇਚੀਂ ਨਾ  
ਹੱਕ ਪੂਰਾ ਪੂਰਾ ਬਨਦਾ ਏ  
ਇਹਦੇ 'ਤੇ ਮਾਪੇ-ਲੋਕਾਂ ਦਾ  
ਪ੍ਰਸੰਗ ਨਿਵੇਲਾ ਛੇੜ ਜ਼ਰਾ,  
ਕਵੀਆ! ਸੰਤਾਪੇ ਲੋਕਾਂ ਦਾ....

ਤੂੰ ਰਹਿਤ ਸਵਾਦੋਂ ਤੱਥਾਂ ਨੂੰ  
ਰਸ ਕਾਵਮਈ ਵਿਚ ਗੋਈ ਜਾਹ  
ਚੇਤਨ ਤਰਤੀਬ 'ਚ ਬੰਨ੍ਹੀ ਜਾਹ  
ਲੜੀਆਂ ਦੇ ਵਿਚ ਪਰੋਈ ਜਾਹ  
ਹਰ ਕਲਾ ਕਿਰਤ 'ਚੋਂ ਜੰਮੀ ਏ  
ਕਿਰਤਾਂ ਦੀ ਹਾਮੀ ਭਰਦਾ ਰਹੁ  
ਇੰਝ ਕਿਰਤ ਕਲਾ ਦੇ ਰਿਸ਼ਤੇ ਨੂੰ  
ਤੂੰ ਹੋਰ ਪਕੇਰਾ ਕਰਦਾ ਰਹੁ  
ਰਹੁ, ਅਮਰ ਹੋਵਣਾ ਲੋੜੇਂ ਜੇ  
ਜਾਣੋਂ ਵੀ ਜਾ ਕੇ ਲੋਕਾਂ ਦਾ  
ਪਰਸੰਗ ਨਵੇਲਾ ਛੇੜ ਜ਼ਰਾ  
ਕਵੀਆ! ਸੰਤਾਪੇ ਲੋਕਾਂ ਦਾ

ਤੂੰ ਬਿੰਬ ਹਕੀਕੀ ਜੀਵਨ ਦੇ  
ਭਰਦਾ ਰਹੁ ਲੋਕ-ਗਾਥਾਵਾਂ ਵਿਚ  
ਸਾਕਾਰ ਮਾਨਵੀ ਕਦਰਾਂ ਨੂੰ  
ਕਰਦਾ ਰਹੁ ਲੋਕ-ਕਥਾਵਾਂ ਵਿਚ  
ਕਵਿਤਾਉਂਦਾ ਰਹੁ  
ਕਵਿਤਾਉਂਦਾ ਰਹੁ  
ਗੂੰਗੇ ਜਜ਼ਬਾਤ ਲੋਕਾਈ ਦੇ  
ਗ਼ਮ ਰੁਠੇ ਵਰਣਨ ਕਰਦਾ ਰਹੁ  
ਕਿੱਸੇ ਵਿਚ ਤਾਤ ਪਰਾਈ ਦੇ  
ਹੋ ਜਾਊ ਸਫਲੀ ਘਾਲ ਤਿਰੀ  
ਤੂਫ਼ਾਨ ਉਠਾ ਕੇ ਲੋਕਾਂ ਦਾ  
ਪ੍ਰਸੰਗ ਨਵੇਲਾ ਛੇੜ ਜ਼ਰਾ  
ਕਵੀਆ! ਸੰਤਾਪੇ ਲੋਕਾਂ ਦਾ

'ਵਾਰਸ' ਦੇ ਵਾਂਗੂੰ ਤੈਨੂੰ ਵੀ  
ਪ੍ਰਸਿੱਧੀ ਮਿਲਸੀ ਲੋਕਾਂ 'ਚੋਂ

ਕਿ ਪਾਤਰ ਸੱਚੀ ਰਚਨਾ ਦੇ  
ਮਿਲਦੇ ਨੇ ਅਕਸਰ ਢੋਕਾਂ 'ਚੋਂ  
ਸ਼ਾਹਕਾਰ ਤਿਰਾ ਵੱਡਮੁੱਲਾ ਏ  
'ਓ ਜਨਤਾ ਜੈ ਜੈ ਕਾਰ ਤਿਰੀ'  
ਅਨਕੂਲ ਸਮੇਂ ਪੈਗਾਮ ਤਿਰਾ  
ਲਲਕਾਰ ਤਿਰੀ ਵੰਗਾਰ ਤਿਰੀ  
ਜੋਬਨ 'ਤੇ ਰੁੱਤ ਸੰਘਰਸ਼ਾਂ ਦੀ  
ਹੈ ਵਕਤ ਕਾਫਲੇ ਚੱਲਣ ਦਾ  
ਹੈ ਯੋਗ ਸਮਾਂ ਸਫਬੰਦੀ ਦਾ  
ਵੇਲਾ ਏ ਥਾਵਾਂ ਮੱਲਣ ਦਾ  
ਤੂੰ ਮੂਹਰੇ ਮੂਹਰੇ ਕਾਫ਼ਲਿਆਂ  
ਗਾਉਂਦਾ ਜਾ ਵਾਰ ਸ਼ਹੀਦਾਂ ਦੀ  
ਦੱਸੀ ਜਾਂ ਕੀਕਣ ਹੋਈ ਸੀ  
ਗੈਰਤ ਬੇਦਾਰ ਸ਼ਹੀਦਾਂ ਦੀ  
ਉਹ ਕਿਦਾ ਝੂਮੇ ਫਾਂਸੀ ਤੇ  
ਸਨ ਨਗਮਾਂ ਗਾ ਕੇ ਲੋਕਾਂ ਦਾ...

ਤੂੰ ਸ਼ਬਦ ਕਲਾ ਦਾ ਮਾਹਿਰ ਹੈਂ  
ਤੇ ਭਾਵ ਉਲੀਕਣ ਜਾਣੇ ਤੂੰ  
ਪ੍ਰਤੀਕਿਰਿਆ ਤੋਂ ਵੀ ਜਾਣੂ ਏਂ  
'ਕਾਰਨ' ਨੂੰ ਖ਼ੂਬ ਪਛਾਣੇ ਤੂੰ  
ਸ਼ਬਦਾਂ ਦੇ ਖੰਭੀ ਸੋਚਾਂ ਨੂੰ  
ਕਵਿਤਾ ਦੇ ਗਗਨ ਉਡਾਂਦਾ ਰਹੁ  
ਵਿਚ ਕਾਫ਼ਲਿਆਂ ਦੇ ਸਾਕੀ ਬਣ  
ਹੋਸ਼ਾਂ ਦੇ ਜਾਮ ਪਿਆਂਦਾ ਰਹੁ  
ਜੋ ਵਾਪਰ ਰਹੇ ਯਥਾਰਥ ਨੂੰ  
ਤੂੰ ਸ਼ਬਦ ਕਲਾ ਵਿਚ ਭਰ ਦੇਵੇਂ  
ਹੋ ਗਿਆ ਸਥਾਪਤ ਸਮਝੀ ਤੂੰ  
ਜੇ ਸੱਚ ਸਥਾਪਤ ਕਰ ਦੇਵੇਂ  
ਹਰ ਸੂਰਤ ਰਹਿਣੀ ਬਹਿਣੀ ਵਿਚ  
ਪੱਧਰ ਆਪਣਾ ਕੇ ਲੋਕਾਂ ਦਾ  
ਪਰਸੰਗ ਨਵੇਲਾ ਛੇੜ ਜ਼ਰਾ  
ਕਵੀਆ! ਸੰਤਾਪੇ ਲੋਕਾਂ ਦਾ  
ਤੂੰ ਕਵੀ ਸਰਾਪੇ ਲੋਕਾਂ ਦਾ  
ਛੰਨਾ ਤੇ ਢਾਰੇ ਢੋਕਾਂ ਦਾ।

# ਵਿਚਾਰਾਂ ਦੇ ਇਕੋ ਬਿੰਦੂ 'ਤੇ ਖੜ੍ਹੇ ਰਹਿਣਾ ਧਾਰਮਿਕ ਵਤੀਰਾ ਹੈ : ਸੁਤਿੰਦਰ ਸਿੰਘ ਨੂਰ

ਕਵੀ ਤੇ ਸਮੀਖਿਅਕ ਸੁਤਿੰਦਰ ਸਿੰਘ ਨੂਰ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਵਸਿਰਜਣਾ ਲਈ ਜਾਣੇ ਜਾਂਦੇ ਲੇਖਕਾਂ ਦੀ ਮੁਹਰਲੀ ਕਤਾਰ 'ਚ ਸ਼ਾਮਲ ਹੈ। ਦਰਅਸਲ ਡਾ. ਨੂਰ ਦਾ ਪ੍ਰਭਾਵ ਉਦੋਂ ਫੈਲਣਾ ਸ਼ੁਰੂ ਹੋਇਆ ਜਦੋਂ ਪ੍ਰਯੋਗਵਾਦ ਦਾ ਸੂਰਜ ਅਸਤ ਹੋਣ ਲੱਗ ਪਿਆ ਸੀ। ਇਸ ਨਵੀਂ ਪ੍ਰਸਥਿਤੀ 'ਚ ਸੁਤਿੰਦਰ ਸਿੰਘ ਨੂਰ ਨੇ ਤੱਤੇ ਲਹੂ ਦੀ ਸਾਹਿਤ ਰਚਨਾ ਕਰਨ ਵਾਲਿਆਂ ਨਾਲ ਮਿਲ ਕੇ ਅਪਣਾ ਸਾਹਿਤ ਸਫ਼ਰ ਸ਼ੁਰੂ ਕੀਤਾ। ਉਹ ਇਸ ਪੀੜੀ ਵਿਚ ਸ਼ਾਮਲ ਹੋ ਕੇ ਨਾ ਕੇਵਲ ਕਾਵਿ-ਰਚਨਾ ਕਰ ਰਿਹਾ ਸੀ ਸਗੋਂ ਇਸ ਪੀੜੀ ਦਾ ਪ੍ਰਭਾਵਸ਼ਾਲੀ ਸਿਧਾਂਤਕ ਬੁਲਾਰਾ ਵੀ ਸੀ। ਉਸ ਦੁਆਰਾ ਸੰਪਾਦਤ ਸਾਹਿਤਕ ਪੱਤਰ 'ਕਲਜੁਗ' ਅਪਣੀ ਪੀੜੀ ਨੂੰ ਪ੍ਰਵਾਨ ਚੜਾਉਣ 'ਚ ਪਾਏ ਉਸਦੇ ਨਿੱਗਰ ਯੋਗਦਾਨ ਦੀ ਬੜੀ ਠੋਸ ਗਵਾਹੀ ਭਰਦਾ ਹੈ।


(ਫ਼ੋਟੋ ਸੁਸ਼ੀਲ ਦੁਸਾਂਝ)

ਸੁਤਿੰਦਰ ਸਿੰਘ ਨੂਰ ਨੇ ਵਿਸ਼ਵ ਪੱਧਰ ਦੇ ਨਵੇਂ ਵਾਦਾਂ ਨੂੰ ਪੰਜਾਬੀ ਸਾਹਿਤ 'ਤੇ ਲਾਗੂ ਕਰਨ ਦਾ ਸਿਲਸਿਲਾ ਸੰਰਚਨਾਵਾਦੀ ਅਲੋਚਨਾ ਪ੍ਰਣਾਲੀ ਨੂੰ ਡਾ. ਹਰਿਭਜਨ ਸਿੰਘ ਦੇ ਪ੍ਰਭਾਵ ਅਧੀਨ ਅਪਣਾ ਕੇ ਸ਼ੁਰੂ ਕੀਤਾ। ਫਿਰ ਤਾਂ ਉਸ ਨੇ ਅਜਿਹੀ ਕੋਈ ਆਲੋਚਨਾ ਪ੍ਰਣਾਲੀ ਜਾਂ ਅੰਤਰ ਦ੍ਰਿਸ਼ਟੀ ਨਹੀਂ ਛੱਡੀ ਜਿਸ ਨੂੰ ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਦੇ ਖੇਤਰ 'ਚ ਪ੍ਰਚਲਤ ਕਰਨ ਦਾ ਭਰਪੂਰ ਉਪਰਾਲਾ ਨਾ ਕੀਤਾ ਹੋਵੇ। ਅਜਿਹਾ ਕਰਦਿਆਂ ਉੱਤਰ ਆਧੁਨਿਕਵਾਦ ਤੱਕ ਉਹਦੀ ਭੂਮਿਕਾ ਮਹੱਤਵਪੂਰਨ ਹੋਣ ਦੇ ਨਾਲ ਨਾਲ ਵਿਵਾਦਗ੍ਰਸਤ ਵੀ ਹੋ ਗਈ। ਵਾਦਾਂ ਤੇ ਸਿਧਾਂਤਾਂ ਦੀ ਬਹੁਲਤਾ ਨੇ ਉਹਨੂੰ ਅਜੀਬ ਤਰ੍ਹਾਂ ਦੇ ਅੰਤਰ ਵਿਰੋਧਾਂ ਦਾ ਸ਼ਿਕਾਰ ਬਣਾ ਦਿੱਤਾ। ਇਨ੍ਹਾਂ ਅੰਤਰ ਵਿਰੋਧਾਂ ਦੇ ਬਾਵਜੂਦ ਉਹਦੀ ਮੌਲਿਕ ਸਿਰਜਣਾ ਤੇ ਖੋਜ ਕਾਰਜ ਦਾ ਵਿਸ਼ਾਲ ਆਕਾਰ ਉਹਨੂੰ ਪੰਜਾਬੀ ਸਾਹਿਤਕ ਜਗਤ ਦੀ ਵੱਡੀ ਸਖ਼ਸ਼ੀਅਤ ਦਾ ਰੁਤਬਾ ਪ੍ਰਦਾਨ ਕਰਦਾ ਹੈ। ਪੰਜਾਬੀ ਸਾਹਿਤਕ ਖੇਤਰ ਵਿਚ ਹਰ ਨਵੀਂ ਚਰਚਾ ਛਿੜਨ ਦਾ ਸਿਹਰਾ ਜ਼ਿਆਦਾਤਰ ਸੁਤਿੰਦਰ ਸਿੰਘ ਨੂਰ ਸਿਰ ਹੀ ਬਝਦਾ ਹੈ। 'ਕਲਜੁਗ', 'ਇੱਕਤੀ ਫ਼ਰਵਰੀ' ਤੇ 'ਸਮਦਰਸ਼ੀ' ਦੇ ਸੰਪਾਦਨ ਤੋਂ ਇਲਾਵਾ ਉਹ ਸੱਠ ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਕਰਵਾ ਚੁੱਕਾ ਹੈ। ਉਹਨੇ ਵਿਸ਼ਵ ਦੇ ਕੋਨੇ ਕੋਨੇ ਦੀ ਯਾਤਰਾ ਕਰਕੇ ਉੱਥੋਂ ਦੇ ਸਾਹਿਤਕ ਅਤੇ ਸਭਿਆਚਾਰਕ ਸਮਾਚਾਰ ਪੰਜਾਬੀਆਂ ਨੂੰ ਮੁਹੱਈਆ ਕਰਵਾਏ ਹਨ। ਅਖ਼ਬਾਰਾਂ ਵਿਚ ਸਾਹਿਤਕ ਕਾਲਮ ਨਵੀਸੀ ਦੀ ਨਵੀਂ ਸਿਨਫ਼ ਪ੍ਰਚਲਤ ਕੀਤੀ ਹੈ। ਅੱਜ 69 ਸਾਲ ਦੀ ਉਮਰ ਵਿਚ ਵੀ ਉਹ ਨਵੇਂ ਨਰੋਏ ਗਭਰੇਟ ਵਾਲੇ ਉਤਸਾਹ ਨਾਲ ਸਾਹਿਤਕ ਸਰਗਰਮੀਆਂ ਦਾ ਮੋਹਰੀ ਹੈ।

'ਨਵੀਂ ਦੁਨੀਆ' ਦੇ ਪਾਠਕਾਂ ਲਈ ਪੇਸ਼ ਹੈ **ਅਵਤਾਰ ਜੰਡਿਆਲਵੀ** ਅਤੇ **ਸੁਸ਼ੀਲ ਦੁਸਾਂਝ** ਵਲੋਂ ਸੁਤਿੰਦਰ ਸਿੰਘ ਨੂਰ ਨਾਲ ਕੀਤੀ ਗਈ ਲੰਮੀ ਗੱਲਬਾਤ ਦੇ ਅਹਿਮ ਅੰਸ਼।

ਸੰਪਾਦਕ

## ਨੂਰ ਹੀ ਨੂਰ

- : ਪੰਜਾਬੀ ਦੀ ਕੋਈ ਕਿਤਾਬ ਚੁੱਕ ਲਵੋ-ਸੁਤਿੰਦਰ ਸਿੰਘ ਨੂਰ ਦਾ ਮੁੱਖਬੰਦ, ਪੰਜਾਬੀ ਦੀ ਕੋਈ ਸੰਸਥਾ ਕਮੇਟੀ ਬਣੇ-ਨੂਰ ਉਹਦਾ ਮੈਂਬਰ ਜਾਂ ਅਹੁਦੇਦਾਰ, ਦੇਸ਼ ਵਿਦੇਸ਼ ਵਿਚ ਪੰਜਾਬੀ ਦਾ ਕੋਈ ਇਕੱਠ, ਕਾਨਫਰੰਸ ਹੋਵੇ-ਨੂਰ ਸਾਹਿਬ ਮੁੱਖ ਮਹਿਮਾਨ। ਹੱਦ ਨਹੀਂ ਹੋ ਗਈ ਕੀ?

ਨੂਰ : ਮੈਂ ਹੋਰ ਆਲੋਚਨਾ ਦੇ ਨਾਲ-ਨਾਲ ਕਿਤਾਬਾਂ ਦੇ ਮੁੱਖ ਬੰਦ ਵੀ ਲਿਖੇ। ਮੈਨੂੰ ਲੱਗਦਾ ਹੁੰਦਾ ਹੈ ਕਿ ਹਰ ਲੇਖਕ ਨੂੰ ਉਤਸ਼ਾਹਿਤ ਕਰੋ, ਉਨ੍ਹਾਂ 'ਚੋਂ ਕੁਝ ਤਾਂ ਅੱਗੇ ਤੁਰਨਗੇ। ਕੁਝ ਨਹੀਂ, ਕਈ ਅੱਗੇ ਤੁਰੇ ਨੇ। ਮੈਂ ਮੁੱਖ ਬੰਦ ਲਿਖਦਿਆਂ ਉਨ੍ਹਾਂ ਦੀਆਂ ਊਣਤਾਈਆਂ ਵੱਲ ਵਧੇਰੇ ਨਹੀਂ ਜਾਂਦਾ। ਹਰ ਸਧਾਰਨ ਲੇਖਕ ਵਿਚ ਵੀ ਕੋਈ ਚੰਗੀ ਗੱਲ ਹੁੰਦੀ ਹੈ। ਉਸ ਨੂੰ ਰੇਖਾਂਕਤ ਕਰਦਾ ਹਾਂ। ਮੈਂ ਕੁਝ ਉਨ੍ਹਾਂ ਕਿਤਾਬਾਂ ਦੇ ਮੁੱਖ ਬੰਦ ਵੀ ਲਿਖੇ, ਜਿਨ੍ਹਾਂ ਦੀਆਂ ਸੀਮਾਵਾਂ ਵੱਲ ਵੀ ਸੰਕੇਤ ਕੀਤਾ, ਉਹ ਬਹੁਤੇ ਕਿਤਾਬਾਂ ਦੇ ਆਰੰਭ ਵਿਚ ਨਜ਼ਰ ਨਹੀਂ ਆਏ (ਵਧੇਰੇ ਪੰਜਾਬੀ ਲੇਖਕ ਕੇਵਲ ਸਿਫ਼ਤ ਮੰਗਦੇ ਹਨ) ਉਨ੍ਹਾਂ ਮੁੱਖ ਬੰਦਾਂ ਦੀ ਗਿਣਤੀ ਛੇ-ਸੱਤ ਦੇ ਕਰੀਬ ਹੀ ਹੈ।

ਬਹੁਤ ਸਾਰੀਆਂ ਸੰਸਥਾਵਾਂ ਵਿਚ ਵੀ ਇਸ ਲਈ ਸਰਗਰਮ ਰਿਹਾ ਹਾਂ ਕਿ ਉਨ੍ਹਾਂ ਰਾਹੀਂ ਠੀਕ ਸਾਹਿਤਕ ਪਰਿਪੇਖ ਬਾਰੇ ਕੁਝ ਨਾ ਕੁਝ ਕਿਹਾ ਜਾ ਸਕੇ, ਕੀਤਾ ਜਾ ਸਕੇ। ਹੁਣ ਭਾਰਤੀ ਸਾਹਿਤ ਅਕਾਦਮੀ ਨੂੰ ਇਕ ਨਵਾਂ ਰੁਖ਼ ਦੇਣ ਵਿਚ ਮੈਂ ਕਾਮਯਾਬ ਹੋ ਰਿਹਾ ਹਾਂ। ਪੰਜਾਬੀ ਦੀ ਸਰਗਰਮੀ ਵੀ ਸਾਹਿਤ ਅਕਾਦਮੀ ਵਿਚ ਪਹਿਲਾਂ ਨਾਲੋਂ ਜ਼ਿਆਦਾ ਵਧੀ ਏ। ਬਹੁਤ ਸਾਰੀ ਸੰਸਥਾਵਾਂ ਦਾ ਕੰਮ ਮੈਂ ਜਾਣ ਬੁਝਕੇ ਨਹੀਂ ਸਹੇੜਦਾ ਰਿਹਾ, ਗਲ ਪੈ ਜਾਂਦਾ ਰਿਹਾ। ਪਰ ਫਿਰ ਵੀ ਮੈਂ ਨਿਭਾਇਆ। ਪਰ ਇਸਦਾ ਮੇਰੇ ਰਚਨਾਤਮਕ ਕੰਮ 'ਤੇ ਅਸਰ ਪਿਐ।

- : ਤੁਸੀਂ ਮੂਲ ਸਾਹਿਤ ਰਚਨਾ ਵੀ ਕੀਤੀ, ਆਲੋਚਨਾ ਵਿਚ ਵੀ ਬਹੁਤ ਸਾਰਾ ਕੰਮ ਕੀਤਾ ਅਤੇ ਸਾਹਿਤਕ ਪੱਤਰਕਾਰੀ ਵਿਚ ਵੀ ਹੱਥ ਪੈਰ ਮਾਰੇ ਪਰ ਜਾਪਦਾ ਹੈ ਕਿ ਕਿਸੇ ਪਿੜ ਵਿਚ ਵੀ ਕੋਈ ਕਲਾਸਕੀ ਲਿਖਤ ਤੱਕ ਪਹੁੰਚ ਨਾ ਹੋ ਸਕੀ। ਜੇ ਇਹ ਠੀਕ ਹੈ ਤਾਂ ਇਹਦਾ ਕੀ ਕਾਰਨ ਸਮਝਦੇ ਹੋ?

ਨੂਰ : ਤੁਹਾਡੀ ਇਹ ਗੱਲ ਬਿਲਕੁਲ ਠੀਕ ਹੈ ਕਿ ਆਲੋਚਨਾ ਵਿਚ ਵੀ ਮੈਂ ਅਜੇ ਇਹੋ ਜਿਹੀ ਪੁਸਤਕ ਸਾਹਮਣੇ ਨਹੀਂ ਲਿਆਂਦੀ, ਜਿਸ ਨੂੰ ਕਲਾਸਿਕੀ ਦਰਜਾ ਦਿੱਤਾ ਜਾ ਸਕੇ, ਜਿਵੇਂ ਸੇਖੋਂ ਦੀ 'ਸਾਹਿਤਾਰਥ'। ਅਜੇ ਵੀ ਮੈਂ ਇਹੋ ਜਿਹਾ ਕੋਈ ਬੱਝਵਾਂ ਕੰਮ ਕਰਨਾ ਚਾਹੁੰਦਾ ਹਾਂ। ਮੇਰਾ ਵਧੇਰੇ ਧਿਆਨ ਟੈਕਸਟ ਦੀਆਂ ਪਰਤਾਂ ਤੱਕ ਪਹੁੰਚਣ ਦਾ ਰਿਹਾ ਹੈ। ਮੈਂ ਸੰਰਚਨਾਵਾਦ ਅਤੇ ਕਲਾਸਿਕੀ ਮਾਰਕਸਵਾਦ ਤੋਂ ਪਾਰ ਝਾਕਣਾ ਚਾਹੁੰਦਾ ਸਾਂ। ਇਸ ਗੱਲ ਨੂੰ ਸਮਝਣ ਤੇ ਕਹਿਣ ਵਿਚ ਲੀਨ ਰਿਹਾ ਹਾਂ। ਵਾਸਤਵ ਵਿਚ ਵਾਪਰ ਰਹੀਆਂ ਨਵੀਆਂ ਗੱਲਾਂ ਨੂੰ ਵੀ ਪੰਜਾਬੀ ਪਾਠਕ ਤੱਕ ਪਹੁੰਚਾਉਣਾ ਚਾਹੁੰਦਾ ਸਾਂ। ਆਲੋਚਨਾ ਵਿਚ ਮੈਂ ਟੈਕਸਟ ਨੂੰ ਪਹਿਲ ਦਿੰਦਾ ਹਾਂ। ਸਿਧਾਂਤਕ ਗੱਲਾਂ ਤੁਹਾਡੀ ਦ੍ਰਿਸ਼ਟੀ ਤੇ ਵਿਧੀ ਬਣਾਉਂਦੀਆਂ ਹਨ। ਮੈਂ ਆਲੋਚਨਾ ਨੂੰ ਕਿਸੇ ਸਿਧਾਂਤਕ ਵਿਆਖਿਆ ਤੋਂ ਮੁਕਤ ਕੀਤਾ ਹੈ। ਇਸ ਦ੍ਰਿਸ਼ਟੀ ਤੋਂ ਮੈਂ ਅਪਣੀਆਂ ਆਲੋਚਨਾਵਾਂ ਦੀਆਂ ਪੁਸਤਕਾਂ 'ਚੋਂ ਮੋਹਨ ਸਿੰਘ ਦਾ 'ਕਾਵਿ ਜਗਤ' ਅਤੇ 'ਕਵਿਤਾ ਦੀ ਭੂਮਿਕਾ' ਵਿਸ਼ੇਸ਼ ਮੰਨਦਾ ਹਾਂ। ਇਹ ਕਵਿਤਾ ਦਾ ਵਿਸ਼ਲੇਸ਼ਣ ਕਰਨ ਦੀ ਨਵੀਂ ਵਿਧੀ ਦਾ ਸੰਚਾਰ ਕਰਦੀਆਂ ਹਨ।

- : ਸਮੇਂ ਨੇ ਇਹੋ ਹੀ ਵਾਚਿਆ ਹੈ ਕਿ ਮੌਲਿਕ ਅਤੇ ਪ੍ਰਤਿਭਾਵਾਨ ਸਾਹਿਤਕਾਰ ਸਦਾ ਹੀ ਸਥਾਪਤੀ ਦੇ ਵਿਰੁੱਧ ਖਲੋਂਦੇ ਹਨ ਅਤੇ ਬਾਕੀ ਦਾ ਹਜੂਮ 'ਜੀ ਹਜ਼ੂਰੀਆਂ' ਦੀ ਕਤਾਰ ਦਾ ਹਿੱਸਾ ਬਣ ਜਾਂਦਾ ਹੈ। ਤੁਹਾਨੂੰ ਅਸੀਂ ਕਿਨ੍ਹਾਂ ਵਿਚ ਗਿਣੀਏ?

ਨੂਰ : ਮੈਨੂੰ 'ਜੀ ਹਜ਼ੂਰੀਆਂ' ਨਾਲ ਹਮੇਸ਼ਾ ਨਫ਼ਰਤ ਰਹੀ। ਸਥਾਪਨਾ ਦੇ ਵਿਰੁੱਧ ਕਈ ਵਾਰ ਸਾਹਮਣੇ ਆਇਆਂ। ਪੰਜਾਬੀ ਯੂਨੀਵਰਸਿਟੀ 'ਚੋਂ 1971 ਵਿਚ ਚਲੇ ਜਾਣ ਦਾ ਇਹੀ ਕਾਰਨ ਸੀ। ਸੁਰਜੀਤ ਪਾਤਰ ਵੀ ਉਦੋਂ ਹੀ ਗਿਆ। ਵਿਦਿਆਰਥੀ ਜੀਵਨ ਵਿਚ ਕਦੀ ਹੜਤਾਲਾਂ ਵਿਚ ਸਰਗਰਮ ਰਿਹਾ। ਛੇ ਸਾਲ ਸੀ.ਪੀ.ਆਈ. ਦਾ ਮੈਂਬਰ ਤੇ ਖੱਬੇ ਪੱਖੀ ਸਿਆਸਤ ਵਿਚ ਕੁਝ ਅੱਗੇ ਵੀ ਗਿਆ। ਪਰ ਲੱਗਿਆ ਇਹ ਸਿਆਸਤ ਵੀ ਸਥਾਪਨਾ ਬਣਦੀ ਜਾ ਰਹੀ ਹੈ। ਇਸ ਬਾਰੇ ਕੁਝ ਚੁੱਪ ਹੋ ਗਿਆ, ਪਰ ਇਸ ਵਿਚਾਰਧਾਰਾ ਦੇ ਮੈਂ ਹਮੇਸ਼ਾ ਨੇੜੇ ਰਿਹਾ ਹਾਂ। ਹਰਿਭਜਨ ਸਿੰਘ ਨੇ ਵੀ ਜਦੋਂ ਮੱਠ ਜਾਂ ਸਥਾਪਨਾ ਦਾ ਰੂਪ ਧਾਰਨਾ ਸ਼ੁਰੂ ਕੀਤਾ, ਮੈਂ ਦੋਸਤੀ ਨੂੰ ਛੱਡ ਕੇ ਵਿਚਾਰਧਾਰਕ ਵਿਰੋਧ ਕੀਤਾ। ਮੈਂ ਨਾਅਰਿਆਂ ਦੀ ਸਿੱਧੀ ਸ਼ੋਰੀਲੀ ਸਿਆਸਤ ਵਿਚ ਯਕੀਨ ਨਹੀਂ ਰੱਖਦਾ। ਪ੍ਰਗਤੀਸ਼ੀਲ ਪੰਜਾਬੀ ਸਭਿਆਚਾਰ ਤੇ ਦ੍ਰਿਸ਼ਟੀ ਨੂੰ ਇਸ ਸਭ ਕੁਝ ਦੇ ਅੰਗ ਸੰਗ ਰੱਖਣਾ ਮੈਨੂੰ ਚੰਗਾ ਲੱਗਦਾ ਹੈ।

- : ਤੁਹਾਡੀ ਰਚਨਾ ਪ੍ਰਕਿਰਿਆ ਬਾਰੇ ਅਜੀਬ ਅਜੀਬ ਕਿੱਸੇ ਸੁਣੀਂਦੇ ਹਨ। ਇਕ ਸ਼ਹਿਰ ਤੋਂ ਦੂਜੇ ਸ਼ਹਿਰ ਸਫ਼ਰ ਕਰਦਿਆਂ ਕਾਰ, ਬੱਸ ਜਾਂ ਗੱਡੀ ਵਿਚ ਹੀ ਪਰਚੇ ਲਿਖ ਲੈਣਾ, ਬੈਠਿਆਂ ਬੈਠਿਆਂ ਹੀ ਕੋਈ ਅਚੰਭਿਤ ਨੁਕਤਾ ਵਗਾਹ ਮਾਰਨਾ। ਕੀ ਇਹ ਸਭ ਸੱਚ ਹੈ ਅਤੇ ਤੁਹਾਡੇ ਅਨੁਸਾਰ ਰਚਨਾ ਕਰਨ ਲਈ ਕਿਸੇ ਵਿਸ਼ੇਸ਼ ਤਰੱਦਦ ਜਾਂ ਗੰਭੀਰਤਾ ਦੀ ਲੋੜ ਨਹੀਂ?

ਨੂਰ : ਇਹ ਠੀਕ ਹੈ ਕਿ ਮੈਂ ਕਈ ਗੰਭੀਰ ਚੀਜ਼ਾਂ ਵੀ ਸਫ਼ਰ ਵਿਚ ਲਿਖੀਆਂ ਨੇ। ਇਹ ਮੇਰੇ ਅਵਚੇਤਨ ਤੇ ਚੇਤਨਾ ਵਿਚ ਬਣਦੀਆਂ ਰਹਿੰਦੀਆਂ ਹਨ। ਉਨ੍ਹਾਂ ਦੇ ਆਲੇ ਦੁਆਲੇ ਕਾਫੀ ਪੜ੍ਹਦਾ ਰਹਿੰਦਾ ਹਾਂ, ਪਰ ਮੈਂ ਲਿਖਦਾ ਉਦੋਂ ਹੀ ਹਾਂ ਜਦੋਂ ਹੋਰ ਦੇਰ ਕਰਨੀ ਸੰਭਵ ਨਹੀਂ ਹੁੰਦੀ।

ਮੈਂ ਇਕ ਵਾਰ ਕੋਲੰਬੀਆ ਯੂਨੀਵਰਸਿਟੀ ਵਿਚ ਪਰਚਾ ਪੇਸ਼ ਕਰਨਾ ਸੀ, ਪਰ ਅਮਰੀਕਾ ਜਾਣ ਤੱਕ ਅਜੇ ਲਿਖਿਆ ਨਹੀਂ ਸੀ। ਜਦੋਂ ਜਹਾਜ਼ ਵਿਚ ਬਹਿ ਗਿਆ ਤਾਂ ਲਿਖਣਾ ਸ਼ੁਰੂ ਕੀਤਾ ਤੇ ਨਿਊਯਾਰਕ ਪਹੁੰਚਣ ਤੱਕ ਮੁਕੰਮਲ ਕਰ ਲਿਆ। ਉਸ ਵਿਚ 1947 ਦੀ ਤ੍ਰਾਸਦੀ/ਵੰਡ ਅਤੇ ਸਾਹਿਤ ਬਾਰੇ ਕੁਝ ਗੰਭੀਰ ਵਿਸ਼ਲੇਸ਼ਣ ਕੀਤਾ। ਇਹ ਇਕ ਭਾਂਤ ਦਾ ਅਭਿਆਸ ਹੈ, ਪਰ ਕਈ ਵਾਰ ਅਵਚੇਤਨ ਵਿਚ ਬਹੁਤ ਕੁਝ ਸਾਂਭੀ ਰੱਖਦਾ ਹਾਂ। ਇਕ ਵਾਰ ਅਮਰੀਕ ਅਮਨ ਤੇ ਪ੍ਰਮਿੰਦਰਜੀਤ ਦਾ ਅੰਮ੍ਰਿਤਸਰ ਵਿਚ 'ਲੋਅ' ਦਾ ਸਮਾਗਮ ਸੀ, ਮੈਂ ਉੱਥੇ ਕੋਈ ਨਵੀਂ ਕਵਿਤਾ ਪੜ੍ਹਨਾ ਚਾਹੁੰਦਾ ਸਾਂ। 'ਸ਼ਾਨੇ ਪੰਜਾਬ' ਵਿਚ ਬੈਠਿਆਂ ਹੀ ਦੋ ਕਵਿਤਾਵਾਂ ਸਿਰਜੀਆਂ ਗਈਆਂ; 'ਕਵਿਤਾ ਦੀ ਜਲਾਵਤਨੀ' ਅਤੇ 'ਘਰਾਂ ਤੋਂ ਤੁਰ ਗਏ ਮਿੱਤਰੋ'। ਲਿਖਣ ਦੀ ਗੰਭੀਰਤਾ ਅਗੰਭੀਰਤਾ ਦਾ ਇਉਂ ਕੋਈ ਨਿਸ਼ਚਤ ਸਮਾਂ ਨਹੀਂ ਹੁੰਦਾ। ਇਕ ਵਾਰ ਬਾਰਸ਼ ਪੈ ਰਹੀ ਸੀ। ਮੈਂ ਤੇ ਐਸ. ਬਲਵੰਤ ਦੁਪਹਿਰੇ ਦਿੱਲੀ ਪ੍ਰੈਸ ਕਲੱਬ ਬੈਠੇ ਸਾਂ। ਉਸ ਨੇ ਜਮਨਾ ਪਾਰ ਕਿਤੋਂ ਕੰਪਿਊਟਰ ਠੀਕ ਕਰਵਾਉਣਾ ਸੀ। ਅਸੀਂ ਉੱਧਰ ਚੱਲ ਪਏ, ਉਹ ਕੰਪਿਊਟਰ ਠੀਕ ਕਰਾਉਣ ਇਕ ਵੱਡੀ ਇਮਾਰਤ ਵਿਚ ਚਲਾ ਗਿਆ। ਮੈਂ ਕਾਰ ਵਿਚ ਬੈਠਾ ਰਿਹਾ। ਕਿਣ ਮਿਣ ਹੋ ਰਹੀ ਸੀ ਤੇ ਸਾਹਮਣੀਆਂ ਝੁੱਗੀਆਂ ਦੇ ਬੱਚੇ ਬਾਹਰ ਕਿਣ ਮਿਣ ਵਿਚ ਖੇਡ ਰਹੇ ਸਨ। ਮੈਂ ਉਸ ਸਮੇਂ ਵਿਚ ਬੱਚਿਆਂ ਬਾਰੇ ਜੋ ਕਵਿਤਾਵਾਂ ਲਿਖੀਆਂ, ਗੰਭੀਰ ਕਵਿਤਾਵਾਂ ਹਨ। 'ਮੌਲਸਰੀ' ਵਿਚ ਸ਼ਾਮਲ ਹਨ।

ਕੁਝ ਸਮਾਂ ਪਹਿਲਾਂ ਮੈਂ ਮਾਸਕੋ ਵਿਚ ਸਾਂ ਤੇ ਇਕ ਰਾਤ ਮੈਂ 17ਵੀਂ ਮੰਜ਼ਿਲ 'ਤੇ ਬਾਰੀ ਕੋਲ ਬੈਠਾ ਜਗਮਗਾਉਂਦਾ ਮਾਸਕੋ ਦੇਖ ਰਿਹਾ ਸਾਂ ਕਿ ਬੜਾ ਕੁਝ ਮਾਸਕੋ 'ਚ ਦੇਖਿਆ ਅਵਚੇਤਨ 'ਚ ਜਗਮਗਾਉਣ ਲੱਗਾ। ਮੈਂ ਕੁਝ ਸਮੇਂ ਵਿਚ ਮਾਸਕੋ ਬਾਰੇ ਸੱਤ ਕਵਿਤਾਵਾਂ ਲਿਖੀਆਂ, ਜੋ 'ਨਵਾਂ ਜ਼ਮਾਨਾ' ਵਿਚ 'ਮਾਸਕੋ : ਸੱਤ ਬਿੰਬ' ਦੇ ਰੂਪ ਵਿਚ ਛਪੀਆਂ, ਜਿਨ੍ਹਾਂ ਬਾਰੇ ਕਾਫੀ ਚਰਚਾ ਵੀ ਹੋਇਆ। ਪਰ ਕਈ ਵਾਰ ਮੈਂ ਛੇ ਛੇ ਮਹੀਨੇ ਕੁਝ ਨਹੀਂ ਲਿਖਦਾ। ਉਦੋਂ ਅਕਸਰ ਮੈਂ ਅਨੁਵਾਦ ਕਰਦਾ ਹਾਂ। ਇਉਂ ਸਫ਼ਰ/ਅਸਫ਼ਰ ਮੇਰੇ ਲਈ ਇਕੋ ਹੀ ਨੇ। ਗੱਲ ਤਾਂ ਭੀੜ ਵਿਚ ਵੀ ਚੁੱਪ ਸਿਰਜਣ ਦੀ ਹੈ। ਅਪਣੇ ਅੰਦਰ ਦੇਖਣ ਦੀ ਹੈ। ਮੈਂ ਅਪਣੀਆਂ ਕਈ ਚੰਗੀਆਂ ਕਵਿਤਾਵਾਂ ਪ੍ਰੈਸ ਕਲੱਬ ਵਿਚ ਵੋਦਕਾ ਜਾਂ ਗਲਾਸ ਸਾਹਮਣੇ ਰੱਖ ਕੇ ਰੌਲੇ-ਗੌਲੇ ਵਿਚ ਵੀ ਇਕ ਚੁੱਪ ਸਿਰਜਕੇ ਲਿਖੀਆਂ ਹੋਈਆਂ ਹਨ।

- : ਅਪਣੀ ਇਕ ਨਿੱਜੀ ਮਿਲਣੀ ਦੌਰਾਨ ਤੁਸੀਂ ਕਿਹਾ ਸੀ ਕਿ ਪਾਕਿਸਤਾਨੀ ਲੇਖਕ ਫ਼ਖ਼ਰ ਜ਼ਮਾਨ ਹੀ ਪੰਜਾਬੀ ਦਾ ਸਭ ਤੋਂ ਵਧੀਆ ਨਾਵਲਕਾਰ ਹੈ। ਕੀ ਤੁਸੀਂ ਹੁਣ ਵੀ ਇਵੇਂ ਹੀ ਸਮਝਦੇ ਹੋ ਤੇ ਤੁਹਾਡੀ ਇਹ ਧਾਰਨਾ ਕਿਵੇਂ ਬਣੀ?

ਨੂਰ : ਫ਼ਖ਼ਰ ਜ਼ਮਾਨ ਇਕ ਚੰਗਾ ਨਾਵਲਕਾਰ ਹੈ। ਪਾਕਿਸਤਾਨ ਵਿਚ ਦੋ ਤਰ੍ਹਾਂ ਦੇ ਨਾਵਲਕਾਰ ਨੇ। ਜਾਂ ਤਾਂ ਨਿਰੇ ਪ੍ਰੰਪਰਕ ਤੇ ਜਾਂ ਫ਼ਖ਼ਰ ਜ਼ਮਾਨ ਵਾਂਗ ਨਾਵਲ ਦਾ ਨਵਾਂ ਰੂਪ ਬਣਾਉਣ ਵਾਲੇ। 'ਸੱਤ ਗਵਾਚੇ ਲੋਕ' ਤੋਂ ਲੈ ਕੇ ਨਵੇਂ ਨਾਵਲ 'ਤੂੰ ਕਿ ਮੈਂ' ਤੱਕ ਉਹ ਨਾਵਲ ਦੇ ਸਟਰੱਕਚਰ ਨੂੰ ਭੰਨਦਾ ਤੋੜਦਾ ਹੈ। ਇਹ ਕੰਮ ਸੌਖਾ ਨਹੀਂ। ਜਦੋਂ ਮੈਂ ਇਹ ਆਖਿਆ ਸੀ ਤਾਂ ਪਾਕਿਸਤਾਨ ਵਿਚ ਨਵੇਂ ਨਾਵਲ ਨੂੰ ਸਥਾਪਤ ਕਰਨ ਦਾ ਉਦੇਸ਼ ਵੀ ਸੀ। ਅਜੇ ਵੀ ਮੈਂ ਉਸ ਨੂੰ ਇਸ ਜੁਰਅਤ ਵਾਲਾ ਸਰੇਸ਼ਟ ਨਾਵਲਕਾਰ ਮੰਨਦਾ ਹੈਂ। ਸਮੁੱਚੇ ਪ੍ਰਸੰਗ ਵਿਚ ਗੁਰਦਿਆਲ ਸਿੰਘ ਨੇ ਨਾਵਲ ਨੂੰ ਵਿਕਸਤ ਕੀਤਾ ਹੈ। ਕੁਝ ਹੋਰ ਨਾਵਲਕਾਰਾਂ ਦੀਆਂ ਇਕ ਇਕ ਦੋ ਰਚਨਾਵਾਂ ਹਨ, ਪਰ ਪੰਜਾਬੀ ਨਾਵਲ ਦੇ ਵਿਕਾਸ ਅਤੇ ਮਹਾਨ ਨਾਵਲ ਦੀ ਅਸੀਂ ਅਜੇ ਵੀ ਉਡੀਕ ਕਰ ਰਹੇ ਹਾਂ।

## ਪੜ੍ਹਨ-ਲਿਖਣ ਦਾ ਵੇਲਾ

- : ਸਿਹਤ ਵੀ ਠੀਕ ਨਹੀਂ, ਹਸਪਤਾਲ ਵੀ ਜਾਣਾ ਹੈ, ਦੋ ਕੁ ਮਹੀਨੇ ਅੰਦਰ ਮਾਸਕੋ, ਟਰਾਂਟੋ, ਵੈਨਕੂਵਰ, ਲੰਡਨ ਦੇ ਸਮਾਗਮਾਂ ਦੇ ਸੱਦੇ ਵੀ ਭੁਗਤਾਉਣੇ ਹਨ। ਕਿੱਥੋਂ ਆਉਂਦੀ ਹੈ ਇਹ ਸਾਰੀ ਊਰਜਾ?

ਨੂਰ : ਕੁਝ ਦੇਰ ਤੋਂ ਮੈਨੂੰ ਸਿਹਤ ਦੀਆਂ ਸਮੱਸਿਆਵਾਂ ਰਹੀਆਂ ਹਨ। ਕਈ ਵਾਰ ਹਸਪਤਾਲ ਵੀ ਦਾਖ਼ਲ ਰਿਹਾ ਹਾਂ, ਪਰ 1995 ਵਿਚ ਜਦੋਂ ਮੇਰਾ ਕਾਰ ਹਾਦਸਾ ਹੋਇਆ ਸੀ ਤੇ ਲੱਤ-ਬਾਂਹ ਵਿਚ ਪਲੇਟਾਂ ਪੈ ਗਈਆਂ ਸਨ। ਉਦੋਂ ਵੀ ਮੈਂ ਵੈਸਾਖੀਆਂ ਦੇ ਸਾਹਰੇ ਅੰਮ੍ਰਿਤਸਰ ਸੈਮੀਨਾਰ ਵਿਚ ਪਹੁੰਚ ਗਿਆ ਸਾਂ। ਤੁਰਨ ਫਿਰਨ, ਸੈਮੀਨਾਰਾਂ, ਕਾਵਿ-ਗੋਸ਼ਟੀਆਂ, ਰਾਸ਼ਟਰੀ-ਅੰਤਰਰਾਸ਼ਟਰੀ ਕਾਨਫਰੰਸਾਂ, ਵਾਦ ਵਿਵਾਦ, ਵਿਰੋਧ ਮੈਨੂੰ ਸ਼ਕਤੀ ਦਿੰਦੇ ਨੇ। ਜਦੋਂ ਮੈਂ ਕੁਝ ਦਿਨ ਬੈਠ ਜਾਵਾਂ, ਮੈਨੂੰ ਸਿਥਿਲਤਾ ਮਹਿਸੂਸ ਹੋਣ ਲੱਗਦੀ ਹੈ। ਭਾਰਤੀ ਸਾਹਿਤ ਅਕਾਦਮੀ ਦਾ ਵਾਇਸ ਪ੍ਰੈਜ਼ੀਡੈਂਟ ਬਣਨ ਬਾਅਦ ਮੈਂ ਕਈ ਵਾਰ ਘਰ, ਇਕ ਦਿਨ ਬੰਬਈ, ਦੂਜੇ ਦਿਨ ਕਲਕੱਤੇ ਤੇ ਤੀਜੇ ਦਿਨ ਹੈਦਰਾਬਾਦ ਹੁੰਦਾ ਹਾਂ, ਪਰ 24 ਭਾਸ਼ਾਵਾਂ ਦੇ ਲੇਖਕਾਂ ਦੇ ਸਮਾਰੋਹਾਂ 'ਚ ਸ਼ਾਮਲ ਹੁੰਦਾ ਹਾਂ। ਮੈਨੂੰ ਅਪਣੀ ਸਿਹਤ ਦੀਆਂ ਸਮੱਸਿਆਵਾਂ ਭੁੱਲ ਜਾਂਦੀਆਂ ਨੇ। ਇਕ ਵਾਰ ਮੈਂ ਸਵੇਰੇ ਨਿਊਯਾਰਕ ਤੋਂ ਚੱਲਿਆ, ਦੁਪਹਿਰੇ ਪੈਰਿਸ ਵਿਚ ਸਾਂ, ਪਰ ਰਾਤ ਨੂੰ ਪੋਲੈਂਡ ਪਹੁੰਚ ਕੇ ਇਕ ਡਿਨਰ ਵਿਚ ਸ਼ਾਮਲ ਹੋਇਆ, ਉੱਥੇ ਵਾਰਸਾ ਯੂਨੀਵਰਸਿਟੀ ਵਿਚ ਪੰਜਾਬੀ ਦੀ ਪੜ੍ਹਾਈ ਵਿਕਸਤ ਕਰਨੀ ਸੀ। ਉਸ ਨੇ ਮੈਨੂੰ ਮੂਲੋਂ ਹੀ ਥਕਾਵਟ ਨਾ ਹੋਣ ਦਿੱਤੀ।

- : ਤੁਸੀਂ ਤਿੰਨ ਭਰਾ ਹੋ। ਤਿੰਨੇ ਹੀ ਸਾਹਿਤਕ ਕਦਰਾਂ ਕੀਮਤਾਂ ਨੂੰ ਪਰਨਾਏ ਹੋਏ। ਤੁਹਾਨੂੰ ਸਾਰਿਆਂ ਨੂੰ ਇਹ ਲਗਨ ਲੱਗ ਜਾਣ ਦਾ ਕੀ ਕਾਰਨ ਸੀ? ਕੀ ਤੁਹਾਡੀ ਕੋਈ ਭੈਣ ਵੀ ਹੈ?

ਨੂਰ : ਗੁਰਭਗਤ ਸਿੰਘ ਮੇਰਾ ਵੱਡਾ ਭਰਾ ਹੈ ਤੇ ਸੁਖਿੰਦਰ (ਕੈਨੇਡਾ) ਛੋਟਾ ਭਰਾ। ਤਿੰਨੇ ਹੀ ਸਾਹਿਤ ਦੇ ਖੇਤਰ ਵਿਚ ਸਰਗਰਮ ਹਾਂ। ਸਾਹਿਤਕ ਲਗਨ ਦਾ ਕਾਰਨ ਸਾਡੇ ਘਰ ਦਾ ਮਾਹੌਲ ਸੀ। ਪਿਤਾ ਜੀ ਆਪ ਸਾਹਿਤਕ ਪੱਤਰਕਾਰ ਤੇ ਲੇਖਕ ਸਨ। ਉਹਨਾਂ ਦਾ ਮੰਤਵ ਇਕੋ ਹੀ ਸੀ ਕਿ ਅਸੀਂ ਪੜ੍ਹੀਏ ਲਿਖੀਏ। ਸਾਡੀ ਇਕ ਛੋਟੀ ਭੈਣ ਵੀ ਹੈ, ਉਹ ਇੰਦੌਰ ਵਿਆਹੀ ਹੋਈ ਹੈ।

- : ਸੁਣਿਆ ਹੈ ਕਿ ਤੁਹਾਡੇ ਪਿਤਾ ਗਿਆਨੀ ਹਰੀ ਸਿੰਘ ਜਾਚਕ ਜੀ ਨੇ ਕੁਝ ਕਹਾਣੀਆਂ ਛਪਵਾਈਆਂ ਅਤੇ 900 ਸਫੇ 'ਤੇ ਪਸਰਿਆ ਗੁਰੂ ਨਾਨਕ ਦੇਵ ਜੀ 'ਤੇ ਮਹਾਂਕਾਵਿ ਵੀ ਲਿਖਿਆ ਸੀ। ਇਹ ਛਪ ਕਿਉਂ ਨਾ ਸਕਿਆ?

ਨੂਰ : ਸਾਡੇ ਪਿਤਾ ਹਰੀ ਸਿੰਘ ਜਾਚਕ ਕਹਾਣੀਕਾਰ ਤੇ ਕਵੀ ਸਨ। ਉਨ੍ਹਾਂ ਕਵਿਤਾ ਤਾਂ ਆਰੰਭ ਤੋਂ ਹੀ ਲਿਖੀ ਸੀ। 1941 ਵਿਚ ਕਹਾਣੀਆਂ ਦੀ ਕਿਤਾਬ 'ਪਵਿੱਤਰ ਸਧਰਾਂ' ਪ੍ਰਕਾਸ਼ਤ ਕੀਤੀ। 1950-51 ਵਿਚ ਇਕ ਹੋਰ ਕਹਾਣੀ-ਸੰਗ੍ਰਹਿ 'ਇਕ ਦਿਨ ਸ਼ਾਮ ਨੂੰ' ਛਾਪਣਾ ਆਰੰਭ ਕੀਤਾ, ਪਰ ਸਿਰੇ ਨਾ ਚੜ੍ਹਿਆ। ਮਹਾਂਕਾਵਿ 'ਗੁਰੂ ਨਾਨਕ ਉਪਕਾਰ' ਦਾ ਪਹਿਲਾ ਭਾਗ ਪ੍ਰਕਾਸ਼ਤ ਕੀਤਾ। ਦੂਜਾ ਭਾਗ ਅਪਣੇ ਅੰਤਮ ਸਾਲਾਂ ਵਿਚ ਪੂਰਾ ਕੀਤਾ। ਹੁਣ ਇਹ 9 ਸੌ ਪੰਨਿਆਂ ਦਾ ਮਹਾਂਕਾਵਿ ਪੰਜਾਬੀ ਯੂਨੀਵਰਸਿਟੀ ਪ੍ਰਕਾਸ਼ਤ ਕਰ ਰਹੀ ਹੈ।

- : ਉਨ੍ਹਾਂ ਦੀ ਗਿਆਨੀ ਜ਼ੈਲ ਸਿੰਘ ਨਾਲ ਵੀ ਯਾਰੀ ਹੁੰਦੀ ਸੀ। ਯਾਦ ਹੈ ਕੋਈ ਉਨ੍ਹਾਂ ਦਿਨਾਂ ਦਾ ਕਿੱਸਾ?

ਨੂਰ : ਮੇਰੇ ਪਿਤਾ ਜੀ, ਗਿਆਨੀ ਜ਼ੈਲ ਸਿੰਘ, ਗਿ. ਲਾਲ ਸਿੰਘ, ਗਿ. ਗੁਰਦਿੱਤ ਸਿੰਘ ਇਹ ਸਾਰੇ ਜਮਾਤੀ ਸਨ ਤੇ ਬਾਅਦ ਵਿਚ ਅਕਸਰ ਮਿਲਦੇ ਸਨ। ਗਿ. ਜ਼ੈਲ ਸਿੰਘ ਹੁਰਾਂ ਨਾਲ ਕੁਝ ਵੱਧ ਦੋਸਤੀ ਇਉਂ ਹੋ ਗਈ ਕਿ ਮੇਰੇ ਪਿਤਾ ਜੀ ਨੂੰ ਵੀ ਰਿਆਸਤ 'ਚੋਂ ਕੱਢਿਆ ਗਿਆ ਸੀ ਤੇ ਬਾਅਦ ਵਿਚ ਪਰਜਾ ਮੰਡਲ ਕਰਕੇ ਗਿ. ਜ਼ੈਲ ਸਿੰਘ ਨੂੰ ਵੀ। ਮੇਰੇ ਪਿਤਾ ਅੰਮ੍ਰਿਤਸਰ ਚਲੇ ਗਏ ਸਨ ਤੇ ਕੁਝ ਦੇਰ ਲਈ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਣੇ। ਗਿ. ਜ਼ੈਲ ਸਿੰਘ ਵੀ ਅੰਮ੍ਰਿਤਸਰ ਪਹੁੰਚੇ ਤੇ ਉਹ ਮੈਨੂੰ ਦੱਸਿਆ ਕਰਦੇ ਸਨ ਕਿ ਤੇਰੇ ਪਿਤਾ ਨੇ ਮੈਨੂੰ ਪ੍ਰਚਾਰਕ ਬਣਾ ਦਿੱਤਾ। ਇਹ ਦੋਸਤੀ ਬਾਅਦ ਵਿਚ ਵੀ ਇਉਂ ਰਹੀ ਕਿ ਗਿਆਨੀ ਜੀ ਜਦੋਂ ਵੀ ਮੰਤਰੀ, ਮੁੱਖ ਮੰਤਰੀ, ਰਾਸ਼ਟਰਪਤੀ ਬਣੇ, ਉਹ ਪਹਿਲਾਂ ਸਾਡੇ ਘਰ ਅੰਬਾਲੇ ਆਉਂਦੇ ਰਹੇ। ਪਿਤਾ ਜੀ ਨੂੰ ਮਿਲਣ ਬਾਅਦ ਆਨੰਦਪੁਰ ਮੱਥਾ ਟੇਕਣ ਜਾਂਦੇ।

ਮੇਰਾ 1995 ਵਿਚ ਜਦੋਂ ਕਾਰ ਹਾਦਸਾ ਹੋਇਆ ਤਾਂ ਗਿਆਨੀ ਜੀ ਅਖ਼ਬਾਰ ਵਿਚ ਖ਼ਬਰ ਪੜ੍ਹ ਕੇ ਅਗਲੇ ਦਿਨ ਹੀ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਪਹੁੰਚ ਗਏ। ਉਹਨਾਂ ਦੇ ਵਿਸ਼ੇਸ਼ ਡਾਕਟਰਾਂ ਨੇ ਹੀ ਮੇਰੇ ਅਪਰੇਸ਼ਨ ਕੀਤੇ। ਉਹਨਾਂ ਮੈਨੂੰ ਇਕ ਵਾਰ ਇਹ ਵੀ ਦੱਸਿਆ ਕਿ ਤੇਰੇ ਪਿਤਾ ਨੂੰ ਮੈਂ ਇਕ ਵਾਰ ਆਖਿਆ ਕਿ ਮੈਂ ਹੁਣ ਰਾਸ਼ਟਰਪਤੀ ਹਾਂ,

Blitz Auto Canada
Full Maintenance Service
Breaks
Muffler
Suspension
Steering
Lube & Oil
Tires
Batteries
WE CARE YOUR CAR BETTER
Contact: Umesh Amin
3207-97 Street, Edmonton, Alberta, T6N 1B7, Canada
Phone: 780 463 2886 Fax: 780 463 6536
E-mail: unamin@gmail.com



ਘਣਛਾਵਾਂ ਪਿਤਾ-ਹਰੀ ਸਿੰਘ ਜਾਚਕ-ਅੰਬਾਲਾ-1977

ਕੋਈ ਕੰਮ ਦੱਸੋ, ਪਰ ਉਹਨਾਂ ਨੇ ਆਖਿਆ ''ਗਿਆਨੀ ਜੀ, ਤੁਸੀਂ ਕਾਂਗਰਸੀ ਹੋ, ਮੈਂ ਅਕਾਲੀ ਹਾਂ, ਤੁਸੀਂ ਮੇਰੇ ਦੋਸਤ ਹੋ, ਪਰ ਮੈਂ ਕਿਸੇ ਕਾਂਗਰਸੀ ਨੂੰ ਕਦੇ ਕੋਈ ਕੰਮ ਨਹੀਂ ਆਖਿਆ।''

ਉਨ੍ਹਾਂ ਦੇ ਕਿੱਸੇ ਬਹੁਤ ਹਨ। ਉਹ ਵਿਦਵਾਨ ਸਨ ਤੇ ਸਭ ਕੁਝ ਜ਼ਬਾਨੀ ਯਾਦ ਰੱਖਦੇ ਸਨ।

- : ਚੇਤੇ ਵਿਚ ਟਿਕੀਆਂ ਹੋਣਗੀਆਂ ਬਚਪਨ ਦੀਆਂ ਕੁਝ ਖੱਟੀਆਂ ਮਿੱਠੀਆਂ ਯਾਦਾਂ ਸਾਡੇ ਨਾਲ ਵੀ ਸਾਂਝੀਆਂ ਕਰੋ?

ਨੂਰ : ਮੇਰਾ ਬਚਪਨ ਦਾ ਕੁਝ ਸਮਾਂ ਨਾਨਕੀਂ ਵੱਡੇ ਘਰ (ਮੋਗਾ) ਵਿਚ ਬੀਤਿਆ। ਕੁਝ ਅੰਮ੍ਰਿਤਸਰ ਤੇ ਕੁਝ ਅੰਬਾਲੇ। ਨਾਨਕੀਂ ਛੋਟੇ ਹੁੰਦਿਆਂ ਖੁੰਢਾਂ 'ਤੇ ਬੈਠਿਆਂ ਲੋਕਾਂ ਦੀਆਂ ਗੱਲਾਂ ਸੁਣਦਿਆਂ ਸੱਥ ਵਰਗਾ ਸੁਆਦ ਆਉਂਦਾ। ਮਹੀਨੇ ਕੁ ਬਾਅਦ ਬਾਹਰ ਜੰਡ ਥੱਲੇ ਮਹਿਫਲਾਂ ਲੱਗਦੀਆਂ। ਕਈ ਵਾਰ ਗਾਉਣ ਵਾਲੇ ਵੀ ਆਉਂਦੇ। ਦੇਸੀ ਦਾਰੂ ਵਰਤਦੀ। ਪਿੰਡ ਵਿਚ ਕਦੇ ਕਦੇ ਥਾਣਾ ਲੱਗਦਾ। ਲੋਕ ਪੈਸੇ ਲੈ ਕੇ ਕਤਲ ਕਰ ਦਿੰਦੇ। ਧਰਮਸ਼ਾਲਾ ਦੇ ਵਿਹੜੇ ਵਿਚ ਪਿੰਡ ਇਕੱਠਾ ਹੁੰਦਾ। ਬਦਮਾਸ਼ਾਂ ਦੀ ਛਿੱਤਰੌਲ ਹੁੰਦੀ। ਘਰ ਸਾਹਮਣੇ ਹੋਣ ਕਰਕੇ ਅਸੀਂ ਬਨੇਰਿਆਂ 'ਤੇ ਬੈਠ ਕੇ ਸਾਰਾ ਦ੍ਰਿਸ਼ ਦੇਖਦੇ। ਕਈ ਨੌਜਵਾਨਾਂ ਦੇ ਕੰਨਾਂ ਵਿਚੋਂ ਪੁਲਿਸ ਵਾਲੇ ਮੁਰਕੀਆਂ ਉਤਰਾਉਂਦੇ। ਮੇਰਾ ਮਾਮਾ ਪਿੰਡ ਦੇ ਕੱਪੜੇ ਸਿਉਂਦਾ। ਮੈਂ ਕਈ ਵਾਰ ਛੱਤ 'ਤੇ ਲਟਕਦਾ ਕੱਪੜੇ ਦਾ ਪੱਖਾ ਰੱਸੀ ਖਿੱਚ ਕੇ ਹਿਲਾਉਂਦਾ ਰਹਿੰਦਾ। ਆਸੇ ਪਾਸੇ ਕਈ ਦਿਲਚਸਪ ਲੋਕਾਂ ਦੀ ਮਹਿਫਲ ਲੱਗੀ ਰਹਿੰਦੀ। ਇਕ ਅਮਲੀ ਬਾਬਾ ਅਕਸਰ ਹੁੰਦਾ ਤੇ ਉਹ ਪਿੰਡ ਦੀਆਂ ਬੁੜੀਆਂ, ਨੂੰਹਾਂ ਧੀਆਂ ਦੇ ਕੋਈ ਕਿੱਸੇ ਸੁਣਾ ਰਿਹਾ ਹੁੰਦਾ। ਕਈ ਵਾਰੀ ਅਸੀਂ ਖੇਤਾਂ ਵਿਚ ਪੱਠੇ ਲੈਣ ਜਾਂਦੇ। ਚੁੰਗੀਆਂ ਭਰਦੇ ਹਿਰਨਾਂ ਦੀਆਂ ਡਾਰਾਂ ਸਾਡੇ ਉਤੋਂ ਹੀ ਲੰਘ ਜਾਂਦੀਆਂ। ਉਦੋਂ ਪਿੰਡ ਦੇ ਨਾਲ ਹੀ ਸੰਘਣੇ ਵਣ ਸਨ। ਯਾਦ ਹੈ ਇਕ ਵਾਰ ਬੰਨ੍ਹ ਟੁੱਟਣ ਕਰਕੇ ਪਿੰਡ 'ਚ ਹੜ੍ਹ ਵੀ ਆ ਗਿਆ ਸੀ।

ਅੰਮ੍ਰਿਤਸਰ ਬਚਪਨ ਵਿਚ ਹੀ ਸੰਤਾਲੀ ਸਮੇਂ ਜੋ ਕਤਲਾਮ ਦੇਖੀ, ਉਹ ਅਜੇ ਵੀ ਕੰਬਣੀ ਛੇੜ ਦਿੰਦੀ ਹੈ। ਮੈਂ ਤੇ ਗੁਰਭਗਤ ਇਕ ਵਾਰ ਕਰਫਿਊ ਵਿਚ ਢਿੱਲ ਹੋਣ ਕਰਕੇ ਦਰਬਾਰ ਸਾਹਿਬ ਗਏ ਸਾਂ। ਘਰ ਨੇੜੇ ਸੀ। ਵਾਪਸੀ 'ਤੇ ਮਾਰਸ਼ਲ ਲਾਅ ਲੱਗ ਗਿਆ ਸੀ। ਅਸੀਂ ਘਰ ਦੇ ਸਾਹਮਣੇ ਪਹੁੰਚੇ ਹੀ ਸਾਂ ਕਿ ਫੌਜੀਆਂ ਨੇ ਸਾਡੇ 'ਤੇ ਗੋਲੀ ਚਲਾਈ ਸੀ। ਗੋਲੀ ਮੇਰੇ ਕੰਨਾਂ ਕੋਲੋਂ ਲੰਘ ਗਈ ਸੀ, ਪਰ ਸਾਹਮਣੇ ਪਹਿਰਾ ਦਿੰਦੇ ਇਕ ਮੁਸਲਮਾਨ ਸਿਪਾਹੀ ਨੇ ਸਾਨੂੰ ਧੂਹ ਕੇ ਸਾਹਮਣੇ ਸਾਡੇ ਦਰਵਾਜ਼ੇ ਦੇ ਅੰਦਰ ਸੁੱਟ ਦਿੱਤਾ ਸੀ ਤੇ ਫੌਜ ਦਾ ਟਰੱਕ ਪਿੱਛੋਂ ਆਇਆ ਸੀ। ਉਹਨਾਂ ਉਸ ਮੁਸਲਮਾਨ ਸਿਪਾਹੀ ਨੂੰ ਟਰੱਕ ਵਿਚ ਸੁੱਟ ਲਿਆ ਸੀ। ਪਤਾ ਨਹੀਂ ਉਸ ਨਾਲ ਕੀ ਵਾਪਰੀ। ਇਹ ਗੱਲਾਂ ਅਜੇ ਵੀ ਨਹੀਂ ਭੁੱਲੀਆਂ। ਸੰਤਾਲੀ ਦੀਆਂ ਇਨ੍ਹਾਂ ਗੱਲਾਂ ਨੇ ਬਚਪਨ ਵਿਚ ਹੀ ਇਤਿਹਾਸ ਦੀ ਚੇਤਨਾ ਅਵਚੇਤਨ ਵਿਚ ਬੀਜਣੀ ਸ਼ੁਰੂ ਕਰ ਦਿੱਤੀ।

- : ਮਾਂ ਬਾਰੇ ਆਮ ਲੋਕ ਬੜੇ ਭਾਵੁਕ ਹੁੰਦੇ ਹਨ। ਤੁਹਾਨੂੰ ਕਿੰਨਾ ਕੁ ਪਿਆਰ ਮਿਲਿਆ ਤੁਹਾਡੀ ਮਾਂ ਦਾ। ਘਰ ਵਿਚ ਉਹਦੀ ਪੁੱਛ ਪ੍ਰਤੀਤ ਕਿੰਨੀ ਕੁ ਸੀ?

ਨੂਰ : ਸਾਡੀ ਮਾਂ ਨੇ ਸਾਡਾ ਬਹੁਤ ਖ਼ਿਆਲ ਰੱਖਿਆ। ਉਹ ਪਹਿਲਾਂ ਸਕੂਲ ਦੀ ਅਧਿਆਪਕਾ ਸੀ। ਸੱਸ ਨਾਲ ਨਾ ਬਣਨ ਕਰਕੇ ਉਸ ਨੇ ਪਰਿਵਾਰ ਨੂੰ ਕੋਟਕਪੂਰਿਓਂ ਪਰ੍ਹਾਂ ਹੀ ਰੱਖਿਆ। ਉਹ ਫਿਰੋਜ਼ਪੁਰ ਪੜ੍ਹਨ ਕਰਕੇ ਦੇਵ ਸਮਾਜਕ ਸੀ ਤੇ ਰੱਬ ਵਿਚ ਵਿਸ਼ਵਾਸ ਨਹੀਂ ਸੀ ਰੱਖਦੀ। ਪਿਤਾ ਸਾਡਾ ਕੱਟੜ ਅਕਾਲੀ ਸੀ, ਇਸੇ ਲਈ ਉਹ ਅਕਸਰ ਆਖਦੀ ''ਪਿਉ ਦੀਆਂ ਗੱਲਾਂ 'ਚ ਨਾ ਆਵੁਣਾ, ਰੱਬ ਰੁਬ ਕੋਈ ਨਹੀਂ ਹੁੰਦਾ।'' ਉਸ ਨੇ ਸਾਡਾ ਪੜ੍ਹਣ ਲਿਖਣ ਦਾ ਖ਼ਿਆਲ ਰੱਖਿਆ ਤੇ ਪਿਤਾ ਨਾਲ ਬਾਅਦ ਵਿਚ ਆਰਥਿਕ ਔਕੜਾਂ ਦਾ ਹਿੰਮਤ ਨਾਲ ਸਾਹਮਣਾ ਕੀਤਾ।

## ਉਮਰ ਨਿਆਣੀ-ਦਾਈਏ ਵੱਡੇ

- : ਸੁਣਿਆ ਹੈ ਕਿ ਤੁਸੀਂ ਬਾਰਾਂ ਵਰ੍ਹਿਆਂ ਦੀ ਉਮਰ ਵਿਚ ਹੀ ਗਿਆਨੀ ਪਾਸ ਕਰ ਲਈ ਸੀ ਅਤੇ ਫੇਰ ਦੋ ਕੁ ਸਾਲਾਂ ਵਿਚ ਹੀ ਗਿਆਨੀ ਦੀਆਂ ਕਲਾਸਾਂ ਪੜ੍ਹਾਉਣੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ। ਕੀ ਇਹ ਡੰਗ ਟਪਾਊ ਅਵਸਰ ਸੀ ਜਾਂ ਤੁਹਾਡੀ ਅਸਧਾਰਨ ਕਾਬਲੀਅਤ?

ਨੂਰ : ਮੈਂ ਬਾਰਾਂ ਸਾਲਾਂ ਦੀ ਉਮਰ ਵਿਚ ਬੁੱਧੀਮਾਨੀ ਦਾ ਇਮਤਿਹਾਨ ਪਾਸ ਕੀਤਾ ਤੇ ਅਗਲੇ ਵਰ੍ਹੇ ਹੀ ਗਿਆਨੀ। ਪਿਤਾ ਦਾ ਅੰਬਾਲੇ ਵਿਚ ਇਨ੍ਹਾਂ ਇਮਤਿਹਾਨਾਂ ਦਾ ਕਾਲਜ ਸੀ ਤੇ ਕਦੇ ਕਦੇ ਮੈਂ ਵੀ ਨਾਲ ਪੜ੍ਹਾਉਣ ਲੱਗਾ। ਪੰਜਾਬੀ ਸਾਹਿਤ ਉਦੋਂ ਹੀ ਮੈਂ ਬਹੁਤ ਪੜ੍ਹਦਾ ਸਾਂ ਤੇ ਮੇਰੀ ਪੜ੍ਹਣ ਪੜ੍ਹਾਉਣ ਵਿਚ ਲਗਾਤਾਰ ਦਿਲਚਸਪੀ ਪੈਦਾ ਹੁੰਦੀ ਗਈ। ਮੇਰੀ ਪਹਿਲੀ ਕਵਿਤਾ ਵੀ ਮੋਹਨ ਸਿੰਘ ਦੇ 'ਪੰਜ ਦਰਿਆ' ਵਿਚ 1954 ਵਿਚ ਚੌਦਾਂ ਸਾਲ ਦੀ ਉਮਰ ਵਿਚ ਹੀ ਛਪੀ। ਮੈਂ ਮੋਹਨ ਸਿੰਘ ਨੂੰ ਅਪਣਾ ਪਹਿਲਾ ਸਾਹਿਤਕ ਗੁਰੂ ਮੰਨਿਆ। ਉਸ ਨਾਲ ਮੇਲ ਭਾਵੇਂ ਪੰਜ ਸਾਲਾਂ ਬਾਅਦ ਹੋਇਆ।

- : ਫੇਰ ਤੁਸੀਂ ਗਿਆਨੀ ਦੇ ਪਹਿਲੇ ਡੰਡੇ ਤੋਂ ਬੀ ਏ, ਐਮ ਏ, ਪੀ ਐਚ ਡੀ ਦੀਆਂ ਪੌੜੀਆਂ ਕਿਵੇਂ ਅਤੇ ਕਿੰਨੀ ਦੇਰ ਵਿਚ ਚੜ੍ਹੇ? ਕੀ ਕੋਈ ਅਧਿਆਪਕ ਯਾਦ ਹਨ, ਜਿਨ੍ਹਾਂ ਦਾ ਤੁਹਾਡੇ 'ਤੇ ਡੂੰਘਾ ਅਸਰ ਪਿਆ?

ਨੂਰ : ਬੀ.ਏ. ਲਈ ਮੈਂ ਜੀ.ਐਨ. ਕਾਲਜ ਅੰਬਾਲੇ ਪੜ੍ਹਿਆ। ਇੱਥੇ ਮੈਂ ਪ੍ਰੋ. ਗੋਪਾਲ ਦਾਸ ਕਪੂਰ ਤੋਂ ਖਾਸ ਪ੍ਰਭਾਵਿਤ ਹੋਇਆ। ਉਹ ਸ਼ੈਕਸਪੀਅਰ ਠੇਠ ਪੰਜਾਬੀ ਵਿਚ ਪੜ੍ਹਾਉਂਦੇ। ਸਾਰਾ ਨਾਟਕ ਨਾਲ-ਨਾਲ ਅਨੁਵਾਦ ਹੋਈ ਜਾਂਦਾ। ਐਮ.ਏ. ਅੰਗਰੇਜ਼ੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੁੱਢਲੇ ਵਰ੍ਹਿਆਂ 'ਚ ਕੀਤੀ। ਡਾ. ਅਮਰੀਕ ਸਿੰਘ ਕਮਾਲ ਦੇ ਅਧਿਆਪਕ ਰਹੇ। ਗਰੀਬ ਵਿਦਿਆਰਥੀਆਂ ਦੀ ਫੀਸ ਵੀ ਆਪ ਭਰ ਦਿੰਦੇ। ਮੈਂ ਪੜ੍ਹਾਉਣ ਦਾ ਤਰੀਕਾ ਉਨ੍ਹਾਂ ਤੋਂ ਹੀ ਸਿੱਖਿਆ। ਸੌਖੀ ਭਾਸ਼ਾ ਵਿਚ ਲੇਖਕ ਬਾਰੇ ਵਿਦਿਆਰਥੀ ਨੂੰ ਪਹਿਲਾਂ ਸਾਹਮਣੇ ਆ ਚੁੱਕੇ ਸਾਰੇ ਗਿਆਨ ਨਾਲ ਜੋੜ ਦੇਣਾ। ਡਾ. ਦਰਸ਼ਨ ਸਿੰਘ ਮੈਨੀ ਵੀ ਸ਼ੈਕਸਪੀਅਰ ਕਮਾਲ ਪੜ੍ਹਾਉਂਦੇ ਸਨ। 'ਕਿੰਗ ਲੀਅਰ' ਪੜ੍ਹਾਉਂਦਿਆਂ ਪੂਰੇ ਇਨ-ਵਾਲਵ ਹੋ ਕੇ ਅਪਣੇ ਗਲਮੇ ਨੂੰ ਵੀ ਹੱਥ ਪਾ ਲੈਂਦੇ ਸਨ। ਐਮ.ਏ. ਪੰਜਾਬੀ ਮੈਂ ਸੁਰਜੀਤ ਪਾਤਰ ਹੋਰਾਂ ਨਾਲ ਪੰਜਾਬੀ ਯੂਨੀਵਰਸਿਟੀ ਤੋਂ ਹੀ ਕੀਤੀ। ਪੀ.ਐਚ.ਡੀ. ਦੇ ਪਹਿਲਾਂ ਪਹਿਲ ਮੈਂ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਵਿਚ ਪੜ੍ਹਾਉਂਦਿਆਂ ਦੋ ਸਾਲਾਂ 'ਚ ਕਈ ਵਿਸ਼ੇ ਬਦਲੇ। ਮੋਹਨ ਸਿੰਘ ਦੀ ਕਵਿਤਾ ਬਾਰੇ ਪੀ.ਐਚ.ਡੀ. ਮੈਂ ਦਿੱਲੀ ਯੂਨੀਵਰਸਿਟੀ ਆ ਕੇ ਮੁਕੰਮਲ ਕੀਤੀ। ਹਰਿਭਜਨ ਸਿੰਘ ਮੇਰੇ ਗਾਈਡ ਸਨ, ਪਰ ਮੈਂ ਉਨ੍ਹਾਂ ਨੂੰ ਥੀਸਿਜ਼ ਵਿਚ ਬਹੁਤਾ ਦਖ਼ਲ ਨਾ ਦੇਣ ਦਿੱਤਾ। ਉਨ੍ਹਾਂ ਨਾਲ ਇਕ ਤਰ੍ਹਾਂ ਮਿੱਤਰਤਾ ਵੀ ਸੀ, ਪਰ ਉਨ੍ਹਾਂ ਨੂੰ ਹੋਰ ਕਿਸੇ ਵੀ ਕਵੀ ਦੀ ਚੜ੍ਹਤ ਤੋਂ ਡਰ ਆਉਂਦਾ ਸੀ। ਇਸੇ ਲਈ ਉਹ ਮੋਹਨ ਸਿੰਘ ਤੇ ਸ਼ਿਵ ਕੁਮਾਰ ਨੂੰ ਅਕਸਰ ਨਿੰਦਦੇ ਸਨ। ਅੰਮ੍ਰਿਤਾ ਦੇ ਇਨਾਮ ਪ੍ਰਾਪਤ ਕਰ ਲੈਣ ਬਾਅਦ ਉਸ ਨੂੰ ਵੀ ਨਿੰਦਣ ਲੱਗਾ।

- : ਲੱਗਦਾ ਹੈ ਕਿਤਾਬਾਂ ਨਾਲ ਬੇਹੱਦ ਇਸ਼ਕ ਸੀ ਤੁਹਾਨੂੰ। ਕੋਈ ਐਸੀ ਕਿਤਾਬ ਜਿਸ ਨੇ ਪਹਿਲੀ ਉਮਰੇ ਹੀ ਤੁਹਾਡੀ ਜ਼ਿੰਦਗੀ ਬਦਲ ਦਿੱਤੀ ਹੋਵੇ ਤੇ ਕਿਵੇਂ?

ਨੂਰ : ਪਹਿਲੀ ਉਮਰੇ ਤਾਂ ਮੈਂ ਕਿੱਸੇ ਵਧੇਰੇ ਪੜ੍ਹਦਾ ਸਾਂ। ਨਾਨਕ ਸਿੰਘ ਦੇ ਗੁਰਬਖਸ਼ ਸਿੰਘ ਪ੍ਰੀਤਲੜੀ ਖੂਬ ਪੜ੍ਹਿਆ, ਪਰ ਮੈਨੂੰ ਸਭ ਤੋਂ ਦਿਲਚਸਪ ਕਿਤਾਬ ਲੱਗੀ ਵਰਿਆਮ ਸਿੰਘ ਦੀ 'ਦੁਨੀਆ ਦੀ ਕਹਾਣੀ'। ਵਿਚਾਰਧਾਰਕ ਤਬਦੀਲੀ ਉਦੋਂ ਆਈ ਜਦੋਂ ਮੈਂ ਕਾਲਜ 'ਚ ਪਹੁੰਚਦਿਆਂ ਹੀ 'ਕਮਿਊਨਿਸਟ ਮੈਨੀਫੈਸਟੋ' ਪੜ੍ਹਿਆ। ਜ਼ਿੰਦਗੀ ਬਾਰੇ ਸੋਚਣ ਦਾ ਮੇਰਾ ਤਰੀਕਾ ਹੀ ਬਦਲ ਗਿਆ। ਮੈਂ ਵਧੇਰੇ ਵਿਸ਼-ਲੇਸ਼ਣਾਤਮਕ ਤੇ ਤਾਰਕਿਕ ਹੁੰਦਾ ਗਿਆ। ਯਥਾਰਥਵਾਦ ਦੀ ਵਧੇਰੇ ਸੋਝੀ ਆਈ।

## ਆਲੋਚਨਾ ਦਾ ਰਿਸਤਾ

- : ਅੱਜ ਪੰਜਾਬੀ ਵਿਚ ਡਾਕਟਰੀ ਦੀਆਂ ਡਿਗਰੀਆਂ ਲੈ ਚੁੱਕੇ ਪੜ੍ਹਾਕੂਆਂ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚ ਗਈ ਹੈ ਅਤੇ ਹਰ ਡਿਗਰੀ ਹੋਲਡਰ ਅਪਣੇ ਆਪ ਨੂੰ ਆਲੋਚਕ ਸਮਝ ਬੈਠਦਾ ਹੈ। ਕੀ ਇਹ ਅਜੀਬ ਸਥਿਤੀ ਨਹੀਂ। ਤੁਹ-ਾਡੇ ਅਨੁਸਾਰ ਪੰਜਾਬੀ ਵਿਚ ਸਹੀ ਸੁੱਚੀ ਆਲੋਚਨਾ ਕਰਨ ਵਾਲੇ ਹੁਣ ਕਿੰਨੇ ਕੁ ਅਤੇ ਕਿਹੜੇ ਕਿਹੜੇ ਹਨ?

ਨੂਰ : ਮੈਂ ਇਕ ਵਾਰ ਆਖਿਆ ਸੀ ਕਿ ਪੰਜਾਬੀ ਦੇ ਦੋ ਹਜ਼ਾਰ ਪੀ.ਐਚ.ਡੀ. 'ਚੋਂ ਅਠਾਰਾਂ ਸੌ ਫਰਾਡ ਨੇ। ਅਸਲ ਵਿਚ ਪੀ.ਐਚ.ਡੀ. ਵਧੇਰੇ ਮਕੈਨੀਕਲ ਜਿਹੀ ਬਣਾ ਦਿੱਤੀ ਗਈ ਹੈ। ਜਿਸ ਵਿਚ ਘੱਟ ਹੀ ਮੌਲਿਕ ਹੁੰਦਾ ਹੈ। ਆਤਮ ਹਮਰਾਹੀ ਦੱਸਿਆ ਕਰਦਾ ਸੀ ਕਿ ਉਸ ਨੇ ਪੰਜਾਹ ਦੇ ਕਰੀਬ ਥੀਸਿਜ਼ ਲਿਖਵਾਏ, ਉਹ ਹਰ ਥੀਸਿਜ਼ ਦਾ ਪੰਜਾਹ ਹਜ਼ਾਰ ਰੁਪਏ ਤੱਕ ਲੈਣ ਲੱਗ ਪਿਆ ਸੀ ਤੇ ਡਿਗਰੀ ਦਿਵਾਉਣ ਦਾ ਠੇਕਾ ਲੈਂਦਾ ਸੀ। ਕੁਝ ਹੋਰ ਵਿਦਵਾਨ ਵੀ ਇਹ ਕੰਮ ਕਰਦੇ ਨੇ। ਜਦੋਂ ਅਧਿਆਪਕਾਂ ਦੀ ਪ੍ਰੋਮੋਸ਼ਨ ਸਕੀਮ ਸਾਹਮਣੇ ਆਈ, ਉਹਨਾਂ ਨੇ ਤੇਜ਼ੀ ਨਾਲ ਡਿਗਰੀਆਂ ਅਪਣੇ ਖਾਤੇ ਵਿਚ ਪਾਈਆਂ। ਪੀ.ਐਚ.ਡੀ. ਕਰਨ ਵਾਲਿਆਂ ਦੀ ਮੌਜ ਲੱਗ ਗਈ। ਇਹ ਸਭ ਕੁਝ ਹਿੰਦੀ ਤੇ ਹੋਰ ਵਿਸ਼ਿਆਂ ਵਿਚ ਵੀ ਵਾਪਰਿਆ। ਹਰ 'ਡਾਕਟਰ' ਅਪਣੇ ਆਪ ਨੂੰ ਆਲੋਚਕ ਵੀ ਸਮਝਣ ਲੱਗਾ। ਸਹੀ ਅਰਥਾਂ 'ਚ ਆਲੋਚਨਾ ਦੇ ਮੌਲਿਕ ਪ੍ਰਤਿਮਾਨ ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਅਤਰ ਸਿੰਘ, ਰਵਿੰਦਰ ਸਿੰਘ ਰਵੀ, ਹਰਿਭਜਨ ਸਿੰਘ, ਤਰਲੋਕ ਸਿੰਘ ਕੰਵਰ, ਟੀ.ਆਰ. ਵਿਨੋਦ, ਤੇਜਵੰਤ ਗਿੱਲ ਆਦਿ ਨਾਲ ਸਬੰਧਤ ਹੋਏ। ਵਿਚਾਰਾਂ ਦਾ ਟਕਰਾ ਵੀ ਸਾਹਮਣੇ ਆਇਆ। ਉਸ ਤੋਂ ਅਗੇਰੇ ਸੁਰਜੀਤ ਸਿੰਘ ਭੱਟੀ, ਅਮਰਜੀਤ ਗਰੇਵਾਲ, ਜਸਵਿੰਦਰ ਸਿੰਘ, ਹਰਿਭਜਨ ਸਿੰਘ ਭਾਟੀਆ, ਸੁਰਿੰਦਰ ਗਰੇਵਾਲ, ਰਘਬੀਰ ਸਿੰਘ, ਵਨੀਤਾ, ਸੁਖਦੇਵ, ਸੁਰਬਜੀਤ ਆਦਿ ਦੀ ਆਲੋਚਨਾ ਨਿਰੋਲ ਅਕਾਦਮਿਕ ਮਕਾਨਕੀ ਆਲੋਚਨਾ ਤੋਂ ਮੁਕਤ ਰਹੀ ਹੈ। ਤਸਕੀਨ ਵਿਚ ਵੀ ਕੁਝ ਸੰਭਾਵਨਾ ਨਜ਼ਰ ਆਈ ਸੀ, ਪਰ ਉਹ ਕੁਝ ਸੀਮਾਵਾਂ ਵਿਚ ਸੁੰਗੜਦਾ ਜਾ ਰਿਹਾ ਹੈ। ਸੁਖਦੇਵ, ਸਰਬਜੀਤ ਹੋਰ ਸਿਆਸਤ ਵਿਚ ਵਧੇਰੇ ਗ੍ਰਸਤ ਹੋ ਰਹੇ ਹਨ। ਆਲੋਚਕ ਲਈ ਨਵੇਂ ਗਿਆਨ ਵੱਲ ਰੁਚਿਤ ਹੋਣਾ ਜ਼ਰੂਰੀ ਹੈ। ਇਸੇ ਲਈ ਸੇਖੋਂ-ਹਰਿਭਜਨ ਸਿੰਘ ਦੇ ਦੌਰ ਵਾਲੀ ਆਲੋਚਨਾ ਦੀ ਚੜ੍ਹਤ ਅਜੇ ਕਾਇਮ ਨਹੀਂ ਹੋ ਰਹੀ।

## ਮਨ ਤੇ ਲਿਖਤ ਦਾ ਪਾੜਾ

- : ਭੂਮਿਕਾਵਾਂ ਸੁਭਾਵਿਕ ਹੀ ਪ੍ਰਸੰਸਾਤਮਕ ਹੁੰਦੀਆਂ ਹਨ। ਖ਼ਿਆਲ ਹੈ ਕਿ ਅੱਜ ਪੰਜਾਬੀ ਸਾਹਿਤ ਦੇ ਤੁਸੀਂ ਸਭ ਤੋਂ ਵੱਡੇ ਭੂਮਕਈਏ ਹੋ ਨਿਬੜੇ ਹੋ। ਕੀ ਕਦੇ ਆਤਮਾ 'ਚੋਂ ਇਹ ਆਵਾਜ਼ ਨਹੀਂ ਆਈ ਕਿ ਬੰਦ ਹੋਣਾ ਚਾਹੀਦਾ ਹੈ ਇਹ ਮਰਾਸੀਪੁਣਾ?

ਨੂਰ : ਮੈਂ ਬਹੁਤ ਜ਼ਿਆਦਾ ਭੂਮਿਕਾਵਾਂ ਲਿਖੀਆਂ ਹਨ। ਕਈ ਬਿਲਕੁਲ ਨਵੇਂ ਲੇਖਕਾਂ ਦੀਆਂ ਜਦੋਂ ਅਜੇ ਉਹਨਾਂ ਦਾ ਮੁੱਢ ਹੀ ਹੁੰਦਾ ਹੈ, ਪਰ ਮੈਂ ਹਰ ਲੇਖਕ ਦੀ ਇਕ ਅੱਧ ਖੂਬੀ ਦੀ ਗੱਲ ਕਰਦਾ ਹਾਂ, ਉਸਦੇ ਨੁਕਸ ਛੱਡ ਦਿੰਦਾ ਹਾਂ। ਮੇਰਾ ਉਦੇਸ਼ ਹੁੰਦਾ ਹੈ ਲੇਖਕ ਅੱਗੇ ਤੁਰੇ ਤੇ ਉਸਦੀ ਕਿਤਾਬ ਪਾਠਕ ਪੜ੍ਹਣ। ਇਨ੍ਹਾਂ 'ਚੋਂ ਸਾਰੇ ਲੇਖਕ ਅੱਗੇ ਨਹੀਂ ਤੁਰਦੇ। ਪਰ ਮੈਂ ਹਰ ਭੂਮਿਕਾ ਵਿਚ ਆਲੋਚਨਾ ਦੀ ਪਾਠਗਤ ਤੇ ਵਿਸ਼ਲੇਸ਼ਣਾਤਮਕ ਵਿਧੀ ਦਾ ਖ਼ਿਆਲ ਰੱਖਦਾ ਹਾਂ। ਭੂਮਿਕਾ ਦਾ ਦੂਜਾ ਅਰਥ ਪ੍ਰਸੰਸਾ ਹੀ ਹੈ। ਨਹੀਂ ਤਾਂ ਨਾ ਲਿਖੋ। ਪਰ ਮੈਂ ਭੂਮਿਕਾਵਾਂ ਦੇ ਨਾਲ ਹੋਰ ਆਲੋਚਨਾ ਵੱਲ ਵੀ ਬਰਾਬਰ ਧਿਆਨ ਦਿੱਤਾ ਹੈ। 'ਕਵਿਤਾ ਦੀ ਭੂਮਿਕਾ' ਕਿਤਾਬ ਨੂੰ ਮੈਂ ਇਸ ਲਈ ਮਹੱਤਵ ਯੋਗ ਸਮਝਦਾ ਹਾਂ ਕਿਉਂਕਿ ਇਸ ਵਿਚ ਮਹੱਤਵਯੋਗ ਕਾਵਿ-ਪੁਸਤਕਾਂ ਦਾ ਲੇਖਾ ਜੋਖਾ ਹੀ ਨਹੀਂ, ਸਗੋਂ ਨਵੀਂ ਕਵਿਤਾ ਦੀ 'ਭੂਮਿਕਾ' ਨੂੰ ਇਕ ਰੂਪ-ਵਿਧਾ ਬਣਾਉਣ ਦਾ ਯਤਨ ਹੈ। ਆਲੋਚਨਾ ਦੀਆਂ ਨਵੀਆਂ ਵਿਧੀਆਂ ਦੀ ਚੇਤਨਾ ਹੈ।

## ਭੁਤਵਾੜੇ ਦੀ ਮਲੰਗੀ

- : ਲੱਗਦਾ ਹੈ ਤੁਸੀਂ ਜਿੱਥੇ ਵੀ ਜਾਂਦੇ ਹੋ ਉੱਥੇ ਹੀ ਨਵਾਂ ਮਾਹੌਲ ਪੈਦਾ ਹੋ ਜਾਂਦਾ ਹੈ। ਨਵੇਂ ਖਿਆਲਾਂ ਦੀਆਂ ਕਰੂੰਬਲਾਂ ਫੁੱਟ ਤੁਰਦੀਆਂ ਹਨ। ਪਟਿਆਲੇ ਗਏ ਤਾਂ 'ਭੂਤਵਾੜੇ' ਦਾ ਜਨਮ ਹੋ ਗਿਆ। ਦਿੱਲੀ ਨੌਕਰੀ ਮਿਲੀ ਤਾਂ 'ਦਿੱਲੀ ਸਕੂਲ' ਹੋਂਦ ਵਿਚ ਆ ਗਿਆ। ਕੀ ਗਿੱਦੜਸਿੰਗੀ ਹੈ ਤੁਹਾਡੇ ਕੋਲ?

ਨੂਰ : ਅਕਸਰ ਮੈਂ ਚਾਹਿਆ ਹੈ ਕਿ ਜਿੱਥੇ ਜਾਵਾਂ, ਉੱਥੇ ਕੋਈ ਵਿਚਾਰਾਂ ਦੀ ਤਰੰਗ ਪੈਦਾ ਕਰਾਂ। ਜਦੋਂ ਮੈਂ ਪਟਿਆਲੇ ਗਿਆ, 'ਭੂਤਵਾੜਾ' ਪਹਿਲਾਂ ਹੀ ਹੋਂਦ ਵਿਚ ਆ ਚੁੱਕਾ ਸੀ, ਪਰ ਜੋ ਦੋ ਵਰ੍ਹੇ ਮੈਂ ਉੱਥੇ ਗੁਜ਼ਾਰੇ ਸਰਗਰਮੀ ਕੁਝ ਵਧੇਰੇ ਹੀ ਰਹੀ। ਦਿੱਲੀ ਆਇਆ ਤਾਂ ਮੈਂ ਸਟਰੱਕਚਰਲਿਜ਼ਮ ਦਾ ਗਿਆਨ ਲੈ ਕੇ ਆਇਆ ਸਾਂ, ਹਰਿਭਜਨ ਸਿੰਘ ਅਜੇ ਭਾਰਤੀ ਕਾਵਿ-ਸ਼ਾਸਤਰ ਅਤੇ ਪ੍ਰਤੀਕਵਾਦ ਵਿਚ ਰੁੱਝਿਆ ਹੋਇਆ ਸੀ। ਮੈਂ ਨਵੀਆਂ ਕਿਤਾਬਾਂ ਉਸਦੇ ਹਵਾਲੇ ਕੀਤੀਆਂ, ਦਿਨਾਂ 'ਚ ਹੀ ਉਹ ਵਿਕਾਸ ਵੱਲ ਵਧਿਆ ਤੇ ਸਟਰ-ੱਕਚਰਲਿਜ਼ ਦੀਆਂ ਗੱਲਾਂ ਕਰਨ ਲੱਗਾ। 'ਇਕੱਤੀ ਫਰਵਰੀ' ਕਰਕੇ 'ਦਿੱਲੀ ਸਕੂਲ ਦੀ ਪੰਜਾਬੀ ਆਲੋਚਨਾ' ਸ਼ਬਦ ਸਾਹ-ਮਣੇ ਆ ਗਿਆ। ਗਿੱਦੜਸਿੰਗੀ ਦਾ ਸਬੰਧ ਨਵੇਂ ਗਿਆਨ ਤੇ ਪੜ੍ਹਣ ਲਿਖਣ ਨਾਲ ਹੈ। ਤੁਸੀਂ ਉਸ ਸੰਦਰਭ ਵਿਚ ਅਪਣੇ ਭਾਸ਼ਾ ਦੇ ਸਾਹਿਤ ਬਾਰੇ ਗੱਲਾਂ ਕਰਨ ਦਾ ਪਰਿਪੇਖ ਬਣਾਓ। ਸੰਚਾਰ ਕਰੋ, ਗਿੱਦੜਸਿੰਗੀ ਤੁਹਾਡੇ ਵੀ ਹੱਥ ਰਹੇਗੀ।

- : ਪੰਜਾਬੀਆਂ ਦੀ ਸੰਸਾਰ ਸਾਹਿਤ ਦੇ ਪ੍ਰਮੁੱਖ ਸਾਹਿਤਕ ਚਿੰਤਕਾਂ ਨਾਲ ਵਾਕਫੀਅਤ 'ਭੂਤਾਂ' ਰਾਹੀਂ ਹੀ ਹੋਈ ਦੱਸੀ ਜਾਂਦੀ ਹੈ। ਜਿੱਥੇ ਇਹ ਨਵੇਂ ਦੁਆਰ ਖੁੱਲ੍ਹ ਜਾਣ ਵਰਗੀ ਕਿ-ਰਆ ਸੀ ਉੱਥੇ ਇਸ ਨੇ ਅਪਣੇ ਮੂਲ ਸਰੋਤਾਂ ਤੋਂ ਪਰ੍ਹਾਂ ਜਾਣ ਵਿਚ ਵੀ ਹਿੱਸਾ ਨਹੀਂ ਪਾਇਆ ਕੀ?

ਨੂਰ : ਭੂਤਵਾੜੇ ਵਿਚ ਜਿੰਨੇ ਵੀ ਵਿਅਕਤੀ ਸਨ, ਉਨ੍ਹਾਂ ਵਿਚ ਮੂਲ ਸਰੋਤਾਂ ਨਾਲ ਜੁੜਣ ਦੀ ਦਿਲਚਸਪੀ ਵੀ ਸੀ ਤੇ ਆਸੇ ਪਾਸੇ ਦੇ ਗਿਆਨ ਨੂੰ ਗ੍ਰਹਿਣ ਕਰਨ ਦੀ ਵੀ। ਇਹ ਜ਼ਰੂਰੀ ਸੀ ਕਿ ਲਗਾਤਾਰ ਨਵਾਂ ਪੜ੍ਹਿਆ ਜਾਵੇ। ਲਗਭਗ ਹਰ ਰੋਜ਼ ਰਾਤ ਨੂੰ ਕਿਸੇ ਨਵੀਂ ਕਿਤਾਬ ਜਾਂ ਲਿਖਤ ਬਾਰੇ ਬਹਿਸ ਹੁੰਦੀ। ਹਰ ਇਕ ਨੇ ਉਸ ਵਿਚ ਬੋਲਣਾ ਹੁੰਦਾ। ਕੋਈ ਕਦੋਂ, ਕਿਵੇਂ ਪੜ੍ਹਦਾ ਹੈ, ਇਹ ਨਿਰਭਰ ਉਸ 'ਤੇ ਹੁੰਦਾ। ਲਿਖਤ ਲਗਪਗ ਮੁਹੱਈਆ ਹੋ ਜਾਂਦੀ। ਹਰ ਇਕ ਨੂੰ ਵਿਚਾਰਧਾਰਕ ਆਜ਼ਾਦੀ ਸੀ, ਪਰ ਅਗੇਰੇ ਗਿਆਨ ਨਾਲ ਜੁੜਨਾ ਤੇ ਪੜ੍ਹਨਾ ਲਿਖਣਾ ਜ਼ਰੂਰੀ ਸੀ। ਭੂਤਾਂ ਨੇ ਪੰਜਾਬੀ ਸੰਸਾਰ ਨੂੰ ਅਨੇਕ ਨਵੇਂ ਚਿੰਤਕਾਂ ਨਾਲ ਜੋੜਿਆ।

- : 'ਭੂਤਵਾੜੇ' ਦੇ ਸਮੇਂ ਦੀਆਂ ਕੁਝ ਬੇਹੱਦ ਦਿਲਚਸਪ ਯਾਦਾਂ ਵੀ ਹੋਣਗੀਆ?

ਨੂਰ : ਭੂਤਵਾੜੇ ਦੇ ਸਿਰਜਕਾਂ 'ਚੋਂ ਗੁਰਭਗਤ ਸਿੰਘ, ਅਜਮੇਰ ਰੋਡੇ, ਨਵਤੇਜ ਭਾਰਤੀ, ਹਰਿੰਦਰ ਮਹਿਬੂਬ ਤੇ ਲਾਲੀ ਸਨ। ਬਾਅਦ ਵਿਚ ਪ੍ਰੇਮ ਪਾਲੀ, ਹਰਭਜਨ ਸੋਹੀ, ਕਾਮਰੇਡ ਮੇਘ, ਕੁਲਵੰਤ ਗਰੇਵਾਲ, ਸੁਰਜੀਤ ਲੀਅ ਆਦਿ ਇਸ ਨਾਲ ਜੁੜੇ। ਸਾਹਮਣੇ ਰਹਿੰਦੇ ਹਰਬੰਸ ਬਰਾੜ, ਨਿਰਦੋਖ ਵੀ ਭੂਤਵਾੜੇ ਦੇ ਨਾਲ ਹੀ ਕੁਝ ਜੁੜੇ ਹੋਏ ਸਨ। ਸਾਰੇ ਅਧਿਐਨ ਨਾਲ ਸਬੰਧਤ ਸਨ। ਸਾਹਮਣੇ ਹੀ ਪ੍ਰੋ. ਪ੍ਰੀਤਮ ਸਿੰਘ ਰਹਿੰਦੇ ਸਨ, ਉਹ ਉਸਤਾਦ ਸਨ। ਇਸ ਲਈ ਉਹਨਾਂ ਨੂੰ ਮਹਾਂਭੂਤ ਆਖਿਆ ਗਿਆ। ਅੜੇ ਥੁੜੇ ਭੂਤ ਦਲੀਪ ਕੌਰ ਟਿਵਾਣਾ ਕੋਲ ਪਹੁੰਚਦੇ। ਇਸ ਲਈ ਉਸ ਨੂੰ ਭੂਤਵਾੜੇ ਦੀ ਦੀਦੀ ਆਖਿਆ ਜਾਂਦਾ। ਉਸਨੇ ਇਕ ਲੇਖ ਵੀ ਛਾਪਿਆ 'ਸੱਚੀਂ ਮੁੱਚੀਂ ਦੇ ਭੂਤ', ਭਾਵੇਂ ਉਸ ਵਿਚ ਭੂਤਾਂ ਨਾਲੋਂ ਉਸਦੀ ਅਪਣੀ ਵਡਤਣ ਵਧੇਰੇ ਉਘੜਦੀ ਸੀ। ਪੜ੍ਹਣ ਪਿੱਛੋਂ ਇਕ ਭੂਤ ਨੇ ਸਹਿਜ ਹੀ ਆਖਿਆ, ''ਕੱਲ੍ਹ ਦੀ ਭੂਤਨੀ ਸਿਵਿਆਂ ਦਾ ਅੱਧ''। ਭੂਤਵਾੜੇ ਦਾ ਨਾ ਆਸੇ ਪਾਸੇ ਦੇ ਲੋਕਾਂ ਨੇ ਰੱਖਿਆ ਸੀ। ਉਹਨਾਂ ਨੂੰ ਇਹ ਨਹੀਂ ਸੀ ਪਤਾ ਕਿ ਇਹ ਸੌਂਦੇ ਕਦੋਂ ਨੇ। ਕਦੇ ਇੱਥੋਂ ਉੱਚਾ ਸੂਫੀ ਤੇ ਹੋਰ ਕਲਾਸਿਕੀ ਸੰਗੀਤ ਗੂੰਜਦਾ ਨਜ਼ਰ ਆਉਂਦਾ, ਕਦੇ ਨੀਵੀਆਂ ਦੀਵਾਰਾਂ ਤੋਂ ਲੋਕ ਵਿਹੜੇ ਵਿਚ ਰੱਸੀ ਤੇ ਜਾਂਘੀਏ ਸੁੱਕਦੇ ਦੇਖਦੇ। ਕਦੇ ਭੂਤ ਇੱਟਾ ਸੁੱਟਦੇ ਇਕ ਦੂਜੇ ਨਾਲ ਮੁਕਾਬਲੇ ਵਿਚ ਰੁੱਝੇ ਹੁੰਦੇ। ਰਾਤ ਨੂੰ ਪੰਜ ਸੌਂਦੇ ਤਾਂ ਸਵੇਰੇ ਦਸ ਜਣੇ ਬਰਾਂਡੇ ਜਾ ਵਿਹੜੇ 'ਚੋਂ ਜਾਗਦੇ। ਦੋ ਕਮਰਿਆਂ 'ਚ ਬਿਸਤਰੇ ਦੋ ਹੀ ਸਨ। ਅਕਸਰ ਅਖਬਾਰਾਂ ਦੇ ਬਿਸਤਰੇ ਤੇ ਇੱਟਾਂ ਦੇ ਸਰਹਾਣੇ ਬਣਾਏ ਜਾਂਦੇ। ਕੋਈ ਸਤਿਕਾਰ ਵਾਲਾ ਲੇਖਕ ਆ ਜਾਂਦਾ ਜਿਵੇਂ ਮੋਹਨ ਸਿੰਘ, ਸੇਖੋਂ, ਜਸਵੰਤ ਸਿੰਘ ਕੰਵਲ, ਹਰਿਭਜਨ ਸਿੰਘ ਤਾਂ ਉਹਨਾਂ ਨੂੰ ਸੌਣ ਲਈ ਦੋ ਅਖਬਾਰ ਦੇ ਦਿੱਤੇ ਜਾਂਦੇ। ਰੋਟੀਆਂ ਜਿੰਨੀਆਂ ਪੱਕਦੀਆਂ, ਉਨੀਆਂ ਹੀ ਸਾਰਿਆਂ ਨੇ ਵੰਡ ਕੇ ਖਾਣੀਆਂ ਹੁੰਦੀਆਂ। ਕਈ ਵਾਰ ਲੰਗਰ ਮਸਤਾਨਾ ਵੀ ਹੋ ਜਾਂਦਾ।

ਭੂਤਵਾੜੇ ਦੀਆਂ ਕਈ ਦਿਲਚਸਪ ਯਾਦਾਂ ਨੇ। ਦੁੱਧ ਲੈਣ ਵਾਲਾ ਪਤੀਲਾ ਕਈ ਕਈ ਦਿਨ ਮਾਂਜਣ ਦਾ ਸਮਾਂ ਨਹੀਂ ਸੀ ਹੁੰਦਾ, ਧੋ ਲਿਆ ਜਾਂਦਾ। ਇਕ ਵਾਰ ਮਾਂਜਦੇ ਕਿਸੇ ਦੇ ਹੱਥ ਹਲਵਾਈ ਕੋਲ ਭੇਜਿਆ ਗਿਆ। ਉਸ ਨੇ ਦੁੱਧ ਦੇਣ ਤੋਂ ਨਾਂਹ ਕਰ ਦਿੱਤੀ। ਅਖੇ ਇਹ ਉਨ੍ਹਾਂ ਦਾ ਭਾਂਡਾ ਹੀ ਨਹੀਂ। ਇਕ ਵਾਰ ਦੋ-ਤਿੰਨ ਦਿਨਾਂ ਤੋਂ ਲੰਗਰ ਮਸਤਾਨਾ ਸੀ, ਪਰ ਹਰਭਜਨ ਸੋਹੀ ਤੇ ਹਰਿੰਦਰ ਮਹਿਬੂਬ ਨੂੰ ਕਿਸੇ ਕਵਿਤਾ ਦੇ ਮੁਕਾਬਲੇ ਦੇ ਪੁਰਸਕਾਰ ਦੇ ਕੁਝ ਪੈਸੇ ਮਿਲੇ, ਇਹ ਹੋਇਆ ਕਿ ਰੋਟੀ ਦੇ ਲੰਗਰ ਦੀ ਕੋਈ ਗੱਲ ਨਹੀਂ, ਦਾਰੂ ਵਰਤਾਇਆਂ ਵੀ ਕਾਫੀ ਦੇਰ ਹੋ ਗਈ ਏ, ਬੋਤਲਾਂ ਲਿਆਂਦੀਆਂ ਜਾਣ ਤੇ ਭੂਤਵਾੜੇ ਨਾਲ ਜੁੜੀ ਸੰਗਤ ਨੂੰ ਬੁਲਾਇਆ ਜਾਵੇ। ਸੋ ਇਵੇਂ ਹੋਇਆ।

ਹਰਬੰਸ ਬਰਾੜ ਸਾਹਮਣੇ ਚੁਬਾਰੇ 'ਚ ਰਹਿੰਦਾ ਸੀ। ਬਹੁਤ ਸੂਮ ਸੀ। ਇਕ ਵਾਰ ਪਿੰਡ ਗਿਆ ਹੋਇਆ ਸੀ ਤਾਂ ਉਹਦੇ ਚੁਬਾਰੇ ਵਿਚ ਛਾਪਾ ਮਾਰਿਆ ਗਿਆ। ਟਰੰਕ ਫਰੋਲਿਆ ਗਿਆ। ਉਸਦੀਆਂ ਕਮੀਜ਼ਾਂ ਦੀਆਂ ਤਹਿਆਂ 'ਚ ਛੁਪਾਏ ਕਾਫੀ ਪੈਸੇ ਮਿਲੇ। ਬੀ. ਕੰਪਲੈਕਸ ਦੀਆਂ ਗੋਲੀਆਂ ਵੀ ਟਰੰਕ ਵਿਚ ਛੁਪਾਈਆਂ ਹੋਈਆਂ ਸਨ। ਭੂਤਵਾੜੇ ਆ ਕੇ ਸਲਾਹ ਬਣਾਈ ਕਿ ਸ਼ਿਮਲੇ ਦੀ ਸੈਰ ਕੀਤੀ ਜਾਏ। ਫਿਰ ਸਲਾਹ ਹੋਈ ਇਨ੍ਹਾਂ ਪੈਸਿਆਂ ਨਾਲ ਲੰਗਰ ਦਾ ਪ੍ਰਬੰਧ ਕੀਤਾ ਜਾਏ। ਪਹਿਲਾਂ ਇਕ ਕੜਾਹੀ ਵਿਚ ਦੇਸੀ ਘਿਓ ਲਿਆ ਕੇ ਕੜਾਹ ਬਣਾਇਆ ਗਿਆ। ਕਿਸੇ ਭੂਤ ਨੇ ਬੀ ਕੰਪਲੈਕਸ ਦੀਆਂ ਗੋਲੀਆਂ ਵੀ ਵਿਚੇ ਸੁੱਟ ਦਿੱਤੀਆਂ ਤੇ ਕਿਹਾ ਕੜਾਹ ਹੋਰ ਤਾਕਤਵਰ ਹੋ ਜਾਏਗਾ। ਕੋਈ ਹੋਰ ਬੋਲਿਆ ਇਹ ਤਾਂ ਜ਼ਹਿਰੀਲਾ ਹੋ ਗਿਆ ਏ। ਫੈਸਲਾ ਹੋਇਆ ਕਿ ਗਲੀ 'ਚ ਬੈਠਾ ਕੁੱਤਾ ਲਿਆਂਦਾ ਜਾਏ, ਪਹਿਲਾਂ ਉਸ ਨੂੰ ਛਕਾਇਆ ਜਾਵੇ ਤੇ ਕੁਝ ਦੇਰ ਦੇਖਿਆ ਜਾਵੇ। ਕੁੱਤੇ ਨੇ ਉਹ ਬੜੇ ਸ਼ੌਕ ਨਾਲ ਖਾਧਾ। ਅਸੀਂ ਪੰਦਰਾਂ ਮਿੰਟ ਉਡੀਕਿਆ, ਕੁੱਤੇ ਨੂੰ ਕੁਝ ਨਾ ਹੋਇਆ। ਬਸ ਸਾਰੇ ਜਣੇ ਕੜਾਹ ਨੂੰ ਟੁੱਟ ਕੇ ਪੈ ਗਏ। ਇਕ ਵਾਰੀ ਬਾਹਰੋਂ ਇਕ ਦੋਸਤ ਨੇ ਸੁਨੇਹਾ ਭੇਜਿਆ ਕਿ ਅਗਲੀ ਸਵੇਰ ਉਹ ਸਾਨੂੰ ਮਿਲਣ ਆਏਗਾ, ਨਾਲ ਉਸਦੀ ਮਿੱਤਰ ਵੀ ਆ ਰਹੀ ਹੈ। ਸਾਰਿਆਂ ਨੇ ਆਖਿਆ ਧੰਨ ਹੈ

ਕੋਈ ਕੁੜੀ ਭੂਤਵਾੜੇ 'ਚ ਪੈਰ ਪਾ ਰਹੀ ਹੈ। ਉਸ ਦਿਨ ਸਾਰੇ ਭੂਤਵਾੜੇ ਦੀ ਰਗੜ ਰਗੜ ਕੇ ਸਫਾਈ ਕੀਤੀ ਗਈ। ਕਈ ਦਿਨਾਂ ਦੀ ਇਕ ਛੁਰੀ ਨਹੀਂ ਸੀ ਲੱਭ ਰਹੀ ਉਹ ਵੀ ਹਰਿੰਦਰ ਮਹਿਬੂਬ ਦੇ ਬਿਸਤਰੇ 'ਚੋਂ ਲੱਭ ਗਈ। ਇਕ ਨਵੀਂ ਕਮੀਜ਼ ਨਹੀਂ ਸੀ ਲੱਭ ਰਹੀ। ਉਹ ਵੀ ਲੱਭ ਗਈ। ਇਹ ਚੂਹੇ ਨੇ ਕਮਰੇ ਦੇ ਪਿੱਛੇ ਦੀ ਇਕ ਮੋਰੀ ਬਣਾ ਲਈ ਸੀ, ਪਿੱਛੇ ਖੇਤ ਸਨ। ਹਰਿੰਦਰ ਨੇ ਕਿਤੇ ਪੜ੍ਹਾਈ ਦੇ ਧਿਆਨ ਵਿਚ ਉਹ ਕਮੀਜ਼ ਉਸ ਮੋਰੀ ਵਿਚ ਤੁੰਨ ਦਿੱਤੀ ਸੀ। ਇਹ ਸਫਾਈ ਤੇ ਖੋਜ ਤਾਂ ਹੋ ਗਈ, ਪਰ ਉਸ ਜੋੜੀ ਦਾ ਆਉਣ ਦਾ ਪ੍ਰੋਗਰਾਮ ਬਦਲ ਗਿਆ। ਅਸੀਂ ਸਾਰੀ ਕੀਤੀ ਸਫਾਈ ਤੋਂ ਪਰੇਸ਼ਾਨ ਸਾਂ।

ਇਕ ਵਾਰ ਅਸੀਂ ਸਬਜ਼ੀ ਵਾਲੇ ਨੂੰ ਆਖਿਆ ਇਸ ਮਹੀਨੇ ਜ਼ਿਆਦਾ ਆਲੂ ਹੀ ਭੇਜਿਆ ਕਰ। ਸਾਡਾ ਖ਼ਿਆਲ ਸੀ ਇਹ ਬਹੁਤ ਸਸਤੇ ਨੇ, ਜਦੋਂ ਮਹੀਨੇ ਬਾਅਦ ਬਿਲ ਆਇਆ ਤਾਂ ਰਕਮ ਜ਼ਿਆਦਾ ਸੀ। ਪੁੱਛਣ 'ਤੇ ਪਤਾ ਲੱਗਾ ਇਸ ਮਹੀਨੇ ਆਲੂ ਹੀ ਸਭ ਤੋਂ ਮਹਿੰਗੇ ਰਹੇ ਸਨ।

ਐਮ.ਏ ਅੰਗਰੇਜ਼ੀ ਦਾ ਅਗਲੇ ਦਿਨ ਪਰਚਾ ਸੀ, ਪਰ ਉਧਰ ਅੰਬਾਲੇ ਸਤਿਆਜੀਤ ਦੀ ਫਿਲਮ ਦਾ ਇਕ ਦਿਨ ਪਹਿਲਾਂ ਸ਼ੋਅ ਸੀ। ਸਾਰੇ ਪੰਜਾਹ ਕਿਲੋਮੀਟਰ ਸਾਈਕਲਾਂ 'ਤੇ ਤੁਰ ਪਏ। ਫਿਲਮ ਦਾ ਆਨੰਦ ਲੈਣ ਬਾਅਦ ਫਿਰ ਵਾਪਸ। ਰਾਤ ਤਿੰਨ ਵਜੇ ਆ ਕੇ ਸੁੱਤੇ ਤੇ ਸਵੇਰੇ ਉੱਠ ਪਰਚੇ ਦੇ ਹਾਲ ਵਿਚ ਜਾ ਬੈਠੇ।

ਭੂਤਵਾੜੇ ਦੀਆਂ ਇਹੋ ਜਿਹੀਆਂ ਦਿਲਚਸਪ ਯਾਦਾਂ ਨੇ। ਬਾਅਦ ਵਿਚ ਕਈ ਵਾਰ ਪ੍ਰੀਤਨਗਰ ਤੇ ਲੋਅਰ ਮਾਲ ਪਟਿਆਲਾ ਤੇ ਹੋਰ ਥਾਵਾਂ 'ਤੇ ਉਸ ਭੂਤਵਾੜੇ ਦੀ ਥਾਂ ਕਈ ਮਿੱਤਰ ਭੂਤਵਾੜਾ ਬਣਾਉਣ ਦਾ ਯਤਨ ਕਰਦੇ ਰਹੇ, ਪਰ ਉਹ 'ਭੂਤਵਾੜਾ' ਫਿਰ ਨਾ ਸਥਾਪਤ ਹੋ ਸਕਿਆ। ਉਹ ਭੂਤ ਦੇਸੀਂ ਪ੍ਰਦੇਸੀਂ ਖਿੱਲਰ ਗਏ।

– : ਹੁਣ ਸਮੇਂ ਨੂੰ ਕੀ ਮਾਰ ਵਗ ਗਈ ਹੈ ਕਿ ਭੂਤਵਾੜੇ ਵਰਗੀ ਮਲੰਗੀ ਅਤੇ ਜ਼ਹਿਨੀਅਤ ਕਿਧਰੇ ਵੀ ਦੇਖਣ ਨੂੰ ਨਹੀਂ ਮਿਲਦੀ?

ਨੂਰ : ਨਿੱਕੜ ਦੁੱਕੜ ਮਲੰਗਾਂ ਨਾਲ ਭੂਤਵਾੜਾ ਨਹੀਂ ਬਣਦਾ। ਉਹ ਮਲੰਗੀ ਇਕ ਥਾਂ ਨਾ ਜੁੜੀ। ਉਹ ਭੂਤਵਾੜਾ ਇਕ ਸੰਕਲਪ ਸੀ। ਇਹ ਸੰਕਲਪ ਫਿਰ ਸਾਹਮਣੇ ਨਾ ਆਇਆ। ਜ਼ਮਾਨਾ ਹੀ ਬਦਲ ਗਿਆ।

– : ਗੁਰਬਖਸ਼ ਸਿੰਘ, ਮੋਹਨ ਸਿੰਘ, ਤੇਜਾ ਸਿੰਘ, ਸੇਖੋਂ ਆਦਿ ਵਰਗੇ ਵੱਡੇ ਲੇਖਕ ਅਪਣੀ ਚਰਮ ਸੀਮਾ 'ਤੇ ਸਨ ਸੱਠਵਿਆਂ ਸੱਤਰਵਿਆਂ ਵਿਚ। ਇਨ੍ਹਾਂ ਦਾ ਭੂਤਵਾੜੇ ਵੱਲ ਕੀ ਵਤੀਰਾ ਸੀ?

ਨੂਰ : ਭੂਤਵਾੜੇ ਵਿਚ ਸਮੇਂ ਸਮੇਂ ਮੋਹਨ ਸਿੰਘ, ਜਸਵੰਤ ਸਿੰਘ ਕੰਵਲ, ਹਰਿਭਜਨ ਸਿੰਘ, ਅਮਰੀਕ ਸਿੰਘ, ਸ਼ਿਵ ਕੁਮਾਰ, ਮੀਸ਼ਾ ਨੇ ਦਿਲਚਸਪੀ ਲਈ। ਕਈ ਵਾਰ ਉਹ ਆਉਂਦੇ। ਸਾਹਿਤਕ ਚਰਚੇ ਛਿੜਦੇ। ਕਈ ਨਵੇਂ ਪੜ੍ਹਣ ਲਿਖਣ ਵਾਲੇ ਆਉਂਦੇ ਰਹਿੰਦੇ। ਲਾਲੀ ਜਿਸ ਨੂੰ ਲੋਕ ਬਾਬਾ ਆਖਦ ਲੱਗੇ ਸਨ, ਉਹ ਅਕਸਰ ਨਵੀਆਂ ਕਿਤਾਬਾਂ ਤਲਾਸ਼ਦਾ ਤੇ ਚਰਚਾ ਦਾ ਵਿਸ਼ਾ ਬਣਾਉਂਦਾ।

## ਦਿੱਲੀ ਦਾ ਵਿਸਫ਼ੋਟ

– : ਦਿੱਲੀ ਸਕੂਲ ਦੇ ਵਿਸਫੋਟਾਂ ਵਿਚੋਂ ਇਕ ਵੱਡਾ ਵਿਸਫੋਟ ਤੁਹਾਡਾ ਅਤੇ ਹਰਿਭਜਨ ਸਿੰਘ ਦਾ ਤੋੜ ਵਿਛੋੜਾ ਸੀ। ਕਈ ਕਹਿੰਦੇ ਹਨ ਕਿ ਕਾਰਨ ਬਹੁਤੇ ਸਿਧਾਂਤਕ ਨਹੀਂ ਨਿੱਜੀ ਸਨ। ਕੀ ਇਹ ਠੀਕ ਹੈ?

ਨੂਰ : ਮੇਰੀ ਪਹਿਲੀ ਟਰੇਨਿੰਗ ਮਾਰਕਸਵਾਦ 'ਚੋਂ ਹੋਈ ਸੀ ਤੇ ਹਰਿਭਜਨ ਸਿੰਘ ਦੀ ਭਾਰਤੀ ਕਾਵਿ-ਸਾਸਤਰ 'ਚੋਂ। ਅਸੀਂ ਸੰਰਚਨਾਵਾਦੀ ਨੁਕਤੇ 'ਤੇ ਇਕੱਠੇ ਹੋਏ, ਪਰ ਹਰਿਭਜਨ ਸਿੰਘ ਦਿਨੋ ਦਿਨ ਰੂਪਵਾਦ ਵੱਲ ਝੁਕਦਾ ਗਿਆ। ਉੱਤਰ-ਆਧੁਨਿਕਤਾ ਬਾਰੇ ਹੀ ਅੱਧੇ-ਅਧੂਰੇ ਗਿਆਨ 'ਚੋਂ ਗੱਲਾਂ ਕਰਨ ਲੱਗੇ। ਉਸ ਅੰਦਰ ਇਕ ਮੱਠਵਾਦੀ ਪ੍ਰਵਿਰਤੀ ਵੀ ਪੈਦਾ ਹੁੰਦੀ ਗਈ। ਸਾਡੇ ਅੰਦਰ ਇਕ ਦੀਵਾਰ ਉਸਰਨੀ ਸ਼ੁਰੂ ਹੋ ਜਾਂਦੀ। ਅਖੀਰ ਤੱਕ ਉਸਦੀ ਇੱਛਾ ਰਹੀ ਮੈਂ ਉਸਦੀ ਕਵਿਤਾ ਬਾਰੇ ਕਿਤਾਬ ਲਿਖਾਂ। ਮੈਂ ਲਿਖਾਂਗਾ ਵੀ। ਅਖੀਰ ਤੱਕ ਹਰਿਭਜਨ ਸਿੰਘ ਮੈਨੂੰ ਫੋਨ ਕਰਦਾ ਰਿਹਾ ਤੇ ਦੱਸਦਾ ਰਿਹਾ ਫਲਾਣੀ ਥਾਂ ਜੇ ਫਲਾਣੇ ਨੂੰ ਇਨਾਮ ਮਿਲ ਜਾਏ ਤਾਂ ਚੰਗੀ ਗੱਲ ਹੈ। ਹਰਿਭਜਨ ਸਿੰਘ ਦੀਆਂ ਕੁਝ ਡਾਇਰੀਆਂ ਅਜੇ ਛਪਣ ਵਾਲੀਆਂ ਹਨ, ਉਨ੍ਹਾਂ 'ਚੋਂ ਉਸਦੇ ਅਨੁਭਵਾਂ, ਵਿਚਾਰਾਂ ਦਾ ਅਜੇ ਬਹੁਤ ਕੁਝ ਪਤਾ ਲੱਗੇਗਾ।

## ਆਲੋਚਨਾ 'ਚ ਮੌਲਿਕਤਾ

– : ਹਰਿਭਜਨ ਸਿੰਘ 'ਤੇ ਆਮ ਇਲਜ਼ਾਮ ਲੱਗਦਾ ਹੈ ਕਿ ਉਨ੍ਹਾਂ ਦੇ ਆਲੋਚਨਾ ਖੇਤਰ ਦੇ ਵਿਚਾਰ ਮੌਲਿਕ ਨਹੀਂ ਸਨ। ਕੀ ਤੁਹਾਡੇ 'ਤੇ ਵੀ ਇਹ ਗੱਲ ਨਹੀਂ ਢੁੱਕਦੀ? ਜੇ ਨਹੀਂ ਤਾਂ ਅਪਣੇ ਕਿਸੇ ਮੌਲਿਕ ਵਿਚਾਰ ਦੀ ਮਿਸਾਲ ਦਿਓ?

ਨੂਰ : ਹਰਿਭਜਨ ਸਿੰਘ ਦੇ ਆਲੋਚਨਾ ਵਿਚ ਵਧੇਰੇ ਵਿਚਾਰ ਮੌਲਿਕ ਨਹੀਂ ਸਨ। ਇਹ ਅਧਿਆਪਕੀ ਆਲੋਚਨਾ ਹੈ। ਅਰਸਤੂ ਤੋਂ ਲੈ ਕੇ ਹੁਣ ਤੱਕ ਦੇ ਤੁਸੀਂ ਚਿੰਤਕ ਪੜ੍ਹਾ ਰਹੇ ਹੋ ਤੇ ਆਲੋਚਨਾ ਵਿਚ ਵੀ ਉਸੇ ਚਿੰਤਨ ਨੂੰ ਪੇਸ਼ ਕਰ ਰਹੇ ਹੋ। ਮੈਂ ਵੀ ਇਹ ਸਾਰਾ ਵਿਕਾਸ ਪੜ੍ਹਿਆ ਹੈ, ਪਰ ਮੈਂ ਅਪਣੀ ਆਲੋਚਨਾ ਵਿਚ ਉਨ੍ਹਾਂ ਤੋਂ ਪ੍ਰਭਾਵਤ ਤਾਂ ਹੋਇਆ ਹਾਂ, ਉਨ੍ਹਾਂ ਨੂੰ ਅਗਰਭੂਮੀ ਨਹੀਂ ਬਣਨ ਦਿੱਤਾ। ਮੈਂ ਭਾਰਤੀ ਗਿਆਨ ਦੀ ਵੀ ਪਿੱਛੇ ਤੱਕ ਟੋਹ ਰੱਖਣ ਦਾ ਯਤਨ ਕਰਦਾ ਹਾਂ ਤੇ ਅਗਰ ਭੂਮੀ ਤੇ ਪੰਜਾਬੀ ਦੀ ਟੈਕਸਟ ਨੂੰ ਰੱਖ ਕੇ ਉਸਦੇ ਨਿਯਮ ਉਸਦੇ ਅੰਦਰੋਂ ਪਛਾਨਣ ਦਾ ਯਤਨ ਕਰਦਾ ਹਾਂ। ਪੰਜਾਬੀ ਟੈਕਸਟ ਦੀ ਇਕ ਅਪਣੀ ਵਿਲੱਖਣਤਾ ਵੀ ਹੈ। ਮੈਂ ਯਤਨ ਕਰਦਾ ਹਾਂ ਉਸਦੀ ਵੀ ਕੁਝ ਪਹਿਚਾਣ ਹੋਵੇ। ਸਾਰੇ ਗਿਆਨ ਦੀ ਸਹਾਇਤਾ ਲੈਂਦਿਆਂ ਇਸੇ ਲਈ ਮੈਂ ਇਕ ਵਾਰ ਪੰਜਾਬੀ ਕਾਵਿ-ਸ਼ਾਸਤਰ ਦੀਆਂ ਸੰਭਾਵਨਾਵਾਂ ਦਾ ਪ੍ਰਸ਼ਨ ਉਠਾਇਆ ਸੀ। ਇਹ ਕਰਦਿਆਂ ਵੀ ਬਾਕੀ ਕਾਵਿ-ਸ਼ਾਸਤਰਾਂ ਨਾਲ ਇਕ ਤਾਲਮੇਲ ਰਹਿੰਦਾ ਹੈ।

– : ਬਹੁਤ ਲੋਕ ਮੰਨਦੇ ਹਨ ਕਿ ਹਰਿਭਜਨ ਸਿੰਘ ਕੋਲ ਘੱਟੋ ਘੱਟ ਬੋਲੀ ਦੀ ਮਿਠਾਸ ਅਤੇ ਪਾਰਦਸ਼ਤਾ ਤਾਂ ਸੀ ਹੀ। ਪਰ ਤੁਸੀਂ ਸਿਰਫ ਸ਼ਬਦਾਂ ਦੀ ਬਾਜ਼ੀਗਰੀ ਨਾਲ ਗੰਭੀਰਤਾ ਦਾ ਭਰਮ ਪੈਦਾ ਕਰਦੇ ਹੋ। ਕੀ ਕਹੋਗੇ?

ਨੂਰ : ਹਰਿਭਜਨ ਸਿੰਘ ਸ਼ਬਦਾਂ ਦਾ ਜਾਦੂਗਰ ਸੀ। ਉਸ ਕੋਲ ਹਿੰਦੀ, ਸੰਸਕ੍ਰਿਤ, ਬ੍ਰਜ ਭਾਸ਼ਾ ਦਾ ਪਿਛੋਕੜ ਸੀ। ਪੰਜਾਬੀ ਕੇਵਲ ਉਸ ਨੇ ਪੜ੍ਹਾਈ ਸੀ, ਪਰ ਉਹ ਹਰ ਸਮੇਂ ਨਵੇਂ ਸ਼ਬਦਾਂ ਬਾਰੇ ਸੋਚਦਾ ਰਹਿੰਦਾ ਸੀ। ਮੈਂ ਉਸ ਤੋਂ ਭਾਸ਼ਾ ਬਾਰੇ ਬਹੁਤ ਕੁਝ ਸਿੱਖਿਆ ਸੀ। ਮੈਨੂੰ ਸ਼ਬਦਾਂ ਦੀ ਕਦੇ ਮੁਸ਼ਕਲ ਨਹੀਂ ਆਈ। 'ਬਾਜੀਗਰੀ' ਵੀ ਸੌਖੀ ਨਹੀਂ ਇਕ ਕਲਾ ਹੈ। ਪਰ ਮੈਂ ਭਾਸ਼ਾ ਦੇ ਸੰਚਾਰ ਤੇ ਸਪੱਸ਼ਟਤਾ ਬਾਰੇ ਬਹੁਤ ਚੇਤੰਨ ਹੋ ਗਿਆ ਹਾਂ।

## ਇਨਾਮਾਂ ਦੀ ਸਿਆਸਤ

– : ਪੰਜਾਬੀ ਵਿਚ ਇਨਾਮਾਂ, ਸਨਮਾਨਾਂ, ਰੂ-ਬ-ਰੂਆਂ, ਘੁੰਡ ਚੁਕਾਈਆਂ ਦੀ ਸਿਆਸਤ ਵਿਚ ਤੁਸੀਂ ਪੂਰੀ ਤਰ੍ਹਾਂ ਖਚਤ ਹੋ। ਕੀ ਕਦੀ ਮਨ ਵਿਚ ਆਇਆ ਹੈ ਕਿ ਇਹ ਸਾਹਿਤ ਦਾ ਕਿੰਨਾ ਨੁਕਸਾਨ ਕਰਦੇ ਹਨ ਅਤੇ ਨਵੇਂ ਲੇਖਕਾਂ ਨੂੰ ਕੁਰਾਹੇ ਪਾਉਂਦੇ ਹਨ?

ਨੂਰ : ਇਨਾਮਾਂ, ਸਨਮਾਨਾਂ ਨਾਲ ਸੰਸਥਾਵਾਂ ਵਿਚ ਸਰਗਰਮ ਰਹਿਣ ਕਰਕੇ ਸਹਿਜੇ ਹੀ ਇਕ ਸਬੰਧ ਕਾਇਮ ਹੋ ਗਿਆ। ਮੈਨੂੰ ਪਤਾ ਹੈ ਜਿਸ ਨੂੰ ਇਨਾਮ ਜਾਂ ਸਨਮਾਨ ਮਿਲ ਜਾਂਦਾ ਹੈ, ਉਹ ਤੁਹਾਡਾ ਪ੍ਰਸੰਸਕ ਹੁੰਦਾ ਹੈ ਤੇ ਬਾਕੀ ਸਾਰੇ ਲੇਖਕ ਜੋ ਇਨਾਮ ਉਡੀਕ ਰਹੇ ਹੁੰਦੇ ਹਨ, ਉਹ ਤੁਹਾਡੇ ਖ਼ਿਲਾਫ਼। ਇਨਾਮਾਂ, ਸਨਮਾਨਾਂ ਦੀ ਸਿਆਸਤ ਵਿਚ ਹਰ ਲੇਖਕ ਗ੍ਰਸਤ ਹੈ। ਇਕ ਵਾਰ ਮੈਨੂੰ ਮੀਸ਼ੇ ਨੇ ਆਖਿਆ,- ਸਾਹਿਤ ਅਕਾਦਮੀ ਇਨਾਮ ਦੇ ਪੈਸੇ ਵਧਣੇ ਚਾਹੀਦੇ ਹਨ (ਉਦੋਂ ਇਨਾਮ ਦਸ ਹਜ਼ਾਰ ਸੀ) ਉਸ ਨੇ ਕਿਹਾ ਕਿ ਮੈਂ ਇਨਾਮ ਲਈ ਪੰਦਰਾਂ ਹਜ਼ਾਰ ਤਾਂ ਖਰਚ ਕਰ ਚੁੱਕਾ ਹਾਂ।'

ਮੈਂ ਭਾਰਤੀ ਸਾਹਿਤ ਅਕਾਦਮੀ ਦਾ ਮੀਤ ਪ੍ਰਧਾਨ ਹਾਂ। ਮੀਤ ਪ੍ਰਧਾਨ ਇਨਾਮ ਦੀ ਕਿਸੇ ਕਮੇਟੀ ਨਾਲ ਸਬੰਧਤ ਨਹੀਂ ਹੁੰਦਾ। ਪਰ ਮੈਨੂੰ ਦਸੰਬਰ ਨੇੜੇ ਆਉਂਦਿਆਂ ਕਈਆਂ ਦੇ ਫੋਨ ਤੇ ਸਿਫਾਰਸ਼ਾਂ ਆਉਣ ਲੱਗਦੀਆਂ ਹਨ। ਮੇਰਾ ਕਿੰਨਾ ਸਮਾਂ ਇਹ ਸਮਝਾਉਂਦਿਆਂ ਲੰਘਦਾ ਹੈ ਕਿ ਸਾਹਿਤ ਅਕਾਦਮੀ ਵਿਚ ਇਹੋ ਜਿਹਾ ਕੋਈ ਦਖ਼ਲ ਕੰਮ ਨਹੀਂ ਕਰਦਾ। ਇਹ ਗੱਲ ਠੀਕ ਹੈ ਕਿ ਲੇਖਕਾਂ ਨੂੰ ਸਹਿਜ ਨਾਲ ਸਿਰਜਣਾ ਵਿਚ ਲੀਨ ਰਹਿਣਾ ਚਾਹੀਦਾ ਹੈ, ਇਨਾਮ, ਸਨਮਾਨ ਤਾਂ ਸਹਿਜੇ ਮਿਲੇ ਹੀ ਠੀਕ ਹੁੰਦੇ ਹਨ। ਬਿੰਬ ਰਚਨਾ ਨੇ ਬਣਾਉਣਾ ਹੈ, ਇਨਾਮਾਂ, ਸਨਮਾਨਾਂ ਨੇ ਨਹੀਂ। ਪਰ ਇਸ ਰੋਲ ਘਚੋਲ ਵਿਚ ਬੜਾ ਕੁਝ ਵਾਪਰਦਾ ਰਿਹਾ ਹੈ। ਇਕ ਵਾਰ ਡਾ. ਗੋਪਾਲ ਸਿੰਘ ਦਰਦੀ ਨੇ ਤਾਰਾ ਸਿੰਘ ਨੂੰ ਪੰਦਰਾਂ ਹਜ਼ਾਰ ਰੁਪਏ ਦੇ ਕੇ ਅਪਣੇ ਸਨਮਾਨ ਵਿਚ ਪਾਰਟੀ ਦਾ ਪ੍ਰਬੰਧ ਕੀਤਾ। ਕਈ ਹੋਰ ਲੇਖਕ ਇਉਂ ਕਰਦੇ ਰਹੇ ਹਨ। ਇਕ ਵਾਰ ਗੁਰਬਚਨ (ਜਦੋਂ ਦਿੱਲੀ ਸੀ) ਕਹਿਣ ਲੱਗਾ,- ਪੰਜਾਬੀ ਅਕਾਦਮੀ ਦਾ ਇਨਾਮ ਵੀ ਦੁਆਓ।' ਮੈਂ ਉਸ ਨੂੰ ਕਿਹਾ- 'ਤੂੰ ਇਸ ਥਾਂ ਪੰਜਾਬੀ ਅਕਾਦਮੀ ਦੇ ਖ਼ਿਲਾਫ਼ ਲਿਖਿਆ ਹੈ। ਉਨ੍ਹਾਂ ਇਨਾਮ ਨਹੀਂ ਦੇਣਾ।' ਉਹ ਕਹਿਣ ਲੱਗਾ, 'ਲੈ ਮੈਂ ਉਹ ਸਫਾ ਵਿਚੋਂ ਕੱਢ ਦਿੰਦਾ ਹਾਂ।' (ਮੈਂ ਇਹ ਗੱਲ ਉਦੋਂ ਸਕੱਤਰ ਪੰਜਾਬੀ ਅਕਾਦਮੀ ਨੂੰ ਵੀ ਦੱਸੀ) ਇਉਂ ਜੋ ਇਨਾਮਾਂ ਨੂੰ ਗਾਲਾਂ ਕੱਢਦੇ ਹਨ। ਇਨਾਮ ਸਨਮਾਨ ਉਨ੍ਹਾਂ ਦੇ ਅਵਚੇਤਨ ਵਿਚ ਵੀ ਘਰ ਕਰੀ ਬੈਠੇ ਹਨ। ਜਦੋਂ ਉਨ੍ਹਾਂ ਦਾ ਕੁਝ ਨਹੀਂ ਬਣਦਾ, ਫਿਰ ਉਨ੍ਹਾਂ ਦੀ ਫਰੱਸਟਰੇਸ਼ਨ ਗਾਲ੍ਹੀ ਗਲੋਚ 'ਤੇ ਉਤਰ ਆਉਂਦੀ ਹੈ। ਪਰਚੇ ਕੱਢਣੇ ਪੈਂਦੇ ਹਨ। ਮੈਂ ਇਸ ਸਿਆਸਤ ਦਾ ਦਰਸ਼ਕ ਹਾਂ।

– : ਦਿੱਲੀ ਦੀ ਸਾਹਿਤ ਅਕਾਦਮੀ ਦੇ ਹੁਣ ਤੁਸੀਂ ਕਰਤਾ ਧਰਤਾ ਵਾਂਗ ਹੀ ਹੋ। ਇਹਦਾ ਵਾਰਸ਼ਿਕ ਇਨਾਮ ਵੱਡਾ ਮੰਨਿਆ ਜਾਂਦਾ ਹੈ। ਬਹੁਤੀ ਵਾਰ ਮਿਲਦਾ ਵੀ ਪਹੁੰਚ ਕਰਨ ਵਾਲਿਆਂ ਨੂੰ ਹੈ। ਤੁਹਾਨੂੰ ਇਨ੍ਹਾਂ ਪਹੁੰਚ ਕਰਨ ਵਾਲਿਆਂ ਦਾ ਭੇਤ ਲੱਗਦਾ ਈ ਰਹਿੰਦਾ ਹੋਵੇਗਾ। ਨੰਗੇ ਕਰੋਗੇ ਕੁਝ ਚਿਹਰੇ?

ਨੂਰ : ਦਿੱਲੀ ਦੀ ਪੰਜਾਬੀ ਸਾਹਿਤ ਅਕਾਦਮੀ ਨਾਲ ਮੇਰਾ ਕਾਫੀ ਦੇਰ ਦਾ ਸਬੰਧ ਹੈ ਤੇ ਇਨਾਮ ਕਮੇਟੀ ਦਾ ਅਕਸਰ ਮੈਂਬਰ ਰਿਹਾ ਹਾਂ। ਹੁਣ ਤੱਕ ਇਨਾਮ ਦਿੱਲੀ ਦੇ ਲੇਖਕਾਂ ਨੂੰ ਹੀ ਮਿਲਦਾ ਰਿਹਾ ਹੈ, ਪਰ ਅਗਲੇ ਇਨਾਮਾਂ ਵਿਚ ਪਹਿਲੇ ਦੋ ਇਨਾਮ, ਪੰਜਾਬੀ ਸਾਹਿਤ ਤੇ ਸਭਿਆਚਾਰ ਲਈ ਸਾਰੇ ਭਾਰਤ ਵਿਚੋਂ ਦਿਤੇ ਜਾਇਆ ਕਰਨਗੇ। ਪੰਜਾਬੀ ਲੇਖਕ ਜਾਂ ਸਭਿਆਚਾਰ, ਸੰਗੀਤ ਆਦਿ ਖੇਤਰ ਵਿਚ ਕੰਮ ਕਰਨ ਵਿਚੋਂ ਚੋਣ ਕੀਤੀ ਜਾਇਆ ਕਰੇਗੀ। ਉਤਲੇ ਇਨਾਮ ਕਿਸੇ ਨੂੰ ਇਕ ਵਾਰ ਹੀ ਮਿਲਦੇ ਹਨ, ਪਰ ਹੇਠਲੇ ਕਿਤਾਬਾਂ ਦੇ ਤਿੰਨ ਸਾਲ ਬਾਅਦ ਫਿਰ ਮਿਲ ਸਕਦੇ ਹਨ। ਇਹ ਤਾਂ ਹੀ ਹੋਇਆ ਕਿ ਦਿੱਲੀ ਵਿਚ ਹੋਰ ਲੇਖਕ ਮਿਲਣੇ ਮੁਸ਼ਕਲ ਹੋ ਗਏ ਸਨ। ਲਗਭਗ ਹਰ ਇਕ ਨੂੰ ਮਿਲ ਗਿਆ। ਇਸ ਲਈ ਇਨ੍ਹਾਂ ਇਨਾਮਾਂ ਵਿਚ ਸਿਆਸਤ ਮੁਸ਼ਕਲ ਸੀ। ਮੁੱਖ ਮੰਤਰੀ ਪੰਜਾਬੀ ਅਕਾਦਮੀ ਦਾ ਚੇਅਰਮੈਨ ਹੁੰਦੈ, ਪਰ ਉਸ ਨੇ ਇਨਾਮਾਂ ਵਿਚ ਕਦੇ ਦਖ਼ਲ ਨਹੀਂ ਦਿੱਤਾ। ਜਦੋਂ ਅੰਮ੍ਰਿਤਾ ਜਾਂ ਹਰਿਭਜਨ ਸਿੰਘ ਇਨਾਮ ਕਮੇਟੀਆਂ ਦੇ ਚੇਅਰਮੈਨ ਸਨ, ਉਨ੍ਹਾਂ ਅਪਣੇ ਚਹੇਤਿਆਂ ਨੂੰ ਇਨਾਮ ਪਹਿਲਾਂ ਜ਼ਰੂਰ ਦਿੱਤੇ।

– : ਰੌਲਾ ਪਿਆ ਸੀ ਕਿ ਨੂਰ ਦੀ ਮੁੱਖਬੰਦਾਂ ਦੀ ਕਿਤਾਬ ਨੂੰ ਹੀ ਅਕਾਦਮੀ ਦਾ ਇਨਾਮ ਮਿਲ ਗਿਆ ਜਦ ਕਿ ਇਸ ਇਨਾਮ ਲਈ ਮੂਲ ਸਾਹਿਤਕ ਰਚਨਾ ਹੋਣ ਦੀ ਸ਼ਰਤ ਹੈ। ਕਿਵੇਂ ਹੋਇਆ ਇਹ?

ਨੂਰ : ਮੈਂ ਅਪਣੀਆਂ ਦੋ ਪੁਸਤਕਾਂ ਨੂੰ ਵੱਧ ਮਹੱਤਵਯੋਗ ਸਮਝਦਾ ਹਾਂ। 'ਮੋਹਨ ਸਿੰਘ ਦਾ ਕਾਵਿ ਜਗਤ' ਤੇ 'ਕਵਿਤਾ ਦੀ ਭੂਮਿਕਾ'। 'ਕਵਿਤਾ ਦੀ ਭੂਮਿਕਾ' ਨੂੰ ਸਾਹਿਤ ਅਕਾਦਮੀ ਦੇ ਪੁਰਸਕਾਰ ਲਈ ਚੁਣਿਆ ਗਿਆ ਕਿਉਂਕਿ ਇਸ ਵਿਚ ਆਧੁਨਿਕ ਕਾਲ ਦੀ ਕਹਾਣੀਆਂ ਬਾਰੇ ਕੁਝ ਲੇਖ ਹਨ ਤੇ ਕੁਝ ਚੋਣਵੀਆਂ ਪੁਸਤਕਾਂ ਬਾਰੇ। ਇਹ ਭੂਮਿਕਾਵਾਂ ਨਹੀਂ ਪੁਸਤਕਾਂ ਬਾਰੇ ਆਲੋਚਨਾ ਹੈ। ਇਕ ਦੋ ਲੇਖ ਭੂਮਿਕਾ ਦੇ ਤੌਰ 'ਤੇ ਸ਼ਾਮਲ ਹੋਏ। ਕਿਤਾਬ ਨੂੰ ਕਵਿਤਾ ਦੀ ਭੂਮਿਕਾ ਇਸ ਲਈ ਆਖਿਆ ਗਿਆ ਕਿਉਂਕਿ ਇਹ ਕਵਿਤਾ ਦੀ ਪਾਠਗਤ ਆਲੋਚਨਾ ਜਾਂ ਵਿਸ਼ਲੇਸ਼ਣ ਦੀ ਇਕ ਨਵੀਂ ਵਿਧੀ ਦੀ ਭੂਮਿਕਾ ਤਿਆਰ ਕਰਦੀ ਹੈ। ਸਾਰੀ ਆਲੋਚਨਾ ਵਿਚ ਇਹ ਭੂਮਿਕਾ ਤਿਆਰ ਕਰਨ ਦਾ ਮੇਰਾ ਯਤਨ ਵੀ ਰਿਹਾ ਹੈ।

– : ਤੁਸੀਂ ਪਹਿਲ ਕਿਉਂ ਨਹੀਂ ਕਰਦੇ ਇਸ ਭੂੰਡੀ ਸਾਹਿਤਕ ਸਿਆਸਤ ਤੋਂ ਪਰ੍ਹਾਂ ਹੋ ਜਾਣ ਦੀ ਅਤੇ ਫੇਰ ਇਕਾਂਤ ਵਿਚ ਗੰਭੀਰ ਰਚਨਾ ਕਰਨ ਵਿਚ ਅਪਣੇ ਬਾਕੀ ਦੇ ਦਿਨ ਗੁਜ਼ਾਰਨ ਦੀ। ਕੀ ਇਹ ਤੁਹਾਡੇ ਸੁਭਾਅ ਦੇ ਉਲਟ ਹੈ?

ਨੂਰ : ਮੈਂ ਬਣ ਗਈ ਸਿਆਸਤ ਤੋਂ ਪਾਸੇ ਹੋਣਾ ਚਾਹੁੰਦਾ ਹਾਂ, ਬਹੁਤ ਕੁਝ ਲਿਖਣਾ ਲੇਟ ਹੋ ਰਿਹਾ ਹੈ। ਹੁਣ ਕੰਬਲ ਨਹੀਂ ਛੱਡਦਾ। ਸਾਹਿਤ ਅਕਾਦਮੀ ਦਾ ਮੀਤ ਪ੍ਰਧਾਨ ਬਣਨ ਬਾਅਦ ਸਾਰੀਆਂ ਭਾਸ਼ਾਵਾਂ ਨੂੰ ਸਰਗਰਮ ਕੀਤਾ ਹੈ। ਪੰਜਾਬੀ ਨੂੰ ਹਰ ਸੂਬੇ ਦੀ ਸਾਹਿਤਕ ਸਰਗਰਮੀ ਨਾਲ ਜੋੜਿਆ ਹੈ। ਇਹ ਗੱਲ ਮੈਨੂੰ ਚੰਗੀ ਲੱਗਦੀ ਹੈ। ਇਹ ਕੰਮ ਕੋਈ ਹੋਰ ਸਾਂਭ ਸਕੇ ਤਾਂ ਮੈਂ ਸਹਿਜੇ ਬਹਿ ਕੇ ਅਪਣਾ ਕੰਮ ਕਰਾਂ, ਪਰ ਹੋਰ ਕੋਈ ਇਉਂ ਸਰਗਰਮ ਹੋਣ ਲਈ ਤਿਆਰ ਨਹੀਂ।

– : ਕਾਨਾਫੂਸੀ ਹੁੰਦੀ ਹੈ-ਨੂਰ ਨੇ ਆਖਰ ਵਨੀਤਾ ਨੂੰ ਇਨਾਮ ਦੁਆ ਹੀ ਦੇਣੈ। ਕੀ ਵਨੀਤਾ ਅਤੇ ਉਹਦੀ ਲਿਖਤ ਏਨੀ ਹੀ ਚੰਗੀ ਹੈ?

ਨੂਰ : ਡਾ. ਵਨੀਤਾ ਦੀ ਕਵਿਤਾ ਹੋਰ ਪੰਜਾਬੀ ਦੀਆਂ ਸ਼ਾਇਰਾਵਾਂ ਨਾਲੋਂ ਕੁਝ ਵੱਖਰੀ ਹੈ। ਜਦੋਂ ਉਸਦੀ ਕਵਿਤਾ ਦਾ ਬਿੰਬ ਬਣਨਾ ਸ਼ੁਰੂ ਹੋਇਆ, ਆਮ ਪੰਜਾਬੀ ਨਾਰੀ-ਕਾਵਿ ਕੇਵਲ ਮਰਦ ਦੇ ਵਿਰੋਧ ਨੂੰ ਹੀ ਨਾਰੀਵਾਦੀ ਆਵਾਜ਼ ਸਮਝਦਾ ਸੀ। ਉਸ ਕਾਵਿ 'ਚੋਂ ਵਧੇਰੇ ਆਵਾਜ਼ ਵਿਚ ਰੈਟਰਿਕ ਵੀ ਸੀ। ਉਸ ਨੇ ਇਸ ਕਿਸਮ ਦੇ ਕਾਵਿ ਤੋਂ ਸੰਕੋਚ ਕੀਤਾ ਤੇ ਨਾਲ ਨਾਲ ਆਲੋਚਨਾ ਵਿਚ ਵੀ ਕੁਝ ਨਵੀਆਂ ਗੱਲਾਂ ਨੂੰ ਸਮਝਣ ਦਾ ਯਤਨ ਕੀਤਾ। ਚੰਗੇ ਕਵੀ ਅਨੁਵਾਦ ਕੀਤੇ। ਉਸ ਨੂੰ ਭਾਰਤੀ ਅਕਾਦਮੀ ਦਾ ਅਨੁਵਾਦ ਦਾ ਇਨਾਮ ਵੀ ਮਿਲਿਆ। ਪਰ ਮੈਂ ਸਮਝਦਾ ਹਾਂ ਅਜੇ ਵੱਡੀ ਪ੍ਰਾਪਤੀ ਵਾਲੀ ਰਚਨਾ ਉਸ ਨੇ ਕਰਨੀ ਹੈ। ਉਹ ਲਗਾਤਾਰ ਸੰਗੀਤ ਨਾਲ ਜੁੜੀ ਰਹੀ ਹੈ। ਉਸ ਨੇ ਉਸ ਨੂੰ ਤੇ ਉਸਦੀ ਕਵਿਤਾ ਨੂੰ ਸਹਿਜ ਤੇ ਧੀਮੀ ਸੁਰ ਨਾਲ ਜੋੜਿਆ ਹੈ। ਮੈਂ ਸਮਝਦਾ ਹਾਂ ਅੰਮ੍ਰਿਤਾ ਤੋਂ ਪਿੱਛੋਂ ਕਵਿਤਾ ਦੇ ਨਾਲ ਨਾਲ ਉਸਦਾ ਸਰਬਪੱਖੀ ਕੰਮ ਹੈ। ਉਸਦੀਆਂ ਕਵਿਤਾ, ਅਨੁਵਾਦ, ਆਲੋਚਨਾ, ਸੰਪਾਦਨਾ ਆਦਿ ਦੀਆਂ 25 ਤੋਂ ਵੱਧ ਪੁਸਤਕਾਂ ਹਨ ਤੇ ਉਹ ਚੁੱਪ ਚਾਪ ਅਪਣੇ ਕੰਮ ਵਿਚ ਲੀਨ ਹੈ।

– : ਤੁਹਾਡੀ ਸੁਰਜੀਤ ਪਾਤਰ ਨਾਲ ਬੜੀ ਯਾਰੀ ਹੁੰਦੀ ਸੀ। ਇਹ ਭਲਾ 'ਤੜੱਕ ਕਰਕੇ' ਕਿਵੇਂ ਟੁੱਟ ਗਈ?

ਨੂਰ : ਸੁਰਜੀਤ ਪਾਤਰ ਮੇਰਾ ਮਿੱਤਰ ਹੈ। ਪੰਜਾਬੀ ਸਾਹਿਤ ਅਕਾਦਮੀ ਦੀ ਚੋਣ ਅਸੀਂ ਇਕ ਦੂਜੇ ਦੇ ਮੁਕਾਬਲੇ 'ਤੇ ਲੜੀ। ਪਾਤਰ ਜਿੱਤਿਆ। ਪਰ ਮੈਂ ਆਖਿਆ ਵੀ ਸੀ ਕਿ ਇਹ ਸਾਡਾ 'ਫਰੈਂਡਲੀ ਮੈਚ' ਹੈ। ਅਸੀਂ ਉਵੇਂ ਹੀ ਦੋਸਤ ਹਾਂ। ਅਸੀਂ 1970-71 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਪਹਿਲਾਂ ਕੰਧ-ਮੈਗਜ਼ੀਨ ਸ਼ੁਰੂ ਕੀਤਾ। ਫਿਰ 'ਕਲਯੁਗ' ਸ਼ੁਰੂ ਕੀਤਾ। ਪੰਜਾਬੀ ਯੂਨੀਵਰਸਿਟੀ 'ਚੋਂ ਵਿਦਾ ਵੀ ਇਕੱਠੇ ਹੋਏ। ਹੁਣ ਵੀ ਸਾਡੀ ਦੋਸਤੀ ਸੰਘਣੀ ਹੈ। ਅਸੀਂ ਇਕ ਦੂਜੇ ਨਾਲ ਕਈ ਗੱਲਾਂ ਦੀ ਸਲਾਹ ਕਰਦੇ ਹਾਂ।

ਬਦੇਸ਼ੀ ਮਾਇਆ

– : ਕਈ ਵਿਦਵਾਨਾਂ ਨੂੰ ਮਹਿਫਲਾਂ ਵਿਚ ਇਉਂ ਕਹਿੰਦਿਆਂ ਸੁਣਿਆ ਹੈ ਕਿ ਅੱਜ ਕੱਲ੍ਹ ਵਿਦੇਸ਼ਾਂ ਵਿਚ ਹੀ ਚੰਗਾ ਪੰਜਾਬੀ ਸਾਹਿਤ ਪੈਦਾ ਹੋ ਰਿਹਾ ਹੈ। ਕੀ ਇਹ ਗੱਲ ਸਹੀ ਹੈ ਜਾਂ 'ਰੋਟੀਆਂ ਕਾਰਨ ਪੂਰੇ ਤਾਲ' ਦੀ ਪੁਰਾਣੀ ਰੱਟ?

ਨੂਰ : ਵਿਦੇਸ਼ਾਂ ਵਿਚ ਪੰਜਾਬੀ ਸਾਹਿਤ ਦੀਆਂ ਕੁਝ ਚੰਗੀਆਂ ਲਿਖਤਾਂ ਸਾਹਮਣੇ ਆਈਆਂ ਹਨ, ਪਰ ਇਸਦਾ ਇਹ ਭਾਵ ਨਹੀਂ ਕਿ ਸਾਰਾ ਚੰਗਾ ਸਾਹਿਤ ਉਧਰ ਹੀ ਪੈਦਾ ਹੋ ਰਿਹਾ ਹੈ। ਆਖਰ ਉਹ ਲੇਖਕ ਵੀ ਇਧਰ ਦੇ ਮਾਹੌਲ ਤੋਂ ਪ੍ਰਵਿਰਤੀਆਂ 'ਚੋਂ ਗਏ ਹਨ। ਮੈਨੂੰ ਲੱਗਦਾ ਹੈ ਵਧੇਰੇ ਚੰਗਾ ਸਾਹਿਤ ਪੈਦਾ ਹੋਣ ਦੀਆਂ ਇਧਰ ਸੰਭਾਵਨਾਵਾਂ ਵਧੇਰੇ ਰਹਿਣਗੀਆਂ। ਉਧਰੋਂ ਪੈਦਾ ਹੋਇਆ ਸਾਹਿਤ ਚੰਗਾ ਤਾਂ ਉਦੋਂ ਹੀ ਆਉਣ ਦੀ ਸੰਭਾਵਨਾ ਹੋਵੇਗੀ ਜਦੋਂ ਉਧਰ ਪੈਦਾ ਹੋਈ ਪੀੜ੍ਹੀ ਪੰਜਾਬੀ ਵਿਚ ਉਥੋਂ ਦੇ ਸਮਾਜਕ ਵਿਰੋਧਾਂ ਬਾਰੇ ਲਿਖੇਗੀ। ਅਜੇ ਤਾਂ ਇਧਰੋਂ ਗਏ ਸਾਹਿਤਕਾਰ ਇੱਧਰ ਦਾ ਹੀ ਲਿਖ ਰਹੇ ਹਨ। ਉਹ ਸਾਹਿਤ ਪੂਰੀ ਤਰ੍ਹਾਂ ਵਿਕਸਤ ਪੂੰਜੀਵਾਦ ਦੇ ਅੰਤਰ-ਵਿਰੋਧਾਂ ਨੂੰ ਪਛਾਨਣ ਦੇ ਅਜੇ ਸਮਰੱਥ ਨਹੀਂ ਹੋਇਆ। ਕਿਸੇ ਕਿਸੇ ਲਿਖਤ ਵਿਚ ਹੀ ਇਕ ਸੀਮਾ ਵਿਚ ਇਹ ਗੱਲ ਉਘੜੀ ਹੈ।

– : ਸੇਖੋਂ-ਕਿਸ਼ਨ ਸਿੰਘ, ਅਤਰ ਸਿੰਘ-ਹਰਿਭਜਨ ਸਿੰਘ, ਸੋਹਣ ਸਿੰਘ ਜੋਸ਼-ਜਸਵੰਤ ਸਿੰਘ ਕੰਵਲ ਅਤੇ ਇਹੋ ਜਿਹੇ ਕਈ ਹੋਰ ਤਲਖ ਤੁਰਸ਼ ਸੰਵਾਦ ਤੁਸੀਂ ਹੰਢਾਏ ਹਨ। ਇਨ੍ਹਾਂ ਨੂੰ ਕਿਵੇਂ ਦੇਖਿਆ ਸਮਝਿਆ?

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

ਨੂਰ : ਸੇਖੋਂ ਤੇ ਕਿਸ਼ਨ ਸਿੰਘ ਦਾ ਤਿੱਖਾ ਸੰਵਾਦ ਰਿਹਾ। ਦੋਵੇਂ ਮਾਰਕਸਵਾਦੀ ਸਨ, ਪਰ ਪੁਜੀਸ਼ਨ ਵੱਖਰੀ ਵੱਖਰੀ। ਕਈ ਵਾਰੀ ਇਹ ਵਾਦ-ਵਿਵਾਦ ਜਾਤ-ਪਾਤ ਤੱਕ ਆ ਜਾਂਦਾ। ਕਈ ਗੋਸ਼ਟੀਆਂ ਵਿਚ ਇਹ ਵਾਦ-ਵਿਵਾਦ ਦੇਖਿਆ, ਪਰ ਮੇਰਾ ਸੇਖੋਂ ਤੇ ਕਿਸ਼ਨ ਸਿੰਘ ਦੋਨਾਂ ਨਾਲ ਮੇਲ ਜੋਲ ਰਿਹਾ। ਮੈਂ ਦੋਨਾਂ ਤੋਂ ਕਾਫੀ ਕੁਝ ਸਿੱਖਿਆ। ਕਿਸ਼ਨ ਸਿੰਘ ਅੰਦਰੋਂ ਬਹੁਤ ਗੁਸੈਲ ਤੇ ਸੁੰਗੜਿਆ ਹੋਇਆ ਸੀ। ਸੇਖੋਂ ਖੁੱਲ੍ਹਾ ਡੁੱਲ੍ਹਾ ਤੇ ਹਸਮੁਖ। ਅਤਰ ਸਿੰਘ ਨਾਲ ਮੇਰੀ ਪਹਿਲਾਂ ਨੇੜਤਾ ਰਹੀ। ਅਤਰ ਸਿੰਘ ਦੇ ਵਿਆਹ ਦਾ ਫੈਸਲਾ ਅੰਬਾਲੇ ਮੇਰੇ ਘਰ ਬੈਠਿਆਂ ਹੀ ਹੋਇਆ। ਉਸਦੀ ਮਾਤਾ ਅੰਬਾਲੇ ਪਹੁੰਚੀ। ਅਤਰ ਸਿੰਘ ਹਿਸਾਰ ਵੱਲ ਕਿਸੇ ਬੀਬੀ ਨਾਲ ਸ਼ਾਦੀ ਕਰਨਾ ਚਾਹੁੰਦਾ ਸੀ। ਉਸ ਨੇ ਅਪਣਾ ਵਿਚਾਰ ਰੱਖਿਆ, ਪਰ ਉਸਦੀ ਮਾਤਾ ਨਾ ਮੰਨੀ, ਉਸ ਨੇ ਉਸ ਰਿਸ਼ਤੇ ਦੀ ਸਲਾਹ ਦਿੱਤੀ ਜਿੱਥੇ ਬਾਅਦ ਵਿਚ ਵਿਆਹ ਹੋਇਆ। ਅਤਰ ਸਿੰਘ ਮਾਤਾ ਦੀ ਬਹੁਤ ਇਜ਼ਤ ਕਰਦਾ ਸੀ। ਉਹ ਇਹ ਗੱਲ ਪਟਿਆਲੇ ਪਹਿਲਾਂ ਨਹੀਂ ਸੀ ਵਿਚਾਰਨਾ ਚਾਹੁੰਦਾ। ਅਤਰ ਸਿੰਘ ਨੇ ਮਾਤਾ ਦੇ ਅੱਗੇ ਮੱਥਾ ਟੇਕਿਆ ਤੇ ਗੱਲ ਸਵੀਕਾਰ ਕਰ ਲਈ। ਬਾਅਦ ਵਿਚ ਜਦੋਂ ਹਰਿਭਜਨ ਸਿੰਘ ਨਾਲ ਉਸਦ ਵਿਰੋਧ ਪੈਦਾ ਹੋਇਆ ਤਾਂ ਮੇਰੇ ਨਾਲ ਵੀ ਇਕ ਵਿੱਥ ਪੈਦਾ ਹੁੰਦੀ ਗਈ। ਉਹ ਹਰਿਭਜਨ ਸਿੰਘ 'ਤੇ ਆਲੋਚਨਾ ਦੀ ਇਕ ਕਿਤਾਬ ਸੰਪਾਦ ਕਰਨਾ ਚਾਹੁੰਦਾ ਸੀ, ਪਰ ਹਰਿਭਜਨ ਸਿੰਘ ਨੇ ਇਹ ਗੱਲ ਰੱਦ ਕਰ ਦਿੱਤੀ। ਚੰਡੀਗੜ੍ਹ ਜਾ ਕੇ ਉਹ ਰਾਜਨੀਤੀ ਵਿਚ ਵਧੇਰੇ ਸਰਗਰਮ ਹੋ ਗਿਆ ਕਿਉਂਕਿ ਉਹ ਰਾਜਨੀਤੀ ਵਿਚ ਡਾ. ਵਿਸ਼ਵ ਨਾਥ ਤਿਵਾੜੀ ਅਤੇ ਡਾ. ਜਸਬੀਰ ਸਿੰਘ ਆਹਲੂਵਾਲੀਆ ਨੂੰ ਪਛਾੜਨਾ ਚਾਹੁੰਦਾ ਸੀ। ਪਛਾੜ ਨਾ ਸਕਿਆ ਤੇ ਫਰੱਸਟਰੇਟ ਹੋ ਕੇ ਬਿਮਾਰ ਹੁੰਦਾ ਗਿਆ।

## ਸਾਹਿਤ 'ਚ ਸਿਆਸਤ

– : ਕਹਿੰਦੇ ਹਨ ਪੰਜਾਬੀ ਦੀਆਂ ਸਕੂਲਾਂ ਤੋਂ ਲੈ ਕੇ ਐਮ.ਏ. ਤੱਕ ਦੀਆਂ ਪਾਠ ਪੁਸਤਕਾਂ ਤਿਆਰ ਕਰਨ ਵੇਲੇ ਵੀ ਇਨਾਮਾਂ ਸਨਮਾਨਾਂ ਵਾਂਗ ਹੀ 'ਪਹੁੰਚ' ਦਾ ਬੋਲਬਾਲਾ ਹੈ। ਤੁਹਾਡੀ ਜਾਣਕਾਰੀ ਕੀ ਹੈ?

ਨੂਰ : ਪੰਜਾਬੀ ਦੀਆਂ ਸਕੂਲਾਂ ਤੋਂ ਐਮ.ਏ. ਤੱਕ ਦੀਆਂ ਪਾਠ-ਪੁਸਤਕਾਂ ਵਿਚ ਯਾਰੀਆਂ ਦੋਸਤੀਆਂ ਦਾ ਬੋਲਬਾਲਾ ਹੋਣਾ ਕੁਦਰਤੀ ਹੈ, ਕਿਉਂਕਿ ਇਹੀ ਸਿਆਸਤ ਬਾਕੀ ਸਮਾਜਿਕ ਕਾਰ-ਵਿਹਾਰ ਵਿਚ ਹੈ। ਇਸੇ ਲਈ ਪਾਠ-ਪੁਸਤਕਾਂ ਵਿਚ ਸੁਧਾਰਾਂ ਲਈ ਕਈ ਵਾਰੀ ਆਵਾਜ਼ ਸਾਹ-ਮਣੇ ਆਉਂਦੀ ਹੈ। ਜਦੋਂ ਭਾਈ ਜੋਧ ਸਿੰਘ ਦਾ ਸਮਾਂ ਸੀ ਉਦੋਂ ਬੋਰਡ ਦੇ ਮੈਂਬਰਾਂ ਨਾਲ ਕੁਝ ਪ੍ਰਕਾਸ਼ਕਾਂ ਦਾ ਨਿਸ਼ਚਿਤ ਕਮਿਸ਼ਨ ਵੀ ਬੱਝਿਆ ਹੁੰਦਾ ਸੀ। ਇਹ ਗੱਲ ਮੈਨੂੰ ਲਾਹੌਰ ਬੁੱਕ ਸ਼ਾਪ ਦੇ ਜੀਵਨ ਸਿੰਘ ਨੇ ਦੱਸੀ ਸੀ। ਕੋਰਸ ਵਿਚ ਕਿਤਾਬਾਂ ਲਿਆਉਣ ਲਈ ਉਸ ਨੇ ਆਪ ਕਮਿਸ਼ਨ ਦਿੱਤਾ ਸੀ।


ਨੂਰ ਦਾ ਸਫ਼ਰ: ਚੜ੍ਹਦੀ ਉਮਰੇ-1955


ਭਰ ਜਵਾਨੀ-1972


ਹਾਲ-ਫਿਲਹਾਲ

– : ਚੰਡੀਗੜ੍ਹ ਦਾ ਇਕ ਲੇਖਕ ਤੁਹਾਨੂੰ 'ਸਾਹਿਤ ਦਾ ਜਥੇਦਾਰ' ਲਿਖਦਾ ਹੈ। ਤਸਵੀਰ ਉਭਰਦੀ ਹੈ, ਹੱਥ ਵਿਚ ਝੰਡਾ ਜਾਂ ਖੂੰਡਾ, ਪਿੱਛੇ ਭੀੜਾਂ। ਕੀ ਤੁਹਾਡੇ ਜਿਹੇ ਕੋਮਲ ਭਾਵੀ ਬੰਦੇ ਦੇ ਇਹ ਫਿੱਟ ਬਹਿੰਦਾ ਹੈ। ਪਰ ਤੁਸੀਂ ਇਹ ਪੜ੍ਹ ਕੇ ਕੁਸਕੇ ਵੀ ਨਹੀਂ। ਕੀ ਗੱਲ?

ਨੂਰ : ਜਦੋਂ ਮੈਨੂੰ ਗੁਰਬਚਨ ਨੇ ਸਾਹਿਤ ਦਾ ਜਥੇਦਾਰ ਆਖਿਆ, ਮੈਂ ਇਸ 'ਤੇ ਹੱਸ ਛੱਡਿਆ। ਇਹ ਫਿਕਰੇਬਾਜ਼ੀ ਹੈ। ਉਸ ਨੂੰ ਫਿਕਰੇਬਾਜ਼ੀ ਨਾਲ ਸਨਕੀ ਮੋਹ ਹੈ ਭਾਵੇਂ ਫ਼ਿਕਰੇਬਾਜ਼ੀ ਕਿੰਨੀ ਵੀ ਊਲ ਜਲੂਲ ਜਾਂ ਗਾਲੀ ਗਲੋਚ ਵਾਲੀ ਹੋਵੇ। ਇਹ ਬੰਦੇ ਦੀ ਮੈਂਟਲ ਪ੍ਰਾਬਲਮ ਹੁੰਦੀ ਹੈ। ਇਸ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਇਹ ਪ੍ਰਾਬਲਮ ਫਰੱਸਟਰੇਸ਼ਨ 'ਚੋਂ ਵੀ ਪੈਦਾ ਹੁੰਦੀ ਹੈ। ਇਸਦਾ ਇਲਾਜ ਕੇਵਲ ਦਿਮਾਗੀ ਡਾਕਟਰਾਂ ਕੋਲ ਹੁੰਦਾ ਹੈ।

– : ਮੋਹਨ ਸਿੰਘ-ਅੰਮ੍ਰਿਤਾ, ਪਾਸ਼-ਸ਼ਿਵ ਕੁਮਾਰ, ਕਦੀ ਇਨ੍ਹਾਂ ਸਮਕਾਲੀ ਜੋੜਿਆਂ ਦੀ ਮਨ ਹੀ ਮਨ ਤੁਲਨਾ ਕੀਤੀ ਹੈ। ਕੌਣ ਵੱਡਾ ਸੀ ਦੂਜੇ ਨਾਲੋਂ?

ਨੂਰ : ਹਰ ਕਵੀ ਅਪਣੇ ਆਪ ਵਿਚ ਵੱਡਾ ਹੁੰਦਾ ਹੈ। ਉਸਦੇ ਕੁਝ ਵੱਡੇ ਪੱਖ ਹੁੰਦੇ ਹਨ। ਮੋਹਨ ਸਿੰਘ ਰੋਮਾਨੀ-ਪ੍ਰਗਤੀਵਾਦ ਦੇ ਪ੍ਰਗਟਾ ਕਰਕੇ ਵੱਡਾ ਹੈ। ਅੰਮ੍ਰਿਤਾ ਪਹਿਲੀ ਵਾਰੀ ਨਾਰੀ ਦੀ ਆਵਾਜ਼ ਨੂੰ ਸਰਬਪੱਖੀ ਤੌਰ 'ਤੇ ਪੇਸ਼ ਕਰਦੀ ਹੈ। ਪਾਸ਼ ਕ੍ਰਾਂਤੀਕਾਰੀ ਕਵਿਤਾ ਦੀ ਪ੍ਰਮੁੱਖ ਆਵਾਜ਼ ਹੈ। ਸ਼ਿਵ ਕੁਮਾਰ ਪ੍ਰਮੁੱਖ ਪ੍ਰਗੀਤਕਾਰ ਹੈ। ਮੈਂ ਇਨ੍ਹਾਂ ਦੀ ਤੁਲਨਾ ਕਰਕੇ ਕਿਸੇ ਇਕ ਨੂੰ ਵੱਡਾ ਕਹਿਣ ਦੇ ਹੱਕ ਵਿਚ ਨਹੀਂ।

## ਵਿਚਾਰਧਾਰਕ ਯੂ-ਟਰਨ

– : ਤੁਸੀਂ ਵਿਚਾਰਧਾਰਕ ਯੂ-ਟਰਨ ਮਾਰਨ ਦੇ ਮਾਹਰ ਸਮਝੇ ਜਾਂਦੇ ਹੋ। ਕੀ ਅਜਿਹਾ ਕਰਨ ਨਾਲ ਤੁਾਹਨੂੰ ਅਪਣੀ ਭਰੋਸੇਯੋਗਤਾ ਗੁਆ ਲੈਣ ਦਾ ਡਰ ਨਹੀਂ ਲੱਗਦਾ?

ਨੂਰ : ਮੈਂ ਇਸਨੂੰ ਵਿਚਾਰਧਾਰਕ ਯੂ-ਟਰਨ ਨਹੀਂ ਕਹਿੰਦਾ, ਵਿਚਾਰਧਾਰਕ ਪਰਿਵਰਤਨ ਕਹਿੰਦਾ ਹਾਂ। ਵਿਕਾਸ ਵਿਚ ਇਹ ਗੱਲ ਸੰਭਵ ਹੁੰਦੀ ਹੈ। ਵਿਚਾਰਧਾਰਾ ਦੇ ਇਕੋ ਬਿੰਦੂ 'ਤੇ ਖੜ੍ਹੇ ਰਹਿਣਾ ਧਾਰਮਿਕ ਵਤੀਰਾ ਹੈ। ਇਕ ਵਿਚਾਰਧਾਰਾ ਦੀਆਂ ਬਹੁ-ਪਰਤੀ ਸੰਭਾਵਨਾਵਾਂ ਹੁੰਦੀਆਂ ਹਨ। ਗਿਆਨ ਦੀਆਂ ਪ੍ਰਗਤੀਸ਼ੀਲ ਦਿਸ਼ਾਵਾਂ ਵੀ ਫੈਲ ਰਹੀਆਂ ਹਨ।

– : ਸਨਾਤਨੀ ਮਾਰਕਸਵਾਦੀਆਂ ਨਾਲੋਂ ਨਵ-ਮਾਰਕਸਵਾਦੀਆਂ ਵੱਲ ਤੁਹਾਡਾ ਵਤੀਰਾ ਕੁਝ ਨਰਮ ਲੱਗਦਾ ਹੈ। ਕੀ ਇਹਦਾ ਕੋਈ ਖਾਸ ਕਾਰਨ ਹੈ?

ਨੂਰ : ਮਾਰਕਸਵਾਦ ਇਕ ਵਿਗਿਆਨਕ ਦ੍ਰਿਸ਼ਟੀ ਵਾਲਾ ਗਿਆਨ ਹੈ, ਜਿਸ ਦਾ ਸਬੰਧ ਵਿਕਾਸ ਨਾਲ ਹੈ। ਇਸ ਲਈ ਉਸ ਚਿੰਤਕ ਨੂੰ ਖੜੋਤ ਨਾਲ ਸਬੰਧਤ ਨਹੀਂ ਕਰਨਾ ਚਾਹੀਦਾ। ਸਨਾਤਨੀ ਮਾਰਕਸਵਾਦੀਆਂ ਕਰਕੇ ਹੀ ਉਸ ਸੋਚ ਵਿਚ ਸੰਕਟ ਪੈਦਾ ਹੋਏ ਹਨ ਤੇ ਬੜਾ ਕੁਝ ਤਬਾਹ ਹੋਇਆ ਹੈ। ਨਵ-ਮਾਰਕਸਵਾਦ ਵਿਕਾਸ ਵਿਚ ਯਕੀਨ ਰੱਖਦਾ ਹੈ। ਮਾਰਕਸਵਾਦ ਦਾ ਇਕੋ ਮਾਡਲ ਨਹੀਂ ਹੋ ਸਕਦਾ। ਇਸਦਾ ਨਿਰਭਰ ਕਿਸੇ ਸਮਾਜ ਦੇ ਵਿਰਸ, ਸੰਰਚਨਾ, ਇਤਿਹਾਸ, ਸਥਿਤੀਆਂ ਅਤੇ ਅਪਣੇ ਸਮਾਜਿਕ ਵਿਰੋਧਾਂ 'ਤੇ ਹੁੰਦਾ ਹੈ। ਨਵ-ਮਾਰਕਸਵਾਦ ਇਸ ਵੱਲ ਰੁਚਿਤ ਹੈ। ਮੈਂ ਸਨਾਤਨੀ ਮਾਰਕਸਵਾਦ ਅਤੇ ਪੂੰਜੀਵਾਦ ਦੇ ਇਕੋ ਸਮੇਂ ਖ਼ਿਲਾਫ਼ ਹਾਂ। ਕਿਸੇ ਵੀ ਵਿਚਾਰਧਾਰਾ ਦਾ ਇਕਹਿਰਾਵਾਦ ਉਸੇ ਵਿਚਾਰਧਾਰਾ ਦੇ ਭਿੰਨ ਪਰਤਾਂ ਵਾਲੇ ਲੋਕਾਂ ਪ੍ਰਤੀ ਨਫ਼ਰਤ, ਕੇਵਲ ਹਿੰਸਾ ਤੇ ਡਿਟਰੇਟਰਸ਼ਿਪ ਨੂੰ ਜਨਮ ਦਿੰਦਾ ਹੈ, ਜੋ ਅੰਤਮ ਤੌਰ 'ਤੇ ਫਾਜਿਸ਼ਜਮ ਦਾ ਰੂਪ ਧਾਰ ਲੈਂਦਾ ਹੈ। ਮੈਂ ਇਸ ਲਈ ਨਵ-ਮਾਰਕਸਵਾਦ ਤੇ ਸੰਰਚਨਾਤਮਕ ਵਿਧੀ ਨੂੰ ਰਲਾ ਕੇ ਦੇਖਦਾ ਹਾਂ। ਮੈਨੂੰ ਗੁਰਬਾਣੀ, ਸੂਫੀ ਸਾਹਿਤ, ਕਿੱਸੇ ਤੇ ਹੋਰ ਵਿਸੇ ਦੇ ਅਧਿਐਨ ਨਾਲ ਵੀ ਮੋਹ ਹੈ ਤੇ ਮੈਂ ਉਸਦਾ ਨਵੀਂ ਚੇਤਨਾ ਨਾਲ ਵਿਸ਼ਲੇਸ਼ਣ ਕਰਨਾ ਚਾਹੁੰਦਾ ਹਾਂ।

– : ਉਮਰ ਪੱਖੋਂ ਹੁਣ ਤੁਸੀਂ ਸੱਤਰਾਂ ਨੂੰ ਢੁੱਕਣ ਲੱਗੇ ਹੋ। ਕੀ ਲੱਗਦਾ ਹੈ ਕਿ ਤੁਹਾਡਾ ਜੀਵਨ ਪੂਰੀ ਤਰ੍ਹਾਂ ਸਫਲ ਰਿਹਾ ਤੇ ਜੋ ਤੁਸੀਂ ਕਰਨਾ ਚਾਹੁੰਦੇ ਸੀ ਕਰ ਸਕੇ?

ਨੂਰ : ਮੈਂ ਸੱਤਰਵੇਂ ਵਰ੍ਹੇ ਵਿਚ ਹਾਂ। ਮੈਨੂੰ ਲੱਗਦਾ ਹੈ ਮੈਂ ਜੀਵਨ ਵਿਚ ਸਫ਼ਲ ਰਿਹਾ ਹਾਂ। ਲਗਾਤਾਰ ਅਪਣੇ ਕੰਮ ਵਿਚ ਲੀਨ ਰਿਹਾ ਹਾਂ। ਇਹੀ ਮੇਰਾ ਉਦੇਸ਼ ਸੀ। ਪੰਜ ਸੱਤ ਕਿਤਾਬਾਂ ਮੇਰੇ ਦਿਮਾਗ ਵਿਚ ਘੁੰਮ ਰਹੀਆਂ ਹਨ। ਕੁਝ ਦਾ ਕੰਮ ਛੋਹਿਆ ਵੀ ਹੋਇਆ ਹੈ। ਦੋ ਨਾਵਲ ਦਿਮਾਗ ਵਿਚ ਬਣਦੇ ਮਿਟਦੇ ਰਹਿੰਦੇ ਹਨ। ਜੀ ਕਰਦਾ ਹੈ ਸਮੇਂ ਸਮੇਂ ਪੰਦਰਾਂ ਦਿਨ ਕਿਤੇ ਨਿਵੇਕਲੇ ਨਿਕਲ ਜਾਵਾਂ ਤੇ ਲਿਖਾਂ। ਕਾਰਲ ਮਾਰਕਸ ਦੀ ਕਵਿਤਾ ਦਾ ਅਨੁਵਾਦ ਸੰਪੂਰਨ ਹੋਣ ਵਾਲਾ ਹੈ। ਗੁਰਬਾਣੀ ਬਾਰੇ ਇਕ ਕਿਤਾਬ ਵੀ ਮੁਕੰਮਲ ਹੈ। 'ਸਾਹਿਤਕ ਸਵੈ ਜੀਵਨੀ' ਪੰਜਾਬੀ ਯੂਨੀਵਰਸਿਟੀ ਦਾ ਪ੍ਰਾਜੈਕਟ ਹੈ, ਜੋ ਲਗਪਗ ਪੂਰਾ ਕਰ ਲਿਆ ਹੈ। ਮੇਰੀਆਂ ਕਵਿਤਾ, ਆਲੋਚਨਾ, ਅਨੁਵਾਦ, ਸੰਪਾਦਨਾ ਦੀਆਂ 60 ਦੇ ਕਰੀਬ ਕਿਤਾਬਾਂ ਹਨ।



# ਸਲਾਹ ਤਾਂ ਲਈ ਗਈ, ਪਰ ਸੁਣੀ ਵੀ ਗਈ?

## ਅਲਬਰਟਾ ਦੀ ਸਿਹਤ ਸੰਭਾਲ ਪ੍ਰਣਾਲੀ ਦੀ ਰੀਪੋਰਟ ਵਿਚੋਂ ਅਲਬਰਟਾ ਵਾਸੀਆਂ ਦੀਆਂ ਚਿੰਤਾਵਾਂ ਗ਼ਾਇਬ

ਇਸ ਮਹੀਨੇ ਦੇ ਸ਼ੁਰੂ ਵਿਚ ਐਮ.ਐਲ.ਏ. ਫ਼ਰੈੱਡ ਹੋਰਨ ਅਤੇ ਉਸ ਦੀ ਸਿਹਤ ਸਬੰਧੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਨੇ ਅਲਬਰਟਾ ਵਿਚ ਸਿਹਤ ਸੰਭਾਲ ਪ੍ਰਣਾਲੀ ਬਾਰੇ ਇਕ ਨਵੀਂ ਰੀਪੋਰਟ ਜਾਰੀ ਕੀਤੀ। ਰੀਪੋਰਟ ਜਿਸ ਨੇ ਤਿਆਰੀ ਲਈ ਚਾਰ ਮਹੀਨੇ ਅਤੇ ਇਕ ਮਿਲੀਅਨ ਡਾਲਰ ਲਏ, ਪਿਛਲੀ ਬਸੰਤ ਰੁੱਤੇ ਸੂਬੇ ਦੇ ਨੇੜਲੇ ਭਾਈਚਾਰਿਆਂ ਨੂੰ ਪੁੱਛੇ ਗਏ ਇਸ ਸਵਾਲ ’ਤੇ ਅਧਾਰਤ ਸੀ ਕਿ ਅਲਬਰਟਾ ਸਿਹਤ ਸੰਭਾਲ ਕਾਨੂੰਨ ਲਈ ਕੀ ਕੁਝ ਜੁਟ-ਾਇਆ ਜਾਣਾ ਚਾਹੀਦਾ ਹੈ।

ਰੀਪੋਰਟ ਦੋ ਭਾਗਾਂ ਵਿੱਚ ਜਾਰੀ ਕੀਤੀ ਗਈ, ਭਾਵੇਂ ਰੀਪੋਰਟ ਦੇ ਪਹਿਲੇ ਭਾਗ ਵਿੱਚ ਕਮੇਟੀ ਦੀਆਂ ਅਸਲ ਸਿਫ਼ਾਰਸ਼ਾਂ ਸ਼ਾਮਲ ਹਨ, ਮੈਂ ਦੂਜੇ ਭਾਗ ਨੂੰ ਪੜ੍ਹਨ ਲਈ ਚੁਣਿਆ, ਜਿਹੜਾ ਉਹ ਸਾਰਾ ਮੁਹੱਈਆ ਕਰਵਾਉਂਦਾ ਹੈ ਜੋ ਰਾਵਾਂ ਲੈਣ ਦੀ ਪ੍ਰਕਿਰਿਆ ਦੌਰਾਨ ਕਮੇਟੀ ਨੇ ਅਲਬਰਟਾ ਵਾਸੀਆਂ ਦੇ ਮੂੰਹੋਂ ਸੁਣਿਆ। ਮੈਂ ਅਜਿਹਾ ਇਸ ਲਈ ਕੀਤਾ ਕਿਉਂਕਿ ਇਹ ਛੁਪਾਉਣਾ ਸਰਕਾਰ ਲਈ ਵਿਸ਼ੇਸ਼ ਨਹੀਂ ਸੀ ਜੋ ਉਸ ਨੇ ਪ੍ਰਾਥਮਿਕਤਾ ਮਿੱਥਣ ਲਈ ਅਤੇ ਇਸ ਨੂੰ ਉਚਿਤ ਠਹਿਰਾਉਣ ਲਈ ਅਲਬਰਟਾ ਵਾਸੀਆਂ ਤੋਂ ਸੁਣਿਆ ਸੀ। ਮੈਂ ਇਹ ਦੇਖਣਾ ਚਾਹੁੰਦਾ ਸੀ ਕਿ


ਰਿਕਾਰਡੋ ਅਕੂਨਾ

ਉਹ ਰੀਪੋਰਟ ਵੱਖਰੀ ਸੀ। ਮੈਨੂੰ ਉਸ ਦੀ ਸੁਹਿਰਦ ਤੇ ਸਪੱਸ਼ਟ ਪੇਸ਼ਕਾਰੀ ਦੇਖ ਕੇ ਖ਼ੁਸ਼ੀ ਭਰੀ ਹੈਰਾਨੀ ਹੋਈ, ਜੋ ਕਮੇਟੀ ਨੇ ਸੁਣਿਆ ਸੀ। ਸੂਬੇ ਦੇ ਨੇੜਲੇ ਖੇਤਰ ਦੀਆਂ ਵਰਕਸ਼ਾਪਾਂ ਦੇ 1500 ਦੇ ਲਗਭਗ ’ਤੇ ਇੰਟਰਨੈਟ ਸਰਵੇਖਣ ਮੁਕੰਮਲ ਕੀਤਾ।

ਜਦੋਂ ਅਲਬਰਟਾ ਵਾਸੀਆਂ ਨੂੰ ਕਮੇਟੀ ਨੇ ਪੁੱਛਿਆ ਕਿ ਪ੍ਰਣਾਲੀ ਵਿਚ ਕਿਹੜੀ ਚੀਜ਼ ਕੰਮ ਨਹੀਂ ਕਰ ਰਹੀ ਤਾਂ ਜਵਾਬ ਬਿਲਕੁਲ ਸਪੱਸ਼ਟ ਸਨ। ਅਲਬਰਟਾ ਵਾਸੀਆਂ ਨੂੰ ਆਪਣੀ ਸਿਹਤ ਪ੍ਰਣਾਲੀ ਦੀ ਚਿੰਤਾ ਹੈ। ਰੀਪੋਰਟ ਵਿਚ ਕੁਝ ਮੁੱਖ ਮੁੱਦੇ ਉਠਾਏ ਗਏ, ਜਿਨ੍ਹਾਂ ਵਿਚ ਅਲਬਰਟਾ ਸਿਹਤ ਸੇਵਾਵਾਂ ਤੋਂ ਬਾਹਰ ਰਹਿ ਗਈਆਂ ਸਿਹਤ ਸੇਵਾਵਾਂ ਦੀ ਲੰਮੀ ਹੋ ਰਹੀ ਸੂਚੀ ਸ਼ਾਮਲ ਹੈ। ਇਨ੍ਹਾਂ ਸਿਹਤ ਸੇਵਾਵਾਂ ਤਹਿਤ ਅਲਬਰਟਾ ਵਾਸੀਆਂ ਨੂੰ ਪਰਿਵਾਰਕ ਡਾਕਟਰਾਂ, ਸਮੇਂ ਸਿਰ ਸੇਵਾਵਾਂ, ਸੂਬੇ ਦੇ ਭਾਂਈਚਾਰਿਆਂ ਵਿਚ ਜਿਉਣ ਲਈ ਸਹਾਇਕ ਤੇ ਲੰਮੀ ਮਿਆਦ ਦੀਆਂ ਸਿਹਤ ਸੰਭਾਲ ਅਤੇ ਖਾਣਾ ਮਿਲਣ ਵਿਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰੀਪੋਰਟ ਇਸ ਤੱਥ ਨੂੰ ਉਭਾਰ ਰਹੀ ਹੈ ਕਿ ਅਲਬਰਟਾ ਵਾਸੀਆਂ ਦੀ ਸਲਾਹ ਲਈ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਪ੍ਰਣਾਲੀ ਦੇ ਦਿਸ਼ਾ ਨਿਰਧਾਰਨ ਲਈ ਧਿਆਨ ਨਾਲ ਸੁਣਿਆ ਜਾਣਾ ਚਾਹੀਦਾ ਹੈ ਅਤੇ ਉਹ ਸੂਬੇ ਦੀ ਮੌਜੂਦਾ ਸਿਹਤ ਪ੍ਰਣਾਲੀ ਨੂੰ ਓਵਰਹਾਲ ਕਰਨ ਦੇ ਪੱਖ ਵਿਚ ਨਹੀਂ ਹਨ। ਰੀਪੋਰਟ ਦੇ ਦੂਜੇ ਭਾਗ ਦੇ ਵਿਸ਼ੇ 'ਲੋਕਾਂ ਨੂੰ ਅੱਗੇ ਰੱਖਣ’ ਦੇ ਸਿਰਲੇਖ ਨਾਲ ਮਿਲ ਕੇ ਪ੍ਰਣਾਲੀ ਵਿੱਚ ਪ੍ਰਸਤਾਵਿਤ ਤਬਦੀਲੀਆਂ ਤੇ ਸਿਫ਼ਾਰਸ਼ਾਂ ਬਾਰੇ ਆਸ ਬੰਨ੍ਹਾਉਂਦੇ ਹਨ, ਜਿਹੜੀਆਂ ਪਹਿਲੇ ਹਿੱਸੇ ਵਿਚ ਦਿੱਤੀਆਂ ਗਈਆਂ ਹਨ। ਮੈਂ ਸੋਚਿਆ ਚਲੋ ਇਕ ਤਾਂ ਕਮੇਟੀ ਹੈ ਜਿਸ ਨੇ ਸੱਚਮੁਚ ਅਲਬਰਟਾ ਵਾਸੀਆਂ ਤੇ ਉਨ੍ਹਾਂ ਦੀ ਕਾਰਵਾਈ ਦੇ ਸੱਦੇ ਨੂੰ ਸੁਣਿਆ ਹੈ, ਜਿਹੜੀ ਇਹ ਜਾਣਕਾਰੀ ਦੇਣ ਲਈ ਤਿਆਰ ਸੀ ਕਿ ਪ੍ਰਣਾਲੀ ਲੋਕਾਂ ਦੀਆਂ ਸਿਹਤ ਸੰਭਾਲ ਲੋੜਾਂ ਨੂੰ ਪਹਿਲ ਨਹੀਂ ਸੀ ਦਿੰਦੀ ਆ ਰਹੀ ਅਤੇ ਜਿਹੜੀ ਸਿਹਤ ਪ੍ਰਣਾਲੀ ਨੂੰ ਅਗਾਂਹ ਲਿਜਾਣ ਲਈ ਸਾਰਥਕ ਕਦਮ ਉਠਾਏ ਜਾਣ ਤੇ ਕਾਰਵਾਈ ਕਰਨ ਦੀ ਸਪੱਸ਼ਟ ਸਿਫ਼ਾਰਸ਼ ਕਰੇਗੀ।

ਮੈਨੂੰ ਬਿਹਤਰ ਪਤਾ ਹੋਣਾ ਚਾਹੀਦਾ ਹੈ, ਇਹ ਸੁਣਿਆ ਹੋਣ ਦੇ ਬਾਵਜੂਦ ਕਿ ਅਲਬਰਟਾ ਵਾਸੀ ਸਮੱਸਿਆਵਾਂ ਦੇ ਹੱਲ ਲਈ ਕਾਰਵਾਈ ਚਾਹੁੰਦੇ ਸਨ ਅਤੇ ਇਹ ਮਹਿਸੂਸ ਨਹੀਂ ਕਰਦੇ ਕਿ ਨਵਾਂ ਕਾਨੂੰਨ ਜ਼ਰੂਰੀ ਹੈ। ਕਮੇਟੀ ਦੀਆਂ 15 ਸਿਫ਼ਾਰਸ਼ਾਂ ਲਗਭਗ ਪੂਰੀ ਤਰ੍ਹਾਂ ਕਾਨੂੰਨ ਨਿਰਮਾਣ ਦੇ ਸਿਧਾਂਤਾਂ ’ਤੇ ਕੇਂਦਰਿਤ ਹਨ ਤੇ ਕਿਸੇ ਵੀ ਤਰ੍ਹਾਂ ਦੀ ਠੋਸ ਕਾਰਵਾਈ ਅਤੇ ਤਬਦੀਲੀਆਂ ਨੂੰ ਬਿਲਕੁਲ ਨਜ਼ਰਅੰਦਾਜ਼ ਕਰਦੀਆਂ ਹਨ। ਕਮੇਟੀ ਦੀਆਂ ਕੁਝ ਸਿਫ਼ਾਰਸ਼ਾਂ ਵਿਚ ਅਲਬਰਟਾ ਸਿਹਤ ਕਾਨੂੰਨ ਦਾ ਨਿਰਮਾਣ, ਅਲਬਰਟਾ ਸਿਹਤ ਸੰਭਾਲ ਸਿਧਾਤਾਂ ਦਾ ਖਰੜਾ ਤਿਆਰ ਕਰਨਾ, ਸਿਹਤ ਸੰਭਾਲ ਵਕੀਲ ਦੀ ਵਿਵਸਥਾ ਕਰਨਾ ਅਤੇ ਹੋਰ ਵੀ ਸਪੱਸ਼ਟ ਰੂਪ ਵਿਚ, ਪ੍ਰਣਾਲੀ ਅੰਦਰ ਭਵਿੱਖ ਵਿਚ ਕਿਸੇ ਤਬਦੀਲੀ ਲਈ ਸਮੇਂ ਸਿਰ ਸਲਾਹਾਂ ਲੈਣਾ ਸ਼ਾਮਲ ਹੈ। ਸਿਫ਼ਾਰਸ਼ਾਂ ਉਹ ਵੀ ਸਪੱਸ਼ਟ ਕਰਦੀਆਂ ਹਨ ਕਿ ਸਰਕਾਰ ਦਾ ਲੰਬੇ ਸਮੇਂ ਦਾ ਟੀਚਾ ਮੌਜੂਦਾ ਕਾਨੂੰਨ ਨੂੰ ਨਵੇਂ ਸਿਹਤ ਕਾਨੂੰਨ ਅਤੇ ਚਾਰਟਰ ਨਾਲ ਤਬਦੀਲ ਕਰਨਾ ਹੋਣਾ ਚਾਹੀਦਾ ਹੈ।

ਨਿਰਸੰਦੇਹ, ਇਨ੍ਹਾਂ ਲੁਭਾਉਂਦੇ ਦਸਤਾਵੇਜ਼ਾਂ ਅਤੇ ਕਥਨਾਂ ਵਿਚੋਂ ਕੋਈ ਵੀ ਸਮੇਂ ਸਿਰ ਸਿਹਤ ਸੰਭਾਲ, ਲੋਕਾਂ ਦੀ ਪਰਿਵਾਰਕ ਡਾਕਟਰ ਲੱਭਣ ਦੀ ਸਮਰੱਥਾ ਜਾਂ ਪਰਿਵਾਰਾਂ ਦੀ ਲੰਬੇ ਸਮੇਂ ਦੀ ਸਿਹਤ ਸੰਭਾਲ ਦੀ ਸਮਰੱਥਾ ਨੂੰ ਕੋਈ ਫ਼ਰਕ ਨਹੀਂ ਪਾਵੇਗਾ। ਜੋ ਕਮੇਟੀ ਨੇ ਸੁਣਿਆ ਹੈ ਤੇ ਜੋ ਕਮੇਟੀ ਨੇ ਸਿਫ਼ਾਰਸ਼ ਕੀਤਾ ਉਸ ਵਿਚ ਭਾਰੀ ਅੰਤਰ ਹੈ।

ਦੂਜੇ ਪਾਸੇ ਪਾਰਕਲੈਂਡ ਸੰਸਥਾ ਨੇ ਪਿਛਲੇ ਹਫ਼ਤੇ ਉਸ ਦੇ ਪ੍ਰਤੀ ਉੱਤਰ ਵਜੋਂ ਇਕ ਰੀਪੋਰਟ ਪ੍ਰਕਾਸ਼ਿਤ ਕੀਤੀ ਹੈ ਕਿ ਅਲਬਰਟਾ ਵਾਸੀਆਂ ਨੇ ਕੀ ਕਿਹਾ ਤੇ ਉਹ ਕੀ ਚਾਹੁੰਦੇ ਹਨ। ਪਾਰਕਲੈਂਡ ਰੀਪੋਰਟਾਂ ਦਾ ਸਿਰਲੇਖ ਹੈ 'ਮਾਤਰਾ ਤੇ ਸਮਰੱਥਾ ਦੀ ਬਹੁਤਾਤ’ ਅਲਬਰਟਾ ਵਾਸੀਆਂ ਦੀ ਸਿਹਤ ਸੰਭਾਲ ਲਈ ਵਾਸਤਵਿਕ ਤਬਦੀਲੀ’। ਇਸ ਰੀਪੋਰਟ ਵਿਚ ਸਰਕਾਰ ਨੂੰ ਛੇ ਠੋਸ ਕਾਰਵਾਈਆਂ ਕਰਨ ਦੀ ਸਿਫ਼ਾਰਸ਼ ਕੀਤੀ ਗਈ, ਜਿਹੜੀਆਂ ਪ੍ਰਣਾਲੀ ਵਿਚ ਤਬਦੀਲੀ ਅਤੇ ਅਲਬਰਟਾ ਵਾਸੀਆਂ ਦੀਆਂ ਲੋੜਾਂ ਦੀ ਪੂਰਤੀ ਕਰਨ ਵਿਚ ਸਹਾਈ ਹੋ ਸਕਦੀਆਂ ਹਨ। ਇਸ ਵਿਚ ਅਜਿਹੀਆਂ ਚੀਜ਼ਾਂ ਸ਼ਾਮਲ ਹਨ ਜਿਵੇਂ ਮੁਨਾਫ਼ੇ ਦੀ ਭੂਮਿਕਾ ਨੂੰ ਸੀਮਿਤ ਕਰਨਾ, ਕੌਮੀ ਦਵਾ-ਦਾਰੂ ਪ੍ਰੋਗਰਾਮ ਦੇ ਵਿਕਾਸ ਲਈ ਦੂਜੇ ਸੂਬਿਆਂ ਨਾਲ ਮਿਲ ਕੇ ਕੰਮ ਕਰਨਾ, ਰੋਕਥਾਮਾਂ ਤੇ ਸਮਾਜਿਕ ਸਿਹਤ ਨਿਰਧਾਰਕਾਂ ਵਿਚ ਨਿਵੇਸ਼ ਕਰਨਾ ਅਤੇ ਪਾਰਦਰਸ਼ਤਾ ਲੈ ਕੇ ਆਉਣ।

ਪਾਰਕਲੈਂਡ ਅਨੁਸਾਰ, ਇਹ ਕਾਰਵਾਈਆਂ ਕਰਨ ਨਾਲ, ਹਾਲ ਦੀ ਘੜੀ ਮੌਜੂਦਾ ਕਾਨੂੰਨ ਨੂੰ ਥੋੜ੍ਹਾ ਬਹੁਤ ਠੀਕ ਹੀ ਕੀਤਾ ਜਾ ਸਕੇਗਾ ਨਾ ਕਿ ਮੁਕੰਮਲ ਰੂਪ ਵਿਚ ਸੁਧਾਰਿਆ ਜਾਂ ਕਲਿਆਣਕਾਰੀ ਬਣਾਇਆ ਜਾ ਸਕੇਗਾ। ਦਰਅਸਲ, ਪਾਰਕਲੈਂਡ ਰੀਪੋਰਟ ਕਹਿੰਦੀ ਹੈ ਕਿ ਮੌਜੂਦਾ ਕਾਨੂੰਨ ਨੂੰ ਮੁੱਢੋਂ ਬਦਲਣਾ ਖ਼ਤਰਨਾਕ ਹੋਵੇਗਾ, ਇਸ ਦੀ ਥਾਂ ਇਸ ਨੂੰ ਵਿਸ਼ਾਲ ਨਿੱਜੀਕਰਣ ਲਈ ਖੋਲ੍ਹਣਾ ਹੋਵ-ੇਗਾ ਅਤੇ ਕਈ ਖੇਤਰਾਂ ਵਿਚ ਸੁਰੱਖਿਆ ਸਹੂਲਤਾਂ ਤੇ ਨਾਮਾਂ ਨੂੰ ਖ਼ਤਮ ਕਰਨਾ ਹੋਵੇਗਾ ਜਿਵੇਂ ਕਿ ਸੀਨੀਅਰਾਂ ਦੀ ਸਿਹਤ ਸੰਭਾਲ ਦਾ ਖੇਤਰ।

ਅੰਤ ਵਿਚ, ਇਸ ਦੇ ਸਿਰਲੇਖ ਦੇ ਬਾਵਜੂਦ, ਫ਼ਰੈੱਡ ਹਾਰਨਲ ਦੀ ਰੀਪੋਰਟ ਇਸ ਗੱਲ ਦੀ ਮਿਸਾਲ ਹੈ ਕਿਵੇਂ ਇਹ ਸਰਕਾਰ ਤੇ ਇਸ ਦੀਆਂ ਨੀਤੀਆਂ ਉਨ੍ਹਾਂ ਅਲਬਰਟਾ ਵਾਸੀਆਂ ਦੀਆਂ ਲੋੜਾਂ, ਇੱਛਾਵਾਂ ਤੇ ਕਦਰਾਂ ਕੀਮਤਾਂ ਤੋਂ ਕਿੰਨੀਆਂ ਟੁੱਟੀਆਂ ਹੋਈਆਂ ਹਨ, ਜਿਨ੍ਹਾਂ ਦੀ ਪ੍ਰਤੀਨਿੱਧਤਾ ਕਰਨ ਦਾ ਇਹ ਦਾਅਵਾ ਕਰਦੀ ਹੈ। ਸਿਹਤ ਮੰਤਰੀ ਗੋਨ ਜ਼ਵੋਜ਼ਦਸਕੀ ਨੇ ਕਿਹਾ ਹੈ ਕਿ ਉਹ ਇਸ ਰੀਪੋਰਟ ’ਤੇ ਵਿਚਾਰ ਕਰਨਗੇ।


## Matrimonial

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224
e-mail : engg.money@yahoo.com

Suitable match for hindu Khatri girl 25, 5’-3”, M.A., B.Ed. status family, decent marrage, contact 0161-2880799, e-mail.: raman.mlp@gmail.com

Suitable match for two Jat Sikh Girls, 24-26, 5’-3”, 5’-3”, respectivily, +2, Diploma holder in professional courses like beautician decent marriage. Contact 0136-237337, 95014-53344

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5‘-3“, 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5‘-3“, 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5‘-9“, ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5‘-3“, ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧ ਵਿਚਾਰਾਂ ਵਾਲੇ ਮਿਹਨਤੀ 5‘-11“ ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

### ਕੰਨਿਆ ਦੀ ਲੋੜ

Diploma in Health Services Family Welfare, ਬਤੌਰ ਡਰਾਈਵਰ ਦੁਬਈ ਵਿੱਚ ਰਹਿ ਰਹੇ 25 ਸਾਲਾ ਪਗੜੀਧਾਰੀ ਜੱਟ ਸਿੱਖ 6’ 1” ਸੋਹਣੇ-ਸੁਣਖੇ ਲੜਕੇ ਲਈ ਕਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕਨੇਡਾ ਪੱਕੇ ਤੌਰ ਤੇ ਰਹਿ ਰਹੀ ਹੈ। 780-263-7977/780-461-0701 ਜਾਂ tranum0701@gmail.com ’ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6’2” ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com ’ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਕੰਨਿਆ ਦੀ ਲੋੜ

M.A., B.Ed, Post Graduate Diploma in Computer Application (PGDCA), Diploma in Electronics & Communication, ਸਰਕਾਰੀ ਸਕੂਲ ਵਿੱਚ ਅਧਿਆਪਕ ਵੱਜੋ ਕੰਮ ਕਰ ਰਹੇ, 10 ਏਕੜ ਜਮੀਨ, 1980 ਦੇ ਜਨਮੇ ਜੱਟ ਸਿੱਖ 5’5” ਸੋਹਣੇ-ਸੁੱਣਖੇ ਲੜਕੇ ਲਈ ਕਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਲੜਕੀ ਦੀ ਲੋੜ ਹੈ। ਸੰਪਰਕ. (ਭਾਰਤ) + 91-94785-20534 ਜਾਂ + 91-98885-22568.


## ਬੀਮਾ ਪ੍ਰੀਮੀਅਮ ’ਚ ਵਾਧੇ ’ਤੇ ਲੱਗਿਆ ਸਵਾਲੀਆ ਨਿਸ਼ਾਨ

ਕੈਨੇਡਾ (ਨ.ਦ.ਬ) ਫੈਡਰਲ ਕੈਬਨਿਟ ਵੱਲੋਂ ਆਉਂਦੀ ਪਹਿਲੀ ਜਨਵਰੀ ਤੋਂ ਇੰਪਲਾਈਮੈਂਟ ਇੰਸ਼ੋਰੈਂਸ ਪ੍ਰੀਮੀਅਮ ਵਿਚ ਭਾਰੀ ਵਾਧਾ ਕਰਨ ਦੀ ਤਜਵੀਜ਼ ਦਾ ਵਿਰੋਧੀ ਧਿਰ, ਲੇਬਰ ਅਤੇ ਵਾਪਰਕ ਜਥੇਬੰਦੀਆਂ ਤਿੱਖਾ ਵਿਰੋਧ ਕਰ ਰਹੀਆਂ ਹਨ। ਇਨ੍ਹਾਂ ਵਿਰੋਧੀ ਧਿਰਾਂ ਨੇ ਇਸ ਫੈਸਲੇ ਨੂੰ ਉਲਟਾਉਣ ਲਈ ਪ੍ਰਧਾਨ ਮੰਤਰੀ ਨੂੰ ਮਜਬੂਰ ਕਰਨ ਵਾਸਤੇ, ਪ੍ਰਧਾਨ ਮੰਤਰੀ, ਵਿੱਤ ਮੰਤਰੀ ਅਤੇ ਹੋਰ ਕੈਬਨਿਟ ਮੰਤਰੀਆਂ ਨੂੰ ਚਿੱਠੀਆਂ ਅਤੇ ਈ-ਮੇਲਜ਼ ਪਾ ਪਾ ਕੇ ਪ੍ਰੇਸ਼ਾਨ ਕਰਨ ਦੀ ਯੋਜਨਾ ਬਣਾਈ ਹੈ। ਸਰਕਾਰ ਦੀ ਤਜਵੀਜ਼ ਹੈ ਕਿ ਕਰਮਚਾਰੀ ਵੱਲੋਂ ਕਮਾਏ ਹਰ 100 ਡਾਲਰ ਪਿੱਛੇ 15 ਫੀਸਦੀ ਪ੍ਰੀਮੀਅਮ ਦਾ ਵਾਧਾ ਕੀਤਾ ਜਾਵੇ। ਕੈਨੇਡੀਅਨ ਚੈਂਬਰਜ਼ ਆਫ ਕਾਮਰਸ ਦੇ ਪ੍ਰਧਾਨ ਦਾ ਕਹਿਣਾ ਹੈ ਕਿ ਆਰਥਿਕ ਮੰਦਵਾੜੇ ਦੇ ਇਨ੍ਹਾਂ ਹਾਲਾਤ ਵਿਚ ਸਰਕਾਰ ਦਾ ਇਹ ਕਦਮ ਘਾਤਕ ਸਿੱਧ ਹੋਵੇਗਾ ਕਿਉਂਕਿ ਕੰਪਨੀਆਂ ਵਾਸਤੇ ਕਰਮਚਾਰੀਆਂ ਨੂੰ ਹਾਇਰ ਕਰਨਾ ਹੋਰ ਵੀ ਔਖਾ ਹੋ ਜਾਵੇਗਾ। ਸਰਕਾਰ ’ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਆਪਣੇ ਉਸ ਪ੍ਰੋਗਰਾਮ ਨੂੰ ਹੋਰ ਲੰਬਾ ਕਰੇ ਜਿਸ ਤਹਿਤ ਬੇਰੁਜ਼ਗਾਰ ਕੈਨੇਡੀਅਨ ਰੈਗੂਲਰ ਇੰਪਲਾਈਮੈਂਟ ਇੰਸ਼ੋਰੈਂਸ ਦੇ ਫਾਇਦੇ ਵਾਧੂ ਪੰਜ ਹਫ਼ਤਿਆਂ ਤੱਕ ਹਾਸਲ ਕਰ ਸਕਣਗੇ। ਜਦੋਂ ਤੱਕ ਬੇਰੁਜ਼ਗਾਰੀ ਦੀ ਮੌਜੂਦਾ ਦਰ 8 ਫੀਸਦੀ ਤੋਂ ਘੱਟ ਕੇ 7 ਫੀਸਦੀ ਨਹੀਂ ਹੋ ਜਾਂਦੀ, ਸਰਕਾਰ ਨੂੰ ਅਜਿਹੀ ਕੋਈ ਨਵੀਂ ਤਜਵੀਜ਼ ਨਹੀਂ ਰੱਖਣੀ ਚਾਹੀਦੀ।


## City Estates

**All Types of Property, Plots & Kothis available for Sale & Purchase in Chandigarh/Mohali.**

* Newly Built 10 Marla Triple Story House for Sale in Sector 35-C, Chandigarh.

** 1 Kanal Kothis for Sale in Sector 10, 34 & 35 Chandigarh.

For More Info Contact:

**City Estates**

SCO 123, Phase 7, Mohali (Punjab)
011 91 98147 11263 or

# Classified **Plus**

**Your guide to every search**

**House for Sale by Owner**

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

**Sold**

**House For Sale by Owner**

2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.
Ready for Possession.
Contact: 780 965 7390 or 780 906 4497

* * * *

**ਮੋਹਾਲੀ ’ਚ ਪਲਾਟ ਵਿਕਾਊ**

ਗ੍ਰੇਟਰ ਮੋਹਾਲੀ ਸੈਕਟਰ 127 ’ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।
ਸੰਪਰਕ: 011 91 97813 60066

* * * *

**2 Story House For Sale By Owner In Leduc**

2 Story 2000 Sq. ft. 4 Bed Room, 2 ½ Washrooms, Family Room with 17’ Ceiling on the Main Floor. Hard Wood on Main Floor. House backs on to the City Park. For details call 780 965 0808.

* Newly Built Bi-Level House with KEY-LESS ENTRY for Sale

* Don’t Miss this Great opportunity… Must See the House

* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door,
4 Bed Rooms with attached Baths on the Main Floor, 3 Kitchens (Main Kitchen has Granite Counter Tops), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, Enjoy Barbecue on the Large Deck. House has Stucco Exterior.

* Fully Finished 2 Basements having 2 Bedrooms 9’ Ceiling and a Washroom each.

For details/appointments
Contact 780 964 7001.

# ਮਹਿੰਗਾਈ ਤੋਂ ਖ਼ਤਰਨਾਕ ਮਿਲਾਵਟ

ਗਰੀਸ਼ ਚੰਦਰ ਗੁਰੂਰਾਣੀ

ਅਸੀਂ ਹਰ ਰੋਜ਼ ਥੋੜਾ-ਥੋੜਾ ਜ਼ਹਿਰ ਨਿਗਲ ਰਹੇ ਹਾਂ। ਫਲਾਂ, ਸਬਜ਼ੀਆਂ, ਦੁੱਧ, ਪਨੀਰ, ਦਾਲ ਇਥੋਂ ਤਕ ਕਿ ਬੋਤਲ ਬੰਦ ਪਾਣੀ ਅਤੇ ਠੰਢੇ ਦੀਆਂ ਬੋਤਲਾਂ ਵਿਚ ਵੀ ਖ਼ਤਰਨਾਕ ਕੈਮੀਕਲ ਹਨ। ਰੇਲ ਸਟੇਸ਼ਨਾਂ ਤੇ ਬੱਸ ਅੱਡਿਆਂ 'ਤੇ ਮਿਲਣ ਵਾਲੀ ਚਾਹ ਵੀ ਦੂਸ਼ਿਤ ਹੋ ਗਈ ਹੈ। ਆਕਸੀਟੋਸਿਨ ਤੋਂ ਲੈ ਕੇ ਘਾਤਕ ਰਸਾਇਣਿਕਾਂ ਦਾ ਘੋਲ ਸਾਡੇ ਸਰੀਰ ਅੰਦਰ ਘੁਲਦਾ ਜਾ ਰਿਹਾ ਹੈ। ਆਮ ਆਦਮੀ ਤੋਂ ਲੈ ਕੇ ਹਰ ਵਰਗ ਦੇ ਲੋਕ ਅੱਖਾਂ ਮੀਟ ਕੇ ਮਿਲਾਵਟੀ ਚੀਜ਼ਾਂ ਬੜੇ ਸੁਆਦ ਨਾਲ ਖਾ-ਪੀ ਰਹੇ ਹਨ।

ਸੰਸਦ 'ਚ ਮਾਮਲਾ ਉਠਿਆ ਪਰ ਸੱਤਾ ਅਤੇ ਵਿਰੋਧੀ ਦੋਵੇਂ ਧਿਰਾਂ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਕੀ ਇਹ ਮਾਸਲਾ ਗੰਭੀਰ ਨਹੀਂ ਹੈ? ਮਹਿੰਗਾਈ ਵਾਂਗ ਸੰਸਦ ਮੈਂਬਰ ਇਸ ਮੁੱਦੇ ਵਲ ਗੰਭੀਰਤਾ ਕਿਉਂ ਨਹੀਂ ਵਿਖਾਉਂਦੇ। ਕੀ ਮਹਿੰਗਾਈ ਦਾ ਇਹ ਮੁੱਦਾ ਰਾਸ਼ਟਰੀ ਖੇਡਾਂ ਅਤੇ ਨਕਸਲਵਾਦ ਤੋਂ ਕਮਜ਼ੋਰ ਹੈ। ਕੀ ਗ਼ਰੀਬ ਤੇ ਕੀ ਅਮੀਰ ਹਰ ਵਰਗ ਦੇ ਲੋਕ ਇਸ ਸਮੱਸਿਆ ਦੇ ਘੇਰੇ 'ਚ ਹਨ। ਦਰਅਸਲ, ਇਹ ਸਵਾ ਸੌ ਕਰੋੜ ਭਾਰਤੀ ਲੋਕਾਂ ਦੀ ਸਿਹਤ 'ਤੇ ਇਕ ਰਸਾਇਣਕ ਹਮਲਾ ਹੈ।

ਦੇਸ਼ ਵਿਚ ਮਿਲਾਵਟਖੋਰਾਂ ਵਿਰੁਧ ਕਾਰਵਾਈ ਕਰਨ ਦੀ ਗਤੀ ਬੇਹੱਦ ਹੌਲੀ ਹੈ। ਲੋਕ ਸਭਾ ਵਿਚ ਕੇਂਦਰੀ ਸਿਹਤ ਰਾਜ ਮੰਤਰੀ ਦਿਨੇਸ਼ ਤ੍ਰਿਵੇਦੀ ਨੇ ਜਾਣਕਾਰੀ ਦਿਤੀ ਹੈ ਕਿ 2008 ਵਿਚ ਰਾਸ਼ਟਰੀ ਪੱਧਰ 'ਤੇ ਕੁਲ 4,096 ਖ਼ਾਦ ਸੈਂਪਲ ਮਿਲਾਵਟੀ ਪਾਏ ਗਏ ਪਰ ਸਿਰਫ਼ 21 ਫ਼ਿ ਸਦੀ ਮਿਲਾਵਟਖੋਰਾਂ ਵਿਰੁਧ ਮਾਮਲੇ ਦਰਜ ਕੀਤੇ ਗਏ। ਬਾਕਿ ਮਾਮਲਿਆਂ ਸਬੰਧੀ ਚਲਾਨ ਹੀ ਪੇਸ਼ ਨਹੀਂ ਹੋਇਆ। ਹਿਮਾਚਲ ਵਿਚ ਇਸ ਸਾਲ 713 ਸੈਂਪਲਾਂ ਵਿਚੋਂ 141 ਮਿਲਾਵਟੀ ਨਿਕਲੇ ਪਰ ਮਾਮਲੇ ਕੇਵਲ 47 ਵਿਅਕਤੀਆਂ ਵਿਰੁਧ ਹੀ ਦਰਜ ਕੀਤੇ ਗਏ। ਰਸਾਇਣਕ ਮਿਲਾਵਟ ਦਾ ਇਹ ਹਾਲ ਹੈ ਕਿ ਘੀਏ ਦਾ ਜੂਸ ਪੀ ਕੇ ਲੋਕ ਮਰ ਰਹੇ ਹਨ। ਇਹ ਤਾਂ ਸੁਣਿਆ ਗਿਆ ਸੀ ਕਿ ਡਾਕਟਰ ਮਰੀਜ਼ਾਂ ਨੂੰ ਸਲਾਹ ਦਿੰਦੇ ਹਨ ਕਿ ਬੀੜੀ, ਸਿਗਰਟ, ਜਰਦਾ ਨਹੀਂ ਖਾਣਾ ਨਹੀਂ ਤਾਂ ਕੈਂਸਰ ਹੋ ਜਾਵੇਗਾ ਪਰ ਹੁਣ ਡਾਕਟਰ ਮਰੀਜ਼ਾਂ ਨੂੰ ਸਲਾਹ ਦੇਣ ਲੱਗੇ ਹਨ ਕਿ ਖੀਰਾ ਨਾ ਖਾਇਓ, ਦੁੱਧ ਨਾ ਪੀਓ, ਇਸ ਵਿਚ ਆਕਸੀਟੋਸਿਨ ਹੈ। ਕੈਂਸਰ ਤੋਂ ਲੈ ਕੇ ਹੋਰ ਖ਼ਤਰਨਾਕ ਬੀਮਾਰੀਆਂ ਦੁੱਧ ਪੀਣ ਨਾਲ ਹੋ ਸਕਦੀਆਂ ਹਨ। ਕੱਦੂ, ਘੀਆ ਪੇਠਾ, ਤਰਬੂਜ ਨੂੰ ਰਾਤੋ ਰਾਤ ਵੱਡਾ ਕਰਨ ਲਈ ਘਾਤਕ ਟੀਕਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਦੁਰਦਰਾਜ ਦੇ ਪਿੰਡ ਵਿਚ ਛੋਟੇ ਤੋਂ ਛੋਟੇ ਕਾਸ਼ਤਕਾਰ ਧੜੱਲੇ ਨਾਲ ਇਸ ਤਰ੍ਹਾਂ ਦੇ ਟਿਕਿਆਂ ਦੀ ਵਰਤੋਂ ਕਰ ਰਹੇ ਹਨ। ਅੰਨ੍ਹੇਵਾਹ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਾਰਨ ਦਾਲਾਂ, ਸਬਜ਼ੀਆਂ ਤੇ ਫਲ ਜ਼ਹਿਰੀਲੇ ਹੋ ਰਹੇ ਹਨ। ਇਨ੍ਹਾਂ ਦੇ ਸਵਾਦ ਵਿਚ ਵੀ ਫਰਕ ਪੈ ਰਿਹਾ ਹੈ। ਕੇਲਾ ਪਕਾਉਣ ਅਤੇ ਸੇਬਾਂ ਨੂੰ ਸੋਹਣਾ ਰੰਗ ਦੇਣ ਲਈ ਬਾਗ਼ਾਂ ਵਿਚ ਖ਼ਤਰਨਾਕ ਕੈਮੀਕਲਾਂ ਦਾ ਛਿੜਕਾਅ ਕੀਤਾ ਜਾ ਰਿਹਾ ਹੈ।



ਅਸਲ ਵਿਚ ਉਪਭੋਗਤਾ ਤਿੰਨ ਤਰ੍ਹਾਂ ਦੇ ਹੁੰਦੇ ਹਨ। ਪਹਿਲੀ ਸ਼੍ਰੇਣੀ ਦੇ ਕਰੋੜਾਂ ਉਪਭੋਗਤਾ ਭੋਲੇਪਣ 'ਚ ਹਰ ਰੋਜ਼ ਥੋੜਾ ਥੋੜਾ ਜ਼ਹਿਰ ਨਿਗਲ ਰਹੇ ਹਨ। ਦੂਜੀ ਸ਼੍ਰੇਣੀ ਵਿਚ ਉਹ ਜਾਗਰੂਕ ਆਬਾਦੀ ਹੈ ਜੋ ਸੱਭ ਕੁਝ ਜਾਣਦੀ ਹੈ ਪਰ 'ਹੱਥ ਨਾ ਪੁੱਜੇ ਥੂਹ ਕੋੜੀ' ਦੀ ਕਹਾਵਤ ਰਾਹੀਂ ਚੁੱਪ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਦੁੱਧ, ਸਬਜ਼ੀਆਂ ਤੇ ਰੋਜ਼ਮ-ਰਾ ਦੀਆਂ ਚੀਜ਼ਾਂ ਬਗ਼ੈਰ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੋਣਾ। ਤੀਜੀ ਸ਼੍ਰੇਣੀ ਵਿਚ ਉਹ ਉਪਭੋਗਤਾ ਆਉਂਦੇ ਹਨ ਜਿਨ੍ਹਾਂ ਦੇ ਹੱਥਾਂ ਵਿਚ ਕਾਨੂੰਨ ਬਨਾਉਣ ਤੇ ਲਾਗੂ ਕਰਨ ਦੀ ਛੜੀ ਹੈ। ਪਰ ਇਸ ਛੜੀ ਦੇ ਬਾਵਜੂਦ ਉਹ ਕੋਈ ਢੁਕਵੀਂ ਕਾਰਵਾਈ ਨਹੀਂ ਕਰ ਰਹੇ। ਕਾਨੂੰਨੀ ਨੂੰ ਹੀ ਸਹੀ ਢੰਗ ਨਾਲ ਲਾਗੂ ਕਰਨ ਲਈ ਵਕਾਲਤ ਕੀਤੀ ਜਾ ਰਹੀ ਹੈ ਪਰ ਇਸ ਗੱਲ ਦਾ ਜਵਾਬ ਕੌਣ ਦੇਵੇਗਾ ਕਿ ਮੌਜੂਦਾ ਹਾਲਾਤਾਂ ਤਹਿਤ ਜੋ ਕਾਰਵਾਈ ਹੋ ਸਕਦੀ ਹੈ ਉਹ ਕਿਉਂ ਨਹੀਂ ਹੋ ਰਹੀ? ਸਵਾਲ ਇਹ ਵੀ ਹੈ ਕਿ ਘਾਤਕ ਕੈਮੀਕਲ ਤੇ ਟੀਕੇ ਪਿੰਡਾਂ ਤਕ ਖੇਪ ਵਿਚ ਕਿਵੇਂ ਪੁੱਜ ਰਹੇ ਹਨ? ਜਿਥੇ ਬੀਮਾਰ ਲੋਕਾਂ ਲਈ ਸਰਕਾਰ ਅੱਜੇ ਤਕ ਦਵਾਈ ਦੀ ਸਹੂਲਤ ਵੀ ਨਹੀਂ ਪਹੁੰਚਾ ਸਕੀ। ਇਸ ਸਬੰਧੀ ਵੀ ਕੇਂਦਰ ਸਰਕਾਰ ਨੇ ਦੋ ਗੱਲਾਂ 'ਚ ਗੱਲ ਮੁਕਾ ਦਿਤੀ। ਪਹਿਲੀ ਕਿ ਮਿਲਾਵਟਖੋਰਾਂ ਨੂੰ ਨੱਥ ਪਾਉਣਾ ਸੂਬਾ ਸਰਕਾਰ ਦਾ ਕੰਮ ਹੈ ਤੇ ਦੂਜੀ ਕਿ ਸੰਸਦੀ ਰਾਹੀਂ ਕਾਨੂੰਨ ਨੂੰ ਹੋਰ ਸਖ਼ਤ ਕੀਤਾ ਜਾਵੇਗਾ। ਪਰ ਅਸਲ ਵਿਚ ਸੱਚਾਈ ਇਹ ਹੈ ਕਿ ਕਾਨੂੰਨ ਨੂੰ ਸਖ਼ਤ ਕਰਨ ਨਾਲ ਮਿਲਾਵਟਖੋਰਾਂ ਨੂੰ ਨੱਥ ਨਹੀਂ ਪਾਈ ਜਾ ਸਕਦੀ ਕਿਉਂਕਿ ਕਾਨੂੰਨ ਦੇ ਰਖਵਾਲੇ ਢਿੱਲੇ ਹਨ।

## ਦੋ ਕਿਤਾਬਾਂ ਦੇ ਆਰ-ਪਾਰ

### ਇਰਾਕ ਮਾਮਲੇ 'ਤੇ ਟੋਨੀ ਬਲੇਅਰ ਨੇ ਜ਼ਾਹਰ ਕੀਤੀ ਅਪਰਾਧਬੋਧ ਦੀ ਭਾਵਨਾ




ਵਸ਼ਿੰਗਟਨ (ਨ.ਦ.ਬ) ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਟੋਨੀ ਬਲੇਅਰ ਦੀ ਆਤਮ ਕਥਾ 'ਏ ਜਰਨੀ' ਬਾਰੇ ਇਹ ਆਮ ਰਾਏ ਹੈ ਕਿ ਇਹ ਕਿਸੇ ਪ੍ਰਧਾਨ ਮੰਤਰੀ ਦੇ ਨਿੱਜੀ ਬਿਰਤਾਂਤ ਨਾਲੋਂ ਜ਼ਿਆਦਾ ਕਿਸੇ ਮਸ਼ਹੂਰ ਵਪਾਰੀ ਦੀਆਂ ਯਾਦਾਂ ਦਾ ਬਿਓਰਾ ਲੱਗਦਾ ਹੈ ਪਰ ਇਰਾਕ ਬਾਰੇ ਗੱਲ ਕਰਦਿਆਂ ਬਲੇਅਰ ਦੀ ਸੁਰ ਅਚਾਨਕ ਨਰਮ ਪੈ ਜਾਂਦੀ ਹੈ ਤੇ ਉਨ੍ਹਾਂ ਦੀ ਅਪਰਾਧਬੋਧ ਦੀ ਭਾਵਨਾ ਸਾਫ ਝਲਕਦੀ ਹੈ। ਬਲੇਅਰ ਆਪਣੇ ਆਲੋਚਕਾਂ ਬਾਰੇ ਗੱਲ ਕਰਦਿਆਂ ਪਾਠਕਾਂ ਤੋਂ ਸਵਾਲ ਕਰਦੇ ਹਨ ਕਿ ਕੀ ਵਾਕਈ ਉਨ੍ਹਾਂ ਦੇ ਆਲੋਚਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਵਿਚ ਸੰਵੇਦਨਸ਼ੀਲਤਾ ਦੀ ਕਮੀ ਹੈ? ਉਨ੍ਹਾਂ ਨੂੰ ਇਰਾਕ ਵਿਚ ਮਾਰੇ ਗਏ ਆਮ ਲੋਕਾਂ ਅਤੇ ਬਰਤਾਨਵੀ ਫੌਜੀਆਂ ਦੀ ਮੌਤ ਦਾ ਕੋਈ ਦੁੱਖ ਹੀ ਨਹੀਂ। ਸੱਚਾਈ ਤਾਂ ਇਹ ਹੈ ਕਿ ਉਨ੍ਹਾਂ ਵਾਸਤੇ ਇਹ ਸਾਰਾ ਘਟਨਾਕ੍ਰਮ ਇਕ ਬੁਰੇ ਸੁਪਨੇ ਵਰਗਾ ਹੈ ਜੋ ਅੱਜ ਵੀ ਉਨ੍ਹਾਂ ਨੂੰ ਸਤਾਉਂਦਾ ਹੈ।



ਉਧਰ ਅਮਰੀਕੀ ਰੱਖਿਆ ਸਕੱਤਰ ਰੌਬਰਟ ਗੇਟਸ ਨੇ ਬੀਤੇ ਦਿਨੀਂ ਇਕ ਸਵਾਲ ਦੇ ਜਵਾਬ ਵਿਚ ਸਾਫ ਆਖਿਆ ਕਿ ਇਰਾਕ ਮਿਸ਼ਨ ਬਾਰੇ ਗੱਲ ਕਰਦਿਆਂ ਇਸ ਗੱਲ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਇਸ ਦਾ ਆਧਾਰ ਹੀ ਨਿਰਾ ਝੂਠਾ ਨਿਕਲਿਆ। ਅਮਰੀਕਾ ਨੇ ਇਹ ਕਹਿ ਕੇ ਹਮਲਾ ਕੀਤਾ ਸੀ ਕਿ ਸੱਦਾਮ ਹੁਸੈਨ ਕੋਲ ਮਨੁੱਖਤਾ ਲਈ ਖ਼ਤਰਾ ਸਾਬਿਤ ਹੋ ਸਕਦੇ ਮਾਰੂ ਹਥਿਆਰ ਹਨ ਜੋ ਕਿ ਅੱਜ ਤੱਕ ਵੀ ਨਹੀਂ ਮਿਲੇ। ਇਰਾਕ ਵਿਚ ਵਿਕਾਸ ਦਾ ਕੰਮ ਅਜੇ ਕਈ ਸਲਾਂ ਤੱਕ ਜਾਰੀ ਰਹੇਗਾ। ਬਲੇਅਰ ਆਪਣੀ ਕਿਤਾਬ ਵਿਚ ਇਕ ਥਾਂ ਦੱਸਦੇ ਹਨ ਕਿ ਇਕ ਔਰਤ ਉਨ੍ਹਾਂ ਕੋਲ ਖ਼ਤ ਲੈ ਕੇ ਆਈ ਤੇ ਦੱਸਿਆ ਕਿ ਕਿਵੇਂ ਸੱਦਾਮ ਹੁਸੈਨ ਨੇ ਉਸ ਦੇ ਪੁੱਤਰਾਂ ਨੂੰ ਮਾਰ ਦਿੱਤਾ ਸੀ। ਉਸ ਨੇ ਫਰਿਆਦ ਕੀਤੀ ਕਿ ਇਰਾਕ ਦੇ ਲੋਕਾਂ ਦੀ ਮਦਦ ਕੀਤੀ ਜਾਵੇ। ਜੌਰਜ ਬੁਸ਼ ਨੇ ਇਰਾਕ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਇਹ ਔਰਤ ਇਰਾਕ ਪਰਤ ਗਈ। ਪਰ ਕੁਝ ਹੀ ਮਹੀਨਿਆਂ ਮਗਰੋਂ ਫੌਜੀਆਂ ਨੇ ਉਸ ਨੂੰ ਮਾਰ ਦਿੱਤਾ। ਉਸ ਦਾ ਲਿਖਿਆ ਖ਼ਤ ਬਲੇਅਰ ਅੱਜ ਵੀ ਆਪਣੇ ਨਾਲ ਲੈ ਕੇ ਘੁੰਮਦੇ ਹਨ। ਉਹ ਸੋਚਦੇ ਹਨ ਕਿ ਉਹ ਉਸ ਔਰਤ ਨੂੰ ਰੱਬ ਕੋਲ ਜਾ ਕੇ ਕੀ ਜੁਆਬ ਦੇਣਗੇ? ਬਲੇਅਰ ਨੂੰ ਪਛਤਾਵਾ ਹੈ ਕਿ ਉਨ੍ਹਾਂ ਚਾਹੁੰਦਿਆਂ ਹੋਇਆਂ ਵੀ ਸਹੀ ਸਮੇਂ 'ਤੇ ਜੌਰਜ ਬੁਸ਼ ਤੇ ਡਿਕ ਚੈਨੀ ਨੂੰ ਇਰਾਕ ਵਿਚ ਦਾਖ਼ਲ ਹੋਣੋਂ ਨਹੀਂ ਰੋਕਿਆ।

### ਭਾਰਤ ਵਿਚ ਭੁੱਖਮਰੀ ਕਾਰਨ ਹੋਈਆਂ ਮੌਤਾਂ ਲਈ ਜ਼ਿੰਮੇਵਾਰ ਸੀ ਵਿੰਸਟਨ ਚਰਚਿਲ



ਨਵੀਂ ਦਿੱਲੀ (ਨ.ਦ.ਬ) ਭਾਰਤੀ ਲੇਖਿਕਾ ਮਧੁਸ੍ਰੀ ਮੁਖਰਜੀ ਨੇ ਆਪਣੀ ਨਵੀਂ ਛਪੀ ਕਿਤਾਬ 'ਚਰਚਿਲਜ਼ ਸੀਕਰੇਟ ਵਾਰ' ਵਿਚ ਸਰ ਵਿੰਸਟਨ ਚਰਚਿਲ ਨੂੰ ਦੂਜੀ ਸੰਸਾਰ ਜੰਗ ਦੌਰਾਨ ਭੁੱਖਮਰੀ ਕਾਰਨ ਮਾਰੇ ਗਏ ਲੱਖਾਂ ਭਾਰਤੀਆਂ ਦੀ ਮੌਤ ਦਾ ਜ਼ਿੰਮੇਵਾਰ ਠਹਿਰਾਇਆ ਹੈ। ਲੇਖਿਕਾ ਮਧੁਸ੍ਰੀ ਮੁਖਰਜੀ ਦਾ ਦਾਅਵਾ ਹੈ ਕਿ ਪ੍ਰਧਾਨ ਮੰਤਰੀ ਚਰਚਿਲ ਨੇ ਜਾਣ ਬੁੱਝ ਕੇ 1943 ਦੌਰਾਨ ਭੁੱਖ ਨਾਲ ਮਰ ਰਹੇ ਭਾਰਤੀਆਂ ਲਈ ਬੰਗਾਲ ਵਿਚ ਕੋਈ ਮਦਦ ਨਹੀਂ ਪਹੁੰਚਣ ਦਿੱਤੀ। ਚਰਚਿਲ ਨੇ ਬੰਗਾਲ ਵਿਚ ਲੋਕਾਂ ਤੋਂ ਉਨ੍ਹਾਂ ਦੀ ਝੋਨੇ ਦੇ ਖੇਤਾਂ ਵਿਚ ਜ਼ਬਰਦਸਤੀ ਜੂਟ ਦੀ ਪੈਦਾਵਾਰ ਕਰਵਾਈ ਤਾਂ ਜੋ ਸੈਂਡ ਬੈਗਜ਼ ਬਣਾਏ ਜਾ ਸਕਣ ਜੋ ਲੜਾਈ ਵਿਚ ਵਰਤੇ ਜਾਂਦੇ ਸਨ ਤੇ ਜਪਾਨੀਆਂ ਦੇ ਕਹਿਣ 'ਤੇ ਬਰਮਾ ਤੋਂ ਆ ਰਹੀ ਚੌਲਾਂ ਦੀ ਸਪਲਾਈ ਵੀ ਬੰਦ ਹੋ ਗਈ। ਕੋਲਕਾਤੇ ਦੀਆਂ ਸੜਕਾਂ 'ਤੇ ਲੋਕ ਭੁੱਖੇ ਮਰ ਰਹੇ ਸਨ, ਬੱਚੇ ਰੋ ਰਹੇ ਸਨ ਪਰ ਚਰਚਿਲ ਨੇ ਕਿਹਾ ਕਿ ਬਰਤਾਨੀਆ ਭੁੱਖੇ ਲੋਕਾਂ ਦੀ ਮਦਦ ਲਈ ਹੰਗਾਮੀ ਸਪਲਾਈ ਭੇਜਣ ਲਈ ਆਪਣੇ ਸਮੁੰਦਰੀ ਜਹਾਜ਼ ਨਹੀਂ ਦੇ ਸਕਦਾ। ਚਰਚਿਲ ਨੇ ਇਸ ਦੀ ਬਜਾਏ ਮੈਡੀਟੇਰੇਨੀਅਨ ਵੱਲ ਸਪਲਾਈ ਭੇਜੀ ਕਿਥੇ ਅਨਾਜ ਪਹਿਲਾਂ ਹੀ ਭਾਰੀ ਮਾਤਰਾ ਵਿਚ ਮੌਜੂਦ ਸਨ। ਅਨਾਜ ਨਾਲ ਭਰੇ ਸਮੁੰਦਰੀ ਜਹਾਜ਼ ਆਸਟਰੇਲੀਆ ਤੋਂ ਆਏ ਅਤੇ ਭਾਰਤ ਤੋਂ ਹੋ ਕੇ ਸਿੱਧੇ ਲੰਘ ਗਏ। ਅਮਰੀਕਾ ਅਤੇ ਆਸਟਰੇਲੀਆ ਨੇ ਮਦਦ ਦੀ ਪੇਸ਼ਕਸ਼ ਕੀਤੀ ਵੀ ਪਰ ਚਰਚਿਲ ਤੇ ਉਸ ਦੇ ਸਾਥੀਆਂ ਨੇ ਜਹਾਜ਼ ਦੇਣ ਤੋਂ ਮਨ੍ਹਾ ਕਰ ਦਿੱਤਾ। ਇਹ ਕੁਦਰਤੀ ਆਫਤ ਨਹੀਂ ਸੀ ਸਗੋਂ ਚਰਚਿਲ ਦਾ ਪੈਦਾ ਕੀਤਾ ਹੋਇਆ ਅਕਾਲ ਸੀ। ਲੋਕੀਂ ਭੁੱਖੇ ਮਰਦੇ ਰਹੇ ਤੇ ਬਰਤਾਨਵੀ ਅਧਿਕਾਰੀ ਕੋਲਕਾਤਾ ਦੇ ਕਲੋਨੀਅਲ ਕਲੱਬਾਂ ਵਿਚ ਦਾਅਵਤਾਂ ਉਡਾਉਂਦੇ ਰਹੇ। ਚਰਚਿਲ ਨੇ ਇਸ ਦੌਰਾਨ ਆਪਣੀ ਨਸਲੀ ਨਫ਼ਰਤ ਦਾ ਖੁੱਲ੍ਹ ਕੇ ਇਜ਼ਹਾਰ ਕੀਤਾ ਅਤੇ ਮਹਾਤਮਾ ਗਾਂਧੀ ਨੂੰ 'ਅਧਨੰਗਾ ਹੋਲੀਮੈਨ' ਕਿਹਾ। ਉਸ ਨੇ ਇਥੋਂ ਤੱਕ ਆਖਿਆ ਕਿ ਸਾਰੇ ਭਾਰਤੀ ਜਾਨਵਰ ਵਾਲੀ ਬੁੱਧੀ ਦੇ ਹੁੰਦੇ ਹਨ ਤੇ ਇਨ੍ਹਾਂ ਦਾ ਧਰਮ ਵੀ ਅਜਿਹੀ ਮੌਤ ਵਾਲਾ ਹੁੰਦਾ ਹੈ।

ਸਮਕਾਲੀ ਸਾਹਿਤ

## ਚਿਰਾ.ਗ

ਚਿਰਾਗ ਪਹਿਲੀ ਬਾਰ 1992 ਵਿਚ ਛਪਿਆ ਤੇ ਉਸਤੋਂ ਬਾਅਦ ਹੁਣ ਤਕ ਲਗਾਤਾਰ ਛਪ ਰਿਹਾ ਹੈ। ਜਨਵਰੀ-ਜੂਨ 2010 ਇਸਦਾ ਦੁਖਾਂਤ ਸੰਨ ਸੰਤਾਲੀ ਵਿਸ਼ੇਸ਼ ਅੰਕ ਪਾਠਕਾਂ ਵਿਚ ਖੂਬ ਪੜ੍ਹਿਆ ਤੇ ਸਰਾਹਿਆ ਗਿਆ। ਮੁਖ ਸੰਪਾਦਕ ਹਰਭਜਨ ਸਿੰਘ ਹੁੰਦਲ ਦੇ ਨਾਲ ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ, ਸੁਲੱਖਣ ਸਰਹੱਦੀ, ਲਾਲ ਸਿੰਘ ਸੰਪਾਦਕੀ ਮੰਡਲ ਵਿਚ ਹਨ। ਨਵਤੇਜ ਐਡਮਿੰਟਨ ਅਤੇ ਜਰਨੈਲ ਸਿੰਘ ਕਹਾਣੀਕਾਰ ਕੈਨੇਡਾ ਅਤੇ ਮਾਸਟਰ ਗਿਆਨ ਸਿੰਘ ਬਿਲਗਾ ਅਮਰੀਕਾ ਦੀ ਪ੍ਰਤਿਨਿਧਤਾ ਕਰ ਰਹੇ ਹਨ। ਚਿਰਾਗ ਨੇ ਹਰ ਅੰਕ ਵਿਚ ਵਿਚਾਰਧਾਰਕ ਲੇਖ, ਕਹਾਣੀਆਂ ਰਿਵਿਊ ਆਦਿ ਛਾਪਣ ਦੇ ਨਾਲ ਨਾਲ ਅਨੇਕਾਂ ਵਿਸ਼ੇਸ਼ ਅੰਕ ਵੀ ਛਾਪੇ ਹਨ। ਚਿਰਾਗ ਨੇ ਦਲਿਤ ਵਿਸ਼ੇਸ਼ ਅੰਕ ਤੋਂ ਇਲਾਵਾ ਨਾਜ਼ਿਮ ਹਿਕਮਤ, ਪਾਬਲੋ ਨੈਰੂਦਾ, ਪਾਕਿਸਤਾਨੀ ਪੰਜਾਬੀ ਕਹਾਣੀ, ਪਾਕਿਸਤਾਨੀ ਪੰਜਾਬੀ ਕਵਿਤਾ, ਚੀਨੀ ਸਾਹਿਤ, ਅਤੇ ਮਾਰਕਸਵਾਦੀ ਸਾਹਿਤ ਸਿਧਾਂਤ ਅੰਕ ਆਦਿ ਵਿਸ਼ੇਸ਼ ਅੰਕ ਪਾਠਕਾਂ ਤਕ ਪਹੁੰਚਾ ਕੇ ਸਮ੍ਰਿਧ ਸਾਹਿਤ ਅਤੇ ਵਿਗਿਆਨਕ ਦ੍ਰਿਸ਼ਟੀ ਕੋਣ ਪਾਠਕਾਂ ਤਕ ਪਹੁੰਚਾਇਆ ਹੈ। ਚਿਰਾਗ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਪਾਕਿਸਤਾਨੀ ਪੰਜਾਬੀ ਸਾਹਿਤ ਲਗਾਤਾਰ ਪ੍ਰਕਾਸ਼ਿਤ ਹੋ ਰਿਹਾ ਹੈ, ਇਸੇ ਲਈ ਇਹ ਵਾਹਗਿਉਂ ਪਾਰ ਵੀ ਕਾਫ਼ੀ ਮਕਬੂਲ ਹੈ। ਸ਼ੁਇਦ ਇਸ ਵੇਲੇ ਚਿਰਾਗ ਹੀ ਪੰਜਾਬੀ ਵਿਚ ਸਿਰਕੱਢ ਪ੍ਰਤਿਬੱਧ ਪਰਚਾ ਵਿਖਾਈ ਦਿੰਦਾ ਹੈ। ਇਸ ਦੇ ਐਡੀਟੋਰੀਅਲ ਨੋਟ ਕਈ ਵਾਰ ਇਕ ਤੋਂ ਵੀ ਵਧੇਰੇ ਹੁੰਦੇ ਹਨ। ਪੰਜਾਬੀ ਜਥੇਬੰਦੀਆ ਬਾਰੇ, ਸਾਹਿਤ ਦੀ ਸਥਿਤੀ ਬਾਰੇ, ਪੰਜਾਬੀ ਪਰਚਿਆਂ ਵਲੋਂ ਉਠਾਏ ਵਿਵਾਦ ਵਾਲੇ ਮਸਲਿਆਂ ਬਾਰੇ ਚਿਰਾਗ ਵਿਚ ਤਿੱਖੇ ਪ੍ਰਤਿਕਰਮ ਛਪਦੇ ਰਹਿੰਦੇ ਹਨ ਜਿਨ੍ਹਾਂ ਨੂੰ ਸਮੁੱਚੇ ਪਾਠਕ ਵਰਗ ਵਲੋਂ ਬੜੇ ਧਿਆਨ ਨਾਲ ਪੜ੍ਹਿਆ ਜਾਂਦਾ ਹੈ ਅਤੇ ਉਹ ਆਪਣੇ ਪ੍ਰਤਿਕਰਮ ਵੀ ਭੇਜਦੇ ਰਹਿੰਦੇ ਹਨ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਸਮੁੱਚੇ ਮਸਲਿਆਂ ਉਪਰ ਚਿਰਾਗ ਆਪਣੇ ਦ੍ਰਿਸ਼ਟੀਕੋਣ ਤੋਂ ਸਾਹਿਤਕ ਪ੍ਰਸ਼ਨਾਂ ਬਾਰੇ ਇਕ ਆਮ ਰਾਇ ਬਣਾਉਣ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਅਗਲੇ ਅੰਕਾਂ ਤੋਂ ਇਸਦੇ ਸੰਪਾਦਕੀ ਤੇ ਸਹਿਯੋਗੀ ਮੰਡਲ ਵਿਚ ਕੁਝ ਹੋਰ ਵਾਧਾ ਕਰਨ ਦੀ ਤਿਆਰੀ ਹੈ। ਇਹ ਵੀ ਫੈਸਲਾ ਕੀਤਾ ਜਾ ਰਿਹਾ ਹੈ ਕਿ ਚਿਰਾਗ ਦਾ ਸਾਲ ਵਿਚ ਇਕ ਵਿਸ਼ੇਸ਼ ਅੰਕ ਅਵੱਸ਼ ਕੱਢਿਆ ਜਾਵੇ। ਉਮੀਦ ਕਰਨੀ ਚਾਹੀਦੀ ਹੈ ਕਿ ਚਿਰਾਗ ਹਨੇਰਿਆਂ ਵਿਚ ਵੀ ਰੌਸ਼ਨੀ ਦੇਣੀ ਜਾਰੀ ਰੱਖੇਗਾ।




ਡਾ. ਕਰਮਜੀਤ ਸਿੰਘ

*"We Had Dinner along with my friends family, it was really nice, pure Indian taste......
I will recommend this to any-one who like REAL Indian food."*

"Service was prompt friendly.
Food was hot and tasty. Loved it!"

**"quite authentic Indian Food"**







# NIRVANA

**Take-Out/Delivery/Catering Big & Small Function/Private Banquet Room**

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan or Roomali Roti
Chi. Tikka/Haryali Tikka/Malai Tikka/Resmbi Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag with Salty Lassi

Friday
Bhangra Night 10-2
No Cover Charge 18+
Sunday
Indo Chinese Night 5-0
All You Can Eat
Chilli Chiken/Veg or Chiken Fried Rice/Veg. or Chiken Mein/Manchorian

**1009-5075 FALCONRIDGE BL.VD.NE CALGARY, AB. T3J SK9**
**EMAIL: info@nirvanacalgary.com Phone (403) 590-9797 Fax. (403) 590-9798**

# NRI SABHA PUNJAB, ALBERTA (CANADA)



**ਸ੍ਰ: ਪ੍ਰਕਾਸ਼ ਸਿੰਘ ਬਾਦਲ**
ਮੁੱਖ ਮੰਤਰੀ ਪੰਜਾਬ
ਚੀਫ ਪੈਟਰਨ ਐਨ.ਆਰ.ਆਈ. ਸਭਾ ਪੰਜਾਬ



**ਸ੍ਰ: ਸੇਵਾ ਸਿੰਘ ਸੇਖਵਾਂ**
ਐਨ.ਆਰ.ਆਈ ਮੰਤਰੀ, ਪੰਜਾਬ



**ਕਮਲਜੀਤ ਸਿੰਘ ਹੇਅਰ**
ਪ੍ਰਧਾਨ ਐਨ.ਆਰ.ਆਈ ਸਭਾ, ਪੰਜਾਬ

ਸ੍ਰ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਚੀਫ ਪੈਟਰਨ ਐਨ.ਆਰ.ਆਈ. ਸਭਾ ਪੰਜਾਬ, ਸ੍ਰ: ਸੇਵਾ ਸਿੰਘ ਸੇਖਵਾਂ ਐਨ.ਆਰ.ਆਈ ਮੰਤਰੀ ਪੰਜਾਬ ਅਤੇ ਸ੍ਰ: ਕਮਲਜੀਤ ਸਿੰਘ ਹੇਅਰ ਪ੍ਰਧਾਨ ਐਨ.ਆਰ.ਆਈ. ਸਭਾ ਪੰਜਾਬ ਵੱਲੋਂ ਐਨ.ਆਰ.ਆਈ. ਸਭਾ ਪੰਜਾਬ ਅਲਬਰਟਾ ਯੂਨਿਟ ਸਥਾਪਿਤ ਕੀਤਾ ਹੈ। ਅਲਬਰਟਾ ਦੇ ਐਡਮਿੰਟਨ ਅਤੇ ਕੈਲਗਰੀ ਯੂਨਿਟ ਸਥਾਪਿਤ ਕਰਨ ਦਾ ਮਕਸਦ ਹੈ ਕਿ ਅਲਬਰਟਾ ਵਿਚ ਵਸਦੇ ਕਿਸੇ ਵੀ ਪ੍ਰੀਵਾਰ ਨੂੰ ਪੰਜਾਬ ਵਿਚ ਕੋਈ ਮੁਸ਼ਕਲ ਹੈ ਜਿਵੇਂ ਜ਼ਮੀਨ ਜਾਇਦਾਦ ਦੇ ਝਗੜੇ ਜਾਂ ਕੋਈ ਵੀ ਕੇਸ ਜਿਸ ਵਿਚ ਪ੍ਰਵਾਸੀਆਂ ਨਾਲ ਅਨਿਆਂ ਹੋ ਰਿਹਾ ਹੈ ਉਹਨਾਂ ਨੂੰ ਸਰਕਾਰ ਦੀ ਮਦਦ ਨਾਲ ਹੱਲ ਕਰਵਾਉਣਾ ਹੈ।

ਅਗਰ ਕਿਸੇ ਵੀ ਪ੍ਰਵਾਸੀ ਨੂੰ ਪੰਜਾਬ ਵਿਚ ਕੋਈ ਮੁਸ਼ਕਲ ਹੈ ਤਾਂ ਐਡਮਿੰਟਨ ਜਾਂ ਕੈਲਗਰੀ ਦੇ ਐਨ.ਆਰ.ਆਈ. ਸਭਾ ਦੇ ਚੇਅਰਮੈਨ ਜਾਂ ਪ੍ਰਧਾਨ ਨਾਲ ਸੰਪਰਕ ਕਰਕੇ ਆਪਣੀ ਸ਼ਿਕਾਇਤ ਦਿਉ। ਆਪ ਦੇ ਜਾਇਜ਼ ਕੰਮ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਏਗੀ ਅਤੇ ਸਮੇਂ-ਸਮੇਂ 'ਤੇ ਆਪ ਨੂੰ ਸੂਚਿਤ ਕੀਤਾ ਜਾਏਗਾ ਕਿ ਆਪ ਦੇ ਕੇਸ ਦੀ ਕੀ ਪੈਰਵਾਈ ਹੋਈ ਹੈ ਅਤੇ ਅੱਗੇ ਕੀ ਅਮਲ ਹੋ ਰਿਹਾ ਹੈ।

**ਐਨ.ਆਰ.ਆਈ. ਸਭਾ ਪੰਜਾਬ ਅਲਬਰਟਾ ਦੇ ਸਮੂਹ ਅਹੁਦੇਦਾਰ ਆਪ ਸਭ ਨੂੰ ਯਕੀਨ ਦਿਵਾਉਂਦੇ ਹਨ ਕਿ ਅਸੀਂ ਕਿਸੇ ਵੀ ਪੱਖਪਾਤ ਜਾਂ ਧੱੜੇਬੰਦੀ ਤੋਂ ਉਪਰ ਉਠ ਕੇ ਸਾਰਿਆਂ ਦੇ ਹਿਤਾਂ ਲਈ ਕੰਮ ਕਰਾਂਗੇ।**



**ਗੁਰਭਲਿੰਦਰ ਸਿੰਘ ਸੰਧੂ (ਮਾੜੀਮੇਘਾ)**
ਪ੍ਰਧਾਨ ਐਨ.ਆਰ.ਆਈ ਸਭਾ, ਅਲਬਰਟਾ (ਕੈਨੇਡਾ)
**780-463-8800**

## ਮੈਂਬਰਸ਼ਿਪ

ਐਨ.ਆਰ.ਆਈ. ਸਭਾ ਪੰਜਾਬ ਦੀ ਮੈਂਬਰਸ਼ਿਪ ਖੁੱਲੀ ਹੈ ਹਰ ਕੋਈ ਇਸ ਸੰਸਥਾਂ ਦਾ ਮੈਂਬਰ ਬਣ ਸਕਦਾ ਹੈ। ਮੈਂਬਰ ਬਣਨ 'ਤੇ ਆਪ ਨੂੰ ਐਨ.ਆਰ.ਆਈ. ਸਭਾ ਪੰਜਾਬ ਵੱਲੋਂ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਏਗਾ। ਮੈਂਬਰ ਬਣਨ ਲਈ 2 ਪਾਸਪੋਰਟ ਸਾਈਜ਼ ਫੋਟੋਆ ਚਾਹੀਦੀਆਂ ਹਨ। ਐਨ.ਆਰ.ਆਈ. ਮੈਂਬਰ ਦੀ ਜਗ੍ਹਾ 'ਤੇ ਤੁਹਾਡੇ ਵੱਲੋਂ ਨਾਮਜਦ ਕੀਤਾ ਵਿਅਕਤੀ ਐਨ.ਆਰ.ਆਈ. ਸਭਾ ਪੰਜਾਬ ਦੀਆਂ ਚੋਣਾਂ ਵਿਚ ਵੋਟਾਂ ਪਾ ਸਕੇਗਾ। ਮੈਂਬਰ ਬਣਨ ਲਈ ਐਡਮਿੰਟਨ ਅਤੇ ਕੈਲਗਰੀ ਦੇ ਦਫ਼ਤਰ ਤੋਂ ਫਾਰਮ ਪ੍ਰਾਪਤ ਕਰ ਸਕਦੇ ਹੋ।

## NRI SABHA PUNJAB EDMONTON UNIT



**ਸਤਵਿੰਦਰ ਸਿੰਘ (ਮਿੰਟੂ) ਕਾਹਲੋਂ**
ਚੇਅਰਮੈਨ ਐਡਮਿੰਟਨ (ਇਕਾਈ)
**780-884-3517**



**ਪ੍ਰਦੂਮਣ ਸਿੰਘ ਗਿੱਲ**
ਪ੍ਰਧਾਨ ਐਡਮਿੰਟਨ (ਇਕਾਈ)
**780-990-9525**

Office: #36, 4004-97th St. Edmonton
T6E 6NI
E-mail: nrisabha.ab@gmail.com

## NRI SABHA PUNJAB CALGARY UNIT



**ਡਾ. ਜੰਗਬਹਾਦਰ ਸਿੰਘ ਸਿੱਧੂ**
ਚੇਅਰਮੈਨ ਕੈਲਗਰੀ (ਇਕਾਈ)
**403-470-1111**



**ਗੁਰਪ੍ਰੀਤ ਸਿੱਧੂ ਰਾਣਾ**
ਪ੍ਰਧਾਨ ਕੈਲਗਰੀ (ਇਕਾਈ)
**403-560-8561**

Office: #201, 4851-Westwinds Dr. N.E.
Calgary T3J 4J4
E-mail: nrisabha.calgary@gmail.com



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

**(780) 485-1213 or (780) 485-1231**

Chicken Wings Hot, Honey Garlic

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

**ਪੰਜਾਬੀ ਸਟਾਈਲ ਪੀਜ਼ਾ**



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

Try Us Tonight For Best Deal
In Town
**3 For 1**
Any 3 Toppings
12" Medium - 14" Large

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

Buy 1 Get 1 Free

**Call at: 780 485 1213**

# BRIDGEPORT
HOMES LTD.

**BEST PRICES IN TOWN**
**WE ASSURE BEATING MARKET PRICE**

## Now Lots available for big houses
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



For more information call: **Dolly Chauhan @ 780-935-7718**